ਸ੍ਰੀ ਗੁਰੂ ਗ੍ਰੰਥ ਸਾਹਿਬ

# ਮੂਲ ਸੰਕਲਪ-ਕੋਸ਼




ਸੰਪਾਦਕ

ਡਾ. ਜਸਬੀਰ ਸਿੰਘ ਸਰਨਾ

# ਸ੍ਰੀ ਗੁਰੂ ਗ੍ਰੰਥ ਸਾਹਿਬ
## ਮੂਲ ਸੰਕਲਪ-ਕੋਸ਼

## ਡਾ. ਜਸਬੀਰ ਸਿੰਘ ਸਰਨਾ ਲਿਖਤ ਪੁਸਤਕਾਂ:

ਪੰਜਾਬੀ

ਕਾਵਿ ਸੰਗ੍ਰਹਿ:—

* ਸ਼ਬਦਾਨਾਮਾ-1980
* ਮੈਨੂੰ ਦੇ ਦਿਓ-1982
* ਪ੍ਰਤੀਬਿੰਬ-1987
* ਸੱਚ ਕੀ ਕਾਤੀ-1990 (ਜੰਮੂ ਕਸ਼ਮੀਰ ਅਕਾਦਮੀ ਵੱਲੋਂ ਪਹਿਲਾ ਇਨਾਮ)
* ਸਹਿਜ-2009

ਸਿੱਖ ਇਤਿਹਾਸ, ਵਿਗਿਆਨ, ਚਿੰਤਨ, ਸਹਿਤ ਅਤੇ ਕੋਸ਼

* ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ-1997 (ਪੰਜਾਬ ਸਰਕਾਰ ਵੱਲੋਂ ਪਹਿਲਾਂ ਇਨਾਮ)
* ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ)-1998, 2000
* ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ-2001
* ਗੁਰੂ ਹਰਿ ਰਾਇ ਸਾਹਿਬ-2002
* ਗੁਰੂ ਹਰਿਕ੍ਰਿਸ਼ਨ ਸਾਹਿਬ—2003
* ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ-2005
* ਸਿੱਖ ਇਤਿਹਾਸ ਦੇ ਮੁੱਢਲੇ ਫਾਰਸੀ ਅਤੇ ਉਰਦੂ ਸਰੋਤ-2008
* ਕਸ਼ਮੀਰ ਦੇ ਜੰਗਲੀ ਫੁੱਲ-1998
* ਜੰਮੂ ਕਸ਼ਮੀਰ ਦੇ ਅਨੋਖੇ ਪੰਛੀ ਅਤੇ ਜੰਗਲੀ ਜੀਵ-2007
* ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ-2009
* ਕੇਸਰ ਦਾ ਫੁੱਲ-1990
* ਸਿੱਖ ਚਿੰਤਨ-1994
* ਇਕ ਮਹਿਕ ਦਾ ਸਫਰਨਾਮਾ-2001
* ਸਾਹਿਤਕਾਰਾ-2001
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼-2007

**English**

**Sikh History Religion, Bibliography, Dictionaries**

* Sikhs in kashmir-1993
* Sikh Shrines in Jammu and Kashmir-1994
* History of the Sikh students Federation-1995
* Flora and Fauna in Guru Nanak's Bani-1992
* A Select Bibliography of the Kashmir-2002
* World Punjabi writers who's who-2004

# ਸ੍ਰੀ ਗੁਰੂ ਗ੍ਰੰਥ ਸਾਹਿਬ

## ਮੂਲ ਸੰਕਲਪ-ਕੋਸ਼

ਸੰਪਾਦਕ

ਡਾ. ਜਸਬੀਰ ਸਿੰਘ ਸਰਨਾ

**Dictionary of the Key concepts of Sri Guru Granth Sahib**

*Edited by*

**Dr. Jasbir Singh Sarna**
Sant Niwas, Mian Mir Nagar,
Hamdania colony-4, Bemina
SRINAGAR-190018 (Kashmir)
Mob. 099065-66604

2010
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
*visit us at : www.unistarbooks.com*
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2010, Author*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਸਿੱਖ ਕੌਮ ਵਿੱਚ ਨਵੀਂ ਜਾਗ੍ਰਿਤੀ ਦੇ ਸੰਚਾਲਕ

ਕੈਨੇਡਾ ਨਿਵਾਸੀ

ਸ੍ਰ: ਜੈਤੇਗ ਸਿੰਘ ਅਨੰਤ ਜੀ ਨੂੰ।

# ਵਿਸ਼ੇ-ਅਨੁਕ੍ਰਮ


* ਮੁਖੰਬਦ
* ਦੀਦਾਰੀ ਹਰਫ਼ 13
1. ਓਅੰਕਾਰੁ 15
2. ਉਲਟਬਾਂਸੀ 19
3. ਅਸ਼ਟਪਦੀ 20
4. ਅਨੰਦੁ 23
5. ਅਲਾਹੁਣੀਆਂ 26
6. ਆਸਾ 30
7. ਆਸਾ ਕੀ ਵਾਰ 32
8. ਆਸਾਵਰੀ 35
9. ਆਰਤੀ 36
10. ਅੰਜੁਲੀਆ 39
11. ਸਤਵਾਰਾ 41
12. ਸਲੋਕ 44
13. ਸਲੋਕ ਸਹਸਕ੍ਰਿਤੀ 45
14. ਸਲੋਕ ਸੇਖ ਫ਼ਰੀਦ ਕੇ 46
15. ਸਲੋਕ ਭਗਤ ਕਬੀਰ ਜੀਉ ਕੇ 47
16. ਸਲੋਕ ਮਹਲਾ ੯ 49
17. ਸਲੋਕ ਵਾਰਾਂ ਤੇ ਵਧੀਕ 51
18. ਸਵਈਏ ਭਟਾਂ ਕੇ 53
19. ਸਵੈਯੇ ਸ੍ਰੀ ਮੁਖ ਬਾਕੵ 57
20. ਸਵੈਯਾ 58
21. ਸਾਰੰਗ 59
22. ਸਾਰੰਗ ਕੀ ਵਾਰ 60
23. ਸਿਧ-ਗੋਸ਼ਟਿ 61
24. ਸਿਰੀ-ਰਾਗ 65
25. ਸਿਰੀ ਰਾਗ ਕੀ ਵਾਰ 67
26. ਸੁਖਮਨੀ 68
27. ਸੁਚਜੀ 70
28. ਸੂਹੀ 73
29. ਸੂਹੀ ਕੀ ਵਾਰ 74
30. ਸੋਹਿਲਾ 75

| | | |
|---|---|---|
| 31. | ਸੋਦਰ | 77 |
| 32. | ਸੋਪੁਰਖ | 79 |
| 33. | ਸੋਰਠਿ | 80 |
| 34. | ਸੋਰਠਿ ਕੀ ਵਾਰ | 82 |
| 35. | ਸੋਲਹੇ | 83 |
| 36. | ਹਿੰਡੋਲ | 85 |
| 37. | ਕਰਹਲੇ | 86 |
| 38. | ਕਲਿਆਣ | 89 |
| 39. | ਕਾਨੜਾ | 91 |
| 40. | ਕਾਨੜੇ ਕੀ ਵਾਰ | 93 |
| 41. | ਕਾਫ਼ੀ | 95 |
| 42. | ਕੁਚਜੀ | 97 |
| 43. | ਕੇਦਾਰਾ | 100 |
| 44. | ਗਉੜੀ | 102 |
| 45. | ਗਉੜੀ ਕੀ ਵਾਰ | 105 |
| 46. | ਗਾਥਾ | 107 |
| 47. | ਗੁਣਵੰਤੀ | 110 |
| 48. | ਗੂਜਰੀ | 112 |
| 49. | ਗੂਜਰੀ ਕੀ ਵਾਰ | 114 |
| 50. | ਗੋਂਡ | 116 |
| 51. | ਘਰੁ | 118 |
| 52. | ਘੋੜੀਆਂ | 120 |
| 53. | ਚਉਪਦੇ | 123 |
| 54. | ਚਉਤੁਕਾ | 125 |
| 55. | ਚਉਬੋਲੇ | 126 |
| 56. | ਛੰਤ | 128 |
| 57. | ਜਪੁ | 130 |
| 58. | ਜੈਜਾਵੰਤੀ | 135 |
| 59. | ਜੈਤਸਰੀ | 137 |
| 60. | ਜੈਤਸਰੀ ਕੀ ਵਾਰ | 139 |
| 61. | ਟੋਡੀ | 140 |
| 62. | ਡਖਣੇ | 141 |
| 63. | ਤਿਪਦੇ | 143 |
| 64. | ਤਿਲੰਗ | 144 |

65. ਤੁਖਾਰੀ 146
66. ਥਿਤੀ 148
67. ਦਖਣੀ ਉਅੰਕਾਰ 150
68. ਦਿਨ-ਰੈਣਿ 150
69. ਦੇਵ ਗੰਧਾਰੀ 151
70. ਦੋਪਦਾ 152
71. ਧਨਾਸਰੀ 153
72. ਨਟ-ਨਾਰਾਇਣ 155
73. ਪਹਰੇ 156
74. ਪੱਟੀ 158
75. ਪੰਚਪਦੇ 161
76. ਪ੍ਰਭਾਤੀ 162
77. ਛੁਨਹੇ 164
78. ਬਸੰਤ 166
79. ਬਸੰਤ ਕੀ ਵਾਰ 168
80. ਬਾਣੀ ਭਗਤਾਂ ਕੀ 169
81. ਬਾਬਰਵਾਣੀ 170
82. ਬਾਰਾਮਾਹ 171
83. ਬਾਵਨ ਆਖਰੀ 173
84. ਬਿਹਾਗੜਾ 177
85. ਬਿਹਾਗੜੇ ਕੀ ਵਾਰ 179
86. ਬਿਰਹੜੇ 180
87. ਬਿਲਾਵਲ 181
88. ਬਿਲਾਵਲ ਕੀ ਵਾਰ 183
89. ਬੈਰਾੜੀ 184
90. ਭੈਰਉ 185
91. ਮੰਗਲ 187
92. ਮਲਾਰ 189
93. ਮਲਾਰ ਕੀ ਵਾਰ 191
94. ਮਾਝ 192
95. ਮਾਝ ਕੀ ਵਾਰ 194
96. ਮਾਰੂ 195
97. ਮਾਰੂ ਕੀ ਵਾਰ 197
98. ਮਾਲੀ ਗਉੜਾ 198

99. ਮੁੰਦਾਵਣੀ 199
100. ਮੂਲਮੰਤਰ 202
101. ਰਹਿਰਾਸ 206
102. ਰਾਇਸਾ 208
103. ਰਾਗਮਾਲਾ 210
104. ਰਾਮਕਲੀ 214
105. ਰਾਮਕਲੀ ਸਦੁ 216
106. ਰਾਮਕਲੀ ਕੀ ਵਾਰ 218
107. ਰੁਤੀ 221
108. ਲਾਵਾਂ 223
109. ਵਡਹੰਸ 225
110. ਵਡਹੰਸ ਕੀ ਵਾਰ 227
111. ਵਣਜਾਰਾ 229
112. ਵਾਰ 231
113. ਵਾਰਸਤ 233
114. ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿਆਖੀ
—ਅੰਤਿਕਾਵਾਂ : ੧ ਤੋਂ ੩੪ 236–281
—ਚੋਣਵੀਂ ਸਹਾਇਕ ਪੁਸਤਕ ਸੂਚੀ 282

# ਮੁਖਬੰਦ

ਡਾ. ਜਸਬੀਰ ਸਿੰਘ ਸਰਨਾ ਜੰਮੂ ਕਸ਼ਮੀਰ ਵਿਚ ਇਕ ਜਾਣੇ ਪਹਿਚਾਣੇ ਧਰੁੰਧਰ ਲੇਖਕ ਹਨੇ। ਉਨ੍ਹਾਂ ਦੀਆਂ ਖੋਜ ਭਰੀਆਂ ਲਿਖਤਾਂ ਨੂੰ ਜੰਮੂ ਕਸ਼ਮੀਰ ਦੇ ਸਾਹਿਤਕ ਵਿਰਸੇ ਨੂੰ ਚਾਰ ਚੰਨ ਲਾਏ ਹਨ। ਉਨ੍ਹਾਂ ਨੇ ਕਵਿਤਾ ਵੀ ਲਿਖੀ ਹੈ, ਅਤੇ ਖੋਜ, ਸੰਪਾਦਨਾ, ਇਤਿਹਾਸਕਤਾ ਤੋਂ ਇਲਾਵਾ ਸਿੱਖ ਧਰਮ ਅਤੇ ਸਿੱਖ ਫ਼ਸਲਫ਼ੇ ਨੂੰ ਵੀ ਆਪਣੀਆਂ ਲਿਖਤਾਂ ਦਾ ਆਧਾਰ ਬਣਾਇਆ ਹੈ। ਉਨ੍ਹਾਂ ਨੇ ਜਿਸ ਵਿਸ਼ੇ ਤੇ ਵੀ ਲਿਖਿਆ ਉਸ ਨਾਲ ਪੂਰਾ ਪੂਰਾ ਇਨਸਾਫ਼ ਕੀਤਾ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਵਲਵਲੇ ਵੀ ਹਨ, ਸਹਿਜ ਵੀ ਹੈ, ਇਤਿਹਾਸਕ ਖੋਜ ਵੀ ਹੈ ਤੇ ਧਾਰਮਿਕ ਵਿਚਾਰ ਵੀ। ਉਹ ਉੱਭਰਦੀ ਨੌਜਵਾਨ ਪੀੜ੍ਹੀ ਦੇ ਲੇਖਕ ਹਨ। ਮੈਂ ਉਨ੍ਹਾਂ ਦੀਆਂ ਲਿਖਤਾਂ ਤੋਂ ਬਹੁਤ ਹੀ ਪਰਭਾਵਤ ਹਾਂ।

ਮੇਰਾ ਵਿਅਕਤੀਗਤ ਤੌਰ ਤੇ ਉਨ੍ਹਾਂ ਨਾਲ ਬਹੁਤਾ ਸੰਪਰਕ ਨਹੀਂ ਰਿਹਾ, ਪਰ ਉਨ੍ਹਾਂ ਦੇ ਭਰਾਤਾ ਡਾ. ਕੀਰਤ ਸਿੰਘ ਇਨਕਲਾਬੀ ਨਾਲ ਪੁਰਾਣੀਆਂ ਸਾਂਝਾਂ ਹਨ। ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਸਾਡੀ ਪੱਛੜੀ ਤੇ ਉੱਜੜੀ ਪੁੱਜੜੀ ਰਿਆਸਤ ਨੇ ਵੀ ਇਹੋ ਜਿਹੇ ਨੌਜਵਾਨ ਸਾਹਿਤਕਾਰ ਪੈਦਾ ਕੀਤੇ ਹਨ, ਜਿਨ੍ਹਾਂ ਨੇ ਸਾਹਿਤਕ ਖੇਤਰ ਵਿਚ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲਈ ਹੈ। ਮੈਨੂੰ ਸਰਸਰੀ ਤੌਰ ਤੇ ਹੀ ਦੋ ਤਿੰਨ ਵਾਰ, ਉਨ੍ਹਾਂ ਨੂੰ ਸਾਹਿਤਕ ਪੰਜਾਬੀ ਕਾਨਫਰੰਸਾਂ ਅਤੇ ਗੋਸ਼ਟੀਆਂ ਵਿੱਚ ਮਿਲਣ ਦਾ ਅਵਸਰ ਮਿਲਿਆ। ਫਿਰ ਅਚਾਨਕ ਇਕ ਦਿਨ ਮੈਨੂੰ ਉਨ੍ਹਾਂ ਵਲੋਂ ਭੇਜੀਆਂ ਕਿਤਾਬਾਂ ਦਾ ਇਕ ਪਾਰਸਲ ਮਿਲਿਆ। ਨਾਲ ਹੀ ਇੱਕ ਮੁਖਤਸਰ ਜਿਹੀ ਚਿੱਠੀ ਸੀ, ਜਿਸ ਵਿਚ ਉਨ੍ਹਾਂ ਨੇ ਆਪਣੀ ਨਵੀਂ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ: ਮੂਲ ਸੰਕਲਪ ਕੋਸ਼' ਦੇ ਲਿਖਤੀ ਕੁੱਝ ਅੰਸ਼ ਵੀ ਭੇਜੇ ਤੇ ਨਾਲ ਹੀ ਮੈਨੂੰ ਇਸ ਪੁਸਤਕ ਦਾ ਮੁਖਬੰਦ ਲਿਖਣ ਲਈ ਕਿਹਾ। ਕਿਤਾਬਾਂ ਵੱਲ ਵੇਖਕੇ ਮੈਨੂੰ ਖੁਸ਼ੀ ਤਾਂ ਹੋਈ ਪਰ ਚਿੱਠੀ ਪੜ੍ਹ ਕੇ ਕੁੱਝ ਹੈਰਾਨੀ ਵੀ, ਕਿ ਮੈਨੂੰ ਮੁਖਬੰਦ ਲਿਖਣ ਲਈ ਕਿਹਾ ਗਿਆ। ਮੈਂ ਨਾ ਹੀ ਲੇਖਕ ਹਾਂ, ਨਾ ਹੀ ਮੇਰੀ ਕੋਈ ਸਾਹਿਤ ਰਚਨਾ ਹੈ। ਇਹ ਜ਼ਰੂਰ ਹੈ ਕਿ ਮੈਨੂੰ ਬਚਪਨ ਤੋਂ ਹੀ ਪੰਜਾਬੀ ਸਾਹਿਤ ਨਾਲ ਲਗਾਉ ਰਿਹਾ ਹੈ ਅਤੇ ਕਈ ਗੋਸ਼ਟੀਆਂ ਤੇ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਹੈ। ਜੰਮੂ ਕਸ਼ਮੀਰ ਸਰਕਾਰ ਵਿੱਚ ਕੁੱਝ ਸਮੇਂ ਲਈ ਵਿੱਦਿਆ ਮੰਤਰੀ ਰਿਹਾ ਹਾਂ ਇਸੇ ਅਰਸੇ ਵਿਚ ਮੈਨੂੰ ਜੰਮੂ ਕਸ਼ਮੀਰ ਵਿਚ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦਾ ਥੋੜ੍ਹਾ ਬਹੁਤਾ ਸਮਾਂ ਮਿਲਿਆ ਹੈ। ਕਾਲਜ ਸਮੇਂ ਵੀ ਪੰਜਾਬੀ ਮੇਰਾ ਸਬਜੈਕਟ ਸੀ। ਉਸ ਸਮੇਂ ਦੇ ਉੱਘੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਪੜ੍ਹਨ ਦਾ ਬੜਾ ਸ਼ੌਕ ਸੀ। ਮੈਂ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਜੋ ਮੇਰੇ ਰੋਲ ਮਾਡਲ ਸਨ, ਦੇ ਸਾਰੇ ਨਾਵਲ ਤੇ ਲੱਖ ਪੜ੍ਹੇ। ਉਪਰੰਤ ਅਸੀਂ ਜੰਮੂ ਵਿਚ ਕਈ ਉੱਚਪਾਏ ਦੇ ਕਵੀ ਦਰਬਾਰ ਤੇ ਨਾਟਕ ਕਰਵਾਏ, ਜਿਸ

ਵਿੱਚ ਵਿਧਾਤਾ ਸਿੰਘ ਤੀਰ, ਗੁਰਸ਼ਰਨ ਸਿੰਘ ਤੇ ਬਲਰਾਜ ਸਾਹਨੀ ਜਿਹੇ ਕਲਾਕਾਰਾਂ ਨੇ ਭਾਗ ਲਿਆ। ਉਸ ਸਮੇਂ ਜੰਮੂ ਕਸ਼ਮੀਰ ਵਿੱਚ ਕੁੱਝ ਹੀ ਗਿਣੇ ਚੁਣੇ ਲੇਖਕ ਸਨ। ਅੱਜ ਸਾਨੂੰ ਖੁਸ਼ੀ ਹੈ ਕਿ ਪੰਜਾਬੀ ਸਾਹਿਤ ਦੇ ਖੇਤਰ ਵਿਚ ਸਾਡੇ ਅਣਗਿਣਤ ਲੇਖਕ ਤੇ ਸਾਹਿਤਕਾਰ ਹਨ, ਕਈ ਨਾਮਵਰ ਸਾਹਿਤਕ ਸੰਸਥਾਵਾਂ ਹਨ, ਜੋ ਪੰਜਾਬੀ ਦੀ ਚੜ੍ਹਤ ਲਈ ਕੰਮ ਕਰ ਰਹੀਆਂ ਹਨ। ਅੱਜ ਜੰਮੂ ਕਸ਼ਮੀਰ ਦੇ ਨੌਜਵਾਨਾਂ ਦਾ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਬਣ ਗਿਆ ਹੈ। ਉਹ ਕੇਵਲ ਜੰਮੂ ਕਸ਼ਮੀਰ ਵਿਚ ਹੀ ਨਹੀਂ ਸਗੋਂ ਪੰਜਾਬ ਤੇ ਮੁਲਕੀ ਸਤਾਹ ਤੇ ਜਾਣੇ ਜਾਂਦੇ ਹਨ ਉਨ੍ਹਾਂ ਵਿਚੋਂ ਹੀ ਸਾਡੇ ਉਭਰਦੇ ਨੌਜਵਾਨ ਲੇਖਕ ਸ੍ਰ. ਜਸਬੀਰ ਸਿੰਘ ਸਰਨਾ ਹਨ। ਉਨ੍ਹਾਂ ਨੇ ਅਣਗਿਣਤ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਜਿਨ੍ਹਾਂ ਵਿਚੋਂ ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ, ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਅਤੇ ਬਨਸਪਤੀ ਕੋਸ਼, ਜੰਮੂ ਕਸ਼ਮੀਰ ਦੇ ਅਨੋਖੇ ਪਸ਼ੂ-ਪੰਛੀ ਅਤੇ ਜੰਗਲੀ ਜੀਵ, ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਤੇ ਉਰਦੂ ਸਰੋਤ ਆਦਿ ਦੀ ਲੰਮੀ ਸੂਚੀ ਛਪਵਾ ਕੇ ਜਸਬੀਰ ਸਿੰਘ ਸਰਨਾ ਨੇ ਆਪਣੀ ਸਾਹਿਤਕ ਵਿਦਵਿਤਾ ਅਤੇ ਇੱਕ ਚੰਗੇ ਖੋਜੀ ਹੋਣ ਦਾ ਸਬੂਤ ਦਿੱਤਾ ਹੈ। ਇਨ੍ਹਾਂ ਤੋਂ ਇਲਾਵਾ ਵੀ ਉਨ੍ਹਾਂ ਦੀਆਂ ਲਿਖਤਾਂ ਦੀ ਸੂਚੀ ਬੜੀ ਲੰਮੀ ਹੈ।

ਉਨ੍ਹਾਂ ਦੀ ਛਪ ਰਹੀ ਨਵੀਂ ਪੁਸਤਕ **ਸ੍ਰੀ ਗੁਰੂ ਗ੍ਰੰਥ ਸਾਹਿਬ: ਮੂਲ ਸੰਕਲਪ ਕੋਸ਼** ਵਿੱਚ ਸਰਨਾ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਚੁਣੇ 114 ਵਿਸ਼ਿਆਂ ਤੇ ਮੂਲ ਸੰਕਲਪ ਕੋਸ਼ ਤਿਆਰ ਕੀਤਾ ਹੈ। ਹਰ ਵਿਸ਼ੇ ਤੇ ਭਰਪੂਰ ਲੇਖ, ਟਿਪਣੀਆਂ ਤੇ ਹਵਾਲੇ ਦਿੱਤੇ ਗਏ ਹਨ। ਇੱਕ ਸਾਧਾਰਨ ਪਾਠਕ ਨੂੰ ਬੜੇ ਸਰਲ ਤੇ ਸੁਚੱਜੇ ਢੰਗ ਨਾਲ ਵਿਸ਼ੇ ਦੀ ਮਹਾਨਤਾ ਦਰਸਾਉਣ ਦਾ ਯਤਨ ਕੀਤਾ ਗਿਆ ਹੈ।

ਮੈਨੂੰ ਆਸ ਹੈ, ਇਹ 'ਮੂਲ ਸੰਕਲਪ ਕੋਸ਼' ਸਿੱਖ ਜਗਤ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਇਨ੍ਹਾਂ ਵਿਸ਼ਿਆਂ ਦੀ ਭਰਪੂਰ ਜਾਣਕਾਰੀ ਦਾ ਇੱਕ ਸ਼ਲਾਘਾਯੋਗ ਉਪਰਾਲਾ ਸਾਬਤ ਹੋਵੇਗਾ।

ਵਾਹਿਗੁਰੂ ਸਰਨਾ ਜੀ ਨੂੰ ਹੋਰ ਵਧੇਰੇ ਹਿੰਮਤ ਤੇ ਹੌਸਲਾ ਬਖਸ਼ਣ ਤਾਂ ਕਿ ਉਹ ਅੱਗੇ ਲਈ ਵੀ ਸਿੱਖ ਸੰਸਾਰ ਨੂੰ ਆਪਣੀ ਸਾਹਿਤਕ ਤੇ ਧਾਰਮਿਕ ਖੋਜ ਦਾ ਲਾਭ ਪੁਚਾ ਸਕਣ।

ਅੱਜ ਦੇ ਨੌਜਵਾਨ ਬਹੁਤਾ ਕਰਕੇ ਕਾਵਿ-ਸੰਗ੍ਰਹਿ, ਕਹਾਣੀਆਂ ਤੇ ਨਾਵਲਾਂ ਨੂੰ ਹੀ ਆਪਣੀ ਲਿਖਤਾਂ ਦਾ ਆਧਾਰ ਬਣਾ ਰਹੇ ਹਨ। ਖੋਜ ਦੇ ਵਿਸ਼ੇ ਤੇ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਅੱਜ ਲੋੜ ਹੈ ਕਿ ਅਸੀਂ ਵੀ ਸਰਨਾ ਜੀ ਵਾਂਗ ਆਪਣੀਆਂ ਲਿਖਤਾਂ ਵਿੱਚ ਖੋਜ ਨੂੰ ਵੀ ਸ਼ਾਮਲ ਕਰੀਏ ਤਾਂ ਜੋ ਸਮੇਂ ਦੀ ਲਾਂਘ ਕਾਰਨ ਸਾਡੇ ਧਾਰਮਿਕ ਤੇ ਇਤਿਹਾਸਕ ਚਿੰਨ੍ਹ ਧੁੰਦਲੇ ਨਾ ਪੈ ਜਾਣ। ਸ਼ੁਭ ਇਛਾਵਾਂ ਸਹਿਤ

13 ਮਾਰਚ 2010
ਜੈ ਨਿਵਾਸ,
10-ਐਂਫ਼ਾਲਾ, ਜੰਮੂ ਤਵੀ

**—ਰੰਗੀਲ ਸਿੰਘ**
ਸਾਬਕਾ ਵਿੱਦਿਆ ਮੰਤਰੀ
ਜੰਮੂ ਕਸ਼ਮੀਰ

# ਦੀਦਾਰੀ ਹਰਫ਼

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੀ ਭਗਤੀ ਦਾ ਸਾਗਰ ਹੈ ਜਿਸ ਵਿਚ ਮਨੁੱਖੀ ਜੀਵਨ ਦਾ ਸਰਬੋਤਮ ਗਿਆਨ ਮੌਜੂਦ ਹੈ। ਇਸ ਦੀ ਗੂੜ ਅਧਿਆਤਮਿਕ ਅਤੇ ਦਾਰਸ਼ਨਿਕ ਗਹਿਰਾਈ ਕਾਰਨ ਮੂਲ ਸੰਕਲਪਾਂ ਦੀਆਂ ਵਿਸ਼ੇਸ਼ਤਾਵਾਂ ਪ੍ਰਗਟ ਹੋਈਆਂ ਹਨ। ਪੰਜਾਬੀ ਸਾਹਿਤ ਵਿੱਚ ਕੋਸ਼ਾਂ ਦੇ ਨਿਰੰਤਰ ਯੋਗਦਾਨਾਂ ਦੇ ਵਿਚਾਰਾਤਮਿਕ ਮੰਥਨ ਰਾਹੀਂ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਰ ਭਾਸ਼ਾ ਦਾ ਮੀਰੀ ਗੁਣ ਉਸ ਦੇ ਕੋਸ਼ਾਂ ਤੇ ਨਿਰਭਰ ਕਰਦਾ ਹੈ। ਪੰਜਾਬੀ ਵਿਚ ਅਨੇਕਾਂ ਹੀ ਕੋਸ਼ ਛੱਪ ਚੁੱਕੇ ਹਨ ਵਿਸ਼ੇਗਤ ਕੋਸ਼ਾਂ ਦਾ ਘੇਰਾ ਤਾਂ ਬਹੁਤ ਵਿਸ਼ਾਲ ਹੋ ਚੁੱਕਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੀ ਅਨੇਕਾਂ ਕੋਸ਼, ਵਿਸ਼ਵਕੋਸ਼ ਆਦਿ ਇਸ ਪਾਸੇ ਵਲ ਰਚਨਾਤਮਿਕ ਭੂਮਿਕਾ ਨਿਭਾ ਰਹੇ ਹਨ।

ਮੇਰੀ ਇਹ ਰੀਝ ਸੀ ਕਿ ਗੁਰੂ ਗ੍ਰੰਥ ਸਾਹਿਬ ਦੇ ਮੂਲ ਸੰਕਲਪਾਂ ਦਾ ਵਿਵਰਣਾਤਮਕ ਕੋਸ਼ ਤਿਆਰ ਕੀਤਾ ਜਾਵੇ, ਤਾਂ ਜੋ ਆਮ ਪਾਠਕਾਂ ਅਤੇ ਖਾਸਕਰ ਗੁਰਮਤਿ ਸਾਹਿਤ ਦੇ ਵਿਦਿਆਰਥੀਆਂ ਲਈ ਖੋਜ ਸੰਦ ਵਜੋਂ ਭੇਂਟ ਕੀਤਾ ਜਾਵੇ। ਸਾਰੇ ਇੰਦਰਾਜਾਂ ਨੂੰ ਅੱਖਰ-ਕ੍ਰਮ ਅਨੁਸਾਰ ਅੰਕਿਤ ਕੀਤਾ ਗਿਆ ਹੈ ਅਤੇ ਪਗ-ਟਿਪਣੀਆਂ ਅਤੇ ਮੂਲ ਹਵਾਲਿਆਂ ਨਾਲ ਪੁਸ਼ਟੀ ਕੀਤੀ ਗਈ ਹੈ ਤਾਂ ਜੋ ਅਕਾਦਮਿਕ ਕੋਣ ਤੋਂ ਸਰਲਤਾ, ਸੰਖੇਪਤਾ ਅਤੇ ਸਪਸ਼ਟਤਾ ਦਾ ਰੂਪ ਸਾਕਾਰ ਹੋ ਸਕੇ। ਵਿਸਤ੍ਰਿਤ ਅਧਿਐਨ ਲਈ ਅਖ਼ੀਰ ਤੇ ਕੁੱਝ ਮੂਲ ਸੰਕਲਪਾਂ ਨੂੰ ਅੰਤਿਕਾਵਾਂ ਵਿੱਚ ਰਖਿਆ ਗਿਆ ਹੈ ਤਾਂ ਜੋ ਵਿਦਵਾਨ, ਵਿਦਿਆਰਥੀ ਅਤੇ ਪਾਠਕ ਗੁਰਬਾਣੀ ਦੇ ਮੂਲ ਪਾਠ ਦੇ ਰੂਬਰੂ ਹੋ ਸਕਣ।

ਅਕਾਲ ਪੁਰਖ ਵਲੋਂ ਬਖਸ਼ੀ ਸੂੱਛ ਬੁੱਧੀ, ਮਿਹਰ ਅਤੇ ਉਤਸ਼ਾਹ ਸਦਕਾ, ਇਹ ਕੋਸ਼ ਤੁਹਾਡੇ ਸਨਮੁੱਖ ਕਰ ਰਿਹਾ ਹਾਂ। ਬਹੁਤ ਸਾਰੇ ਸੁਹਿਰਦਤ ਵਿਦਵਾਨਾਂ ਦੋਸਤਾਂ ਨੇ ਇਸ ਕਾਰਜ ਵਿਚ ਸਹਿਯੋਗ ਦਿੱਤਾ, ਮੈਂ ਸਾਰਿਆਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਵਿਦਵਾਨਾਂ ਵਲੋਂ ਆਏ ਕੀਮਤੀ ਸੁਝਾਵਾਂ ਨੂੰ ਖੁਸ਼-ਆਮਦੀਦ ਆਖਾਂਗਾ।

ਅਕਾਲ ਸਹਾਇ

12 ਮਈ 2010 — **ਜਸਬੀਰ ਸਿੰਘ**

(ਸਰਹਿੰਦ ਫ਼ਤਹਿ ਦਿਵਸ)

# ਓਅੰਕਾਰੁ

'ਓਅੰਕਾਰੁ' ਸਿਰਲੇਖ ਵਾਲੀ ਬਾਣੀ ਗੁਰੂ ਨਾਨਕ ਦੁਆਰਾ ਰਾਮਕਲੀ ਰਾਗ ਵਿਚ ਰਚੀ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 828 ਤੋਂ ਲੈ ਕੇ 838 ਉਪਰ ਸੁਭਾਇਮਾਨ ਹੈ। ਇਸ ਬਾਣੀ ਦੇ ਕੁਲ 54 ਪੱਦੇ ਹਨ ਜਿਸ ਵਿੱਚ ਹਰ ਪਦਾ 4-8 ਤੁੱਕੇ ਦਾ ਹੈ। ਬਾਣੀ ਦਾ ਸਿਰਲੇਖ ਅਸਲ ਵਿਚ 'ਦਖਣੀ ਓਅੰਕਾਰੁ' ਹੈ। 'ਦਖਣੀ' ਲਫ਼ਜ਼ ਦਾ ਰਾਮਕਲੀ ਰਾਗ ਨਾਲ ਸੰਬੰਧ ਹੈ, ਓਅੰਕਾਰ ਨਾਲ ਨਹੀਂ। ਇਹ ਬਾਣੀ ਗੁਰੂ ਸਾਹਿਬ ਨੇ 'ਓਅੰਕਾਰ' ਦੇ ਪ੍ਰਸਿੱਧ ਮੰਦਰ[1] ਵਿਚ ਉਚਾਰਣ ਕਰਕੇ ਪੁਜਾਰੀਆਂ ਨੂੰ ਸਿੱਧੇ ਰਸਤੇ ਪਾਇਆ ਸੀ। ਇਹ ਮੰਦਰ ਦਰਿਆ ਨਰਮਦਾ ਦੇ ਵਿਚਕਾਰਲੇ ਟਾਪੂ ਵਿਚ ਸੁਸ਼ੋਭਿਤ ਹੈ ਜੋ ਅਜੋਕੇ ਮੱਧਾ ਪ੍ਰਦੇਸ਼ ਰਿਆਸਤ ਵਿਚ ਆਉਂਦਾ ਹੈ। ਹਿੰਦੂ ਮਤਿ ਦੇ ਪ੍ਰਸਿੱਧ ਅਠਾਹਠ ਤੀਰਥਾਂ ਵਿਚ 'ਓਅੰਕਾਰ ਤੀਰਥ' ਦਾ ਪਹਿਲਾ ਨੰਬਰ ਆਉਂਦਾ ਹੈ। ਇਸ ਬਾਣੀ ਦੇ ਉਚਾਰਨ ਬਾਰੇ ਵੀ ਵੱਖ-ਵੱਖ ਵਿਦਵਾਨਾਂ ਦੇ ਵੱਖੋ-ਵੱਖਰੇ ਖਿਆਲ ਹਨ। ਪੁਰਾਤਨ ਜਨਮ-ਸਾਖੀ ਵਿਚ ਇਸ ਦਾ ਉਚਾਰਨ ਬਨਾਰਸ ਵਿਚ ਪੰਡਿਤ ਚਤਰਦਾਸ ਪ੍ਰਥਾਇ ਹੋਇਆ ਦੱਸਿਆ ਹੈ। ਜਦਕਿ ਪੋਥੀ ਹਰਿ ਜੀ ਨੇ ਲੰਕਾ ਵਿਚ ਸ਼ਿਵਨਾਭ ਪਰਥਾਇ (ਪ੍ਰਾਨ ਸੰਗਲੀ ਵਿਚ ਵੀ ਅਜਿਹਾ ਹੀ ਸੰਕੇਤ) ਮਿਲਦਾ ਹੈ। ਪੋਥੀ ਹਰਿ ਜੀ ਵਿਚ ਇਸ ਬਾਣੀ ਦੀ ਪੂਰੀ ਪਰਮਾਰਥੀ ਵਿਆਖਿਆ ਵੀ ਕੀਤੀ ਗਈ ਹੈ।[2]

'ਓਅੰਕਾਰੁ' ਦਾ ਸੰਖਿਪਤ ਰੂਪ 'ਓਅੰ' ਹੈ ਜਿਸ ਨੂੰ ਕਈ ਵਿਦਵਾਨ 'ਬ੍ਰਹਮ' ਦਾ ਵਾਚਕ ਸ਼ਬਦ[3] ਦੱਸਦੇ ਹਨ। ਕਈਆਂ ਨੇ 'ਓਅਮ' ਜਾਂ 'ਅਉਮ' ਦਾ ਵਾਚਕ ਸ਼ਬਦ[4] ਦਾ ਉਲੇਖ ਕੀਤਾ ਹੈ ਪਰ ਭਾਈ ਕਾਨ੍ਹ ਸਿੰਘ ਨਾਭਾ 'ਓਅੰਕਾਰ' ਦਾ ਅਰਥ ਰਖਯਾ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫ਼ੈਸਲਾ[5] ਆਦਿ ਕਰਦੇ ਹਨ।

'ਓਅੰਕਾਰੁ' ਇਕ ਸਮਾਸੀ ਸ਼ਬਦ ਹੈ ਜੋ 'ਓਅੰ' ਅਤੇ 'ਕਾਰ' ਦੇ ਸੁਮੇਲ ਨਾਲ ਹੋਂਦ ਵਿਚ ਆਇਆ ਹੈ (ਓਅੰ+ਕਾਰ) 'ਕਾਰ' ਸ਼ਬਦ ਨਿਰਾਰਥਕ ਹੈ। 'ਓਅੰ' ਸ਼ਬਦ ਨੂੰ ਸਾਰਿਆਂ ਨੇ ਰਖਯਾ ਕਰਨ ਵਾਲੇ ਪਰਮਸਤਿ ਕਰਤਾਰ ਦਾ ਬੋਧਕ ਮੰਨਿਆ ਹੈ। 'ਓਅੰਕਾਰ' ਨੂੰ 'ਓਅੰ' ਧੁਨਿ ਭਾਵ 'ਓਅੰ' ਦਾ ਉਚਾਰਣ ਕਰਕੇ ਅਰਥਾਇਆ ਜਾਂਦਾ ਹੈ। 'ਓਅੰਕਾਰ' ਦੇ ਮੁੱਢ ਗੁਰੂ ਸਾਹਿਬ ਨੇ ਏਕਾ ਅੰਗ ਇਸ ਵਾਸਤੇ ਲਾਇਆ ਹੈ ਕਿ ਵਾਹਗੁਰੂ ਇਕ ਅਤੇ ਅਦ੍ਵਿਤੀਯ ਹੈ ਅਰ ਉਸ ਦੀ ਆ-ਓ-ਮ ਅਥਵਾ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਭੇਦ ਕਲਪ ਕੇ ਉਪਾਸ਼ਨਾ ਕਰਨਾ ਭੁੱਲ ਹੈ।[6]

*ਏਕਾ ਏਕੰਕਾਰ ਲਿਖਿ ਵੇਖਾਲਿਆ। ਊੜਾ ਓਅੰਕਾਰ ਪਾਸਿ ਬਹਾਲਿਆ॥*

ਗੁਰੂ ਸਾਹਿਬ ਨੇ ਮੂਲਮੰਤਰ ਦੇ ਸ਼ੁਰੂ ਵਿਚ '੧' ਲਿਖ ਕੇ ਪਰਮਸਤਿ ਦਾ ਸਰੂਪ ਨਿਸ਼ਚਿਤ ਕਰ ਦਿੱਤਾ ਹੈ। ਹਿੰਦਸੇ ਅਤੇ ਸ਼ਬਦ (੧ੴ) ਦੇ ਇਸ ਜੋੜ ਵਿੱਚ ਗੁਰੂ ਸਾਹਿਬਾਨ ਦਾ ਫਲਸਫਾ ਵਿਕਸਿਤ ਰੂਪ ਧਾਰਨ ਕਰਦਾ ਹੈ। ਇਸ ਮੌਕੇ 'ਓਅੰਕਾਰ ਵਿਚ ਅਤਿ ਡੂੰਘੇ ਵਿਚਾਰ ਤੇ ਸਿਧਾਂਤ ਛੁਪੇ ਪਏ ਹਨ। 'ਏਕ' ਹੈ ਦਾ ਭਾਵ ਪ੍ਰਗਟਾਉਂਦਾ ਹੈ। ਫਰਜ਼ ਕਰੋ ਇਥੇ ਸਿਫ਼ਰ ਹੁੰਦੀ, ਜਿਸ ਦਾ ਭਾਵ ਕੁਝ ਨਹੀਂ ਹੈ ਤਾਂ ਨਾਹ-ਵਾਚਕ ਸਿਧਾਂਤ ਜਨਮ ਲੈਂਦਾ, ਸਭ ਸੁੰਨ-ਮਸੁੰਨ

ਹੁੰਦਾ।......ਗੁਰੂ ਜੀ ਨੇ ਓਅੰਕਾਰ (ਜੋ ਅਨੇਕਤਾ ਦਾ ਪ੍ਰਤੀਕ ਹੈ) ਦੀ ਅਨੇਕ ਵਾਦੀ ਅਸਲੀਅਤ ਨੂੰ ਏਕਾ ਲਗਾ ਕੇ ਏਕਤਾ ਦਾ ਸੰਕਲਪ ਨਿਰਣੈ ਕੀਤਾ ਹੈ।[7]

'ਓਅੰ' ਦਾ ਮੁੱਢਲਾ ਅੱਖਰ ਵੀ ਵਿਦਵਾਨਾਂ ਨੇ ਮੰਨਿਆ ਹੈ। ਵਰਣਮਾਲਾ ਆਧਾਰਿਤ-ਕਾਵਿ ਵਿੱਚ 'ਓਅੰ' ਅੱਖਰ ਨਾਲ ਪਹਿਲੀ ਤੁੱਕ ਸ਼ੁਰੂ ਹੁੰਦੀ ਹੈ। ਗੁਰੂ ਨਾਨਕ ਤੋਂ ਛੁੱਟ ਗੁਰੂ ਅਰਜਨ ਅਤੇ ਭਗਤ ਕਬੀਰ ਨੇ ਬਾਵਨ ਅੱਖਰੀਆਂ ਵਿਚ ਮੁੱਢਲੇ ਅੱਖਰ ਵਾਂਞ 'ਓਅੰ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਉਪਨਿਸ਼ਦਾਂ ਅਨੁਸਾਰ ਇਸਦੇ ਜਾਪ ਨਾਲ ਜੀਵਾਤਮਾ ਪਰਮਸਤਿ ਵਿੱਚ ਲੀਨ ਹੋ ਜਾਂਦੀ ਹੈ। ਵਿਦਵਾਨਾਂ ਅਨੁਸਾਰ ਇਹ ਸ਼ਬਦ ਇੱਕ ਤੋਂ ਅਨੇਕ ਅਰਥਾਂ ਵਿਚ ਲਗਾਤਾਰ ਵਿਕਾਸ ਹੁੰਦਾ ਰਿਹਾ ਹੈ। ਵੈਦਿਕ ਸਾਹਿਤ ਤੇ ਸੰਤ ਸਾਹਿਤ ਤੱਕ ਇਸ ਸ਼ਬਦ ਦੀ ਖੁੱਲ੍ਹ ਕੇ ਵਰਤੋਂ ਹੋਈ ਹੈ। ਮਾਂਡੂਕੁਯ ਉਪਨਿਸ਼ਦ (1) ਵਿੱਚ ਉਅੰਕਾਰ ਨੂੰ ਨਿੱਤ ਵਸਤੂ ਕਹਿ ਕੇ ਇਸ ਨੂੰ ਸਰਬ ਪ੍ਰਕਾਸ਼ਮਈ ਦੱਸਿਆ ਗਿਆ ਹੈ। ਭੂਤ, ਭਵਿੱਖਤ ਅਤੇ ਵਰਤਮਾਨ ਵਿੱਚ ਓਅੰਕਾਰ ਹੀ ਹੈ। ਤ੍ਰੈਕਾਲ ਤੋਂ ਪਰੇ ਸਤਿ ਸਰੂਪ ਬ੍ਰਹਮ ਹੀ ਓਅੰਕਾਰ ਹੀ ਹੈ। ਇਸੇ ਤਰ੍ਹਾਂ ਛਾਂਦੋਗੁਯ ਉਪਨਿਸ਼ਦ (2/23/3) ਵਿੱਚ 'ਓਅੰਕਾਰ' ਤੋਂ ਸਾਰੀ ਸ੍ਰਿਸ਼ਟੀ ਦਾ ਵਿਸਤਾਰ ਅਤੇ ਸਰਬ ਵਿਆਪਕ ਮੰਨਿਆ ਗਿਆ ਹੈ। ਬਾਅਦ ਵਿਚ ਓਅੰ (ਓਅਮ) ਨੂੰ ਤ੍ਰੈਦੇਵਾ (ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼) ਦਾ ਸੂਚਕ ਸ਼ਬਦ ਕਲਪਤਿ ਕੀਤਾ ਜਾਣ ਲੱਗਾ ਅਤੇ ਕਿਤੇ ਕਿਤੇ ਇਸ ਨੂੰ ਤਿੰਨ ਅਵਸਥਾਵਾਂ (ਜਾਗ੍ਰਿਤ, ਸੁਪਨ ਅਤੇ ਸੁਖੋਪਤੀ) ਦਾ ਵਾਚਕ ਵੀ ਮੰਨਿਆ ਜਾਣ ਲੱਗ ਪਿਆ।[8]

ਗੁਰੂ ਨਾਨਕ ਨੇ 'ਓਅੰ' ਸ਼ਬਦ ਨੂੰ ਸਭ ਦਾ ਪਸਾਰਾ ਕਰਨ ਵਾਲਾ ਅਤੇ ਇਕ ਸੂਤ (ਮਰਯਾਦਾ) ਵਿੱਚ ਸਭ ਨੂੰ ਬੰਨ੍ਹਣ ਵਾਲਾ ਦੱਸਿਆ ਹੈ ਫਿਰ ਤਿੰਨਾਂ ਗੁਣਾਂ ਦਾ ਖਿਲਾਰ ਕਰਕੇ ਨਿਰਗੁਣ ਤੋਂ ਸਰਗੁਣ ਰੂਪ ਵਿਚ ਜ਼ਾਹਿਰ ਹੋਇਆ।

***ਓਅੰ ਗੁਰਮੁਖਿ ਕੀਓ ਅਕਾਰਾ॥ ਏਕਹਿ ਸੂਤ ਪਰੋਵਨਹਾਰਾ॥***
***ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥***

*(ਗੁ. ਗ੍ਰੰ: ਅੰਕ: 250)*

ਸਾਰੀ ਸ੍ਰਿਸ਼ਟੀ ਦਾ ਸਰੂਪ ਸਰਗੁਣ ਹਰੀ ਹੀ ਹੈ। 'ਓਅੰਕਾਰ' ਨੂੰ ਅਨੇਕਾਂ ਜਨਮਾਂ ਤੋਂ ਰਹਿਤ, ਅਮਰ ਦਰਸਾਇਆ ਗਿਆ ਹੈ। ਗੁਰੂ ਸਾਹਿਬ ਅਨੁਸਾਰ ਸਤਿਗੁਰੂ ਆਪ ਹੀ ਪਟੀ, ਕਲਮ ਅਤੇ ਲੇਖ ਹੈ। ਦੂਜਾ ਕਹਿਣ ਦੀ ਲੋੜ ਨਹੀਂ, ਵਾਹਿਗੁਰੂ ਇੱਕ ਹੀ ਹੈ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*** *(ਅੰਕ: 1291)*

ਡਾ. ਰਤਨ ਸਿੰਘ ਜੱਗੀ ਅਨੁਸਾਰ ਪ੍ਰਮਾਤਮਾ ਨੂੰ ਇਕ ਮੰਨਣ ਦੀ ਗੱਲ ਵੈਦਿਕ ਸਾਹਿਤ ਵਿੱਚ ਮਿਲ ਜਾਂਦੀ ਹੈ, ਜਿਵੇਂ ਰਿਗਵੇਦ (ਨਾਸਦੀਯ ਸੂਕਤ: ਛਾਂਦੋਗੁਯ ਉਪਨਿਸ਼ਦ (6/2/1) ਅਤੇ ਬ੍ਰਹਮ ਉਪਨਿਸ਼ਦ (16), ਪਰ ਇਨ੍ਹਾਂ ਪ੍ਰਸੰਗਾਂ ਵਿੱਚ 'ਓਅੰਕਾਰ' ਪਦ ਦੀ ਵਰਤੋਂ ਨਹੀਂ ਹੋਈ। ਅਸਲ ਵਿੱਚ ਗੁਰੂ ਨਾਨਕ ਦੇਵ ਨੇ '੧' ਅੰਕ ਦੀ ਵਰਤੋਂ ਨਾਲ 'ਓਅੰਕਾਰ' ਸ਼ਬਦ ਨੂੰ ਪਰੰਪਰਾਗਤ ਮਰਯਾਦਾ ਵਾਚ ਅਤੇ ਸਗੁਣ ਸਾਧਨਾ ਪੱਧਤੀ ਤੋਂ ਵੱਖ ਕਰਕੇ ਪੂਰੀ ਤਰ੍ਹਾਂ ਨਿਰਗੁਣ ਭਾਵ ਭੂਮੀ ਵਿਚ ਇਕ ਨਵਾਂ ਰੂਪ ਦੇ ਕੇ ਚਿਤਰਿਆ ਹੈ।[9]

ਗੁਰੂ ਨਾਨਕ ਨੂੰ 'ਓਅੰਕਾਰ' ਅਤੇ 'ਸ਼ਬਦ' ਵਿੱਚ ਵੀ ਕੋਈ ਫ਼ਰਕ ਨਹੀਂ ਦਿਸਦਾ ਕਿਉਂਕਿ ਸ਼ਬਦ ਹੀ ਗੁਰੂ ਹੈ, ਪੀਰ ਹੈ, ਗਹਿਰ ਗੰਭੀਰ ਹੈ। ਇਸ ਸ਼ਬਦ ਤੋਂ ਬਗੈਰ ਤਾਂ ਸਾਰਾ ਸੰਸਾਰ ਹੀ 'ਬਉਰਾਨੰ' ਹੈ।

*ਸਬਦੁ ਗੁਰ ਪੀਰਾ, ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ (ਅੰਕ: 635)*

'ਓਅੰਕਾਰ' ਅਤੇ 'ਸ਼ਬਦ' ਨੂੰ 'ਪ੍ਰਣਵ' ਦਾ ਪ੍ਰਯਾਸ ਮੰਨਿਆ ਜਾਂਦਾ ਹੈ। 'ਪਾਤਿੰਜਲ ਯੋਗਸੂਤ' (1/27) ਵਿਚ 'ਪ੍ਰਣਵ' ਨੂੰ ਈਸ਼ਵਰ ਦਾ ਵਾਚਕ ਮੰਨਿਆ ਗਿਆ ਹੈ। (ਤਸ਼ਯ ਵਾਚਕ: ਪ੍ਰਣਵ)। ਤਾਂਤਰਿਕ ਸਾਹਿਤ ਵਿੱਚ ਪ੍ਰਣਵਵਾਦ ਦੀ ਸਥਾਪਨਾ ਨਾਦ-ਬਿੰਦੂ ਦੇ ਰੂਪ ਵਿਚ ਹੋਈ ਹੈ। ਇਹ ਉਨ੍ਹਾਂ ਦਾ ਨਾਦਯੋਗ ਹੈ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਅਨੁਸਾਰ 'ਨਾਦ ਅਤੇ ਬਿੰਦੂ' ਅਸਲ ਵਿਚ ਸੰਪੂਰਣ ਬ੍ਰਹਮੰਡ ਵਿੱਚ ਵਿਆਪਤ ਅਨਾਹਤ ਨਾਦ। ਅਨਹਦ ਨਾਦ ਦਾ ਵਿਕਅਤੀ ਵਿਚ ਵਿਅਕਤੀ ਰੂਪ ਹੈ।......ਇਹ ਨਾਦ ਅਸਲੋਂ ਉਪਾਦੀ ਰਹਿਤ ਹੋਣ ਤੇ 'ਪ੍ਰਣਵ' ਜਾਂ 'ਓਅੰਕਾਰ' ਅਖਵਾਉਂਦਾ ਹੈ। ਇਹੀ ਸ਼ਬਦ ਹੈ। ਗੁਰਬਾਣੀ ਵਿਚ ਸ਼ਬਦ ਅਤੇ ਨਾਮ, ਸ਼ਬਦ ਅਤੇ ਗੁਰੂ ਸ਼ਬਦ (ਗੁਰਬਾਣੀ) ਵਿਚ ਵੀ ਕੋਈ ਅੰਤਰ ਨਹੀਂ ਮੰਨਿਆ ਗਿਆ।[10] ਇਸੇ ਤਰ੍ਹਾਂ ਸਮੁੱਚੀ ਬਾਣੀ ਵਿੱਚ ਪ੍ਰਾਜਿਤ ਅਤੇ ਬ੍ਰਹਮਵਾਦੀ ਪਰਮਸਤਿ ਦੇ ਕੋਣ ਤੋਂ ਵਿਵੇਚਨ ਸਪਸ਼ਟ ਹੋ ਜਾਂਦਾ ਹੈ ਕਿ ਓਅੰਕਾਰ, ਸ਼ਬਦ, ਗੁਰੂ ਸ਼ਬਦ, ਨਾਮ ਆਦਿ ਸ਼ਬਦ ਸਮਾਨ ਭਾਵ ਸੂਚਕ ਹਨ। 'ਓਅੰਕਾਰ' ਬਾਣੀ ਦੀ ਹਰ ਤੁੱਕ ਸੰਸਕ੍ਰਿਤ ਦੇ 'ਅੱਖਰ' ਨਾਲ ਸ਼ੁਰੂ ਹੁੰਦੀ ਹੈ। ਪਰ ਕਈ ਸੰਸਕ੍ਰਿਤੀ ਧੁਨੀਆਂ ਉਹ ਨਹੀਂ ਜੋ ਗੁਰੂ ਸਾਹਿਬ ਨੇ ਉਚਾਰੀਆਂ ਹਨ। ਇਸ ਬਾਣੀ ਦੀ ਭਾਸ਼ਾ ਪੰਜਾਬੀ ਅਤੇ ਹਿੰਦੀ ਦਾ ਮਿਸ਼ਰਣ ਹੈ। ਗੁਰੂ ਸਾਹਿਬ ਦੀਆਂ ਹੋਰ ਬਾਣੀਆਂ ਵਿੱਚ ਆਏ ਫ਼ਾਰਸੀ-ਅਰਬੀ ਸ਼ਬਦਾਂ ਤੋਂ ਘੱਟ ਸ਼ਬਦ ਇਸ ਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰੂ ਸਾਹਿਬ ਵਲੋਂ ਰਚੀਆਂ ਬਾਣੀਆਂ ਵਿਚੋਂ 'ਓਅੰਕਾਰ' ਬਾਣੀ ਵੀ ਵਿਸ਼ੇਸ਼ ਥਾਂ ਰੱਖਦੀ ਹੈ। ਇਸ ਵਿਚ ਗੁਰੂ ਸਾਹਿਬ ਨੇ ਗੰਭੀਰ ਸ਼ਬਦ ਯੋਜਨਾ ਦੇ ਰੂਬਰੂ ਵਿਸਮਾਦੀ ਖਿਆਲਾਂ ਅਤੇ ਸਹਾਨਭੂਤੀ ਨੂੰ ਉਜਾਗਰ ਕੀਤਾ ਹੈ। ਇੰਵ ਕਵਿਤਾ-ਸ਼ਿਲਪ ਦਾ ਤੇਜਸਵੀ ਬਿੰਬ ਸਾਕਾਰ ਹੁੰਦਾ ਹੈ। ਇਸ ਬਾਣੀ ਵਿੱਚ ਪਰਮਸਤਿ ਅਤੇ ਪਰਮਸਤਿ ਦਾ ਗਿਆਨ, ਉਤਪਤੀ ਦਾ ਮੁਢਲਾ ਕਥਾ-ਪ੍ਰਸੰਗ ਉਜਾਗਰ ਹੋਇਆ ਹੈ। 'ਰਹਾਉ' ਵਾਲੀ ਤੁੱਕ ਵਿੱਚ ਪ੍ਰਭਾਵਮਈ ਉਪਦੇਸ਼ ਦਾ ਮੂਲ ਵਿਦਮਾਨ ਹੁੰਦਾ ਹੈ।

*ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥*
*ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ (ਅੰਕ: 930)*

ਗੁਰੂ ਸਾਹਿਬ ਨੇ ਦਾਰਸ਼ਨਿਕ ਖ਼ਿਆਲਾਂ ਨੂੰ ਗਹਿਰ ਉਚਾਣ ਬਖਸ਼ ਕੇ ਅਭਿਵਿਅਕਤ ਕਰਨ ਯੋਗ ਬਣਾ ਦਿੱਤਾ ਹੈ। ਇਹੋ ਕਾਰਨ ਹੈ ਕਿ ਇਸ ਬਾਣੀ ਦਾ ਪ੍ਰਗਟਾ-ਢੰਗ ਜਿੱਥੇ ਪ੍ਰਤਿਭਾ ਭਰਪੂਰ ਹੈ ਓਥੇ ਨਿਵੇਕਲਾ ਹੈ। ਇਸ ਬਾਣੀ ਦਾ ਅਨੁਭਵ ਅਦੁਤੀ ਅਤੇ ਅਧਿਆਤਮਿਕ ਕੋਣ ਤੋਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਗੁਰੂ ਜੀ, ਬਾਣੀ ਵਿਚ ਵਿਦਵਾਨ ਪੰਡਤ ਦੇ ਸੰਕਲਪ ਨੂੰ ਮੂਰਤੀਮਾਨ ਕਰਦੇ ਹਨ ਅਤੇ ਪਾਂਡੇ (ਪੰਡਤ) ਨੂੰ ਗਿਆਨ-ਗੋਸ਼ਟ ਰਾਹੀਂ ਬੁੱਧੀਜੀਵੀ ਵਰਗ ਨੂੰ ਤੱਤ-ਮੀਮਾਂਸਾ (On to Logic) ਦੇ ਨਜ਼ਰੀਏ ਤੋਂ ਸਵਾਲ ਕਰਦੇ ਹਨ। ਗੁਰੂ ਜੀ 'ਕੁਦਰਤ' ਅਤੇ 'ਓਅੰਕਾਰ' ਦੀ ਸ਼ਕਤੀ ਨੂੰ ਸਮਝਣ ਦਾ ਸੰਕੇਤ ਕਰਦੇ ਹਨ ਜੋ ਤਿੰਨ ਜਹਾਨਾਂ ਦਾ ਮੂਲ ਹੈ। ਇਲਾਹੀ ਪੈੜਾਂ ਸਿਰਜਦੀ ਇਹ ਬਾਣੀ ਮੀਲ ਪੱਥਰਾਂ ਦਾ ਕੰਮ ਕਰਦੀ ਹੈ। ਕਈ ਵਿਦਵਾਨ ਇਸ ਬਾਣੀ ਦੇ ਅੱਖਰਾਂ ਦੀ ਸਮਾਨਤਾ[11], ਰਾਗ ਆਸਾ ਨਾਲ ਪ੍ਰਗਟਾਉਂਦੇ ਹਨ। ਇਸ ਬਾਣੀ ਦੀ ਹਰ ਤੁੱਕ ਦਾਰਸ਼ਨਿਕ ਸੁਭਾਅ ਦੇ ਰੂਬਰੂ ਬੋਧਿਕ ਕਾਵਿਆਤਮਕ ਰਚਨਾ ਦੇ ਅਨੂਠੇ ਸੁਮੇਲ ਵਿੱਚ ਸਾਕਾਰ ਹੋਈ ਹੈ। ਇੰਝ 'ਜ਼ਿੰਦਗੀ ਦਾ ਸੱਚ' ਗਿਆਨ ਵਰਧਕ ਬਣਨਾ ਸੁਭਾਵਿਕ ਕਰਮ ਹੋ ਜਾਂਦਾ ਹੈ। 'ਓਅੰਕਾਰੁ' ਸਮੁੱਚੇ ਬ੍ਰਹਿਮੰਡ ਦਾ

ਆਦਿ ਅਤੇ ਸਿਰਜਨਾਤਮਕ ਸਿਧਾਂਤ ਹੈ। ਇਹ ਗਿਆਨ ਦਾ ਜ਼ਹੂਰ ਅਤੇ ਪ੍ਰਕਾਸ਼ ਹੈ। 'ਬੋਧ ਦੀ ਸ਼ਕਤੀ' ਹੀ ਸਵੀਕਾਰਨ ਯੋਗ ਹੈ ਜੋ ਉਸ ਦੀ ਸ੍ਰਿਸ਼ਟੀ ਵਿੱਚ ਰਚ ਰਿਹਾ ਹੈ। ਇਹੋ 'ਓਅੰਕਾਰ' ਦਾ ਤੇਜਵਾਨ ਬੋਧ ਹੈ। ਇਹੋ ਪਰਮਸਤਿ ਚਿੱਤ ਵਿਚ 'ਜੋਤੀ' ਰਾਹੀਂ ਪ੍ਰਕਾਸ਼ਮਾਨ ਕਰਦਾ, ਨਾਮ ਦੀ ਸ੍ਰੇਸ਼ਟ ਮੰਜ਼ਲਾਂ ਦੇ ਸੁੰਦਰ ਦਰ ਖੋਲ੍ਹ ਦੇਂਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ


1. ਭਾਈ ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਦਿੱਲੀ ਛਾਪ, 1990, ਅੰਕ: 618

   Harbans Singh (Ed.), **The Encyclopeadia of sikhism (Vol II),** Punjabi Uni. Patiala, 1997, P. 247.
2. ਗੁਰਮੇਲ ਸਿੰਘ (ਸੰ.) **ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਅੰਕ: 219
3. ਡਾ. ਰਤਨ ਸਿੰਘ ਜੱਗੀ (ਸੰ.), **ਸਾਹਿਤਕ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001, ਅੰਕ: 29
4. ਸੁਰਿੰਦਰ ਸਿੰਘ ਕੋਹਲੀ (ਸੰ.), **ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ)**, ਪੰਜਾਬ ਯੂਨੀ. ਚੰਡੀਗੜ੍ਹ, ਛਾਪ 2000, ਅੰਕ: 6
5. ਭਾਈ ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਉਹੀ, ਅੰਕ: 21
6. ਭਾਈ ਕਾਨ੍ਹ ਸਿੰਘ ਨਾਭਾ, **ਗੁਰਮਤ ਮਾਰਤੰਡ** (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਛਾਪ 1999, ਅੰਕ: 98
7. ਡਾ. ਵਜ਼ੀਰ ਸਿੰਘ, **ਨਾਨਕ ਬਾਣੀ ਚਿੰਤਨ**, ਅੰਕ: 47
8. ਡਾ. ਰਤਨ ਸਿੰਘ ਜੱਗੀ (ਸੰ.), **ਸਾਹਿਤਕ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ**, ਪੂਰਵ ਅੰਕਤ, ਅੰਕ: 29
9. ਪੂਰਵ, ਅੰਕਤ, ਅੰਕ: 30
10. ਪੂਰਵ ਅੰਕਤ, ਅੰਕ: 31
11. Manmohan Singh Advocate (Tr.), **Hymns of Guru Nanak,** Languages Department Punjab, Patiala, 1972, P: 25

# ਉਲਟਬਾਂਸੀ

ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਬਾਣੀ ਦਾ ਸਿਰਲੇਖ ਉਲਟਬਾਂਸੀ ਨਹੀਂ ਪਰ ਕਬੀਰ ਨੇ ਇਕ ਰੂਪਾਕਾਰ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿੱਚ ਕੀਤੀ ਹੈ। ਇਹ ਇੱਕ ਅਲਪ-ਚਰਚਿਤ ਕਾਵਿ-ਰੂਪ ਹੈ।

'ਉਲਟਬਾਂਸੀ' ਤੋਂ ਭਾਵ ਹੈ ਉਹ ਕਾਵਿ-ਉਕਤੀ ਜਿਸ ਵਿਚ ਸਾਧਾਰਣ ਤੋਂ ਉਲਟ ਢੰਗ ਨਾਲ ਗੱਲ ਕਹੀ ਗਈ ਹੋਵੇ। ਇਸ ਵਿਚ ਵਿਰੋਧਾਭਾਸ ਅਲੰਕਾਰ ਦਾ ਕੁਝ ਨਾ ਕੁਝ ਅੰਸ਼ ਰਹਿੰਦਾ ਹੈ। ਇਸ ਰੂਪਾਕਾਰ ਦੇ ਪਿਛੋਕੜ ਨੂੰ ਘੋਖਣ 'ਤੇ ਪ੍ਰੀਤਤ ਹੁੰਦਾ ਹੈ ਕਿ ਇਸ ਦੀ ਵਰਤੋਂ ਨਾਥ-ਯੋਗੀਆਂ ਦੇ ਸਾਹਿਤ ਵਿਚ ਆਮ ਮਿਲਦੀ ਹੈ। ਉਨ੍ਹਾਂ ਦੀ ਆਪਣੀ ਘੋਸ਼ਣਾ ਅਨੁਸਾਰ ਯੋਗੀਆਂ ਦੀ ਸਾਧਨਾ 'ਤੀਨ ਲੋਕ ਸੇ ਨਿਆਰੀ' ਸੀ। ਉਹ ਸਾਧਾਰਣ ਜਨਤਾ ਤੋਂ ਵੱਖਰੇ ਢੰਗ ਦੀ ਗੱਲ ਕਰਦੇ ਸਨ। ਉਨ੍ਹਾਂ ਅਨੁਸਾਰ ਸਾਰਾ ਸੰਸਾਰ ਗ਼ਲਤ ਮਾਰਗ ਉਤੇ ਚਲ ਰਿਹਾ ਹੈ। ਸੰਸਾਰ ਤੋਂ ਉਲਟ ਕਾਰਵਾਈ ਹੀ ਯੋਗੀਆਂ ਅਨੁਸਾਰ ਸਹੀ ਮਾਰਗ ਹੈ। ਇਸ ਲਈ ਸਾਹਿਤ ਜਾਂ ਬਾਣੀ ਵਿਚ ਉਨ੍ਹਾਂ ਉਲਟੇ ਢੰਗ ਦੀ ਗੱਲ ਕੀਤੀ ਸੀ। ਸਾਧਾਰਣ ਗੱਲ ਨੂੰ ਅਸਾਧਾਰਣ ਢੰਗ ਨਾਲ ਕਹਿਣ 'ਤੇ ਹੀ ਉਹ ਆਪਣੇ ਪ੍ਰਤਿ ਵਿਸ਼ੇਸ਼ ਸ਼ਰਧਾ ਪੈਦਾ ਕਰ ਸਕੇ ਸਨ। ਉਨ੍ਹਾਂ ਦੀ ਸਾਰੀ ਸਾਧਨਾ ਹੀ 'ਗੋਰਖ-ਧੰਧਾ' ਸੀ।[1]

ਸੰਤ ਕਬੀਰ ਨੇ ਆਪਣੇ ਰੂਹਾਨੀ ਅਨੁਭਵ ਦੇ ਗੂੜ੍ਹੇ ਰਹੱਸਾਂ ਨੂੰ ਮੂਰਤੀਮਾਨ ਕਰਨ ਲਈ 'ਉਲਟਬਾਂਸੀ' ਰੂਪਾਕਾਰ ਦੀ ਵਰਤੋਂ ਖ਼ੂਬ ਕੀਤੀ ਕਿਉਂਕਿ ਕਬੀਰ ਸ਼ੁਰੂ ਤੋਂ ਹੀ ਨਾਥ-ਯੋਗੀਆਂ ਦੀ ਕੁਲ-ਪਰੰਪਰਾ ਨਾਲ ਸੰਬੰਧਿਤ ਸਨ।

*'ਪਹਿਲਾ ਪੂਤੁ ਪਿਛੈਰੀ ਮਾਈ। ਗੁਰੁ ਲਾਗੋ ਚੇਲੇ ਕੀ ਪਾਈ ॥੧॥'*

ਵਾਲਾ ਸ਼ਬਦ 'ਉਲਟਬਾਂਸੀ' ਦੀ ਪ੍ਰਤੱਖ ਮਿਸਾਲ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ: 481 ਤੇ ਅੰਕਿਤ ਹੈ। ਕਈ ਵਿਦਵਾਨਾਂ[2] ਅਨੁਸਾਰ ਗੁਰੂ ਅਰਜਨ ਨੇ ਵੀ ਇਸ ਕਾਵਿ-ਰੂਪਕਾਰ ਦੀ ਵਰਤੋਂ ਕੀਤੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਡਾ. ਰਤਨ ਸਿੰਘ ਜੱਗੀ (ਸੰ.), **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ:, ਪਟਿਆਲਾ, 2002, ਅੰਕ: 9
2. ਖੋਜ ਪਤ੍ਰਿਕਾ-ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ-58, ਸਤੰਬਰ 2003, ਅੰਕ: 191

# ਅਸ਼ਟਪਦੀ

'ਅਸ਼ਟਪਦੀ' ਅਠ ਪਦੇ/ਪਦਿਆਂ ਦੇ ਕਾਵਿ-ਰੂਪ ਨੂੰ ਕਿਹਾ ਜਾਂਦਾ ਹੈ। ਅਧਿਆਤਮਕ ਕਾਵਿਧਾਰਾ ਵਿੱਚ 'ਅਸ਼ਟਪਦੀ' ਦਾ ਖਾਸ ਕਰੱਤਵ ਅਤੇ ਮੁਕਾਮ ਹੈ। ਗੁਰੂ ਕਵੀਆਂ ਵਿਚੋਂ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਨੇ ਇਸ ਕਾਵਿ-ਰੂਪ ਨੂੰ ਪ੍ਰਯੁਕਤ ਕੀਤਾ ਹੈ। ਮੁੱਢ ਕਦੀਮ ਤੋਂ 'ਅਸ਼ਟਪਦੀ' ਨੂੰ ਦਰਸ਼ਨ ਅਤੇ ਧਰਮ ਜਿਹੇ ਸਿਧਾਂਤਕ ਗੂੜ ਅਤੇ ਬੋਧਿਕ ਵਿਚਾਰਾਂ ਨੂੰ ਮੂਰਤੀਮਾਨ ਕਰ ਕੇ ਰਚਨਾਤਮਿਕ ਪ੍ਰਤਿਭਾ ਸਿਰਜੀ ਹੈ। ਅਸ਼ਟਪਦੀ ਨੂੰ ਸਨਾਤਨੀ ਕਾਵਿ ਦਾ ਸ੍ਰੇਸ਼ਟ ਕਾਵਿ-ਰੂਪ ਮੰਨਿਆ ਜਾਂਦਾ ਹੈ। ਭਾਰਤੀ ਸਾਹਿਤ ਅਤੇ ਸੰਗੀਤ ਵਿੱਚ 'ਅਸ਼ਟਪਦੀਆਂ' ਨੂੰ ਉਤਕ੍ਰਿਸ਼ਟ ਰੁਤਬਾ ਹਾਸਲ ਹੈ। ਇਸ ਰਚਨਾ ਦਾ ਖਾਸ ਪਹਿਲੂ ਇਹ ਹੈ ਕਿ ਵੱਖੋ-ਵੱਖ ਵਿਚਾਰਾਂ ਨੂੰ ਵਿਭਿੰਨ ਪਹਿਲੂਆਂ ਤੋਂ ਪ੍ਰਸਤੁਤ ਕਰਕੇ ਨਵੀਆਂ ਪਰਤਾਂ ਸਿਰਜਦੇ ਹਨ। ਲੌਕਿਕ ਅਤੇ ਪਰਲੌਕਿਕ ਸੰਸਾਰ ਨਾਲ ਜੁੜੇ ਰਹੱਸਮਈ ਵਿਚਾਰਾਂ ਨੂੰ ਖੁਲ ਕੇ ਪੇਸ਼ ਕੀਤਾ ਜਾਂਦਾ ਹੈ। ਅੱਡ ਅੱਡ ਅਸ਼ਟਪਦੀਆਂ ਵਿੱਚ ਵੱਖੋ-ਵੱਖਰੇ ਤੋਲ ਤੁਕਾਂਤ ਵਾਲੇ ਛੰਦ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਵੀ ਇਕ ਕਾਰਨ ਹੈ ਕਿ ਅੱਠ ਬੰਦਾਂ ਵਾਲੇ ਕਾਵਿ-ਰੂਪ ਨੂੰ 'ਅਸ਼ਟਪਦੀ' ਦਾ ਨਾਂ ਦਿੱਤਾ ਜਾਂਦਾ ਹੈ।

'ਅਸ਼ਟਪਦੀ' ਨੂੰ ਸੁਤੰਤਰ ਸਾਹਿਤ ਰੂਪ ਵਾਲਾ ਗੌਰਵ ਪ੍ਰਾਪਤ ਹੈ। ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਤੇ ਛਿਪਦੇ ਕ੍ਰਮਵਾਰ 2,3,4,5 ਤੇ 6 ਪਦਾਂ ਦੇ ਹੁੰਦੇ ਹਨ। ਅਸ਼ਟਪਦੀ ਵਿਚ ਅੱਠ ਪਦ ਹੁੰਦੇ ਹਨ। ਅਸ਼ਟਪਦੀ ਦੇ ਅੱਠ ਪਦ ਇਕੋ ਛੰਦ/ਚਾਲ ਵਿਚ ਵੀ ਹੋ ਸਕਦੇ ਹਨ ਤੇ ਵੱਖ ਛੰਦਾਂ ਵਿਚ ਵੀ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਈ ਅਸ਼ਟਪਦੀਆਂ ਵਿੱਚ ਇਸ ਦਾ ਪ੍ਰਮਾਣ ਮਿਲਦਾ ਹੈ। ਇਕੋ ਛੰਦ/ਚਾਲ ਵਾਲੀਆਂ ਅਸ਼ਟਪਦੀਆਂ ਦੀ ਸਭ ਤੋਂ ਵਧੀਆ ਮਿਸਾਲ ਗੁਰੂ ਅਰਜਨ ਰਚਿਤ ਸੁਖਮਨੀ ਸਾਹਿਬ ਬਾਣੀ ਦੀਆਂ ਅਸ਼ਟਪਦੀਆਂ ਹਨ।[1]

ਗੁਰਬਾਣੀ ਦਾ ਇਹ ਕਾਵਿ-ਰੂਪ ਇੱਕ ਵਿਸ਼ੇਸ਼ ਰੁਤਬਾ ਰੱਖਦਾ ਹੈ। ਚਉਪਦੇ, ਪੰਚਪਦਿਆਂ ਆਦਿ ਤੋਂ ਤੁਰੰਤ ਬਾਅਦ 'ਅਸ਼ਟਪਦੀ' ਕਾਵਿ-ਰੂਪ ਰੂਪਮਾਨ ਹੁੰਦਾ ਹੈ। ਇਨ੍ਹਾਂ ਅਸ਼ਟਪਦੀਆਂ ਵਿੱਚ ਮੂਲ ਅਤੇ ਕੇਂਦਰੀ ਵਿਚਾਰਾਂ ਨੂੰ 'ਰਹਾਉ' ਰਾਹੀਂ ਚਾਨਣ ਵਿਚ ਲਿਆਇਆ ਗਿਆ ਹੈ ਅਤੇ ਇਨ੍ਹਾਂ ਸਤਰਾਂ ਵਿਚ ਮੁੱਢਲੇ ਪ੍ਰਗਟਾਏ ਵਿਚਾਰਾਂ ਦੁਆਲੇ ਹੀ ਬਾਕੀ ਬੰਦ (ਪਦੇ) ਘੁੰਮਦੇ ਹਨ। ਆਮ ਤੌਰ ਤੇ ਭਾਵੇਂ ਅਸ਼ਟਪਦੀਆਂ ਅੱਠ ਅੱਠ ਪਦਿਆਂ[2] ਵਾਲੀਆਂ ਵੀ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਸ਼ਟਪਦੀਆਂ ਦਾ ਰੂਪ-ਵਿਧਾਨ ਰਾਹੀਂ ਇਹ ਯਕੀਨ ਹੋ ਜਾਂਦਾ ਹੈ ਕਿ ਸੱਤ ਜਾਂ ਵਧੇਰੇ ਪਦਾਂ ਦੇ ਸਮੂਹ ਵਾਲੀਆਂ ਕਾਵਿ-ਰਚਨਾਵਾਂ ਨੂੰ 'ਅਸ਼ਟਪਦੀ' ਦੀ ਪਰੰਪਰਕ ਰੀਤ ਰਹੀ ਹੋਵੇਗੀ। ਆਮ ਤੌਰ ਤੇ ਅਸ਼ਟਪਦੀਆਂ ਦੇ ਬੰਦ ਇਕ ਤੁੱਕੇ, ਦੋ ਤੁਕੇ, ਤਿੰਨ ਤੁਕੇ, ਚਾਰ ਤੁਕੇ ਅਤੇ ਅੱਠ ਜਾਂ ਦਸ ਤੁਕੇ ਵੀ ਹੋ ਸਕਦੇ ਹਨ। ਇਸ ਤੋਂ ਅਨੁਮਾਨ ਲਾਉਣਾ ਸਹੀ ਹੈ ਕਿ ਅਸ਼ਟਪਦੀਆਂ ਦੇ ਬੰਦ ਸੰਖਿਆ ਅਤੇ ਤੁਕ ਸੰਖਿਆ ਬਾਰੇ ਸਖ਼ਤ ਨੇਮ ਗੁਰੂ ਗ੍ਰੰਥ ਸਾਹਿਬ ਵਿਚ ਉਜਾਗਰ ਨਹੀਂ ਹੁੰਦੇ।

'ਅਸ਼ਟਪਦੀ' ਦੇ ਮੂਲ ਵੱਲ ਕਈ ਵਿਦਵਾਨਾਂ ਨੇ ਸੰਕੇਤ ਕੀਤਾ ਹੈ। ਕਈ ਸੰਸਕ੍ਰਿਤ ਦੇ ਸ਼ਬਦ 'ਅਸ਼ਟਪਦਾ'[3] ਵੱਲ ਇਸ਼ਾਰਾ ਕਰਦੇ ਹਨ। ਅਸ਼ਟਪਦੀਆਂ ਵੀ ਚਉਪਦਿਆਂ ਵਾਂਗ ਕਿਸੇ ਪ੍ਰਕਾਰ ਦੇ ਛੰਦ-ਬੰਧਨ ਅਧੀਨ ਨਹੀਂ ਰਚੀਆਂ ਗਈਆਂ, ਸਗੋਂ ਇਹ ਇਕ ਅਜਿਹਾ ਛੰਦ-ਵਿਧਾਨ ਜਾਂ ਪਦੀ-ਸਮੁੱਚ ਹੈ ਜਿਸ ਵਿਚ ਲਗਭਗ ਅੱਠ ਪਦੀਆਂ ਸ਼ਾਮਲ ਹੋਣ। ਇਨ੍ਹਾਂ ਉੱਤੇ ਭਾਵੇਂ ਕਿਸੇ ਖਾਸ ਛੰਦ ਦੇ ਲੱਛਣ ਤਾਂ ਆਰੋਪਿਤ ਨਹੀਂ ਕੀਤੇ ਜਾ ਸਕਦੇ, ਪਰ ਇਨ੍ਹਾਂ ਨਾਲ ਚੌਪਈ, ਨਿਸ਼ਾਨੀ ਆਦਿ ਛੰਦਾਂ ਦੀ ਨੇੜਤਾ ਦਰਸਾਈ ਹੈ।

'ਪਦੀ' ਤੋਂ ਭਾਵ ਹੈ ਤੁਕ ਜਾਂ ਤੁਕ-ਸਮੂਹ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਪਦੀਆਂ ਦੀਆਂ ਤੁਕਾਂ ਦੀ ਗਿਣਤੀ ਇਕ ਤੋਂ ਚਾਰ ਤੱਕ ਹੈ। ਆਮ ਤੌਰ ਤੇ ਪਹਿਲੀ ਪਦੀ ਤੋਂ ਬਾਅਦ ਇਕ ਜਾਂ ਦੋ ਤੁਕਾਂ ਦਾ 'ਰਹਾਉ' ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਅਸ਼ਟਪਦੀ ਵਿਚ ਅੱਠ ਪਦੀਆਂ ਹੀ ਹੋਣ। ਇਹ ਗਿਣਤੀ ਵਧ-ਘੱਟ ਹੋ ਸਕਦੀ ਹੈ ਕਿਉਂਕਿ ਸੱਤ, ਅੱਠ, ਨੌਂ, ਦਸ, ਬਾਰ੍ਹਾਂ ਜਾਂ ਇਸ ਤੋਂ ਵੱਧ ਪਦੀਆਂ ਦੇ ਸਮੁੱਚ ਉਪਲਬਧ ਹਨ। ਇਹ ਪਦੀ ਸਮੁੱਚ ਨੂੰ 'ਅਸ਼ਟਪਦੀਆਂ' ਸਿਰਲੇਖ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਅਧਿਕਤਰ ਇਹ ਸਮੁੱਚ ਅੱਠ ਪਦੀਆਂ ਵਾਲੇ ਹਨ। ਇਨ੍ਹਾਂ ਅਸ਼ਟਪਦੀਆਂ ਵਿਚ ਗੁਰੂ ਸਾਹਿਬਾਨ ਦੇ ਦਾਰਸ਼ਨਿਕ, ਧਾਰਮਿਕ ਅਤੇ ਸਮਾਜਿਕ ਸਿਧਾਂਤ ਦੀ ਵਿਆਖਿਆ ਹੋਈ ਹੈ।[4] ਭਗਤੀ ਲਹਿਰ ਦੀ ਪ੍ਰਸਿੱਧ ਕ੍ਰਿਸ਼ਣ ਭਗਤੀ ਦੇ ਸ੍ਰੇਸ਼ਟ ਅੱਠ ਕਵੀਆਂ[5] ਦੇ ਸਮੂਹ ਨੂੰ 'ਅਸ਼ਟ-ਛਾਪ' ਅਤੇ ਅੱਠ ਛੰਦਾਂ ਨੂੰ 'ਅਸ਼ਟਕ ਛੰਦ' ਕਿਹਾ ਜਾਂਦਾ ਹੈ। ਆਮ ਤੌਰ ਤੇ ਹਰ ਅਸ਼ਟਪਦੀ ਦੇ ਅੰਤ 'ਨਾਨਕ ਛਾਪ' ਇਕੋ ਵਾਰ ਵਰਤੀ ਮਿਲਦੀ ਹੈ, ਲੇਕਿਨ ਸੁਖਮਨੀ ਦੀ ਹਰ ਅਸ਼ਟਪਦੀ ਦੇ ਅੱਠ ਅੱਠ ਪਦੇ 'ਨਾਨਕ' ਨਾਲ ਸੁਸ਼ੋਭਿਤ ਹਨ।[6]

ਕੁੱਝ ਅਜਿਹੇ ਵਿਦਵਾਨ ਹਨ, ਜੋ ਅਸ਼ਟਪਦੀ ਨੂੰ ਸ਼ੈਲੀਗਤ ਕਾਵਿ-ਰੂਪ ਸਵੀਕਾਰਦੇ ਹਨ ਅਤੇ ਬਾਕੀ ਛੰਦਗਤ ਕਾਵਿ-ਰੂਪ ਦੇ ਜ਼ੁਮਰੇ ਵਿਚ ਰਖਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਡਾ. ਕੁਲਦੀਪ ਸਿੰਘ ਧੀਰ, **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਅੰਕ 58
2. ਭਾਈ ਜੋਗਿੰਦਰ ਸਿੰਘ ਤਲਵਾੜਾ, **ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ (ਭਾਗ ੧) ਬਾਣੀ ਬਿਉਰਾ**, ਅੰਮ੍ਰਿਤਸਰ, ਛਾਪ 1997, ਅੰਕ: 30

| ਰਾਗ | ਮਹਲਾ | ਅੰਕ | ਪਦੇ |
|---|---|---|---|
| ਸਿਰੀ ਰਾਗੁ | ਮ: ੧ | ੧੦ ॥੧੧ ॥ | ੧੦ |
| ਸਿਰੀ ਰਾਗੁ | ਮ: ੧ | ੯ ॥੧੩ ॥ | ੯ |
| ਗਉੜੀ | ਮ: ੧ | ੧੨ ॥੯ ॥ | ੧੨ |
| ਸੂਹੀ | ਮ: ੪ | ੩੨ ॥੧ ॥ | ੩੨ |
| ਸੂਹੀ | ਮ: ੪ | ੧੪ ॥੧ ॥੨ ॥੧੧ | ੧੪ |
| ਸੂਹੀ | ਮ: ੧ | ੩੪ ॥੧ ॥੩ ॥ | ੩੪ |
| ਸਿਰੀਰਾਗ | ਮ: ੧ | ੭ ॥੧੧ ॥ | ੭ |
| ਸਿਰੀਰਾਗ | ਮ: ੧ | ੭ ॥੧੨ ॥ | ੭ |

3. Harbans Singh (Ed.) **The Encyclopeadia of sikhism (Vol I),** Punjabi University, Patiala, 1998 Ed, P. 208
"Astpadi from sanskrit astapada, astapad or astapadi is a poetic composition comprising a store eight padas or stanzas. No specific rhyme-scheme, measure or burden is prescribed for it, but all the eight stanzas must be in the same metre and measure. Lines in each stanza are generally rhymed".
4. ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਅੰਕ: 15
5. ਸੂਰਦਾਸ, ਨੰਦ ਦਾਸ, ਕ੍ਰਿਸ਼ਣ ਦਾਸ, ਪਰਮਾਨੰਦ ਦਾਸ, ਕੁੰਭਨ ਦਾਸ, ਚਤੁਰਭੁਜ ਦਾਸ, ਛੀਤ ਸਵਾਮੀ, ਗੋਬਿੰਦ ਸਵਾਮੀ।
6. ਪ੍ਰੋ. ਪਿਆਰਾ ਸਿੰਘ ਪਦਮ, **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਪਟਿਆਲਾ, ਛਾਪ 1990, ਅੰਕ: 299

# ਅਨੰਦੁ

'ਅਨੰਦੁ' ਦਾ ਸ਼ਬਦੀ ਅਰਥ ਹੈ ਖੁਸ਼ੀਆਂ, ਸੁਖ, ਪ੍ਰਸੰਨਤਾ। ਗੁਰੂ ਅਮਰਦਾਸ ਦੀ ਅਨੁਪਮ ਅਤੇ ਵਿਸ਼ਿਸ਼ਟ ਰਚਨਾ ਨਿਮਨ ਲਿਖਤ ਸਿਰਲੇਖ 'ਰਾਮਕਲੀ ਮਹਲਾ ੩ ਅਨੰਦੁ' ਗੁਰੂ ਗ੍ਰੰਥ ਸਾਹਿਬ ਦੇ ਅੰਕ: 917 ਅਧੀਨ ਸੰਕਲਿਤ ਹੈ। ਅਨੰਦ ਦੇ ਕੋਸ਼ਕਾਰੀ ਅਰਥ ਹਨ ਸੁਖ, ਖੁਸ਼ੀ, ਉਮਾਹ, ਚਾਉ, ਉਤਸ਼ਾਹ ਆਦਿ। ਰਾਗ ਰਾਮਕਲੀ ਵਿੱਚ ਇਕ ਖਾਸ ਬਾਣੀ, ਜੋ ਤੀਜੇ ਗੁਰੂ ਜੀ ਨੇ, ਮੋਹਰੀ ਜੀ ਦੇ ਪੁਤ੍ਰ ਦੇ ਜਨਮ ਸਮੇਂ ਸੰਮਤ 1611 ਵਿੱਚ ਉਚਾਰਣ ਕੀਤੀ, ਅਤੇ ਪੋਤੇ ਦਾ ਨਾਉਂ 'ਅਨੰਦ' ਰਖਿਆ।[1]

ਗੁਰ ਮਰਯਾਦਾ ਅਨੁਸਾਰ 'ਅਨੰਦੁ' ਵਿਆਹ ਦਾ ਨਾਮ ਹੈ, ਜੋ ਪਰਮਤੱਤ, ਪਰਮਸਤਿ ਦਾ ਲਖਾਇਕ ਹੈ। ਇੰਞ ਵਿਆਹ 'ਅਨੰਦ ਐਕਟ' ਕਾਨੂੰਨ ਹੇਠ ਦਰਜ ਹੁੰਦਾ ਹੈ। ਸਿੱਖ ਰਵਾਇਤਾਂ ਅਨੁਸਾਰ ਹਰ ਮੰਗਲ ਕਾਰਜਾਂ/ਸਮਾਗਮਾਂ ਵਿੱਚ ਛੋਟੇ ਰੂਪ ਵਿਚ (ਪਹਿਲੀਆਂ ਪੰਜ ਪਉੜੀਆਂ ਅਤੇ ਛੇਵੀ ਅਖੀਰਲੀ ਪਾਉੜੀ) ਸਰਬ ਪ੍ਰਵਾਨਿਤ ਜਾਣਕੇ ਅਤੇ ਸਿੱਖ ਧਰਮ ਦੀ ਕਾਰਜਸ਼ੀਲਤਾ ਵਿੱਚ ਸਾਫ਼ ਤੌਰ ਤੇ ਪੜ੍ਹੀ ਜਾਂਦੀ ਹੈ। ਇਹ ਬਾਣੀ ਪਰਮ-ਅਨੰਦੁ ਪ੍ਰਾਪਤੀ ਦਾ ਸਿਖਰ ਸਮਝੀ ਜਾਂਦੀ ਹੈ। ਪਉੜੀਆਂ ਦੀ ਕੁਲ ਗਿਣਤੀ 40 ਹੈ ਜਿਸ ਵਿਚ ਅਧਿਆਤਮਿਕਤਾ ਤੇ ਦਾਰਸ਼ਨਿਕਤਾ ਦੇ ਰਹੱਸਮਈ ਵਿਸ਼ੇਸ਼ ਪਹਿਲੂ ਰੂਪਮਾਨ ਹੁੰਦੇ ਹਨ।

ਦੀਰਘਕਾਰੀ ਅਨੁਪਮ ਕਲਾਤਮਕ ਵਿਸ਼ੇਸ਼ਤਾ ਵਾਲੀ ਇਸ ਰਚਨਾ ਵਿੱਚ ਬਾਣੀ ਦੀਆਂ 40 ਪਉੜੀਆਂ ਵਿਚੋਂ 33 ਪਉੜੀਆਂ ਪੰਜ ਪੰਕਤੀਆਂ ਦੀਆਂ ਹਨ ਅਤੇ 7 ਪਉੜੀਆਂ ਛੇ ਪੰਕਤੀਆਂ ਦੀਆਂ ਹਨ (4, 11, 24, 29, 38, 40)। ਇਸ ਬਾਣੀ ਵਿਚ ਵਿਚਾਰਾਂ ਦੇ ਖ਼ੂਬਸੂਰਤ ਮਣਕੇ ਆਣ ਜੁੜਦੇ ਹਨ ਅਤੇ ਹਰ ਪਉੜੀ ਰਾਹੀਂ ਇਕ ਨਵੇਂ ਵਿਚਾਰ ਦਾ ਆਗਾਜ਼ ਹੁੰਦਾ ਹੈ। ਪੰਕਤੀਆਂ ਦੀ ਪੁਨਰਾਵ੍ਰਿਤੀ ਇਕ ਅਨੋਖਾ ਸੰਗੀਤਕ ਵਾਯੂਮੰਡਲ ਪ੍ਰਸਤੁਤ ਕਰਦੀ ਹੈ। ਪਉੜੀ ਛੰਦ ਵਿਚ ਤੁਕਾਂਤ ਦੇ ਦੁਹਰਾਓ ਦੁਆਰਾ ਸੰਗੀਤਾਤਮਿਕਤਾ, ਧੁਨੀਆਤਮਿਕਤਾ ਅਤੇ ਰਾਗਆਤਮਿਕ ਭਾਵ ਮੰਡਲ ਨੂੰ ਸਿਰਜਿਆ ਗਿਆ ਹੈ, ਕਿਉਂਕਿ ਹਰ ਪਉੜੀ ਦੀ ਅੰਤਿਮ ਅਰਧ ਤੁਕ ਹੀ ਅਗਲੀ ਪਉੜੀ ਦੀ ਪਹਿਲੀ ਅਰਧ ਤੁਕ ਬਣ ਜਾਂਦੀ ਹੈ।

ਇਸ ਬਾਣੀ ਦੀ ਵਿਲੱਖਣਤਾ ਇਸ ਦਾ ਰਾਗਬਧ ਰੂਪ ਵਿਚ ਰਚਿਤ ਹੋਣਾ ਹੈ, ਜਿਸ ਨੂੰ ਰਾਮਕਲੀ ਰਾਗ ਵਿਚ ਨਿਬੱਧ ਕੀਤਾ ਹੈ। ਇਹ ਭਾਰਤੀ-ਸੰਗੀਤ ਦਾ ਪ੍ਰਾਚੀਨ ਲੋਕਪ੍ਰਿਯ ਤੇ ਮਧੁਰ ਰਾਗ ਹੈ, ਜਿਸ ਦਾ ਅੰਮ੍ਰਿਤ ਵੇਲੇ ਦੇ ਰਾਗਾਂ ਵਿਚ ਵਿਸ਼ੇਸ਼ ਸਥਾਨ ਹੈ।[2] ਰਾਮਕਲੀ ਰਾਗ ਦੀ ਪ੍ਰਕਿਰਤੀ ਅਨੁਰੂਪ ਬਾਣੀ ਵਿਚ ਪ੍ਰਯੁਕਤ ਸ਼ਬਦਾਵਲੀ ਵਿੱਚ ਜਿਥੇ ਸਾਧ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਪ੍ਰਤੱਖ ਹੈ, ਉਥੇ ਸ਼ਬਦਾਂ ਦੀ ਪੁਨਰਾਵ੍ਰਿਤੀ ਵਿਸ਼ੇਸ਼ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਸ਼ਬਦਾਂ ਦਾ ਦੀਰਘੀਕਰਨ ਕਰਦਿਆਂ ਧੁਨੀਆਤਮਿਕਤਾ ਅਤੇ ਰਸਾਤਮਿਕਤਾ ਨੂੰ ਵੀ ਤੀਬਰਤਮ ਕੀਤਾ ਗਿਆ ਹੈ। ਜਿਵੇਂ ਸਰੀਰ ਤੋਂ ਸਰੀਰ, ਨੇਤ੍ਰ ਤੋਂ ਨੇਤ੍ਰਹ, ਸ੍ਰਵਣ ਤੋਂ

ਸ੍ਵਣਹ ਆਦਿ। ਇਸ ਦੇ ਸਮਾਨੰਤਰ ਸ਼ਬਦ ਅਨੁਪ੍ਰਾਸ ਦੀ ਪ੍ਰਯੁਕਤਾ ਦੁਆਰਾ ਰਾਗਤਮਿਕਤਾ ਨੂੰ ਵਧਾਇਆ ਗਿਆ ਹੈ। ਸਮੁੱਚੇ ਰੂਪ ਵਿਚ ਅਨੰਦੁ ਬਾਣੀ ਸਰਲਤਾ, ਸਪੱਸ਼ਟਤਾ ਤੇ ਰਾਗਤਮਿਕਤਾ ਦੇ ਸੁਮੇਲ ਦੁਆਰਾ ਵਿਸ਼ਿਸ਼ਟ ਕਾਵਿ ਸੰਰਚਨਾ ਵਜੋਂ ਰੂਪਮਾਨ ਹੁੰਦੀ ਹੈ।[3]

ਗੁਰਬਾਣੀ ਵਿਚ 'ਅਨੰਦੁ' ਨੂੰ ਕਈ ਥਾਂ ਮਹਾਂ-ਅਨੰਦ, ਸਹਜ-ਅਨੰਦ ਅਤੇ ਸਦਾ-ਸੁਖ ਆਦਿ ਵੀ ਸਵੀਕਾਰਿਆ ਗਿਆ ਹੈ। ਸਿੱਖ ਰੂਹ-ਰੀਤਾਂ ਅਨੁਸਾਰ ਸਾਰੇ ਮਾਂਗਲਿਕ, ਧਾਰਮਿਕ ਅਨੁਸ਼ਠਾਨਾਂ ਅਤੇ ਮ੍ਰਿਤੂ ਸੰਬੰਧੀ ਸਾਰੇ ਕਰਮਾਂ/ਸੰਸਕਾਰਾਂ ਦੇ ਮੌਕੇ ਤੇ 'ਅਨੰਦੁ' ਬਾਣੀ ਦੇ ਸੰਖੇਪ ਰੂਪ ਦਾ ਕੀਰਤਨ/ਪਾਠ ਕੀਤਾ ਜਾਂਦਾ ਹੈ। ਇਸ ਰੂਪਆਤਮਕ ਰਚਨਾ ਵਿਚ ਮਨੁੱਖ ਨੂੰ ਵਣਜਾਰਾ ਦੱਸ ਕੇ ਸੰਸਾਰ ਰੂਪੀ ਬੀਹੜ ਵਿਚੋਂ ਲੰਘਣ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਹੈ। ਇਸ ਮਾਰਗ ਉਤੇ ਅਨੇਕ ਪ੍ਰਕਾਰ ਦੀਆਂ ਵਿਰੋਧੀ ਸ਼ਕਤੀਆਂ ਦਾ ਜਮਘਟਾ ਹੈ। ਭੈ-ਭੀਤ ਜਿਗਿਆਸੂ ਦਾ ਉਤਸ਼ਾਹ ਵਧਾਉਣ ਲਈ ਗੁਰੂ ਦਾ ਸ਼ਬਦ ਇਕ ਮਹੱਤਵਪੂਰਣ ਅਤੇ ਵਿਸ਼ਵਸਤ ਤੱਤ੍ਵ ਹੈ। ਇਸ 'ਸ਼ਬਦ' ਦੀ ਅਗਵਾਈ ਵਿਚ ਮਨੁੱਖ ਆਪਣੇ ਮੰਤਵ ਅਰਥਾਤ ਬ੍ਰਹਮ-ਪ੍ਰਾਪਤੀ ਵਿਚ ਸਿੱਧੀ-ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ 'ਮਿੱਟੀ ਦਾ ਪੁਤਲਾ' ਮਿੱਟੀ ਵਿਚ ਰਹਿ ਕੇ ਵਿਸ਼ੇ-ਵਾਸ਼ਨਾਵਾਂ ਦਾ ਦਮਨ ਕਰਦਾ ਹੋਇਆ, ਗੁਰੂ ਦੀ ਬਾਣੀ ਵਿਚ ਲੀਨ ਰਹਿ ਕੇ ਲੌਕਿਕਤਾ ਵਿਚ ਵੀ ਅਲੌਕਿਕ ਤੱਤ੍ਵ ਅਥਵਾ ਆਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ। ਧਰਤੀ ਦਾ ਅਕਾਸ਼ ਨਾਲ, ਭੌਤਿਕਤਾ ਦਾ ਅਧਿਆਤਮਿਕਤਾ ਨਾਲ, ਆਤਮਾ ਦਾ ਪਰਮਾਤਮਾ ਨਾਲ ਨਾਤਾ ਜੋੜਨ ਲਈ, ਇਸ ਰਚਨਾ ਵਿਚ ਮਹੱਤਵਪੂਰਣ ਭੂਮਿਕਾ ਪੇਸ਼ ਕੀਤੀ ਗਈ ਹੈ। ਅਸਲ ਵਿਚ ਜਿਗਿਆਸੂ ਨੂੰ ਧਰਤੀ ਤੋਂ ਬੈਕੁੰਠ ਤਕ ਪਹੁੰਚਾਉਣ ਵਿਚ ਸਹਾਇਕ ਰੂਪ ਵਿਚ ਪ੍ਰਸਤੁਤ ਹੋਣ ਵਾਲੀ ਇਹ ਰਚਨਾ ਇਕ ਸੀੜ੍ਹੀ ਹੈ ਅਤੇ ਇਹੀ ਇਸ ਦੀ ਰੂਪਕਾਤਮਕਤਾ ਹੈ। ਇਸ ਦਾ ਆਰੰਭ ਬੜੇ ਉਤਸ਼ਾਹਪੂਰਵਕ ਢੰਗ ਨਾਲ ਹੋਇਆ ਹੈ।[4]

ਇਸ ਬਾਣੀ ਵਿਚ ਸੌਖੀ ਮਨੋਬਿਰਤੀ ਦੀ ਰੂਹਾਨੀ ਅਭਿਵਿਅਕਤੀ ਦਾ ਸੰਚਾਰ ਹੋਇਆ ਹੈ। ਭਾਸ਼ਾ ਵਿਚ ਬ੍ਰਜ ਅਤੇ ਸਧੁਕੜੀ ਦੀ ਕਾਫੀ ਮਾਤਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਬਹੁਤ ਸਾਰੇ ਫ਼ਾਰਸੀ ਅਤੇ ਅਰਬੀ ਸ਼ਬਦਾਂ ਦੀ ਘਾਟ ਪ੍ਰਤੱਖ ਨਜ਼ਰੀਂ ਪੈਂਦੀ ਹੈ ਪਰ ਮੂਲ ਸ਼ਬਦ ਭਾਰਤੀ ਪਿਛੋਕੜ ਨਾਲ ਸੰਬੰਧਿਤ ਹਨ।

ਭਾਸ਼ਾ-ਗਤ ਅਲੰਕਰਣ ਲਈ ਮੁੱਖ ਸਾਧਨ ਅਨੁਪ੍ਰਾਸ ਹੈ, ਕਠੋਰ ਸ਼ਬਦਾਵਲੀ ਦਾ ਅਭਾਵ ਰਚੈਤਾ-ਗੁਰੂ ਸਾਹਿਬ ਦੇ ਵਿਅਕਤਿਤਵ ਦੀ ਛਾਪ ਦਾ ਲਖਾਇਕ ਹੈ। ਬਿਰਧ ਅਵਸਥਾ ਵਿਚ ਜਿਤਨਾ ਸੰਜਮ ਅਤੇ ਸਨੇਹ ਕਿਸੇ ਸ੍ਰੇਸ਼ਠ ਸਾਧਕ ਵਿਚ ਹੋ ਸਕਦਾ ਹੈ, ਉਸ ਦਾ ਆਭਾਸ ਇਸ ਰਚਨਾ ਵਿਚ ਸਹਿਜ ਹੋ ਜਾਂਦਾ ਹੈ।[5]

***ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥***
***ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ ॥***

***(ਰਾਮ ੩, ਅੰਨ, ੧:੨ (917)***

ਗੁਰੂ ਅਮਰਦਾਸ ਅਨੁਸਾਰ ਅਨੰਦਮਈ ਅਵਸਥਾ ਦਾ ਅਨੁਭਵ ਕੇਵਲ ਗੁਰੂ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਭਾਈ ਕਾਨ੍ਹ ਸਿੰਘ ਨਾਭਾ, **ਮਹਾਨ ਕੋਸ਼**, ਪੂਰਵ ਅੰਕਤ, ਅੰਕ: 64
2. ਗੁਰਨਾਮ ਸਿੰਘ, **ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ**, ਅੰਕ: 111
3. ਪ੍ਰੋ. ਅੰਮ੍ਰਿਤ ਪਾਲ ਕੌਰ, **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰੂਪ**, ਖੋਜ ਪਤ੍ਰਿਕਾ, ਸਤੰਬਰ 2003, (58) ਅੰਕ: 16
4. ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)** ਪੂਰਵ ਅੰਕਤ, ਅੰਕ: 39-40
5. ਪੂਰਵ ਅੰਕਤ, ਅੰਕ: 40

# ਅਲਾਹੁਣੀਆਂ

'ਅਲਾਹੁਣੀ' ਇਕ ਸੋਗਮਈ ਸ੍ਰੇਸ਼ਟ ਕਾਵਿ-ਰੂਪ ਹੈ ਜਿਸ ਦੇ ਕੋਸ਼ੀ ਅਰਥ ਸ਼ਲਾਘਾ (ਉਸਤਤਿ) ਜਾਂ ਉਹ ਕਵਿਤਾ ਜਿਸ ਵਿਚ ਕਿਸੇ ਦੇ ਗੁਣ ਗਾਏ ਜਾਣ। ਖਾਸਕਰ ਮੋਏ ਪ੍ਰਾਣੀ ਦੇ ਗੁਣ ਕਰਮ ਕਹਿਕੇ ਜੋ ਗੀਤ ਗਾਇਆ ਜਾਂਦਾ ਹੈ ਉਸ ਦਾ ਨਾਂ 'ਅਲਾਹੁਣੀ' ਹੈ।[1] ਇੰਝ ਇਹ ਉਹ ਕਾਵਿ-ਰੂਪ ਹੈ ਜਿਸ ਵਿਚ ਉਸਤਤਿ/ਸ਼ਲਾਘਾ/ਵੈਣ ਰਾਹੀਂ ਕਿਸ ਦੀ ਸਿਫ਼ਤ-ਸਾਲਾਹ ਨੂੰ ਰੂਪਾਂਤਰਿਤ ਕਰਕੇ ਅਕਾਲ-ਚਲਾਣਾ ਕਰ ਗਏ 'ਪ੍ਰਾਣੀ' ਨਿੱਮਤ ਜੋ ਕਾਵਿ-ਬੰਦ ਉਚਾਰਿਆ ਜਾਵੇ ਉਸ ਨੂੰ 'ਅਲਾਹੁਣੀ' ਆਖਦੇ ਹਨ। ਪ੍ਰਾਣੀ ਦੇ ਵਿਰਲਾਪ ਲਈ ਆਸ-ਪਾਸ ਦੀਆਂ ਤੀਵੀਆਂ ਇਕ ਥਾਂ ਇਕੱਠੀਆਂ ਹੋ ਕੇ ਮਰਾਸਣ/ਨਾਇਣ 'ਅਲਾਹੁਣੀ' ਦੀ ਤੁੱਕ ਨੂੰ ਉੱਚੀ-ਸੁਰ ਵਿਚ ਉਚਾਰਦੀ ਹੈ ਅਤੇ ਬਾਕੀ ਸਾਰੀਆਂ ਤੀਵੀਆਂ ਰੋਂਦੀਆਂ/ਪਿੱਟਦੀਆਂ ਵਿਰਲਾਪ ਕਰਦੀਆਂ ਹਨ। ਅੱਡ ਅੱਡ ਅਲਾਹੁਣੀਆਂ ਵਿਚ ਉਮਰ ਅਤੇ ਰਿਸ਼ਤੇ ਨੂੰ ਭਾਵਨਾਤਮਿਕ ਆਕਾਰ ਵਿਚ ਸਿਰਜਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਅਲਾਹੁਣੀਆਂ' ਸਿਰਲੇਖ ਹੇਠ ਨੌਂ ਸ਼ਬਦ ਅੰਕਿਤ ਹਨ ਜਿਨ੍ਹਾਂ ਵਿਚ ਪੰਜ ਗੁਰੂ ਨਾਨਕ ਅਤੇ ਚਾਰ ਸ਼ਬਦ ਗੁਰੂ ਅਮਰਦਾਸ ਦੇ ਹਨ।

ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਪੰਜਾਬੀ ਦਾ ਇਕ ਸੋਗੀ ਜਾਂ ਮਾਤਮੀ ਲੋਕਗੀਤ ਹੈ ਜੋ ਕੇਵਲ ਮਰਨ ਦੇ ਅਵਸਰ ਉਤੇ ਹੀ ਰੁਦਨਮਈ ਢੰਗ ਨਾਲ ਗਾਇਆ ਜਾਂਦਾ ਹੈ। ਇਸ ਨੂੰ ਕਿਸੇ ਹੋਰ ਅਵਸਰ ਉਤੇ ਨਹੀਂ ਗਾਇਆ ਜਾ ਸਕਦਾ, ਸਗੋਂ ਇਸ ਨੂੰ ਇਕਲਿਆਂ ਜਾਂ ਮਿੱਤਰਾਂ ਵਿਚ ਬੈਠ ਕੇ ਗੁਣਗੁਣਾਉਣਾ ਵੀ ਬਦਸ਼ਗਨੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ।[2]

ਕਈ ਵਿਦਵਾਨਾਂ ਨੇ 'ਅਲਾਹੁਣੀਆਂ' ਦਾ ਵਰਗੀਕਰਨ[3] ਵੀ ਕੀਤਾ ਹੈ। ਕਈ ਇਸ ਨੂੰ 'ਨਾਟਕੀ ਵੰਨਗੀ'[4] ਅਤੇ ਕਈ 'ਸਿਆਪਾ'[5] ਵਲ ਸੰਕੇਤ ਕਰਦੇ ਹਨ। ਪ੍ਰੋ: ਸਾਹਿਬ ਸਿੰਘ ਅਨੁਸਾਰ ਕਿਸੇ ਦੇ ਮਰਨ ਦੇ ਗਾਏ ਜਾਣ ਵਾਲੇ ਗੀਤ, ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਭਾਈਚਾਰੇ ਦੀਆਂ ਜਨਾਨੀਆਂ ਮਿਲ ਕੇ ਰੋਂਦੀਆਂ ਹਨ। ਮਿਰਾਸਣ ਉਸ ਮਰੇ ਪ੍ਰਾਣੀ ਦੀ ਸਿਫ਼ਤ ਵਿਚ ਕਵਿਤਾ ਜਿਹੀ ਵਾਂਗ ਕੋਈ ਤੁਕ ਸੁਰ ਵਿਚ ਪੜ੍ਹਦੀ ਹੈ ਉਸ ਦੇ ਪਿਛੇ ਉਹੀ ਤੁਕ ਸਾਰੀਆਂ ਜਨਾਨੀਆਂ ਰਲ ਕੇ ਸੁਰ ਵਿਚ ਪੜ੍ਹਦੀਆਂ ਹਨ ਤੇ ਨਾਲ ਨਾਲ ਥੋੜ੍ਹਾ ਥੋੜ੍ਹਾ ਪਿਟਦੀਆਂ ਹਨ। ਉਹ ਪਿਟਣਾ ਵੀ ਤਾਲ ਸਿਰ ਹੁੰਦਾ ਹੈ। ਮਿਰਾਸਣ ਦੇ ਗੀਤ ਨੂੰ ਅਲਾਹੁਣੀਆਂ ਕਿਹਾ ਜਾਂਦਾ ਹੈ। ਸਤਿਗੁਰੂ ਜੀ ਨੇ ਇਸ ਰੋਣ ਪਿੱਟਣ ਵੱਲੋਂ ਵਰਜ ਕੇ ਪਰਮਾਤਮਾ ਦੀ ਰਜ਼ਾ ਵਿਚ ਤੁਰਨ ਤੇ ਉਸ ਦੀ ਸਿਫ਼ਤ-ਸਲਾਹ ਕਰਨ ਦਾ ਉਪਦੇਸ਼ ਦਿੱਤਾ।[6]

ਗੁਰੂ ਨਾਨਕ ਦੀ ਇਹ ਲਘੂ ਰਚਨਾ ਅੰਕ: 578 ਤੇ ਅੰਕਿਤ ਹੈ। ਹਰ ਅਲਾਹੁਣੀਆਂ ਦੀਆਂ ਚਾਰ ਚਾਰ ਪਉੜੀਆਂ ਹਨ ਅਤੇ ਹਰ ਪਉੜੀ ਛੇ ਤੁਕੀ ਹੈ ਪਰ ਤੀਸਰੀ ਅਲਾਹੁਣੀ ਵਿਚ ਕੇਵਲ ਚਾਰ ਤੁਕਾਂ ਦਰਜ ਹਨ ਅਤੇ ਇਸ ਦੇ ਅੱਠ ਪਦੇ ਹਨ। ਇਨ੍ਹਾਂ ਵਿਚ ਤੁਕਾਂਤ ਦੋ ਤੁਕਾਂ ਦਾ ਹੈ। ਛੇ ਛੇ ਤੁਕਾਂ ਦੀ ਸਮਾਪਤੀ ਬਾਅਦ ੧,੨,੩,੪, ਅੰਕਾਂ ਦਾ ਸੰਕੇਤ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਰੂਹਾਨੀ ਪੈਗਾਮ ਦੇ ਸੰਚਾਰ ਲਈ ਇਨ੍ਹਾਂ ਅਲਾਹੁਣੀਆਂ ਨੂੰ ਪਰਿਵਰਤਿਤ

ਕਰ ਦਿੱਤਾ ਹੈ। ਇਸ ਬਾਣੀ ਵਿਚ ਸੱਚੀ ਤੇ ਸ੍ਰੇਸ਼ਟ ਮੌਤ ਤੇ ਖੌਫ਼ਨਾਕ ਤੇ ਘਟੀਆ ਮੌਤ ਦਾ ਟਾਕਰਾ ਕਰਕੇ ਉਚੇਰਾ ਜੀਵਨ ਜੀ ਕੇ ਉਚੇਰੀ ਮੌਤ ਮਰਨ ਦੀ ਪ੍ਰੇਰਨਾ ਦਿੱਤੀ ਹੈ।

ਗੁਰੂ ਅਮਰਦਾਸ ਦੀਆਂ ਅਲਾਹੁਣੀਆਂ ਚਾਰ ਪਦਿਆਂ ਦੀ ਹੈ। ਹਰੇਕ ਪਦੇ ਦੀਆਂ ਛੇ ਤੁਕਾਂ ਹਨ ਅਤੇ ਬਾਅਦ ਵਿਚ ੧,੨,੩,੪ ਦਾ ਅੰਕ ਹੈ। ਇਨ੍ਹਾਂ ਅਲਾਹੁਣੀਆਂ ਵਿਚ 'ਰਹਾਉ' ਦੀ ਪੰਕਤੀ ਆਉਂਦੀ ਹੈ। ਗੁਰੂ ਸਾਹਿਬ ਮੌਤ ਦੇ ਸੋਗੀ ਵਾਤਾਵਰਣ ਲਈ ਜਿਥੇ ਭਾਸ਼ਾ ਦੀ ਸ਼ਬਦਾਤਮਿਕ ਵਿਧੀ ਨੂੰ ਵਿਭਿੰਨ ਸ਼ਬਦਾਂ ਜਿਵੇਂ: ਰੋਵਣ, ਮਰਨ, ਰੋਈਐ, ਵਿਛੋੜਾ, ਮਿਰਤਕੜਾ, ਪਛੁਤਾਏ ਆਦਿ ਦੇ ਅੰਤਰਗਤ ਪ੍ਰਯੁਕਤ ਕਰ ਰਹੇ ਹਨ, ਉਥੇ ਇਨ੍ਹਾਂ ਵਿਚਲੀ ਲੈਅ ਤੇ ਹੇਕ ਸੁਭਾਵਿਕ ਹੀ ਸੰਗੀਤ ਵਿਲੱਖਣਤਾ ਨੂੰ ਉਜਾਗਰ ਕਰਦੀ ਹੈ। ਬਾਣੀ ਵਿਚਲਾ ਸ਼ਬਦ ਅਨੁਪ੍ਰਾਸ ਅਤੇ ਸ਼ਬਦ-ਸੰਵਾਦ ਵੀ ਅਲਾਹੁਣੀਆਂ ਦੇ ਗਾਇਨ ਦੀ ਮੂਲ ਭਾਵਨਾ ਤੇ ਸਰੂਪ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦਾ ਹੈ।[7] ਗੁਰੂ ਸਾਹਿਬ ਮਨਮੁੱਖ ਤੇ ਗੁਰਮੁੱਖ ਵਿਚਕਾਰ ਇਕ ਅੰਤਰ ਸਥਾਪਿਤ ਕਰਦੇ ਹਨ। ਸੱਚੀ ਮੌਤ ਮਰਨ ਦਾ ਜਿਥੇ ਉਪਦੇਸ਼ਮਾਤਿਕ ਸੰਕੇਤ ਕੀਤਾ ਹੈ। ਉਥੇ ਆਪਣੇ ਵਿਚਾਰਾਂ ਨੂੰ ਸੁਸ਼ਕਤ ਤਰੀਕੇ ਨਾਲ ਵਿਅਕਤ ਕੀਤਾ ਹੈ। ਗੁਰੂ ਸਾਹਿਬ ਨੇ ਮੌਤ ਦੇ ਸੰਕਲਪ ਨੂੰ ਸੰਖਿਪਤ ਭਾਵਪੂਰਤ ਸ਼ਬਦਾਂ ਰਾਹੀਂ ਪ੍ਰਸਤੁਤ ਕਰਕੇ ਇਲਾਹੀ ਗੀਤ ਦਾ ਰੁਤਬਾ ਦੇ ਦਿੱਤਾ ਹੈ।

ਗੁਰੂ ਸਾਹਿਬਾਨ ਨੇ ਅਲਾਹੁਣੀਆਂ ਰਾਹੀਂ ਜਿਥੇ ਮੌਤ ਨੂੰ ਅਟੱਲ ਸਚਾਈ ਦਾ ਧੁਰਾ ਮੰਨਿਆ ਹੈ ਉੱਥੇ ਜਗਿਆਸੂ ਨੂੰ ਜ਼ਿੰਦਗੀ ਵਿੱਚ ਚੰਗੇ ਕਰਮ ਕਰਨ ਦੀ ਤਾਕੀਦ ਕੀਤੀ ਹੈ। ਮੌਤ; ਜੋ ਬਾਜ ਵਾਂਗ ਸਾਧਕ ਤੇ ਝਪਟਦੀ ਹੈ, ਨੂੰ ਪ੍ਰਤੱਖ ਦ੍ਰਿਸ਼ਟਮਾਨ ਜਾਣ ਕੇ ਪਰਮਸਤਿ ਨੂੰ ਸਿਮਰਨਾ, ਸਿਖਿਆਦਾਇਕ ਪ੍ਰੇਰਨਾ ਦਿੱਤੀ ਹੈ ਅਤੇ ਸੰਸਾਰ ਨੂੰ ਫ਼ਾਨੀ ਸਮਝਕੇ, ਅਕਾਲ ਪੁਰਖ ਦੇ ਹੁਕਮ ਤੇ ਰਜ਼ਾ ਵਿਚ ਰਹਿਕੇ, ਭਾਣਾ ਮੰਨਣਾ ਅਤੇ ਆਤਮਿਕ ਸ਼ਾਂਤੀ ਦਾ ਸਿਖਰ ਪ੍ਰਸਤੁਤ ਕੀਤਾ ਹੈ।

*ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥*
*ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ (ਅੰਕ:578)*

ਗੁਰੂ ਨਾਨਕ ਨੇ ਪ੍ਰਾਣੀ ਨੂੰ ਵਿਆਪਕ ਸੱਚ ਨੂੰ ਪ੍ਰਵਾਨ ਕਰਕੇ ਇਹ ਸੰਕੇਤ ਦਿੱਤਾ ਹੈ ਕਿ ਇਹ ਸਾਰੇ ਸਮਾਜਿਕ ਰਿਸ਼ਤੇ ਨਾਲ ਨਿਭਣ ਵਾਲੇ ਨਹੀਂ। ਇਸੇ ਲਈ ਪ੍ਰਾਣੀ ਲਈ ਵਿਰਲਾਪ ਅਤੇ ਅਫ਼ਸੋਸ ਕਰਨਾ ਉਚਿੱਤ ਨਹੀਂ। ਸਾਰੇ ਮਾਇਆ ਦੇ ਮੋਹ ਕਾਰਨ ਵਿਰਲਾਪ ਕਰਦੇ ਹਨ ਪਰ ਸੱਚਾ ਰੋਣਾ ਤਾਂ ਅਕਾਲ ਪੁਰਖ ਦੇ ਵਿਯੋਗ ਵਿਚ ਰੋਣਾ ਹੈ, ਜੋ ਸਦੀਵੀ ਸੱਚ ਹੈ। ਇਹ ਅਲਾਹੁਣੀਆਂ ਗੂੜ ਚਿੰਤਨ ਦੀ ਪ੍ਰਗੀਤਕ ਸੁਰ ਵਿਚ ਦਾਰਸ਼ਨਿਕ ਦ੍ਰਿਸ਼ਟੀਕੋਣ ਰਾਹੀਂ ਸੰਰਚਨਾ ਨੂੰ ਪ੍ਰਸਤੁਤ ਕਰਦੀ ਹੈ। ਪਰ ਇੱਕ ਗੱਲ ਬੜੀ ਸਾਫ਼ ਹੈ ਕਿ ਸਾਰੇ ਸੰਸਾਰੀ ਤੇ ਰੂਹਾਨੀ ਸੁਖਾਂ ਦਾ ਮੂਲ ਅਕਾਲਪੁਰਖ ਦਾ ਸਿਮਰਨ ਹੈ।

ਇਹ ਅਲਾਹੁਣੀਆਂ ਕਿਸ ਪ੍ਰਥਾਇ ਅਤੇ ਕਦੋਂ ਉਚਾਰਨ ਕੀਤੀਆਂ ਗਈਆਂ ਬਾਰੇ ਵਿਦਵਾਨ ਇਕ ਰਾਇ ਨਹੀਂ। 'ਪੁਰਾਤਨ ਜਨਮ ਸਾਖੀ' ਅਨੁਸਾਰ ਗੁਰੂ ਨਾਨਕ ਨੇ ਜਦੋਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਬ੍ਰਹਮ-ਲੀਨ ਹੋਣ ਤੋਂ ਕੁੱਝ ਸਮਾਂ ਪਹਿਲਾਂ ਇਹ ਬਾਣੀ ਉਚਾਰਨ ਕੀਤੀ ਜਦਕਿ ਸੋਢੀ ਮਿਹਰਵਾਨ ਵਾਲੀ ਜਨਮ-ਸਾਖੀ ਵਿਚ ਕਿਸੇ ਸ਼ਰਧਾਲੂ ਸਿੱਖ ਦੇ ਗੁਜ਼ਰ ਜਾਣ ਤੋਂ ਬਾਅਦ ਉਸ ਦੇ ਭਰਾ ਨੇ ਬਾਬਾ ਜੀ ਨੂੰ ਖ਼ਬਰ ਦਿੱਤੀ ਤਾਂ ਗੁਰੂ ਸਾਹਿਬ ਆਪ (ਗੁਰੂ) ਅੰਗਦ ਅਤੇ ਭਾਈ ਮਰਦਾਨਾ ਨੂੰ ਨਾਲ ਲੈ ਕੇ ਉਸ ਦੇ ਘਰ ਗਏ।[8] 'ਪੁਰਾਤਨ

ਜਨਮ ਸਾਖੀ' ਵਿਚ ਜ਼ਿਕਰ ਆਉਂਦਾ ਹੈ, "ਤਦਹੁ ਗੁਰੂ ਬਾਬਾ ਸਰੀਹ ਤਲੈ ਜਾਇ ਬੈਠਾ। ਸਰੀਹੁ ਸੁਕਾ ਖੜਾ ਥਾ ਸੋ ਹਰਿਆ ਹੋਆ, ਪਾਤ ਫੁਲ ਪਏ। ਤਬ ਗੁਰੂ ਅੰਗਦ ਪੈਰੀ ਪਇਆ। ਤਬ ਮਾਤਾ ਜੀ ਬੈਰਾਗੁ ਲਗੀ ਕਰਣਿ। ਤਿਤੁ ਮਹਿਲਿ ਸ਼ਬਦੁ ਹੋਇਆ ਭਾਈ ਬੰਧੁ ਪਰਵਾਰ ਸਭ ਲਗੇ ਰੋਵਣਿ। ਤਦਹੁੰ ਰਾਗ ਵਡਹੰਸੁ ਵਿਚ ਸ਼ਬਦੁ ਹੋਇਆ: ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨ ਜਗੁ ਧੰਧੈ ਲਾਇਆ।.....ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਜਾਇ ਪਿਆਰੋ।"[7] ਗੁਰੂ ਸਾਹਿਬ ਨੇ ਪ੍ਰਾਣੀ ਦੇ ਗੁਰਪੁਰੀ ਸਿਧਾਰਨ ਕਾਰਣ ਸੰਸਾਰ ਸੁਖਾਂ ਦੇ ਅਲੋਪ ਹੋਣ ਕਾਰਨ ਇਸਤਰੀਆਂ ਅਤੇ ਸਾਕ ਸੰਬੰਧੀਆਂ ਦੇ ਵਿਰਲਾਪ ਅਤੇ ਰੋਣੇ ਪਿੱਟਣੇ ਨੂੰ ਕੂੜ ਨਾਲ ਤੁਲਨਾ ਦਿੱਤੀ ਹੈ।

ਅਲਾਹੁਣੀਆਂ ਦੀ ਸ਼ੈਲੀ ਵਿਵਰਨਾਤਮਿਕ ਹੋਣ ਕਾਰਨ ਗੁਰੂ ਸਾਹਿਬ ਨੇ ਇਸ ਦੇ ਸਰੂਪ ਨੂੰ ਨਿਸ਼ਚਿਤ ਕਰ ਦਿੱਤਾ ਹੈ। ਅਲੰਕਾਰ ਤੇ ਪ੍ਰਤੀਕਾਂ ਰਾਹੀਂ ਬਾਣੇ ਦੇ ਨਵੇਂ ਸਮਾਸ ਹੀ ਨਹੀਂ ਬਣਾਏ ਸਗੋਂ ਸੁਹਜ ਨੂੰ ਨਿਸ਼ਠਾਪੂਰਨ ਬਣਾ ਦਿੱਤਾ ਹੈ। ਭਾਸ਼ਾ ਮੁੱਖ ਰੂਪ ਵਿਚ ਪੰਜਾਬੀ ਹੈ, ਜੋ ਸਾਧ ਭਾਖਾ ਦੇ ਅੰਤਰਗਤ ਲਹਿੰਦੀ ਦੇ ਅੰਸ਼ਾਂ ਨਾਲ ਓਤਪੋਤ ਹੈ। ਇਸ ਬਾਣੀ ਵਿਚ ਸੰਗੀਤਾਤਮਿਕ ਅਤੇ ਲੈਆਤਮਿਕ ਗੁਣਾਂ ਦੇ ਸੌਂਦਰਯ ਨੂੰ ਉਭਾਰ ਕੇ ਪ੍ਰਭਾਵਸ਼ਾਲੀ, ਚਿੱਤਰਪਟ ਸਿਰਜਿਆ ਗਿਆ ਹੈ। ਮੂਲ ਪਾਠ ਲਈ ਵੇਖੋ ਅੰਤਿਕਾ: ੭

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ: 85
2. ਡਾ. ਰਤਨ ਸਿੰਘ ਜੱਗੀ, (ਸੰ.) **ਸਾਹਿੱਤ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)** ਪੂਰਵ ਅੰਕਤ, ਅੰਕ: 90
3. ਪੂਰਵ ਅੰਕਤ, ਅੰਕ: 100
   "ਆਯੂ ਦੇ ਪੱਖ ਤੋਂ ਅਲਾਹੁਣੀਆਂ ਤਿੰਨ ਪ੍ਰਕਾਰ ਦੀ ਹੁੰਦੀ ਹੈ—ਜਵਾਨੀ ਦੀ ਮੌਤ ਵੇਲੇ ਬੇਧੱਕ ਹੁੰਦੀ ਹੈ, ਬੱਚੇ ਦੀ ਮ੍ਰਿਤੂ ਤੇ ਪਾਈ ਗਈ ਅਲਾਹੁਣੀ ਵਿਚ ਪਾਈ ਅਲਾਹੁਣੀ ਬੜੀ ਹਿਰਦੇ ਮਮਤਾ ਦਾ ਪੱਖ ਪ੍ਰਧਾਨ ਹੁੰਦਾ ਹੈ ਅਤੇ ਬਿਰਧ ਦੀ ਮੌਤ ਵੇਲੇ ਪਾਈ ਗਈ ਅਲਾਹੁਣੀ ਵਿਚ ਕਰੁਣ ਰਸ ਵਿਚ ਕਈ ਵਾਰ ਸਥਾਨਾਂਤਰ ਹੋ ਜਾਂਦਾ ਹੈ ਅਤੇ ਠਠੇਬਾਜ਼ੀ ਦਾ ਰੰਗ ਬੰਨ੍ਹ ਦਿੱਤਾ ਜਾਂਦਾ ਹੈ, ਅਜਿਹਾ ਕੁੱਝ ਖ਼ਾਸ ਤੌਰ ਤੇ ਸ਼ਰੀਕਣਾਂ ਕਰਦੀਆਂ ਹਨ। ਮਰਦਾਂ ਅਤੇ ਇਸਤਰੀਆਂ ਨਾਲ ਸੰਬੰਧਿਤ ਅਲਾਹੁਣੀਆਂ ਵਿਚ ਕ੍ਰਮਵਾਰ ਮਰਦਾਵੇਂ ਅਤੇ ਜ਼ਨਾਨੇ ਗੁਣਾਂ ਦਾ ਕਥਨ ਕਰਕੇ ਸਿਆੱਪਾ ਕੀਤਾ ਜਾਂਦਾ ਹੈ।"
4. ਡਾ. ਕੁਲਦੀਪ ਸਿੰਘ ਧੀਰ, **ਪੰਜਾਬੀ ਦੇ ਮੌਲਿਕ ਤੇ ਪਰਪਰਾਗਤ ਕਾਵਿ-ਰੂਪਾਕਾਰ**, ਪੂਰਵ ਅੰਕਤ, ਅੰਕ: 16-18
   "ਲੋਕ ਕਾਵਿ-ਰੂਪ ਅਲਾਹੁਣੀ ਨਾਟਕੀ ਵਨੰਗੀ ਦੇ ਅੰਤਰਗਤ ਆਉਂਦੀ ਹੈ। ਇਸ ਦੀ ਸਰੰਚਨਾ ਤੇ ਉਚਾਰ ਸੰਦਰਭ ਦੋਵੇਂ ਹੀ ਇਸ ਨੂੰ ਵੰਨਗੀ ਦਾ ਰੂਪਾਕਾਰ ਸਿੱਧ ਕਰਦੇ ਹਨ।.....ਲੋਕ ਅਤੇ ਲੌਕਿਕ ਵਿਸ਼ੇ ਵਸਤੂ ਵਾਲੇ ਕਾਵਿ-ਰੂਪ ਦੇ

ਮਾਡਲ ਨੂੰ ਇੰਝ ਵਿਸ਼ਿਸ਼ਟ ਸਾਹਿਤ ਵਿਚ ਰੁਪਾਂਤਰਿਤ ਕਰਨ ਦਾ ਗੁਰੂ ਕਵੀਆਂ ਦਾ ਉਦਮ ਨਿਸ਼ਚੇ ਹੀ ਇਕ ਬੜਾ ਕ੍ਰਾਂਤੀਕਾਰੀ ਕਦਮ ਸੀ, ਜਿਸ ਦੀਆਂ ਅਨੰਤ-ਸੰਭਾਵਨਾਵਾਂ ਤੋਂ ਅਸੀਂ ਅਜੇ ਪੂਰੀ ਤਰ੍ਹਾਂ ਸੁਚੇਤ ਨਹੀਂ ਹਾਂ।"

5. Harbans Singh (Ed.) **The Encyclopeadia of Sikhism (Vol I)** op. cit, P. 74

   "Alahni, generally, used in its plural form alahnian is a dirge wailingly sung in chorus by women mourning the death of a relation. Etymologically, the word means an utterance in praise (of the departed person). The Sorrowful singing of apahnian is part of the mourning custom of siapa".

6. **ਸ੍ਰੀ ਗੁਰੂ ਗ੍ਰੰਥ ਦਰਪਣ (ਜਿਲਦ 8)**, ਅੰਕ: 421
7. **ਖੋਜ ਪਤ੍ਰਿਕਾ, ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ**, ਅੰਕ: 10
8. ਨਰਿੰਦਰ ਕੌਰ ਭਾਟੀਆ, (ਸੰ.) **ਮਿਹਰਵਾਨ ਰਚਿਤ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ**, ਅੰਕ: 165-171
9. ਭਾਈ ਵੀਰ ਸਿੰਘ (ਸੰ.), **ਪੁਰਾਤਨ ਜਨਮ ਸਾਖੀ**, ਅੰਕ: 202-203

# ਆਸਾ

ਇਹ ਇਕ ਸੰਪੂਰਨ ਜਾਤ ਵਾਲਾ ਪੰਜਾਬ ਦਾ ਪ੍ਰਸਿੱਧ ਲੋਕ ਰਾਗ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ, ਮਾਝ ਤੇ ਗਉੜੀ ਰਾਗ ਤੋਂ ਬਾਅਦ ਚੌਥੇ ਸਥਾਨ ਤੇ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 347 ਤੋਂ ਲੈ ਕੇ 488 ਤੱਕ ਸੁਸ਼ੋਭਿਤ ਹੈ। ਇਸ ਰਾਗ ਦਾ ਗਾਇਨ ਆਮ ਤੌਰ ਤੇ ਅੰਮ੍ਰਿਤ ਵੇਲੇ ਹੁੰਦਾ ਹੈ ਪਰ ਕੁੱਝ ਵਿਦਵਾਨਾਂ[1] ਅਨੁਸਾਰ ਇਹ ਰਾਤ ਦੇ ਦੂਜੇ ਪਹਿਰ ਵੀ ਗਾਇਨ ਕੀਤਾ ਜਾ ਸਕਦਾ ਹੈ।

ਇਹ ਬਿਲਾਵਲ ਥਾਟ ਦਾ ਰਾਗ ਹੈ ਜਿਸ ਵਿਚ ਮੱਧਮ (ਮਾ) ਵਾਦੀ ਅਤੇ ਸ਼ੜਜ (ਸਾ) ਸੰਵਾਦੀ ਹੈ। ਆਰੋਹੀ ਵਿਚ ਗੰਧਾਰ ਅਤੇ ਨਿਸ਼ਾਸ ਸਵਰ ਵਰਜਿਤ ਕੀਤੇ ਜਾਂਦੇ ਹਨ। ਇਸ ਕਰਕੇ ਇਸ ਦੀ ਜਾਤੀ ਔੜਵ ਸੰਪੂਰਨ ਹੀ ਮੰਨੀ ਜਾਂਦੀ ਹੈ।....ਇਸ ਦੀ ਆਰੋਹੀ ਤੇ ਅਵਰੋਹੀ ਇਸ ਪ੍ਰਕਾਰ ਹੈ:

ਆਰੋਹੀ— ਸਾ ਰੇ ਮਾ ਪਾ ਧ ਸਾ

ਅਵਰੋਹੀ— ਸਾ ਨੀ ਸਾ ਪਾ ਮਾ ਗਾ ਰੇ ਸਾ[2]

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਗੁਰੂ ਤੇਗ਼ ਬਹਾਦਰ, ਕਬੀਰ, ਨਾਮਦੇਵ, ਰਵੀਦਾਸ, ਧੰਨਾ ਅਤੇ ਬਾਬਾ ਫ਼ਰੀਦ ਨੇ ਇਸ ਰਾਗ ਵਿਚ ਬਾਣੀ ਉਚਾਰਣ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਆਸਾ' ਰਾਗ ਨੂੰ ਰਾਗਮਾਲਾ ਵਿਚ 'ਰਾਗਣੀ' ਸੰਕੇਤ ਤੌਰ ਤੇ ਲਿਖਿਆ ਹੈ। ਸ੍ਰੀ ਰਾਗ ਅਤੇ ਮਾਰੂ ਦੇ ਮੇਲ ਅਤੇ ਮੇਘ ਦੀ ਛਾਇਆ ਕਰ ਕੇ 'ਆਸਾ' ਦਾ ਜਨਮ ਹੁੰਦਾ ਹੈ।[3]

ਆਸਾਵਰੀ ਅਤੇ ਕਾਫ਼ੀ ਨੂੰ ਇਸੇ ਨਾਲ ਰਲਾ[4] ਕੇ ਗਾਉਣ ਦਾ ਵਿਧਾਨ ਵੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਮੁਸਲਮਾਨ ਫ਼ਕੀਰਾਂ ਆਦਿ ਬਾਰੇ ਜੋ ਬਾਣੀ ਗੁਰੂ ਨਾਨਕ ਨੇ ਉਚਾਰਨ ਕੀਤੀ ਹੈ ਉਹ ਅਧਿਕਤਰ ਇਸੇ ਆਸਾ ਰਾਗ ਵਿਚ ਆਉਂਦੀ ਹੈ। ਗੁਰੂ ਸਾਹਿਬ ਨੇ ਇਸ ਬਾਣੀ ਵਿਚ ਪਾਖੰਡਾਂ ਦੇ ਖੰਡਨ ਅਤੇ ਅੰਧ ਵਿਸ਼ਵਾਸਾਂ ਨੂੰ ਤਿਆਗਣ ਦੀ ਹਲਾਸ਼ੇਰੀ ਦਿੱਤੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. Harbans Singh (Ed.) **The Encyclopeadia of Sikhism (Vol I)** op.cit, P. 203
   "According to old texts, the tune Asa is appropriately sung during the second part of the night, however, in the sikh tradition it is sung both early morning and in the evening.

Also, more appropriatley, it is assigned to the cold season and is meant to evoke a calm mystical mood."

2. **ਪੰਜਾਬੀ ਵਿਸ਼ਵ ਕੋਸ਼ (ਜਿਲਦ 2)** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਛਾਪ 2001, ਅੰਕ: 168
3. ਸੁਰਿੰਦਰ ਸਿੰਘ ਕੋਹਲੀ (ਸੰ.), **ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ: 220
4. ਡਾ. ਰਤਨ ਸਿੰਘ ਜੱਗੀ (ਸੰ.), **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ: 83

# ਆਸਾ ਕੀ ਵਾਰ

'ਆਸਾ ਕੀ ਵਾਰ' ਗੁਰੂ ਨਾਨਕ ਵਲੋਂ ਉਚਾਰਨ ਕੀਤੀ ਇਕ ਮਹੱਤਵਪੂਰਨ ਵਾਰ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 462 ਤੋਂ ਲੈ ਕੇ 475 ਉੱਤੇ ਸੁਸ਼ੋਭਿਤ ਹੈ। ਇਸ ਬਾਣੀ ਨੂੰ ਗੁਰਦੁਆਰਿਆਂ/ਦਿਵਾਨਾਂ/ਮੰਗਲਮਈ ਕਾਰਜਾਂ ਵਿਚ ਅੰਮ੍ਰਿਤ ਵੇਲੇ ਗਾਉਣ ਦਾ ਵਿਧਾਨ ਹੈ। ਇਸ ਵਾਰ ਨੂੰ ਅੰਮ੍ਰਿਤ ਵੇਲੇ ਗਾਉਣ ਦਾ ਮੁੱਢ, ਗੁਰੂ ਅੰਗਦ ਨੇ ਬੰਨਿਆ। ਜਪੁਜੀ ਸਾਹਿਬ ਤੋਂ ਬਾਅਦ 'ਆਸਾ ਕੀ ਵਾਰ' ਗੁਰੂ ਨਾਨਕ ਦੀ ਸਰਬ ਪ੍ਰਿਯ ਅਤੇ ਪ੍ਰਸਿੱਧ ਰਚਨਾ ਹੈ। ਇਸ ਵਿਚ ਕੁਝ ਸਲੋਕ ਗੁਰੂ ਅੰਗਦ ਦੇ ਵੀ ਅੰਕਿਤ ਹਨ। ਗੁਰੂ ਜੀ ਨੇ ਕਈ ਕੋਣਾਂ ਤੋਂ ਧਾਰਮਿਕ ਅਤੇ ਸਮਾਜਿਕ ਸਰੋਕਰਾਂ ਉਤੇ ਭਾਵਪੂਰਤ ਅਤੇ ਗੰਭੀਰ ਚਿੰਤਨ ਪੇਸ਼ ਕੀਤਾ ਹੈ।

'ਆਸਾ ਕੀ ਵਾਰ' ਦੀਆਂ ਕੁਲ 24 ਪਉੜੀਆਂ ਹਨ ਅਤੇ ਇਨ੍ਹਾਂ ਨਾਲ 59 ਸਲੋਕ ਦਰਜ ਹਨ। ਹਰ ਪਉੜੀ ਤੋਂ ਪਹਿਲਾਂ ਦੋ ਜਾਂ ਵਧੀਕ ਸਲੋਕ ਹਨ। ਪਉੜੀਆਂ ਨਾਲ ਸਲੋਕ ਲਾਉਣ ਦੀ ਪ੍ਰਥਾ ਵੀ ਇਸੇ ਵਾਰ ਤੋਂ ਸ਼ੁਰੂ ਹੋਈ ਜਾਪਦੀ ਹੈ। ਇਸ ਵਾਰ ਵਿਚ ਵਰਤਿਆ ਪਉੜੀ ਰੂਪ (13, 16 ਮਾਤਰਾਂ) ਮਗਰੋਂ ਸੱਤੇ ਬਲਵੰਡ ਦੀ ਵਾਰ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਰਤਿਆ ਮਿਲਦਾ ਹੈ।[1] ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਇਸ ਵਾਰ ਨੂੰ ਸੱਭ ਤੋਂ ਪਹਿਲਾਂ ਗੁਰੂ ਨਾਨਕ ਦੀ ਮੌਜੂਦਗੀ ਵਿੱਚ ਭਾਈ ਲਹਿਣਾ (ਗੁਰੂ ਅੰਗਦ) ਨੇ ਉਚਾਰਨ ਕੀਤੀ ਸੀ। ਵਿਦਵਾਨਾਂ ਨੇ ਇਸ ਨੂੰ ਨਿਰੋਲ ਕਾਵਿ-ਭੇਦ ਦਸ ਕੇ ਵਿਸ਼ੇ-ਵਸਤੂ ਪੱਖੋਂ ਅਧਿਆਤਮਕ, ਸਦਾਚਾਰਕ ਅਤੇ ਰਹੱਸਵਾਦੀ ਨਜ਼ਰੀਏ ਤੋਂ ਨਿਰੀਖਣ ਕੀਤਾ ਹੈ। ਫਿਰ ਵੀ ਸੰਭਵ ਹੈ ਕਿ 'ਆਸਾ ਦੀ ਵਾਰ' ਦਾ ਅੰਤਮ ਖਰੜਾ ਤਿਆਰ ਕਰਦਿਆਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਰਚੇ ਹੋਏ ਕੁੱਝ ਸਲੋਕ ਪਾ ਦਿੱਤੇ।[2] ਇਨ੍ਹਾਂ ਸਲੋਕਾਂ ਵਿਚ 44 ਗੁਰੂ ਨਾਨਕ ਦੇ ਅਤੇ ਬਾਕੀ 15 ਸਲੋਕ ਗੁਰੂ ਅੰਗਦ ਦੁਆਰਾ ਰਚਿਤ ਹਨ।

ਮੂਲ ਰੂਪ ਵਿਚ 'ਆਸਾ ਕੀ ਵਾਰ' ਪਉੜੀਆਂ ਵਿੱਚ ਰਚੀ ਗਈ ਸੀ। ਪਉੜੀਆਂ ਨਾਲ ਸਲੋਕਾਂ ਦੀ ਵੰਡ ਇਕ ਸਮਾਨ ਨਹੀਂ ਹੈ। ਹਰ ਪਉੜੀ ਨਾਲ ਘਟੋ ਘੱਟ ਦੋ ਅਤੇ ਵੱਧ ਤੋਂ ਵੱਧ ਪੰਜ ਸਲੋਕ ਹਨ। ਸਲੋਕ ਦੀਆਂ ਤੁਕਾਂ ਇਕਸਾਰ ਨਹੀਂ। 2 ਤੋਂ ਲੈ ਕੇ 19 ਤੱਕ ਤੁਕਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਹਰ ਪਉੜੀ ਪੰਜ ਪੰਜ ਤੁਕਾਂ ਦੀ ਹੈ। ਹਰ ਪਉੜੀ ਦੀ ਅੰਤਿਮ ਤੁਕ ਬਾਕੀਆਂ ਦੇ ਮੁਕਾਬਲੇ ਨਿਕੀ ਹੈ ਅਤੇ ਉਸ ਵਿਚ ਸਾਰੀ ਪਉੜੀ ਦਾ ਤੱਤੂ-ਸਾਰ ਸਮੋਇਆ ਹੋਇਆ ਹੈ।[3] ਇਸ ਵਿਧਾਨ ਦਾ ਪਾਲਣ ਕੇਵਲ 22ਵੀਂ ਪਉੜੀ ਵਿਚ ਨਹੀਂ ਹੋਇਆ ਜਿਥੇ ਪੰਜ ਦੀ ਥਾਂ ਛੇ ਤੁਕਾਂ ਹਨ।

ਇਸ ਵਿਸ਼ੇਸ਼ ਬਾਣੀ ਵਿਚ ਨਿਰੰਕਾਰ, ਸਤਿਗੁਰੂ ਅਤੇ ਗੁਰਮੁਖ ਦੀ ਤਾਰੀਫ਼ ਉਭਰਵੇਂ ਰੂਪ ਵਿਚ ਆਈ ਹੈ, ਉਥੇ ਮਨਮੁਖ ਦੀ ਨਿਖੇਧੀ ਵੀ ਸਾਫ਼ ਕੀਤੀ ਹੈ। ਕਈ ਸਲੋਕਾਂ ਵਿਚ ਦਾਰਸ਼ਨਿਕ ਤੇ ਸਮਕਾਲੀ ਹਾਲਾਤਾਂ ਬਾਰੇ ਨਵੇਂ ਅਤੇ ਨਿਵੇਕਲੇ ਵਿਚਾਰ ਦ੍ਰਿਸ਼ਟਾਂਤ ਹੁੰਦੇ ਹਨ। ਗੁਰੂ ਅਰਜਨ ਨੇ ਇਸ ਵਾਰ ਨੂੰ 'ਟੁੰਡੇ ਅਸ ਰਾਜੇ ਦੀ ਧੁੰਨੀ ਗਾਵਣੀ'[4] ਦੀ ਹਦਾਇਤ ਕੀਤੀ ਹੈ। ਇਹ ਵਾਰ ਸਾਧ-ਸੰਗਤ ਲਈ ਹਮੇਸ਼ਾ ਪ੍ਰੇਰਨਾ ਦੇ ਸ੍ਰੋਤ ਦੇ ਰੂਬਰੂ ਅਗਵਾਈ ਦੇ ਕੇ

ਆਤਮਿਕ ਜ਼ਿੰਦਗੀ ਲਈ ਉਤਸ਼ਾਹਜਨਕ ਰਹੀ ਹੈ। ਇਸ ਵਾਰ ਦੀਆਂ ਪਉੜੀਆਂ ਵਿਚ ਗੁਰੂ ਸਾਹਿਬ ਨੇ ਰਹੱਸਵਾਦੀ ਵਿਚਾਰਾਂ ਦਾ ਸੰਚਾਰ ਕਰਕੇ ਸ੍ਰਿਸ਼ਟੀ ਅਤੇ ਕੁਦਰਤ ਦੇ ਕੇਂਦਰਿਤ ਧੁਰੇ ਦੁਆਲੇ ਆਤਮਿਕ ਸ਼ੁੱਧੀ ਨੂੰ ਬਲਵਾਨ ਬਣਨ ਦਾ ਰਹੱਸ ਸੁਰਜੀਤ ਕੀਤਾ ਹੈ। ਇਸ ਵਾਰ ਵਿਚ ਗੁਰੂ ਜੀ ਨੇ ਰਹੱਸਵਾਦੀ ਅਨੁਭਵ ਨੂੰ ਸਮਾਜਿਕ ਵਾਸਤਵਿਕਤਾ ਦੇ ਸੰਦਰਭ ਵਿਚ ਰੱਖ ਕੇ ਲੋਕ-ਕਲਿਆਣ ਦਾ ਉਪਦੇਸ਼ ਦਿੱਤਾ ਹੈ। ਧਾਰਮਿਕ ਅਤੇ ਸਮਾਜਿਕ ਪਾਖੰਡਾਂ ਦਾ ਖੰਡਨ ਕਰਨਾ, ਇਸ ਵਾਰ ਦੇ ਸਲੋਕਾਂ ਦਾ ਮੁੱਖ ਵਿਸ਼ਾ ਹੈ। ਫਲਸਰੂਪ ਉਸ ਵਕਤ ਦੀ ਧਾਰਮਿਕ ਅਤੇ ਸਮਾਜਿਕ ਗਤੀਵਿਧੀ ਨੂੰ ਬੜੀ ਯਥਾਰਥ ਸ਼ੈਲੀ[5] ਵਿਚ ਚਿਤਰਿਆ ਗਿਆ ਹੈ।

ਇਸ ਵਾਰ ਦੇ ਉਚਾਰਨ ਦੇ ਸਮੇਂ ਬਾਰੇ ਵੀ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। 'ਪੁਰਾਤਨ ਜਨਮਸਾਖੀ' ਅਨੁਸਾਰ ਫ਼ਰੀਦ ਦੇ ਬਾਰਵੇਂ ਗਦੀਦਾਰ ਸ਼ੇਖ ਬ੍ਰਹਮ (ਇਬਰਾਹੀਮ) ਦੇ ਮੁਰੀਦ ਸ਼ੇਖ ਕਮਾਲ ਨੇ ਇਸ ਨੂੰ ਉਦੋਂ ਸੁਣਿਆ ਜਦ ਉਹ ਜੰਗਲ ਵਿਚ ਲਕੜੀਆਂ ਲੈਣ ਜਾ ਰਿਹਾ ਸੀ। ਇਕ ਹੋਰ ਸੋਮੇ ਅਨੁਸਾਰ ਇਸ ਦੀਆਂ 15 ਪਉੜੀਆਂ 'ਦੁਨੀ ਚੰਦ ਦੇ ਪਰਥਾਇ' ਉਚਾਰੀਆਂ ਗਈਆਂ ਹਨ। ਇਕ ਆਮ ਰਾਇ ਹੈ ਕਿ ਇਸ ਬਾਣੀ ਦਾ ਉਚਾਰਣ ਵੱਖ-ਵੱਖ ਸਮਿਆਂ ਉੱਤੇ ਹੋਇਆ। 'ਇਕ ਹੋਰ ਸੋਮੇ ਅਨੁਸਾਰ[7] ਜਦੋਂ ਸ਼ੇਖ ਬ੍ਰਿਹਮ ਗੁਰੂ ਨਾਨਕ ਨਾਲ ਧਾਰਮਿਕ ਗੁਫ਼ਤਗੂ ਕਰਕੇ ਬਾਅਦ ਵਿਚ ਕਹਿਣ ਲੱਗਾ, "ਨਾਨਕ, ਹਿਕ ਖੁਦਾਇ ਕੀ ਵਾਰ ਸੁਣਾਇ, ਆਸਾਨੂੰ ਇਹ ਮਖਸੂਦ ਹੈ, ਜੋ ਵਾਰ ਦੁਹੁ ਬਾਜੂ ਹੋਦੀ ਨਾਹੀ ਅਤੇ ਤੂ ਹਿਕੋ ਹਿਕੁ ਆਖਦਾ ਹੈ, ਵੇਖਾ ਖੁਦਾਇ ਦਾ ਸਗੀਕੁ ਤੂ ਕਵਣ ਕਰਸੀ ? ਤਬ ਬਾਬੇ ਆਖਿਆ, ਮਰਦਾਨਿਆ, ਰਬਾਬੁ ਵਜਾਇ। ਤਾ ਮਰਦਾਨੇ ਰਬਾਬੁ ਵਜਾਇਆ, ਰਾਗੁ ਆਸਾ ਕੀਤਾ, ਬਾਬੇ ਸਲੋਕੁ ਦਿਤਾ, ਸਲੋਕ, ਸਤਿਗੁਰੂ ਪ੍ਰਸਾਦਿ ਆਸਾ ਕੀ ਵਾਰ ਮਹਲਾ-੧।"

ਬਿੰਬਾਵਲੀ ਅਤੇ ਯੁਗ-ਚਿਤ੍ਰਣ ਇਸ ਵਾਰ ਦੀ ਮਹੱਤਵਪੂਰਣ ਵਿਲਖਣਤਾ ਹੈ। ਇਸ ਦੀ ਭਾਸ਼ਾ ਸਾਧ-ਭਾਖਾ ਪ੍ਰਭਾਵਿਤ ਪੰਜਾਬੀ ਹੈ। ਸਾਮੀ ਸ਼ਬਦਾਵਲੀ ਦੀ ਵਰਤੋਂ ਵੀ ਕਾਫ਼ੀ ਹੋਈ ਹੈ। ਕੁੱਝ ਕੁ ਤੁਕਾਂ ਵਿਚ ਵਿਸਮਾਦ, ਕੁਦਰਤ, ਭੈ, ਹਉ ਆਦਿ ਸ਼ਬਦਾਂ ਦੀ ਪੁਨਰਾਵ੍ਰਿਤੀ ਹੋਣ ਕਾਰਣ ਇਕ ਖਾਸ ਕਿਸ਼ਮ ਦੀ ਨਾਦ ਸੁੰਦਰਤਾ ਪੈਦਾ ਹੋਈ ਹੈ। ਸਲੋਕਾਂ ਦੀ ਕਾਵਿ-ਸ਼ੈਲੀ ਪਾਖੰਡ-ਖੰਡਲੀ ਹੈ, ਪਰ ਪਉੜੀਆਂ ਦੀ ਅਭਿਵਿਅਕਤੀ ਸਹਿਜ ਰੂਪ ਵਾਲੀ ਹੈ।[8]

## ਪਗ ਟਿਪਣੀਆਂ ਅਤੇ ਹਵਾਲੇ

1. **ਪੰਜਾਬੀ-ਵਿਸ਼ਵ ਕੋਸ਼**, ਪੂਰਵ ਅੰਕਤ, ਅੰਕ: 167
2. ਸੁਰਿੰਦਰ ਸਿੰਘ ਕੋਹਲੀ (ਸੰ.) **ਪੰਜਾਬੀ-ਸਾਹਿਤ ਕੋਸ਼**, ਪੂਰਵ ਅੰਕਤ, ਅੰਕ: 219
3. ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼**, ਪੂਰਵ ਅੰਕਤ, ਅੰਕ: 82-83
4. ਇਕ ਪੁਰਾਤਨ ਲੋਕ-ਵਾਰ ਅਨੁਸਾਰ ਰਾਜਾ ਸਾਰੰਗ ਦਾ ਬੇਟਾ ਅਸਿਰਾਜ ਹੋਇਆ ਹੈ ਜਿਸ ਨੂੰ ਉਸ ਦੇ ਮਤਰੇਏ ਭਰਾਵਾਂ ਜ਼ਖਮੀ ਕਰਕੇ ਇਕ ਅੰਨ੍ਹੇ ਖੂਹ ਵਿਚ ਸੁੱਟ ਦਿੱਤਾ ਸੀ। ਖੁਸ਼ਕਿਸਮਤੀ ਨਾਲ ਉਸ ਨੂੰ ਵਣਜਾਰੇ ਖੂਹ 'ਚੋਂ ਬਾਹਰ ਕੱਢ ਕੇ ਉਸ

ਦੇਸ਼ ਲੈ ਗਏ ਜਿਥੋਂ ਦਾ ਬੇ-ਔਲਾਦ ਰਾਜਾ ਉਸ ਸਮੇਂ ਮਰ ਚੁੱਕਾ ਸੀ। ਸ਼ਹਿਰ ਵਿਚ ਪ੍ਰਥਮ ਪ੍ਰਵੇਸ਼ ਕਰਨ ਦੀ ਸ਼ਰਤ ਤੇ ਵਜ਼ੀਰਾਂ 'ਅਸਿਰਾਜ' ਨੂੰ ਰਾਜ ਤਖ਼ਤ ਤੇ ਬਠਾ ਦਿੱਤਾ। ਭਾਰੀ ਫੌਜ ਨੂੰ ਇਕੱਠਾ ਕਰ ਕੇ ਉਸ ਨੇ ਮਤਰੇਏ ਭਰਾਵਾਂ ਨਾਲ ਜੰਗ ਕਰ ਕੇ ਆਪਣਾ ਪਿਤਾ ਪੁਰਖੀ ਰਾਜ ਹਾਸਲ ਕਰ ਲਿਆ। ਢਾਡੀਆਂ ਨੇ ਉਸ ਦੀ ਸਿਫ਼ਤ-ਸਲਾਹ ਵਿਚ ਜੋ ਵਾਰ ਗਾਈ, ਉਸੇ ਦੀ ਲੋਕ-ਪ੍ਰਸਿੱਧੀ ਨੂੰ ਵੇਖ ਕੇ ਗੁਰੂ ਅਰਜਨ ਨੇ ਉਸ ਦੀ ਧੁਨਿ ਤੇ 'ਆਸਾ ਕੀ ਵਾਰ' ਗਾਇਨ ਕਰਨ ਦਾ ਉਦੇਸ਼ ਦਿੱਤਾ ਹੈ।

5. ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼**, ਪੂਰਵ ਅੰਕਤ, ਅੰਕ: 82
6 ਗੁਰਮੇਲ ਸਿੰਘ, (ਸੰ.), **ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਅੰਕ: 220
7. **ਗੁਰੂ ਗ੍ਰੰਥ ਵਿਸ਼ਵਕੋਸ਼**, ਪੂਰਵ ਅੰਕਤ, ਅੰਕ: 82
8. ਪੂਰਵ ਅੰਕਤ, ਅੰਕ: 83

# ਆਸਾਵਰੀ

ਇਹ ਸੰਪੂਰਣ ਜਾਤਿ ਦੀ ਇਕ ਰਾਗਨੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਰਾਗਨੀ ਵਿਚ ਰਲਾ ਕੇ ਲਿਖੀ ਗਈ ਹੈ। ਇਸ ਦੇ ਗਾਇਨ ਦਾ ਸਮਾਂ ਸੂਰਜ ਚੜ੍ਹਨ ਤੋਂ ਪਹਿਰ ਸਮੇਂ ਤੱਕ ਦਾ ਮੰਨਿਆ ਜਾਂਦਾ ਹੈ। ਦੇਸ਼ ਅਤੇ ਮਤਭੇਦ ਕਰਕੇ ਬਹੁਤਿਆਂ ਨੇ ਆਸਾਵਰੀ ਨੂੰ ਭੈਰਵ ਅਤੇ ਭੈਰਵੀ ਠਾਟ ਤੇ ਗਾਉਣਾ ਵੀ ਮੰਨਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗਿਨੀ ਆਸਾ ਵਿਚ ਮਿਲਾਕੇ ਲਿਖੀ ਗਈ ਹੈ।[1] ਕੁੱਝ ਲੋਕ[2] ਆਸਾਵਰੀ ਦੀ ਆਰੋਹੀ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਕਰਦੇ ਤੇ ਉਸ ਨੂੰ ਜੌਨਪੁਰੀ ਕਹਿ ਕੇ ਗਾਉਂਦੇ ਹਨ ਪਰ ਆਸਾਵਰੀ ਤੇ ਜੌਨਪੁਰੀ ਨੂੰ ਇਕ ਰਾਗ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦੋਹਾਂ ਦੇ ਸਾਰ ਅਤੇ ਭਾਵ ਵਿਚ ਕੋਈ ਫ਼ਰਕ ਨਹੀਂ। ਸੰਗੀਤ ਦੇ ਪੁਰਾਣੇ ਘਰਾਣੇ ਜਿਵੇਂ ਆਗਰਾ ਵੈਗਰਾ ਜੌਨਪੁਰੀ ਤੇ ਆਸਾਵਰੀ ਵਿਚ ਭੇਦ ਇਸ ਪ੍ਰਕਾਰ ਨਹੀਂ ਮੰਨਦੇ। ਇਹ ਕੇਵਲ ਭਾਤ ਖੰਡੇ ਆਦਿ ਕਿਤਾਬੀ ਸੰਗੀਤਕਾਰਾਂ ਨੇ ਹੀ ਫ਼ਰਕ ਪਾਇਆ ਹੈ ਜੋ ਨਿਰਮੂਲ ਤੇ ਗਲਤ ਹੈ।

ਅਸਲ ਵਿਚ ਆਸਾਵਰੀ, ਪੁਰਾਣੇ ਮੱਤਾਂ ਅਨੁਸਾਰ ਕੋਮਲ ਰਿਸ਼ਭ ਨਾਲ ਗਾਈ ਜਾਣ ਵਾਲੀ ਆਸਾਵਰੀ ਹੀ ਹੈ। ਸ਼ੁੱਧ ਰਿਸ਼ਭ ਨਾਲ ਆਸਾਵਰੀ ਮੰਨੀ ਹੀ ਨਹੀਂ ਜਾਂਦੀ। ਪੁਰਾਣੇ ਧ੍ਰਪਦ ਆਦਿ ਬੰਦਸ਼ ਤੋਂ ਇਹ ਗੱਲ ਸਪਸ਼ਟ ਹੈ। ਸ਼ੁਧ ਰਿਸ਼ਭ ਨਾਲ ਗਾਇਆ ਜਾ ਵਜਾਇਆ ਜਾਣ ਵਾਲਾ ਇਹ ਰਾਗ ਜੌਨਪੁਰੀ[3] ਹੀ ਹੈ।

ਸੰਨ 1855 ਈ: ਵਿਚ ਭਾਈ ਸਹਿਜ ਰਾਮ ਸੇਵਾ ਪੰਥੀ ਦੁਆਰਾ ਹੋਈ 'ਪੋਥੀ ਆਸਾਵਾਰੀਆ' ਦੀ ਰਚਨਾ ਦੇ ਆਧਾਰ 'ਤੇ ਕਿਸੇ ਨੇ 'ਆਸਾਵਰੀ' ਨੂੰ ਛੰਦ-ਰੂਪ ਕਹਿ ਦਿੱਤਾ ਅਤੇ ਕਿਸੇ ਨੇ ਕਾਵਿ-ਰੂਪ ਪਰ ਅਸਲੀਅਤ ਇਹ ਹੈ ਕਿ ਭਾਈ ਸਹਿਜ ਰਾਮ ਦੇ ਰਚੇ ਛੰਦ ਚੂੰਕਿ 'ਆਸਾਵਰੀ' ਰਾਗਨੀ ਵਿਚ ਸਨ, ਇਸ ਲਈ ਪੋਥੀ ਨੂੰ 'ਪੋਥੀ ਆਸਾਵਰੀਆ' ਰਾਗਨੀ ਵਿਚ ਗਾ ਕੇ ਅਧਿਆਤਮਿਕ ਆਨੰਦ ਮਾਣਦੇ ਸਨ।[4]

## ਪਗ ਟਿਪਣੀਆਂ ਅਤੇ ਹਵਾਲੇ

1. ਮਹਾਨ ਕੋਸ਼, ਪੂਰਵ ਅੰਕਤ, ਅੰਕ: 92
2. **The Encyclopeadia of sikhism (Vol I)**, op. cit, P: 202
3. **ਪੰਜਾਬੀ ਵਿਸ਼ਵ ਕੋਸ਼ (ਜਿਲਦ ਦੂਜੀ)**, ਪੂਰਵ ਅੰਕਤ, ਅੰਕ: 168-169
4. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕ, ਅੰਕ: 86

# ਆਰਤੀ

ਉਸਤਤ ਦੇ ਗੀਤ ਨੂੰ 'ਆਰਤੀ' ਆਖਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ 'ਆਰਤੀ' ਸਿਰਲੇਖ ਦੀ ਕੋਈ ਵਿਸ਼ੇਸ਼ ਬਾਣੀ ਦਰਜ ਨਹੀਂ ਪਰ ਬਾਣੀ ਵਿਚ ਪ੍ਰਭਾਤੀ ਰਾਗ ਵਿਚ 'ਆਰਤੀ' ਸ਼ਬਦ ਦੀ ਵਰਤੋਂ ਕਾਰਨ 'ਆਰਤੀ' ਸੰਗਯਾ ਦਿੱਤੀ ਗਈ ਹੈ। ਇਸ਼ਟ-ਦੇਵ ਦੀ ਮਹਿਮਾ ਤੇ ਪੂਜਾ ਲਈ ਇਹ ਲੈ ਵਰਤੀਂਦੀ ਹੈ, ਇਸ ਵਿਚ ਪੂਜਨੀਕ ਦੇਵਤੇ ਤੋਂ ਵਾਰਨੇ ਜਾਇਆ ਜਾਂਦਾ ਹੈ।[1]

'ਆਰਤੀ' ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਦੇ ਸ਼ਬਦ 'ਆਰਾਤ੍ਰਿਕ'[2] ਤੋਂ ਮੰਨੀ ਜਾਂਦੀ ਹੈ। ਆਰਤੀ ਦੇ ਅਰਥ ਹਨ ਕਿਸੇ ਦੇਵਤੇ ਦੀ ਮੂਰਤੀ ਅੱਗੇ ਜਾਂ ਕਿਸੇ ਪੂਜਨੀਕ ਹਸਤੀ ਸਾਹਮਣੇ ਖਲੋ ਕੇ ਪੂਜਾ ਕਰਨਾ। ਇਸ ਪੂਜਾ ਵਿਚ ਦੀਵੇ ਫੇਰੇ ਜਾਂਦੇ ਹਨ। ਆਰਤੀ ਕਿਉਂਕਿ ਦਿਨੇ ਵੀ ਕੀਤੀ ਜਾਂਦੀ ਹੈ ਇਸ ਕਰਕੇ ਇਸ ਨੂੰ ਆਰਤ੍ਰਿਕ[3] ਦਾ ਨਾਉਂ ਮਿਲਿਆ।

ਵਿਦਵਾਨਾਂ ਨੇ 'ਆਰਤੀ' ਸ਼ਬਦ ਦੀਆਂ ਦੋ ਵਿਉਂਤਪਤੀਆਂ ਦੱਸੀਆਂ ਹਨ। ਇਕ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਆਰਾਤ੍ਰਿਕ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ, ਅਰਥਾਤ ਉਹ ਜੋਤਿ ਜੋ ਰਾਤ ਤੋਂ ਬਿਨਾਂ ਵੀ ਜਗਾਈ ਜਾਏ। ਕਿਉਂਕਿ ਆਰਤੀ ਕਿਸੇ ਵੇਲੇ ਵੀ ਉਤਾਰੀ ਜਾ ਸਕਦੀ ਹੈ, ਇਸ ਲਈ ਉਸ ਵਿਚ ਬਾਲੀਆਂ ਜਾਣ ਵਾਲੀਆਂ ਜੋਤਾਂ ਦਾ ਮਨੋਰਥ ਰਾਤ ਦਾ ਹਨੇਰਾ ਦੂਰ ਕਰਨਾ ਨਹੀਂ, ਸਗੋਂ ਇਸ਼ਟ ਦੇਵ ਦੀ ਅਰਾਧਨਾ ਹੈ। ਦੂਜੇ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਆਰ੍ਰਤ' ਸ਼ਬਦ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਦੁਖ-ਪੂਰਣ ਜਾਂ ਆਜਿਜ਼ੀ ਦੇ ਸੁਰ ਵਿਚ ਇਸ਼ਟ-ਦੇਵ ਤੋਂ ਮੰਗਲ ਕਾਮਨਾ ਕਰਨਾ। ਦੂਜਾ ਮਤ ਵਾਸਤਵਿਕਤਾ ਦੇ ਅਧਿਕ ਨੇੜੇ ਪ੍ਰਤੀਤ ਹੁੰਦਾ ਹੈ।[4]

ਗੁਰੂ ਨਾਨਕ ਨੇ ਰਾਗ ਧਨਾਸਰੀ ਵਿਚ 'ਆਰਤੀ' ਦਾ ਪੂਰਾ ਸ਼ਬਦ ਉਚਾਰਨ ਕੀਤਾ, ਜਿਸ ਵਿਚ ਪਰੰਪਰਿਕ ਰੀਤ ਨੂੰ ਫਜ਼ੂਲ ਦੀ ਰੀਤ ਸਮਝ ਕੇ 'ਆਰਤੀ' ਦੇ ਨਵੀਨ ਸੰਕਲਪ ਰਾਹੀਂ ਕਾਦਰ ਦੀ ਕੁਦਰਤ ਦਾ ਬਿੰਬਾਤਮਿਕ ਪੈਰਾਡਾਈਮ ਪੇਸ਼ ਕਰਕੇ ਮਹਿਮਾ ਗਾਇਨ ਕੀਤੀ ਹੈ। ਗੁਰੂ ਸਾਹਿਬ ਨੇ ਨਿਰੰਤਰ ਹੋ ਰਹੀ ਆਰਤੀ ਦਾ ਗਿਆਨ ਦੇ ਕੇ ਜਗ੍ਹਿਆਸੂਆਂ ਨੂੰ ਪਰਮਸਤਿ ਦੀ ਪੂਜਾ ਦਾ ਵਿਧਾਨ ਪੇਸ਼ ਕੀਤਾ ਅਤੇ ਉਸਦੀ ਵਿਸਮਾਦੀ ਆਰਤੀ ਦਾ ਅਨੰਦਮਈ ਉਪਦੇਸ਼ ਪ੍ਰਸਤੁਤ ਕੀਤਾ ਹੈ।

ਕਈ ਵਿਦਵਾਨ, ਇਸ ਬਾਣੀ ਨੂੰ ਨਵੀਨ ਛੰਦ ਰੂਪ ਮੰਨਦੇ ਹਨ। ਇਸ ਦੀਆਂ ਤੁਕਾਂ ਰਾਗਾਤਮਿਕ, ਲੈਆਤਮਿਕ ਭਾਵਮੰਡਲ ਉਸਾਰਦੀਆਂ ਹਨ। ਭਾਸ਼ਾ ਦਾ ਵਿਰੋਧਾਭਾਸ, ਅਤਿਕਥਨੀ ਅਤੇ ਅਲੰਕ੍ਰਿਤ ਬਿੰਬ ਕਣ ਇਸ ਨੂੰ ਵਿਲੱਖਣ ਕਲਾਤਮਿਕਤਾ ਪ੍ਰਦਾਨ ਕਰਵਾਉਂਦਾ ਹੈ ਜਦੋਂਕਿ ਲੌਕਿਕ ਜਗਤ ਤੇ ਵਿਭਿੰਨ ਚਿੰਨ ਤੇ ਪ੍ਰਤੀਕ (ਗਗਨ, ਮੰਡਲ, ਸੂਰਜ, ਤਾਰੇ, ਪਰਬਤ, ਬਨਸਪਤੀ ਆਦਿ ਅਦਿਖ ਨਿਰਾਕਾਰ ਪਰਮਸਤਿ ਨੂੰ ਸਾਕਾਰ ਕਰਨ ਵਿਚ ਪ੍ਰਯੋਗ ਵਿਚ ਲਿਆਏ ਗਏ ਹਨ।[5] ਗੁਰੂ ਨਾਨਕ ਦੇ ਸ਼ਬਦ ਤੋਂ ਛੁੱਟ ਧੰਨੇ, ਰਵਿਦਾਸ, ਸੈਣ, ਕਬੀਰ ਦੀਆਂ ਬਾਣੀਆਂ ਕ੍ਰਮਵਾਰ ਅੰਕ 695, 694, 695 ਅਤੇ 1350 ਤੇ ਅੰਕਿਤ ਹਨ, ਸੋ ਧਨਾਸਰੀ ਅਤੇ ਪ੍ਰਭਾਤੀ ਰਾਗਾਂ ਵਿਚ ਹਨ।

ਸਿਖਾਂ ਵਿਚ 'ਆਰਤੀ ' ਜਾਂ 'ਆਰਤੀ ਸੋਹਿਲਾ' ਪੜ੍ਹਨ ਦੀ ਪ੍ਰਾਚੀਨ ਰੀਤ ਹੈ। ਕਈ ਵੇਰਾਂ ਇਨ੍ਹਾਂ ਦੋਵੇਂ ਨੂੰ ਇਕੱਠੇ ਪੜ੍ਹਨ ਕਾਰਨ 'ਆਰਤੀ ਸੋਹਿਲਾ' ਸੰਗਿਆ ਪੈ ਗਈ ਹੈ। ਭਾਈ ਗੁਰਦਾਸ ਜੀ ਵੀ ਲਿਖਦੇ ਹਨ।

*ਅੰਮ੍ਰਿਤ ਵੇਲੇ ਨਾਵਣਾ ਗੁਰਮੁਖਿ ਜਪੁ ਗੁਰ ਮੰਤੁ ਜਪਾਇਆ।*
*ਰਾਤਿ ਆਰਤੀ ਸੋਹਿਲਾ ਗਾਇਆ ਵਿਚਿ ਉਦਾਸੁ ਰਹਾਇਆ ॥8 ॥*

ਡਾ. ਕੁਲਦੀਪ ਸਿੰਘ ਧੀਰ ਅਨੁਸਾਰ ਆਰਤੀ ਧਾਰਮਿਕ ਕਾਵਿ-ਰੂਪ ਹੈ। ਭਾਰਤ ਵਿਚ ਸਦੀਆਂ ਤੋਂ ਦੀਵੇ ਬਾਲਕੇ ਮੰਦਰਾਂ ਵਿਚ ਆਰਤੀ ਦਾ ਗਾਇਨ ਹੁੰਦਾ ਰਿਹਾ ਹੈ। ਆਰਤੀ ਦੇ ਗਾਇਨ ਨਾਲ ਨਾਲ ਦੀਵਿਆਂ (ਜੋਤਾਂ) ਵਾਲੇ ਥਾਲ ਨੂੰ ਕਿਸੇ ਮੂਰਤੀ ਦੇ ਚਰਣਾਂ, ਨਾਭੀ, ਸਿਰ ਤੇ ਅੰਤ ਸਮੁਚੇ ਸਰੀਰ ਦੁਆਲੇ ਸੱਜਿਉਂ ਖੱਬੇ ਘੁੰਮਾਇਆ ਜਾਂਦਾ ਹੈ। ਆਰਤੀ ਵਿਚ ਇਸ਼ਟ ਦੇਵਤਾ ਦਾ ਜਸ ਗਾਇਣ ਹੁੰਦਾ ਹੈ। ਮਹਿਮਾ ਕੀਤੀ ਜਾਂਦੀ ਹੈ। ਮਨੋ ਕਾਮਨਾਵਾਂ ਦੀ ਪੂਰਤੀ ਲਈ ਉਸ ਅਗੇ ਬੇਨਤੀ ਕੀਤੀ ਜਾਂਦੀ ਹੈ[6] ਆਰਤੀ ਨੂੰ ਬਹੁਤਿਆਂ ਨੇ ਪ੍ਰਗੀਤ ਕਾਵਿ ਦੀ ਵੰਨਗੀ ਆਖਿਆ ਹੈ।

ਇਤਿਹਾਸਕ ਨੁਕਤੇ-ਨਿਗਾਹ ਤੋਂ ਆਰਤੀ ਦੀ ਸ਼ੁਰੂਆਤ ਉਸ ਸਮੇਂ ਮੰਨੀ ਜਾਂਦੀ ਹੈ ਜਦੋਂ ਗੁਰੂ ਨਾਨਕ 'ਜਗਨ ਨਾਥਪੁਰੀ' (ਉਦਾਸੀ ਸਮੇਂ) ਗਏ ਤਾਂ ਉਥੋਂ ਦੇ ਮੰਦਿਰ ਵਿਚ ਜਾ ਕੇ ਬੈਠ ਗਏ। ਪੰਡਿਤਾਂ ਵਲੋਂ ਹੋ ਰਹੀ ਆਰਤੀ ਵਿਚ ਸ਼ਾਮਲ ਨਾ ਹੋਣ ਬਾਰੇ ਪੁੱਛਣ ਤੇ ਗੁਰੂ ਸਾਹਿਬ ਨੇ ਰਾਗ ਧਨਾਸਰੀ ਵਿਚ ਸ਼ਬਦ 'ਗਗਨ ਮੈਂ ਥਾਲੁ ਰਵਿ ਚੰਦੁ ਦੀਪਕ ਬਨੇ' ਉਚਾਰਨ ਕੀਤਾ। ਗੁਰੂ ਸਾਹਿਬ ਨੇ ਦੀਵੇ/ਜੋਤ ਦੇ ਵਹਿਮਾਂ ਤੋਂ ਮੁਕਤ ਕਰਕੇ ਲੋਕਾਈ ਨੂੰ ਦੇਵੀ-ਦੇਵਤਿਆਂ ਦੀ ਥਾਂ ਅਕਾਲਪੁਰਖ ਵੱਲ ਜੋੜ ਦਿੱਤਾ। ਹਿੰਦੂ ਧਰਮ ਵਿਚ ਥਾਲੀ ਨੂੰ ਘੁਮਾਉਣ ਸ਼ਾਸਤ੍ਰੀ ਰੀਤ[7] ਮੰਨੀ ਜਾਂਦੀ ਹੈ।

ਸਿੱਖ ਧਰਮ ਵਿਚ ਦੀਵੇ ਬਾਲ ਕੇ ਅਤੇ ਘੰਟੀਆਂ ਵਜਾ ਕੇ ਆਰਤੀ ਦੀ ਹਰਗਿਜ਼ ਆਗਿਆ ਨਹੀਂ ਹੈ ਜਿਵੇਂ ਕੀ ਸਿੱਖ ਰਹਿਤ ਮਰਯਾਦਾ ਵਿੱਚ ਅੰਕਿਤ ਹੈ। ਸਿੰਘ ਸਭਾ ਅਤੇ ਅਕਾਲੀ ਲਹਿਰਾਂ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਇੰਵ 'ਆਰਤੀ' ਕਰਨ ਦੀ ਸਖ਼ਤ ਮਨਾਹੀ ਹੈ ਪਰ ਅਜੋਕੇ ਸਮੇਂ ਵਿੱਚ ਤੁਖਤ ਸ੍ਰੀ ਹਜ਼ੂਰ ਸਾਹਿਬ ਵਿੱਚ ਸਿੱਖ ਰਹਿਤ ਮਰਯਾਦਾ ਵੱਲ ਤਵੱਜੋ ਨਹੀਂ ਦਿੱਤੀ ਜਾ ਰਹੀ ? ਸਾਰੀਆਂ ਪੰਥਕ ਜਥੇਬੰਦੀਆਂ ਨੂੰ ਇਸ ਵੱਲ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,** ਅੰਕ: 284
2. **The Encyclopaedia of sikhism, (Vol I)**, op. cit, P:182
   "Arati, from sanskrit aratrik, meaning the light or the vessel containing it which is waved before an idol, generally in the clockwise direction, accompanied by the chanting of mantras. This is also the name given the ceremony which for the Hindus is a mode of ritual worship to propitiate the deity. In the

sikh system, which totally rejects image-worship, there is no sanction for this form of worship."

3. ਕੇਸਰ ਸਿੰਘ ਕੇਸਰ (ਸੰ.) ਪੰਜਾਬੀ ਸਾਹਿਤ ਕੋਸ਼ (ਭਾਗ ਤੀਜਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992, ਅੰਕ 95
4. ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ: 22
5. ਖੋਜ ਪਤ੍ਰਿਕਾ-ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ: 9
6. ਡਾ. ਕੁਲਦੀਪ ਸਿੰਘ ਧੀਰ, ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੂਰਵ ਅੰਕਤ, ਅੰਕ 19
7. ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ) ਪੂਰਵ ਅੰਕਤ ਅੰਕ 102
   "ਪੁਰਾਤਨ-ਕਾਲ ਤੋਂ ਹਿੰਦੂ ਧਰਮ ਵਿਚ ਇਸ਼ਟ-ਦੇਵ ਅੱਗੇ ਥਾਲੀ ਵਿਚ ਦੀਵੇ ਬਾਲ ਕੇ ਉਸ ਨੂੰ ਘੁਮਾਉਂਦੇ ਹੋਇਆਂ ਆਰਤੀ ਉਤਾਰਨ ਦੀ ਪ੍ਰਥਾ ਹੈ ਜਿਸ ਵਿਚ ਸਮੇਂ ਸਮੇਂ ਕੁੱਝ ਕੁ ਅਦਲਾ-ਬਦਲੀ ਵੀ ਹੁੰਦੀ ਰਹੀ ਹੈ। ਥਾਲੀ ਵਿਚ ਘਿਉ ਦੇ ਦੀਵੇ ਬਾਲ ਕੇ ਅਤੇ ਸੁਗੰਧਿਤ ਵਸਤੂਆਂ ਦੀ ਧੂਪ ਜਗਾ ਕੇ ਫੁੱਲ-ਪੱਤੀਆਂ ਦੀ ਬਰਖਾ ਰਾਹੀਂ ਇਸ਼ਟ-ਦੇਵ ਦੀ ਮੂਰਤੀ ਸਾਹਮਣੇ ਆਰਤੀ ਉਤਾਰੀ ਜਾਂਦੀ ਹੈ। ਥਾਲੀ ਵਿਚ ਰਖੇ ਦੀਵਿਆਂ ਦੀ ਗਿਣਤੀ ਨਿਸ਼ਚਿਤ ਨਹੀਂ। ਇਕ ਤੋਂ ਲੈ ਕੇ ਇਕ ਸੌ ਇਕ ਦੀਵੇ ਜਗਾਉਣ ਦੀ ਪਰੰਪਰਾ ਹੈ। ਥਾਲੀ ਮੂਰਤੀ ਅੱਗੇ ਸੱਜੇ ਤੋਂ ਖੱਬੇ ਵੱਲ ਘੁਮਾਈ ਜਾਂਦੀ ਹੈ। ਪਹਿਲਾਂ ਚਾਰ ਵਾਰ ਚਰਣਾਂ ਅਗੇ, ਦੋ ਵਾਰ ਨਾਭੀ ਉਤੇ, ਇਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸਰੀਰ ਉੱਤੇ ਥਾਲੀ ਨੂੰ ਘੁਮਾਉਣਾ ਸ਼ਾਸਤ੍ਰੀ ਮਰਯਾਦਾ ਹੈ। ਆਰਤੀ ਉਤਾਰਨ ਵੇਲੇ ਵਾਦ-ਯੰਤ੍ਰਾਂ ਸਹਿਤ ਇਸ਼ਟ-ਦੇਵ ਦੀ ਉਸਤਤ ਦੇ ਗੀਤ ਜਾਂ ਸ਼ਬਦ ਗਾਉਣ ਦੀ ਵੀ ਪ੍ਰਥਾ ਹੈ।'

# ਅੰਜੁਲੀਆਂ

'ਅੰਜੁਲੀ' ਦਾ ਸ਼ਬਦੀ ਅਰਥ ਹੈ 'ਬੇਨਤੀ'। ਗੁਰੂ ਗ੍ਰੰਥ ਸਾਹਿਬ ਵਿਚ ਬੇਨਤੀ ਦੇ ਸ਼ਬਦਾਂ ਨੂੰ 'ਅੰਜੁਲੀਆਂ' ਕਿਹਾ ਜਾਂਦਾ ਹੈ। ਇਹ ਵਿਸ਼ੇਸ਼ ਕਾਵਿ-ਭੇਦ ਦੀ ਬਾਣੀ ਹੈ ਜਿਸ ਵਿਚ ਦੋਵੇਂ ਹੱਥ ਜੋੜਨੇ ਪੈਂਦੇ ਹਨ। ਵੱਖ-ਵੱਖ ਵਿਦਵਾਨਾਂ ਨੇ 'ਅੰਜੁਲੀ' ਦੇ ਕੋਈ-ਅਰਥ ਵੱਖ- ਵੱਖ ਦਿੱਤੇ ਹਨ। 'ਅੰਜਲਿ' ਸੰਸਕ੍ਰਿਤ[1] ਦਾ ਸ਼ਬਦ ਹੈ, ਦੋਵੇਂ ਹੱਥ ਜੋੜਨੇ।[2] ਅੰਜੁਲੀ ਬੁੱਕ (ਆਪਣੇ ਇਸ਼ਟ ਪਾਸੋਂ ਖ਼ੈਰ ਮੰਗਣ ਲਈ ਅਡਿਆ ਹੋਇਆ ਬੁੱਕ) ਦੋਵੇਂ ਹੱਥ ਜੋੜ ਕੇ ਕੀਤੀ ਹੋਈ ਅਰਜ਼ੋਈ।[3] ਉੱਜਲ, ਬੁੱਕ, ਡੂਨੇ ਦੀ ਸ਼ਕਲ ਬਣਾਏ ਹੱਥ, ਪ੍ਰਿੱਤਰ, ਦੇਵਤਾ ਆਦਿ ਨੂੰ ਅਰਪਣ ਕੀਤੀ ਪਾਣੀ ਦੀ ਚੂਲੀ। ਦੋਹਾਂ ਹੱਥਾਂ ਦਾ ਬੁਕ ਬਣਾ ਕੇ ਸਿਰ ਤੱਕ ਲੈ ਜਾਣਾ, ਹੱਥ ਜੋੜ ਕੇ ਨਮਸਕਾਰ ਕਰਨਾ।[4] ਇਕ ਹੋਰ ਵਿਦਵਾਨ ਅਨੁਸਾਰ ਅੰਜੁਲੀ ਸੰਸਕ੍ਰਿਤ ਦੇ ਅੰਜੁਲਿ ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਅਰਥ ਹਨ—ਜੁੜੇ ਹੋਏ ਦੋਵੇਂ ਹੱਥ ਜਾਂ ਦੋਹਾਂ ਹਥੇਲੀਆਂ ਨੂੰ ਜੋੜ ਜਾਂ ਮਿਲਾਕੇ ਡੂਨੇ ਦੀ ਸ਼ਕਲ ਵਾਂਗ ਬਣਾਉਣਾ। ਅੰਜੁਲੀ ਦੁਆਰਾ ਪਿਤਰ ਜਾਂ ਦੇਵਤੇ ਨੂੰ ਪਾਣੀ ਚੜਾਉਣ ਦੀ ਕ੍ਰਿਆ ਨੂੰ ਵੀ ਅੰਜੁਲੀ ਕਹਿੰਦੇ ਹਨ। ਇਸ ਪ੍ਰਕਾਰ ਦੀ ਕ੍ਰਿਆ ਬਾਰੇ ਟਿੱਪਣੀ ਕਰਨ ਵਾਲੀ ਰਚਨਾ ਨੂੰ ਵੀ 'ਅੰਜੁਲੀ' ਦਾ ਨਾਂ ਦਿੱਤਾ ਗਿਆ ਹੈ।[5]

ਮਾਰੂ ਰਾਗ ਵਿਚ ਅੰਜੁਲੀ/ਅੰਜੁਲੀਆਂ ਸਿਰਲੇਖ ਹੇਠ ਗੁਰੂ ਅਰਜਨ ਦੇ ਚਾਰ ਸ਼ਬਦ ਅੰਕ 1007, 1008, 1019-20 ਤੇ ਦਰਜ ਹਨ। ਕਈ ਵਿਦਵਾਨਾਂ ਨੇ ਅੰਜੁਲੀਆਂ ਨੂੰ ਅਨੁਸ਼ਠਾਨਿਕ ਰਚਨਾ-ਰੂਪ ਦੇ ਜ਼ੁਮਰੇ ਵਿਚ ਰੱਖਣਾ ਉਚਿਤ ਸਮਝਿਆ ਹੈ। ਕਈ ਵਿਦਵਾਨ ਇਸ ਦਾ ਸੰਬੰਧ ਮ੍ਰਿਤਕ ਮਨੁੱਖ ਦੀ ਅੰਤਿਮ ਕਿਰਿਆ ਨਾਲ ਕਰਦੇ ਹਨ ਕਿਉਂਕਿ ਹਿੰਦੂ ਧਰਮ ਵਿਚ ਮੁਰਦੇ ਦੇ ਦਾਹ ਸਸਕਾਰ ਤੋਂ ਬਾਅਦ ਪਾਣੀ ਵਿਚ ਤਿਲ ਮਿਲਾ ਕੇ ਚੂਲੀਆਂ ਦੇਣ ਦੀ ਰੀਤ ਹੈ। ਮਰੇ ਹੋਏ ਵਿਅਕਤੀ ਨੂੰ ਅਗਲੇ ਜਨਮ ਵਿਚ ਇਸ ਦਾ ਲਾਭ ਹੋਇਆ ਮੰਨਿਆ ਜਾਂਦਾ ਹੈ। ਇਸ ਨੂੰ ਤਲਾਂਜਲੀ ਵੀ ਕਿਹਾ ਜਾਂਦਾ ਹੈ।[6]

ਗੁਰੂ ਅਰਜਨ ਨੇ ਮਾਰੂ ਰਾਗ ਵਿਚ ਅੰਜੁਲੀਆਂ ਉਚਾਰਨ ਕੀਤੀਆਂ ਹਨ, ਜਿਨ੍ਹਾਂ ਵਿਚੋਂ ਦੋ ਅਸ਼ਟਪਦੀਆਂ ਨਾਲ ਸੰਕਲਿਤ ਹਨ। ਪਹਿਲੀਆਂ ਦੋ ਅੰਜੁਲੀਆਂ (ਸ਼ਬਦਾਂ) ਵਿਚ ਜਗਿਆਸੂ ਨੂੰ ਅਕਾਲਪੁਰਖ ਦੇ ਹੁਕਮ ਅੰਦਰ ਰਹਿਣ ਦੀ ਤਾਕੀਦ ਕੀਤੀ ਗਈ ਹੈ। ਵਾਹਿਗੁਰੂ ਹੀ ਜੀਵ ਦਾ ਸਿਰਜਣਹਾਰ ਹੈ। ਰੱਬ ਨੂੰ ਭੁੱਲ ਕੇ ਜੀਵ ਭਟਕਦਾ ਫਿਰਦਾ ਹੈ ਪਰ ਅਕਾਲ ਪੁਰਖ ਸਦਾ ਉਸ ਦਾ ਖ਼ਿਆਲ ਰੱਖਦਾ ਹੈ। ਅਸ਼ਟਪਦੀ ਪ੍ਰਸੰਗ ਦੀਆਂ ਅੰਜੁਲੀਆਂ ਦਾ ਤੱਤ ਸਾਰ ਹੈ ਕਿ ਜਗਿਆਸੂ ਮੋਹ-ਮਾਇਆ ਦੇ ਪ੍ਰਪੰਚ ਨੂੰ ਤੋੜ ਕੇ ਹੀ ਆਪਣੀ ਮੰਜ਼ਲੇ-ਮਕਸੂਦ ਵੱਲ ਵੱਧ ਸਕਦਾ ਹੈ। ਜੋ ਜੀਵ ਪਰਮਸਤਿ ਤੋਂ ਦੂਰ ਬਿਖੜੇ ਰਾਹਾਂ ਵੱਲ ਤੁਰ ਪੈਂਦੇ ਹਨ, ਉਨ੍ਹਾਂ ਦਾ ਅਗਲਾ ਜਨਮ ਕਸ਼ਟਦਾਇਕ ਅਤੇ ਭਿਆਨਕ ਹੁੰਦਾ ਹੈ। ਜਗਿਆਸੂ ਨੂੰ ਖ਼ਬਰਦਾਰ ਕੀਤਾ ਗਿਆ ਹੈ ਕਿ ਮੋਹ-ਮਾਇਆ ਦਾ ਤਿਆਗ ਕਰਕੇ ਹੀ ਪ੍ਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ, ਜੋ ਸੰਸਾਰ ਦਾ ਚਲਾਇਮਾਨ ਹੈ।

ਕਈਆਂ ਨੇ 'ਅੰਜੁਲੀ' ਨੂੰ ਪ੍ਰਗੀਤ-ਕਾਵਿ ਦਾ ਰੂਪ ਮੰਨਿਆ ਹੈ। ਗੁਰੂ ਅਰਜਨ ਦੀਆਂ ਦੋਵੇਂ 'ਅੰਜੁਲੀਆਂ' ਅੱਠ ਅੱਠ ਕਾਵਿ ਬੰਦਾਂ ਦੀਆਂ ਹਨ। ਹਰ ਬੰਦ ਦੀਆਂ ਤਿੰਨ ਪੰਕਤੀਆਂ ਹਨ ਜਿਨ੍ਹਾਂ ਵਿਚੋਂ ਦੋ ਛੋਟੀਆਂ ਅਤੇ ਤੀਸਰੀ ਥੋੜ੍ਹੀ ਜਿਹੀ ਲੰਮੀ ਹੈ। ਗੁਰੂ ਅਰਜਨ ਵਲੋਂ ਅੰਕਿਤ 'ਅੰਜੁਲੀ' ਦੇ ਮੂਲ ਪਾਠ ਲਈ ਵੇਖੋ ਅਤਿੰਕਾ-੯।

## ਪਗ ਟਿਪਣੀਆਂ ਅਤੇ ਹਵਾਲੇ


1. Harbans Singh (Ed.) **The Encyclopeadia of Sikhism (Vol I)** op. cit, P. 176
   "This word anjulia (n) is the plural form of sanskrit anjuli which means the joining together of palms in supplication, reverence or Salutation. The word anjulian in its plural sense has been used in the title perhaps because the composition comprises two hymns".
2. **ਸ਼ਬਦਾਰਥ**, ਪੂਰਵ ਅੰਕਤ, ਅੰਕ 1007, ਨੋਟ 19,1019, ਨੋਟ 11
3. **ਦਰਪਣ (ਪੋਥੀ-ਸਤਵੀਂ)** ਪੂਰਵ ਅੰਕਤ, ਅੰਕ 453
4. ਡਾ. ਗੁਰਚਰਨ ਸਿੰਘ (ਸੰ.), **ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ ਪਹਿਲੀ)**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਅੰਕ: 82
5. **ਸਾਹਿਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)** ਪੂਰਵ ਅੰਕਤ, ਅੰਕ: 129
6. (ੳ) **ਸਾਹਿਤ ਕੋਸ਼**, ਪੂਰਵ ਅੰਕਤ 158
   (ਅ) **ਪੰਜਾਬੀ ਲੋਕਧਾਰਾ-ਵਿਸ਼ਵ ਕੋਸ਼ (ਜਿਲਦ ੧)** ਪੂਰਵ ਅੰਕਤ, ਅੰਕ: 144

# ਸਤਵਾਰਾ ਵੇਖੋ ਅੰਦਰਾਜ਼ 'ਵਾਰਸਤ'
# ਸਲੋਕ

'ਸਲੋਕ' ਸਿਫ਼ਤ-ਸਾਲਾਹ ਦਾ ਗੀਤ ਹੈ। ਬਹੁਤ ਸਾਰੇ ਵਿਦਵਾਨਾਂ ਨੇ ਸਲੋਕ' ਦੇ ਕੋਸ਼ਗਤ ਅਰਥਾਂ ਤੇ ਚਾਨਣਾ ਪਾਇਆ ਹੈ। 'ਮਹਾਨਕੋਸ਼' ਦੇ ਕਰਤਾ ਅਨੁਸਾਰ ਪ੍ਰਸ਼ੰਸਾ, ਉਸਤਤਿ, ਤਾਅਰੀਫ਼, ਯਸ਼ ਦਾ ਗੀਤ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ' ਸਿਰਲੇਖ ਹੇਠ ਅਨੰਤ ਛੰਦ ਆਏ ਹਨ ਜਿਨ੍ਹਾਂ ਦੇ ਅਨੇਕ ਰੂਪ 'ਗੁਰ ਛੰਦ ਦਿਵਾਕਰ' ਵਿਚ ਦਿਖਾਏ ਗਏ ਹਨ।[1] ਸਲੋਕ ਮੁਕਤਕ ਕਾਵਿ ਨਾਲ ਸੰਬੰਧਤ ਇਕ ਹੋਰ ਅਜੇਹਾ ਰੂਪਾਕਾਰ ਹੈ ਜਿਸ ਦੀ ਵਰਤੋਂ ਮਧਕਾਲੀ ਸਾਹਿਤ ਵਿਚ ਆਮ ਹੋਈ ਹੈ।....ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਦੁਆਰੇ ਰਚੇ ਦੋ ਤੋਂ 16 ਤੁਕਾਂ ਤਕ ਦੇ ਸਲੋਕ ਅੰਕਿਤ ਹਨ ਪਰ ਆਮ ਕਰਕੇ ਸਲੋਕ ਦੋ ਜਾਂ ਚਾਰ ਤੁਕਾਂ ਦੇ ਹੀ ਰਚੇ ਜਾਣ ਦੀ ਪਰੰਪਰਾ ਹੈ। ਸੁਖਮਨੀ ਸਾਹਿਬ ਵਿਚ ਅੰਕਿਤ ਸਲੋਕ ਗੁਰੂ ਤੇਗ ਬਹਾਦਰ ਦੇ ਸਲੋਕ ਤੇ ਬਾਬਾ ਫ਼ਰੀਦ ਦੇ ਬਹੁਤੇ ਸਲੋਕ ਦੋ ਤੁਕਾਂ ਵਾਲੇ ਹੀ ਹਨ।[2]

ਸਲੋਕ ਨੂੰ ਕਈ 'ਸਨਾਤਨੀ ਛੰਦ' ਮੰਨਦੇ ਹਨ। ਸੰਸਕ੍ਰਿਤ ਦਾ ਪ੍ਰਸਿੱਧ ਛੰਦ ਸਲੋਕ ਹੈ। ਪ੍ਰਾਕ੍ਰਿਤ ਦਾ ਗਾਥਾ ਤੇ ਅਪਭ੍ਰੰਸ ਦਾ ਦੂਹਾ ਜੋ ਹਿੰਦੀ ਕਾਵਿ ਵਿਚ ਦੋਹਰਾ ਬਣਕੇ ਚਲਿਆ। ਭਾਰਤੀ ਕਾਵਿ ਵਿਚ ਸੰਤਾਂ ਨੇ ਦੋਹਰੇ ਦੀ ਚਾਲ ਵਾਲੀ ਜੋ ਰਚਨਾ ਕੀਤੀ, ਉਸਨੂੰ ਵਧੇਰੇ 'ਸਲੋਕ' ਨਾਮ ਹੀ ਦਿਤਾ ਹੈ।....ਸੋ ਇਹ ਛੰਦ-ਚਾਲ ਬਹੁਤ ਪੁਰਾਣੀ ਹੈ, ਅਪਭ੍ਰੰਸ ਵਿਚ ਇਸਦੀ ਪਹਿਲੇ ਪਹਿਲ ਵਰਤੋਂ ਹੋਈ। ਨਾਲੇ ਸੰਸਕ੍ਰਿਤ, ਪ੍ਰਾਕ੍ਰਿਤ ਵਿਚ ਤੁਕਾਂਤ-ਮੇਲ ਛੰਦ ਦੀ ਪਰੰਪਰਾ ਨਹੀਂ ਸੀ। 'ਦੂਹਾ' ਤੁਕਾਂਤ ਮੇਲ ਹੋਣ ਕਰਕੇ ਵਧੇਰੇ ਪ੍ਰਸਿੱਧ ਹੋਇਆ। ਇਹ ਛੰਦ-ਚਾਲ ਚਿਰਾਂ ਤੋਂ ਲੋਕ-ਕਾਵਿ ਦਾ ਸ਼ਿੰਗਾਰ ਬਣੀ ਆਈ ਹੈ ਤੇ ਇਸਦੇ ਨਾਂ ਬਦਲਦੇ ਆਏ ਹਨ, ਭਗਤੀ ਸਾਹਿਤ ਦੇ ਕਵੀਆਂ ਇਸਨੂੰ 'ਸਲੋਕ' ਯਾ 'ਸਾਖੀ'[3] ਨਾਂ ਹੇਠ ਆਮ ਵਰਤਿਆ ਹੈ। ਆਦਿ ਗ੍ਰੰਥ ਵਿਚ ਪਦਿਆਂ ਤੋਂ ਬਾਅਦ ਸਲੋਕਾਂ ਦੀ ਹੀ ਬਹੁਲਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਸ ਵਿਚ ਲੰਮੀਆਂ ਰਚਨਾਵਾਂ ਪਦਿਆਂ, ਪਉੜੀਆਂ ਨਾਲ ਸਲੋਕਾਂ ਦੀ ਵਰਤੋਂ ਅਧਿਕ ਹੋਈ ਹੈ। ਜਪੁਜੀ ਸਾਹਿਬ ਦੇ ਆਦਿ-ਅੰਤ ਵਿਚ, ਸੁਖਮਨੀ ਸਾਹਿਬ ਦੀ ਹਰ ਅਸ਼ਟਪਦੀ ਤੋਂ ਪਹਿਲਾਂ, ਵਾਰਾਂ ਦੀ ਹਰ ਪਉੜੀ ਤੋਂ ਪਹਿਲਾਂ ਸਲੋਕ ਦਰਜ ਹਨ। ਭਗਤ ਕਬੀਰ, ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੇ ਸਲੋਕ ਸੰਯੁਕਤ ਕਰ ਕੇ ਆਏ ਹਨ। ਆਮ ਤੌਰ ਤੇ 2 ਤੁਕਾਂ ਤੋਂ ਲੈ ਕੇ 26 ਤੁਕਾਂ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਆਮ ਆਏ ਹਨ। ਡਾ. ਰਤਨ ਸਿੰਘ ਜੱਗੀ ਨੇ 'ਸਲੋਕ' ਦੇ ਦੋ ਅਰਥ ਕੀਤੇ ਹਨ। ਸ਼ਲੋਕ (ਸਲੋਕ) ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸਦੇ ਦੋ ਅਰਥ ਹਨ— ਵਿਸ਼ੇਸ਼ ਅਤੇ ਸਾਧਾਰਨ ਵਿਸ਼ੇਸ਼ ਅਰਥ ਵਿਚ ਇਹ ਅਨੁਸ਼ਟੁਪ ਛੰਦ ਹੈ। ਇਸ ਮਾਤ੍ਰਿਕ ਛੰਦ ਵਿਚ ਚਾਰ ਪਾਦ ਅਤੇ ਹਰ ਇਕ ਪਾਦ ਵਿਚ ਅੱਠ ਮਾਤ੍ਰਾਵਾਂ ਹੁੰਦੀਆਂ ਹਨ। ਇਸ ਤਰ੍ਹਾਂ ਇਸ ਵਿਚ ਕੁਲ ਮਾਤ੍ਰਾਵਾਂ ਦੀ ਗਿਣਤੀ 32 ਹੈ। ਪਰ ਮਾਤ੍ਰਾਵਾਂ ਦੇ ਸੰਬੰਧ ਵਿਚ ਸੁਤੰਤਰਤਾ ਵੀ

ਹੁੰਦੀ ਹੈ। ਇਸ ਛੰਦ ਦੀ ਬਹੁਤ ਅਧਿਕ ਵਰਤੋਂ ਹੋਈ ਹੈ, ਇਸ ਲਈ ਸੰਸਕ੍ਰਿਤ ਦੇ ਲਗਭਗ ਸਾਰੇ ਛੰਦਾਂ ਨੂੰ ਸ਼ਲੋਕ ਹੀ ਕਹਿ ਦਿੱਤਾ ਜਾਂਦਾ ਹੈ।[4]

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵਾਰਾਂ, ਬਾਣੀਆਂ ਅਤੇ ਰਾਗਾਂ ਤੋਂ ਮੁਕਤ ਰਚਨਾਵਾਂ ਵਿਚ ਸਲੋਕ ਆਏ ਹਨ ਜਿਵੇਂ ਸਲੋਕ ਸਹਸਕ੍ਰਿਤੀ, ਸਲੋਕ ਮਹਲਾ ੯, ਸਲੋਕ ਵਾਰਾਂ ਤੋਂ ਵਧੀਕ ਆਦਿ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਸਲੋਕ ਕਿਸੇ ਨਿਸ਼ਚਿਤ ਛੰਦ-ਰੂਪ ਜਾਂ ਪ੍ਰਕਾਰ ਨੂੰ ਅਪਣਾ ਕੇ ਨਹੀਂ ਲਿਖੇ ਗਏ। ਕੁੱਝ ਵਿਦਵਾਨਾਂ ਨੇ ਕਿਤੇ ਕਿਤੇ ਇਨ੍ਹਾਂ ਵਿਚ ਉਲਾਲਾ, ਚੰਦ੍ਰ ਮਣਿ, ਸਰਸੀ, ਹਾਕਲ, ਸਾਰ, ਦੋਹਿਰਾ, ਆਦਿ ਛੰਦ-ਲੱਛਣਾਂ ਦੀ ਛਾਇਆ ਦਸੀ ਹੈ, ਪਰ ਇਹ ਵਾਧੂ ਦੀ ਖਿਚ-ਤਾਣ ਹੈ। ਅਸਲ ਵਿਚ, ਇਸ ਗ੍ਰੰਥ ਵਿਚਲੇ ਸਲੋਕਾਂ ਤੋਂ ਭਾਵ ਹੈ ਕਾਵਿ-ਤੁਕ ਜਾਂ ਕਾਵਿ-ਤੁਕਾਂ ਦਾ ਸਮੂਹ ਜਿਸ ਵਿਚ ਇਕ ਹੀ ਭਾਵ ਜਾਂ ਵਿਚਾਰ ਦੀ ਪ੍ਰਧਾਨਤਾ ਹੋਵੇ। ਸਲੋਕ ਵਿਚ ਕਿਸੇ ਵਿਸ਼ੇ ਨੂੰ ਲੈ ਕੇ ਬਾਣੀਕਾਰ ਆਪਣਾ ਮਤ ਪ੍ਰਗਟ ਕਰਨਾ ਸ਼ੁਰੂ ਕਰਦੇ ਹਨ ਅਤੇ ਜਦੋਂ ਤਕ ਉਸ ਮਤ ਜਾਂ ਵਿਚਾਰ ਦੀ ਪੂਰੀ ਤਰ੍ਹਾਂ ਅਭਿਵਿਅਕਤੀ ਨਹੀਂ ਹੋ ਜਾਂਦੀ, ਤਦ ਤਕ ਸਲੋਕ ਦੀ ਰਚਨਾ ਪ੍ਰਕ੍ਰਿਆ ਚਲਦੀ ਰਹਿੰਦੀ ਹੈ, ਚਾਹੇ ਉਹ ਕਿਤਨੀਆਂ ਹੀ ਤੁਕਾਂ ਦਾ ਕਿਉਂ ਨਾ ਬਣ ਜਾਏ। ਇਸੇ ਲਈ ਇਕ ਤੋਂ ਲੈ ਕੇ 26 ਤੁਕਾਂ ਤੱਕ ਦੇ ਸਲੋਕ ਮਿਲਦੇ ਹਨ।

ਸਲੋਕਾਂ ਵਿਚ ਰੂਪਾਕਾਰ ਦੀ ਥਾਂ ਭਾਵ-ਪੱਖ ਦੀ ਪ੍ਰਧਾਨਤਾ ਹੈ। ਤੁਕਾਂਤ ਵਲ ਵੀ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਗਿਆ। ਇਹ ਰਾਗ ਦੇ ਬੰਧਨ ਨੂੰ ਤਾਂ ਸਵੀਕਾਰ ਕਰਦੇ ਹਨ, ਪਰ ਛੰਦ-ਨਿਯਮ ਨੂੰ ਨਹੀਂ। ਇਨ੍ਹਾਂ ਦੀ ਪ੍ਰਧਾਨ ਸ਼ੈਲੀ ਪਾਖੰਡ-ਖੰਡਨੀ ਹੈ।[5]

ਸਲੋਕਾਂ ਦਾ ਵਿਸ਼ਾ ਇਕ ਵਿਸ਼ਾਲ ਪੈਰਾਡਾਈਮ ਸਿਰਜਦਾ ਹੈ। ਬਹੁਤਿਆਂ ਸਲੋਕਾਂ ਵਿਚ ਸਮੇਂ ਦਾ ਨਕਸ਼ਾ ਸਹਿਜੇ ਹੀ ਉਲੀਕਿਆ ਗਿਆ ਹੈ। ਕਈਆਂ ਵਿਚ ਕਰਮ-ਕਾਡਾਂ, ਅਨੁਸ਼ਠਾਨਾਂ ਅਤੇ ਧਾਰਮਿਕ ਰੂੜ੍ਹੀਆਂ ਦੀ ਨਿੱਠ ਕੇ ਨਿਸ਼ੇਧ ਕੀਤਾ ਗਿਆ ਹੈ। ਜਗਿਆਸੂ ਨੂੰ ਸਮੇਂ ਦੇ ਅੰਤਰਗਤ ਕਲਿਆਣਕਾਰੀ ਉਪਦੇਸ਼ ਦਿੱਤੇ ਹਨ। ਬਹੁਤਿਆਂ ਸਲੋਕਾਂ ਵਿਚ ਅਕਾਲਪੁਰਖ ਦੀ ਸਿਫ਼ਤ-ਸਾਲਾਹ ਅਤੇ ਚਰਿਤ੍ਰ ਨਿਰਮਾਣ ਵੱਲ ਸੰਕੇਤ ਕੀਤਾ ਗਿਆ ਹੈ। ਰੋਜ਼ ਹੋਣ ਵਾਲੇ ਹਾਦਸੇ ਅਤੇ ਸਮੱਸਿਆ ਨੂੰ ਵੀ ਕੇਂਦਰਿਤ ਕੀਤਾ ਗਿਆ ਹੈ। ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਕਈ ਵਿਦਵਾਨ[6] ਇਸ ਨੂੰ ਪੰਜ ਵਰਗਾਂ ਵਿਚ ਵੰਡਦੇ ਹਨ।

ਇਨ੍ਹਾਂ ਸਲੋਕਾਂ ਵਿਚ ਭਾਵਨਾਂ ਦੀ ਥਾਂ ਬੌਧਿਕਤਾ ਪ੍ਰਧਾਨ ਹੈ ਅਤੇ ਨਿਸ਼ਠਾ ਦੀ ਥਾਂ ਤਰਕ-ਵਿਤਰਕ ਗੂੜ੍ਹੀ ਮਾਤਰਾ ਵਿਚ ਦ੍ਰਿਸ਼ਟੀਮਾਨ ਹੁੰਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 129
2. ਡਾ. ਕੁਲਦੀਪ ਸਿੰਘ ਧੀਰ, ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੂਰਵ ਅੰਕਤ, ਅੰਕ 66

3. ਪ੍ਰੋ: ਪਿਆਰਾ ਸਿੰਘ ਪਦਮ, **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਪਟਿਆਲਾ, ਛਾਪ 1990, ਅੰਕ: 300-301
4. **ਸਾਹਿੱਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 193
5. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ 164
6. ਪੂਰਵ ਅੰਕਤ, ਅੰਕ 165

   "ਪ੍ਰਭੂ-ਉਸਤਤ ਸੰਬੰਧੀ, ਸਮਾਜਿਕ ਕੁਰੀਤੀਆਂ ਦੇ ਖੰਡਨ ਸੰਬੰਧੀ, ਧਾਰਮਿਕ ਕਰਮ-ਕਾਂਡਾਂ ਪ੍ਰਤਿ ਉਪੇਖਿਆ ਸੰਬੰਧੀ, ਰਾਜਨੀਤਿਕ ਭ੍ਰਿਸ਼ਟਾਚਾਰ ਦੇ ਵਿਰੋਧ ਸੰਬੰਧੀ ਅਤੇ ਸਦਾਚਾਰ ਸੰਬੰਧੀ।"

# ਸਲੋਕ ਸਹਸਕ੍ਰਿਤੀ

'ਸਲੋਕ ਸਹਸਕ੍ਰਿਤੀ' ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਵਿਚ 71 ਸ਼ਬਦ ਅੰਕਿਤ ਹਨ, ਜੋ ਅੰਕ 1353 ਤੋਂ ਲੈ ਕੇ 1360 ਤੱਕ ਆਉਂਦੇ ਹਨ। ਇਹ ਰਾਗਾਂ ਤੋਂ ਮਗਰਲੀ ਬਾਣੀ ਵਿਚ ਦਰਜ ਹਨ। ਇਸ ਬਾਣੀ ਵਿਚ ਗੁਰੂ ਅਰਜਨ ਦੇ 67 ਅਤੇ ਗੁਰੂ ਨਾਨਕ ਦੇ 4 ਸ਼ਬਦ ਆਉਂਦੇ ਹਨ। ਅਸਲੋਂ ਇਹ ਇਕ ਮੁੱਢ-ਕਦੀਮ ਭਾਸ਼ਾ ਹੈ ਜਿਸ ਵਿਚ ਅਨੇਕ ਬੋਲੀਆਂ ਦੇ ਸ਼ਬਦ ਦ੍ਰਿਸ਼ਟੀਗੋਚਰ ਹੋਏ ਹਨ। ਕਈ ਵਿਦਵਾਨ ਇਸ ਭਾਸ਼ਾ ਨੂੰ ਸੰਸਕ੍ਰਿਤ ਦੇ ਵਿਆਕਰਣ ਵਿਰੁੱਧ ਵੀ ਸੰਕੇਤ ਕਰਦੇ ਹਨ, ਜੋ ਸਹੀ ਪਹੁੰਚ ਨਹੀਂ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤੀ ਤੋਂ ਬਣੀ ਹੋਈ ਇਕ ਭਾਸ਼ਾ, ਜਿਸ ਦਾ ਨਾਉਂ ਗਾਥਾ ਵੀ ਹੈ। ਏਸੇ ਵਿਚ ਸਲੋਕ ਸਹਸਕ੍ਰਿਤੀ ਲਿਖੇ ਗਏ ਹਨ।[1] ਇਸ ਵਿਚ ਪਾਲੀ, ਸੰਸਕ੍ਰਿਤ ਆਦਿ ਭਾਸ਼ਾ ਦਾ ਮਿਲਗੋਭਾ ਹੈ। ਕਈ ਵਿਦਵਾਨ ਇਸ ਨੂੰ ਸੰਸਕ੍ਰਿਤ ਦਾ ਲੋਕ ਰੂਪ[2] ਆਖਦੇ ਹਨ ਜਿਸ ਤੇ ਸੰਸਕ੍ਰਿਤ ਦੇ ਵਿਆਕਰਣ ਦੇ ਨੇਮ ਲਾਗੂ ਨਹੀਂ ਹੁੰਦੇ। ਸਹਸਕ੍ਰਿਤੀ ਸ਼ਬਦ ਸੰਸਕ੍ਰਿਤ ਤੋਂ ਵਿਗੜਿਆ ਸ਼ਬਦ ਹੈ ਜਿਵੇਂ ਇਹ ਸ਼ਬਦ ਵਿਗੜ ਕੇ ਸਾਡੇ ਤੱਕ ਪੁੱਜਾ ਹੈ, ਇਵੇਂ ਹੀ ਸਹਸਕ੍ਰਿਤੀ ਭਾਸ਼ਾ ਸੰਸਕ੍ਰਿਤ ਦਾ ਵਿਗੜਿਆ[3] ਹੋਇਆ ਰੂਪ ਹੈ। ਗੁਰੂ ਸਾਹਿਬ ਦੇ ਸਮੇਂ ਆਮ ਖੰਡਨ ਲੋਕ-ਬੋਲੀ ਨੂੰ ਗੰਵਾਰੂ ਸਮਝ ਕੇ ਨਿਸ਼ੇਧ ਕਰਦੇ ਸਨ। ਸੰਸਕ੍ਰਿਤ ਤੋਂ ਵੀ ਕੋਰੇ ਸਨ। ਸਹਸਕ੍ਰਿਤੀ ਲਫ਼ਜ਼ 'ਸਹਸ', ਸੰਸਕ੍ਰਿਤ ਦੇ ਲਫ਼ਜ਼ 'ਸੰਸ' ਤੋਂ ਪ੍ਰਾਕ੍ਰਿਤ ਰੂਪ ਹੈ, ਜਿਵੇਂ ਲਫ਼ਜ਼ 'ਸੰਸ਼ਯ' ਤੋਂ ਪ੍ਰਾਕ੍ਰਿਤ ਰੂਪ 'ਸਹਸਾ' ਜਾਂ 'ਸੰਹਸਾ' ਹੈ। ਸੋ, ਇਹ ਸਲੋਕ, ਜਿਨ੍ਹਾਂ ਦਾ ਸਿਰਲੇਖ 'ਸਹਸਕ੍ਰਿਤੀ' ਹੈ, ਸੰਸਕ੍ਰਿਤ ਦੇ ਨਹੀਂ ਹਨ। ਸਹਸਕ੍ਰਿਤੀ ਲਫ਼ਜ਼ 'ਸੰਸਕ੍ਰਿਤ' ਦਾ ਪ੍ਰਾਕ੍ਰਿਤ ਰੂਪ ਹੈ।[4]

'ਪੰਜਾਬੀ ਸਾਹਿਤ ਕੋਸ਼' ਅਨੁਸਾਰ ਇਹਦੇ ਵਿਚ ਸੰਸਕ੍ਰਿਤ ਦੇ ਕੁੱਝ ਖਾਸੇ ਸਨ ਅਤੇ ਕੁੱਝ ਪੱਛਮੀ ਅਪਭ੍ਰੰਸ ਦੇ। ਸੰਸਕ੍ਰਿਤ ਦੇ ਵਿਸਰਾਗ ਅਤੇ ਅਨੁਸਵਾਰ ਦੀ ਵਿਸ਼ੇਸ਼ ਵਰਤੋਂ ਕੀਤੀ ਗਈ ਸੀ। ਪੱਛਮੀ ਅਪਭ੍ਰੰਸ਼ ਦੀਆਂ ਹੇਠ ਲਿਖੀਆਂ ਕੁੱਝ ਵਿਸ਼ੇਸ਼ਤਾਵਾਂ ਪ੍ਰਗਟ ਹੁੰਦੀਆਂ ਹਨ:— 'ਵ' ਦਾ 'ਬ' ਵਿਚ ਬਦਲ ਜਾਣਾ, 'ਸ਼' ਅਤੇ 'ਖ' ਦਾ 'ਸ' ਵਿਚ ਬਦਲ ਜਾਣਾ, 'ਕਸ਼' ਦਾ 'ਖ' ਜਾਂ 'ਛ' ਵਿਚ ਬਦਲ ਜਾਣਾ ਆਦਿਕ।[5] ਪ੍ਰੋ: ਪਿਆਰਾ ਸਿੰਘ ਪਦਮ ਅਨੁਸਾਰ ਸੰਸਕ੍ਰਿਤ ਦਾ ਇਕ ਅਪਭ੍ਰੰਸ਼ ਰੂਪ ਜੋ ਆਮ ਤੌਰ ਤੇ ਦੇਸੀ ਸ਼ਬਦਾਂ ਨੂੰ ਟਿੱਪੀਆਂ ਲਾ ਕੇ ਬਣਾਇਆ ਜਾਂਦਾ ਸੀ। ਇਸਨੂੰ ਸੰਸਕ੍ਰਿਤ ਵਿਆਕਰਣ ਅਨੁਸਾਰ ਜਾਚਣਾ ਭੁੱਲ ਹੈ। ਇਹ ਪਾਣਿਨੀ ਵਾਲੀ ਪਾਬੰਦੀ ਤੋਂ ਉਪਰ ਦੀ ਚੀਜ਼ ਹੈ।[6] ਕਈ ਹੋਰ ਵਿਦਵਾਨਾਂ ਨੇ ਵੀ ਇਸ ਵਿੱਚ ਭਾਸ਼ਾਵਾਂ[7] ਦੇ ਮਿਲਗੋਭੇ ਵੱਲ ਸੰਕੇਤ ਕੀਤਾ ਹੈ।

ਗੁਰੂ ਨਾਨਕ ਦੇ ਚਾਰ ਸਲੋਕ ਹਨ ਜਿਨ੍ਹਾਂ ਵਿਚੋਂ ਪਹਿਲਾ, ਤੀਜਾ ਅਤੇ ਚੌਥਾ ਸਲੋਕ, 'ਆਸਾ ਕੀ ਵਾਰ' ਦੀ 14ਵੀਂ ਪਉੜੀ ਨਾਲ ਅੰਕਿਤ ਹੈ। ਉਥੇ ਦਿੱਤੇ ਸੰਕੇਤ ਅਨੁਸਾਰ ਪਹਿਲਾ ਸਲੋਕ ਗੁਰੂ ਨਾਨਕ ਦਾ ਅਤੇ ਬਾਕੀ ਦੋ ਗੁਰੂ ਅੰਗਦ ਦੇ ਹਨ। 'ਮਾਝ ਕੀ ਵਾਰ' ਦੀ 23 ਵੀਂ ਪਉੜੀ ਨਾਲ ਆਇਆ ਸਲੋਕ ਗੁਰੂ ਅੰਗਦ ਦਾ ਹੈ। ਤੁਕਾਂ ਦੀ ਗਿਣਤੀ ਜੋ ਆਈ ਹੈ, ਉਹ ਇੰਝ ਹੈ: ਪਹਿਲੇ ਸਲੋਕ ਦੀਆਂ ਦਸ, ਦੂਜੇ ਤੇ ਤੀਜੇ ਦੀਆਂ ਚਾਰ-ਚਾਰ ਅਤੇ ਚੌਥੇ

ਸਲੋਕ ਦੀਆਂ ਕੁੱਲ ਤੁਕਾਂ ਤਿੰਨ ਹਨ। ਇਸੇ ਤਰ੍ਹਾਂ ਗੁਰੂ ਅਰਜਨ ਦੇ 67 ਸਲੋਕਾਂ ਵਿਚ ਦੋ ਤੋਂ ਲੈ ਕੇ ਸੱਤ ਤੱਕ ਤੁਕਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਤੁਕਾਂ ਦਾ ਆਕਾਰ ਇਕਸਾਰ ਨਹੀਂ।

ਇਸ ਬਾਣੀ ਦਾ ਕੇਂਦਰੀ ਭਾਵ ਹੈ ਕਿ ਸੰਸਾਰ ਵਿਚ ਹੋ ਰਹੇ ਦਿਖਾਵੇ, ਕਰਮ-ਕਾਂਡ ਆਦਿ ਸਭ ਤੁੱਛ ਹਨ। ਅਕਾਲ ਪੁਰਖ ਦੀ ਸਚੀ ਪ੍ਰੀਤ ਹੀ ਨਾਮ-ਸਿਮਰਨ ਦਾ ਰੂਹਾਨੀ ਲਕਸ਼ ਹੈ। ਮਨੁੱਖ ਦਾ ਸਾਥੀ ਰਾਮ-ਨਾਮ ਹੀ ਹੈ ਪਰ ਮਨੁੱਖ ਸੰਸਾਰੀ ਵਾਸ਼ਨਾਵਾਂ ਵਿਚ ਜਕੜਿਆ ਹੋਇਆ ਰਹਿਣ ਕਾਰਨ ਪ੍ਰਭੂ-ਪ੍ਰਮਾਤਮਾ ਨੂੰ ਵਿਸਾਰ ਦੇਂਦਾ ਹੈ। ਅਸਲ ਵਿਚ ਮਨੁੱਖ ਦਾ ਉਧਾਰ ਪ੍ਰਭੂ ਦੀ ਬਖ਼ਸ਼ਿਸ਼ ਦੁਆਰਾ ਸਾਧ-ਸੰਗਤਿ ਵਿੱਚ ਜਾਣ ਨਾਲ ਹੀ ਹੁੰਦਾ ਹੈ। ਸੰਸਾਰੀ ਵਿਕਾਰਾਂ ਤੋਂ ਮੁਕਤ ਰਹਿ ਕੇ ਹੀ ਨਾਮ-ਸਿਮਰਨ ਦੁਆਰਾ ਅਕਾਲ ਪੁਰਖ ਦੀ ਪ੍ਰਾਪਤੀ ਹੋ ਸਕਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਭਾਈ ਕਾਨ੍ਹ ਸਿੰਘ ਨਾਭਾ, **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 102
2. **ਸਾਹਿੱਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 156
3. **ਪੰਜਾਬੀ ਸਾਹਿਤ ਕੋਸ਼ (ਭਾਗ ੧)**, ਪੂਰਵ ਅੰਕਤ, ਅੰਕ 353
4. **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ 10)**, ਪੂਰਵ ਅੰਕਤ, ਅੰਕ 148
5. **ਪੰਜਾਬੀ ਸਾਹਿਤ ਕੋਸ਼ (ਭਾਗ ੧)**, ਪੂਰਵ ਅੰਕਤ, ਅੰਕ 353
6. ਪ੍ਰੋ: ਪਿਆਰਾ ਸਿੰਘ ਪਦਮ (ਸੰ.) **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਪਟਿਆਲਾ, ਛਾਪ 1990, ਅੰਕ 316-317
7. Harbans Singh (Ed.), **The Encyclopeadia of Sikhism (Vol IV)**, Punjabi Uni. Patiala, 1998, P. 33-34
   "The term "sahaskriti" denotes the language form, a mixture of sanskrit, pali and Prkrit, in which these slokas have been written. 'Gatha' is another word used for sahaskriti. of the seventy one Verses collected under the title salok sahaskrit, sixty seven are of the composition of Guru Arjan and the remaining four of Guru Nanak. Terse and cryptic in style and the favorites of classical scholars such as the Nirmalas, these Verses denounce ritualism and hypocritical religions behaviour and Present loving devotion and absorption in the divine name as the true ideal."

# ਸਲੋਕ ਸ਼ੇਖ ਫ਼ਰੀਦ ਕੇ

ਮੁਸਲਮਾਨ ਸੰਤ ਫ਼ਕੀਰ ਸ਼ੇਖ ਫ਼ਰੀਦ ਦਾ ਅਸਲੀ ਨਾਂ ਸ਼ੇਖ ਫ਼ਰੀਦੁਦੀਨ ਗੰਜ ਸ਼ੱਕਰ ਸੀ। ਅਕਾਲਪੁਰਖ ਦਾ ਗੁਣ-ਗਾਨ ਕਰਨ ਵਾਲੇ ਤਪੱਸਵੀ, ਤੇਜੱਸਵੀ, ਰੂਹਾਨੀ ਦਰਵੇਸ਼ ਦੀ ਰਚਨਾ ਅਮੂਰਤ ਤੇ ਸਮੂਰਤ ਦਾ ਸਫ਼ਰ ਕਰਦੀ ਲੋਕ-ਮਾਨਸ ਲਈ ਰਾਹ ਦੁਸੇਰਾ ਹੋ ਨਿਬੜਦੀ ਹੈ।

ਰਾਗਾਂ ਤੋਂ ਮਗਰਲੀ ਬਾਣੀ ਵਿਚ ਅੰਕ 1377-84 ਦੇ ਅੰਤਰਗਤ 130 ਸਲੋਕ ਦਰਜ ਹਨ। ਇਨ੍ਹਾਂ ਸਲੋਕਾਂ ਵਿਚ ਗੁਰੂ ਨਾਨਕ ਦੇ ਚਾਰ, ਗੁਰੂ ਅਮਰਦਾਸ ਦੇ ਪੰਜ, ਗੁਰੂ ਰਾਮਦਾਸ ਦਾ ਇਕ, ਗੁਰੂ ਅਰਜਨ ਦੇ ਅੱਠ ਸਲੋਕ ਦਰਜ਼ ਹਨ। ਇਨ੍ਹਾਂ ਸਲੋਕਾਂ ਬਾਰੇ ਵੀ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਸਲੋਕ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਪ੍ਰਸੰਗ/ਭਾਵ ਅਨੁਰੂਪ ਦਰਜ ਕੀਤੇ ਸਨ। ਕੁੱਝ ਵਿਦਵਾਨ ਇਨ੍ਹਾਂ ਨੂੰ ਫ਼ਰੀਦ ਦੇ ਸਲੋਕਾਂ ਉੱਤੇ ਗੁਰੂ ਸਾਹਿਬਾਨ ਦੀ ਟਿਪਣੀ ਮੰਨਦੇ ਹਨ ਅਤੇ ਕੁੱਝ ਦਾ ਮਤ ਹੈ ਕਿ ਫ਼ਰੀਦ ਜੀ ਦੇ ਭਾਵਾਂ ਨੂੰ ਅਧਿਕ ਸਪੱਸ਼ਟ ਕਰਨ ਜਾਂ ਵਿਸਥਾਰ ਦੇਣ ਲਈ ਗੁਰੂ ਅਰਜਨ ਦੇਵ ਨੇ ਇਨ੍ਹਾਂ ਨੂੰ ਜੋੜਿਆ ਸੀ।[1]

ਬਾਬਾ ਫ਼ਰੀਦ ਦੇ ਸਲੋਕ ਦੋ ਦੋ ਤੁਕਾਂ ਦੇ ਹਨ। ਸਾਰੀਆਂ ਤੁਕਾਂ ਦੀ ਗਿਣਤੀ ਇਕ ਸਾਰ ਨਹੀਂ। ਪਹਿਲੇ ਸਲੋਕ ਦੀਆਂ ਤੁਕਾਂ ਅੱਠ ਹਨ, ਕਈਆਂ ਦੀਆਂ ਤਿੰਨ, ਚਾਰ, ਛੇ ਵੀ ਹਨ। ਭਾਸ਼ਾ ਪੱਖੋਂ ਇਹ ਲਹਿੰਦੀ ਪੰਜਾਬੀ ਹੈ। ਇਨ੍ਹਾਂ ਸਲੋਕਾਂ ਦੇ ਭਾਵ ਸਾਫ਼-ਸਪਸ਼ਟ ਦੇ ਰੂਬਰੂ ਸਤਿ-ਕਥਨ ਹੋ ਨਿਬੜਦੇ ਹਨ। ਇਨ੍ਹਾਂ ਸਾਰੇ ਸਲੋਕਾਂ ਵਿਚ ਫ਼ਾਨੀ ਸੰਸਾਰ, ਨੈਤਿਕ ਆਚਾਰ, ਨੇਕ-ਕਮਾਈ ਅਤੇ ਪਰਮਸਤਿ ਦੇ ਪ੍ਰੇਮ ਦਾ ਹੀ ਗੁਣ-ਗਾਨ ਕੀਤਾ ਗਿਆ ਹੈ।

ਬਾਬਾ ਫ਼ਰੀਦ ਦੀ ਬਾਣੀ ਲੋਕ-ਪਰਲੋਕ ਧੁਰੇ ਦੁਆਲੇ ਘੁੰਮਦੀ ਹੈ ਜਿਸ ਵਿਚ ਬਿਰਹੋਂ ਅਤੇ ਨੇਹੁ ਦੀ ਥੀਮ ਰੂਪਮਾਨ ਹੈ। ਰੂਹਾਨੀ ਕੋਡ ਅਤੇ ਸਮੂਹ ਦੂਜੇ ਕੋਡਾਂ ਨੂੰ ਇਕੋ ਸੂਤਰਧਾਰ ਵਿਚ ਪ੍ਰੋ ਦੇਂਦੀ ਹੈ। ਇਹੋ ਅੰਧਿਆਤਮਿਕ ਚੇਤਨਾ ਦਾ ਪ੍ਰਵਾਹ ਹੈ। ਫ਼ਰੀਦ ਬਾਣੀ ਵਿਚ ਗਲੋਬਲ ਨਜ਼ਰੀਏ ਅਤੇ 'ਤੌਹੀਦ' ਦੇ ਸੰਕਲਪ, ਪ੍ਰਭੂ ਦੇ ਰਿਸ਼ਤੇ ਨੂੰ ਪਰਿਭਾਸ਼ਿਤ ਕਰਕੇ 'ਵਹਿਦਤ-ਉਲ-ਵਜੂਦ' ਦੇ ਕਾਨਸੈਪਟ ਨੂੰ ਉਜਾਗਰ ਕੀਤਾ ਗਿਆ ਹੈ। ਇਸੇ ਤਰ੍ਹਾਂ ਫ਼ਰੀਦ ਬਾਣੀ ਵਿਚ ਦੰਪਤੀ ਜੀਵਨ ਦੇ ਕੋਡ ਮਨੁੱਖੀ ਰਿਸ਼ਤੇ ਨਾਤੇ, ਸਮਾਜਿਕ ਵਰਤੋਂ ਵਿਹਾਰ ਨੈਤਿਕਤਾ ਆਦਿ ਅਨੇਕ ਤਰ੍ਹਾਂ ਦੇ ਕੋਡਾਂ ਨਾਲ ਵੀ ਅਜਿਹਾ ਹੀ ਵਾਪਰਦਾ ਹੈ ਭਾਵ ਇਸ ਬਾਣੀ ਦੇ ਬਹੁ-ਪਸਾਰੀ ਚਿੰਨ੍ਹ-ਪ੍ਰਬੰਧ ਵਿਚ ਇਕਸੁਰਤਾ ਤੇ ਇਕਾਗਰਤਾ[2] ਪੈਦਾ ਕਰਨ ਵੱਲ ਇਕ ਦਿਸ਼ਾਵੀ ਚਿੰਨ੍ਹ-ਪ੍ਰਬੰਧ ਹੈ।

ਬਾਬਾ ਫ਼ਰੀਦ ਦੇ ਸਲੋਕਾਂ ਵਿਚ ਖ਼ੁਦਾ ਦੀ ਮੁੱਢਲੀ ਏਕਤਾ ਅਤੇ ਸਰਬ-ਵਿਆਪਕਤਾ ਦੇ ਪੈਰਾਡਾਈਮ ਦੀ ਸੋਝੀ ਉਦੈ ਹੁੰਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ


1. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 166
2. ਖੋਜ ਪਤ੍ਰਿਕਾ: ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ 203

# ਸਲੋਕ ਭਗਤ ਕਬੀਰ ਜੀਉ ਕੇ

ਗੁਰੂ ਗ੍ਰੰਥ ਸਾਹਿਬ ਦੇ ਅੰਕ 1364-77 ਤੇ ਭਗਤ ਕਬੀਰ[1] ਦੇ 243 ਸਲੋਕ ਅੰਕਿਤ ਹਨ। ਇਨ੍ਹਾਂ ਸਲੋਕਾਂ ਵਿਚ ਗੁਰੂ ਅਰਜਨ ਦੇ ਪੰਜ ਸਲੋਕ (ਅੰਕ 209, 210, 211, 214 ਅਤੇ 221) ਅਤੇ ਗੁਰੂ ਅਮਰਦਾਸ ਦਾ ਇਕ ਸਲੋਕ (ਅੰਕ 220) ਵੀ ਦਰਜ ਹਨ। ਗੁਰੂ ਸਾਹਿਬਾਨ ਨੇ ਇਹ ਸਲੋਕ ਅਧਿਆਤਮਿਕ-ਬੋਧ ਰਾਹੀਂ ਭਾਵ-ਸਮਾਨਤਾ ਅਤੇ ਸਪਸ਼ਟਤਾ ਵਜੋਂ ਕਬੀਰ ਨੂੰ ਮੁਖਾਤਿਬ ਕੀਤੇ ਹਨ। ਸਲੋਕਾਂ ਦੀ ਭਾਸ਼ਾ ਸੁਧੱਕੜੀ ਅਤੇ ਸ਼ਬਦ ਸੰਚਾਰ ਪ੍ਰਬੰਧ ਸਿਰਜਣਹਾਰੀ ਹੈ।

ਭਗਤ ਕਬੀਰ ਦੇ ਸਲੋਕਾਂ ਦਾ ਕੇਂਦਰੀ ਭਾਵ ਪਰਮਸਤਿ ਅਕਾਲਪੁਰਖ ਦੀ ਸਿਫ਼ਤ-ਸਾਲਾਹ ਦਾ ਗੁਣ-ਗਾਨ ਕਰਨਾ ਅਤੇ ਇਸ ਬੇਸ਼ਕੀਮਤੀ 'ਨਾਮ' ਦੀ ਦਾਤ ਕੇਵਲ ਵਾਹਿਗੁਰੂ ਦੇ ਦਰ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰਭੂ ਨੂੰ ਵਿਸਾਰ ਕੇ ਮਨੁੱਖ ਦਰ ਦਰ ਦੀਆਂ ਠੋਕਰਾਂ ਖਾਂਦਾ ਫ਼ਿਰਦਾ ਹੈ। ਕਬੀਰ ਜੀ ਸੰਕੇਤ ਕਰਦੇ ਹਨ ਕਿ ਮਨੁੱਖ ਪੰਜ ਵਿਕਾਰਾਂ ਨੂੰ ਤਿਲਾਂਜਲੀ ਦੇ ਕੇ ਆਪਣੇ ਸੌਂਦਰਯਾਤਮਿਕ ਗੁਣਾਂ ਦਾ ਮੰਥਨ ਕਰਕੇ ਜਾਤ-ਪਾਤ ਤੋਂ ਨਿਰਲੇਪ ਰਹਿਕੇ, ਉਸ ਅਕਾਲਪੁਰਖ ਦੀ ਬੰਦਗੀ ਵਿਚ ਸੰਚਾਰਮੁਖੀ ਪ੍ਰਸਤੁਤੀ ਦੀ ਗਹਿਰੀ ਨਿਕਟਤਾ ਦਾ ਰੂਪ ਧਾਰਨ ਕਰ ਸਕਦਾ ਹੈ। ਅਕਾਲ ਪੁਰਖ ਦਾ ਗੁਣ-ਗਾਨ ਬਚਪਨ ਵਿਚ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ ਤਾਂ ਸੋ ਪਿਛਲੇਰੀ ਉਮਰ ਵਿਚ ਪਛਤਾਵਾ ਅਤੇ ਰੂਹਾਨੀ ਤੌਰ ਤੇ ਦੁਖੀ ਨਾ ਹੋਵੇ।

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥ (ਅੰਕ 1366)*

ਮਨੁੱਖਾ ਜਨਮ ਬਾਰ ਬਾਰ ਨਹੀਂ ਆਉਂਦਾ, ਇਸ ਲਈ ਇਸ ਨੂੰ 'ਦੁਲੰਭੁ' ਕਿਹਾ ਗਿਆ ਹੈ।

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨਾ ਲਾਗਹਿ ਡਾਰ ॥ (ਅੰਕ 1366)*

ਭਗਤ ਕਬੀਰ ਜੀ ਨੇ ਸਲੋਕਾਂ ਰਾਹੀਂ ਉਪਦੇਸ਼ਾਂ ਦੇ ਰੂ-ਬ-ਰੂ ਨੀਤੀ-ਕਥਨਾਂ[2] ਨੂੰ ਬਾ-ਖ਼ੂਬੀ ਪ੍ਰਸਤੁਤ ਕੀਤਾ ਹੈ। ਇਨ੍ਹਾਂ ਸਲੋਕਾਂ ਵਿਚ ਕਬੀਰ ਜੀ ਨੇ ਫ਼ਾਰਸੀ ਮੂਲ ਦੇ 'ਛੰਦ' ਜਾਂ ਕਾਵਿ-ਰੂਪ ਪ੍ਰਯੋਗ ਕਰਨ ਦੇ ਨਾਲ ਨਾਲ ਭਾਰਤੀ ਮੂਲ ਦੇ ਛੰਦ ਤੇ ਕਾਵਿ-ਰੂਪ ਵੀ ਪ੍ਰਯੋਗ ਕੀਤੇ ਹਨ। 'ਸ਼ਬਦ' ਲੋਕ ਗਾਇਨ ਸ਼ੈਲੀ ਵਿਚ ਉਚਾਰਿਆ ਜਾਣ ਵਾਲਾ ਅਜਿਹਾ ਕਾਵਿ-ਰੂਪ ਹੈ ਜਿਹੜਾ ਗੁਰੂ ਜਾਂ ਈਸ਼ਵਰ ਦੇ ਕਿਸੇ ਗੁਣ ਜਾਂ ਸਰਬ ਗੁਣਾਂ ਵੱਲ ਸੰਕੇਤ ਕਰਦਾ ਹੈ। ਇਹ ਉਸਤਤਿ ਕਾਵਿ ਦੀ ਵੰਨਗੀ ਹੈ। ਸਲੋਕ ਵੀ ਸੰਸਕ੍ਰਿਤ ਮੂਲ ਦਾ ਉਹ ਕਾਵਿ-ਰੂਪ ਹੈ ਜਿਹੜਾ ਪ੍ਰਸ਼ੰਸਾ ਜਾਂ ਉਸਤਤਿ ਨਾਲ ਜੁੜਿਆ ਹੋਇਆ ਹੈ। ਸ਼ਲੋਕ ਜਸ ਜਾਂ ਕੀਰਤੀ ਦਾ ਗੀਤ ਹੈ।[3] ਭਗਤ ਕਬੀਰ ਦੀ ਬਾਣੀ ਲੋਕ-ਪਰਲੋਕ ਦੀ ਸੁਰ ਰਾਹੀਂ ਬਿੰਦੂ ਦੁਆਲੇ ਘੁੰਮਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਭਗਤ ਕਬੀਰ ਜੀ ਭਾਰਤ ਦੇ ਇਕ ਉੱਚਕੋਟੀ ਦੇ ਸੰਤ ਕਵੀ ਤੇ ਸਮਾਜ ਸੁਧਾਰਕ ਸਨ। ਉੱਤਰ ਪ੍ਰਦੇਸ਼ ਵਿਚ ਕਾਸ਼ੀ ਲਾਗੇ ਇਨ੍ਹਾਂ ਦਾ ਜਨਮ ਹੋਇਆ। ਕੋਈ ਭਰੋਸੇਯੋਗ ਪ੍ਰਮਾਣਕ ਜੀਵਨ-ਬਿਰਤਾਂਤ ਉਪਲਬਧ ਨਹੀਂ। ਬ੍ਰਾਹਮਣਾਂ ਦੀ ਸਾਮਿਅਕ ਅਖੌਤੀ ਉੱਚਤਾ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਇਨ੍ਹਾਂ ਦੀ ਰਚਨਾ ਵਿਚ ਵੰਨ-ਸੁਵੰਨੇ ਪ੍ਰਤੀਕ ਦ੍ਰਿਸ਼ਟੀਗੋਚਰ ਹੁੰਦੇ ਹਨ।
2. **ਗੁਰੂ ਗ੍ਰੰਥ ਵਿਸ਼ਵ ਕੋਸ਼**, ਪੂਰਵ ਅੰਕਤ, ਅੰਕ 166
"ਇਨ੍ਹਾਂ ਸਲੋਕਾਂ ਨੂੰ 'ਕਬੀਰ ਗ੍ਰੰਥਾਵਲੀ' ਆਦਿ ਦੇਵ-ਨਾਗਰੀ ਸੰਸਕਰਣਾਂ ਅੰਦਰ ਜਾਂ ਕਬੀਰ-ਪੰਥੀਆਂ ਵਿਚ 'ਸਾਖੀ'/'ਸਾਖੀਆਂ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। 'ਸਾਖੀ' ਉਪਦੇਸ਼ ਪ੍ਰਧਾਨ ਕਾਵਿ-ਰੂਪ ਹੈ। ਨਾਥ-ਪੰਥੀਆਂ ਅਤੇ ਨਿਰਗੁਣਵਾਦੀ ਸੰਤਾਂ ਨੇ ਵੈਰਾਗ, ਨੀਤੀ, ਗਿਆਨ ਅਤੇ ਮਾਨਵ-ਏਕਤਾ ਦੀਆਂ ਭਾਵਨਾਵਾਂ ਪ੍ਰਗਟ ਕਰਨ ਵੇਲੇ ਸਾਖੀਆਂ ਦੀ ਰਚਨਾ ਕੀਤੀ ਹੈ। ਦੋਹਰਿ ਦੇ ਨੇੜੇ-ਤੇੜੇ ਲਿਖੀਆਂ ਇਹ ਸਾਖੀਆਂ ਹੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ' ਸਿਰਲੇਖ ਅਧੀਨ ਸੰਕਲਿਤ ਕੀਤੀਆਂ ਗਈਆਂ ਹਨ। ਸੰਤਾਂ ਨੇ ਆਪਣੇ ਨੀਤੀ-ਕਥਨਾਂ ਅਤੇ ਉਪਦੇਸ਼ਾਂ ਨੂੰ ਸਲੋਕਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ।
3. ਭਾਈ ਕਾਨ੍ਹ ਸਿੰਘ ਨਾਭਾ, **ਗੁਰਛੰਦ ਦਿਵਾਕਰ**, ਪੂਰਵ ਅੰਕਤ, ਅੰਕ 57-59

# ਸਲੋਕ ਮਹਲਾ ੯

ਗੁਰੂ ਤੇਗ ਬਹਾਦਰ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਕ 1426-29 ਦੇ ਅਧੀਨ ਨਿਮਨ ਲਿਖਤ ਸਿਰਲੇਖ ਅਧੀਨ ਸੰਕਲਿਤ ਹੈ: ਸਲੋਕ ਮਹਲਾ ੯[1] ਇਸ ਵਿਸ਼ਿਸ਼ਟ ਬਾਣੀ ਵਿਚ ਸਲੋਕਾਂ ਦੀ ਕੁੱਲ ਗਿਣਤੀ 57 ਦਰਜ ਹੈ। ਇਹ ਬਾਣੀ ਅਧਿਆਤਮਿਕ ਦਰਸ਼ਨ ਦੇ ਰੂਬਰੂ ਰਹੱਸਵਾਦੀ ਕਲਾਤਮਕ ਛੁਹਾਂ ਦੀ ਅਨੁਪਮਾ ਨਾਲ ਸਰਸ਼ਾਰ ਹੈ। ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਪੁਨਰ-ਸੰਪਾਦਨਾ ਸਮੇਂ ਇਹ ਸਾਰੇ ਸਲੋਕ 'ਸਲੋਕ ਵਾਰਾਂ ਤੇ ਵਧੀਕ' ਤੋਂ ਪਿਛੇ ਅਤੇ 'ਮੁੰਦਾਵਣੀ' ਤੋਂ ਪਹਿਲਾਂ ਦਰਜ ਕਰ ਦਿੱਤੇ। ਬਹੁਤ ਸਾਰੇ ਵਿਦਵਾਨ ਇਨ੍ਹਾਂ ਸਲੋਕਾਂ ਦੇ ਲਿਖਣ ਸਮੇਂ ਬਾਰੇ ਮਤ-ਭੇਦ ਰੱਖਦੇ ਹਨ।

ਸੰਪ੍ਰਦਾਈ ਵਿਦਵਾਨਾਂ ਅਨੁਸਾਰ ਇਹ ਸਲੋਕ ਗੁਰੂ ਤੇਗ ਬਹਾਦਰ ਨੇ ਆਪਣੇ ਬੇਟੇ (ਗੁਰੂ ਗੋਬਿੰਦ ਸਿੰਘ) ਨੂੰ ਅਨੰਦਪੁਰ ਲਿਖਕੇ ਭੇਜੇ ਸਨ, ਜਦੋਂ ਗੁਰੂ ਸਾਹਿਬ ਲਾਸਾਨੀ ਸ਼ਹਾਦਤ ਤੋਂ ਪਹਿਲਾਂ ਦਿੱਲੀ ਵਿਚ ਕੈਦ ਸਨ। ਨਵੀਨ ਵਿਦਵਾਨਾਂ ਅਨੁਸਾਰ ਵੱਖੋ-ਵੱਖ ਸਮਿਆਂ ਉੱਤੇ ਉਚਾਰਨ ਕੀਤੇ ਗਏ ਸਲੋਕਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਦਰਜ ਕੀਤੇ। ਡਾ. ਰਤਨ ਸਿੰਘ ਜੱਗੀ ਅਨੁਸਾਰ ਸੰਪ੍ਰਦਾਈ ਗਿਆਨੀਆਂ ਦੀ ਇਹ ਧਾਰਣਾ ਵੀ ਹੈ ਕਿ ਇਨ੍ਹਾਂ ਵਿਚੋਂ ਅੱਗੇ ਲਿਖਿਆ ਸਲੋਕ ਦਸਮ ਗੁਰੂ ਦੀ ਰਚਨਾ ਹੈ—'ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ। ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।' (ਅੰਕ 1429)। ਕਿਉਂਕਿ ਇਹ ਸਲੋਕ, ਅਸਲ ਵਿਚ ਗੁਰੂ ਤੇਗ ਬਹਾਦਰ ਜੀ ਦੇ ਰਚੇ ਹੇਠਲੇ ਦੋਹਰੇ ਦਾ ਉੱਤਰ ਹੈ ਜਿਸ ਤੋਂ ਦਸਮ ਗੁਰੂ ਦੀ ਮਾਨਸਿਕ ਦ੍ਰਿੜ੍ਹਤਾ ਦਾ ਪਰਿਚਯ ਮਿਲਦਾ ਹੈ—'ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ। ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।' ਜੇ ਉਪਰੋਕਤ ਤੱਥ ਦਾ ਗੰਭੀਰਤਾ ਪੂਰਵਕ ਅਧਿਐਨ ਕੀਤਾ ਜਾਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਹਾਂ ਸਲੋਕਾਂ ਵਿਚ ਤਥਾ-ਕਥਿਤ ਵਿਰੋਧੀ ਭਾਵਨਾ ਨੇ ਹੀ ਅਜਿਹੀ ਕਲਪਨਾ ਕਰਨ ਲਈ ਗਿਆਨੀਆਂ ਨੂੰ ਪ੍ਰੇਰਿਤ ਕੀਤਾ ਹੋਵੇਗਾ ਅਤੇ ਇਸ ਪ੍ਰੇਰਣਾ ਦੇ ਅਧੀਨ 18ਵੀਂ ਸਦੀ ਵਿਚ ਲਿਖੀਆਂ ਗਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਕੁੱਝ ਕੁ ਬੀੜਾਂ ਵਿਚ 54ਵੇਂ ਸਲੋਕ ਤੋਂ ਪਹਿਲਾਂ 'ਮ: ੧੦' ਅੰਕਿਤ ਕੀਤਾ ਗਿਆ ਹੋਵੇਗਾ, ਪਰ ਅਧਿਕਾਂਸ਼ ਪੁਰਾਤਨ ਬੀੜਾਂ ਅਤੇ 17ਵੀਂ ਸਦੀ ਦੇ ਅੰਤ ਤੱਕ ਲਿਖੀਆਂ ਗਈਆਂ ਬੀੜਾਂ ਵਿਚ 'ਮ: ੧੦' ਉਕਤੀ ਲਿਖੀ ਨਹੀਂ ਮਿਲਦੀ। ਵਾਸਤਵ ਵਿਚ, ਗੁਰੂ ਤੇਗ ਬਹਾਦਰ ਵਰਗੇ ਸ਼ਿਰੋਮਣੀ ਸ਼ਹੀਦ, ਮਾਨਵਤਾ ਦੇ ਰਖਿਅਕ, ਦ੍ਰਿੜ੍ਹ ਪ੍ਰਤਿਗਿਆ ਵਾਲੇ ਅਤੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਦੀ ਘੋਸ਼ਣਾ ਕਰਨ ਵਾਲੇ ਮਹਾਂਪੁਰਸ਼ ਤੋਂ ਅਜਿਹੀ ਵਿਚਲਿਤ ਮਾਨਸਿਕਤਾ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸਹੀ ਗੱਲ ਇਹ ਹੈ ਕਿ ਗੁਰੂ ਜੀ ਨੇ ਇਨ੍ਹਾਂ ਦੋਹਾਂ ਸਲੋਕਾਂ ਵਿਚ ਜਿਗਿਆਸੂ ਨੂੰ ਉਪਦੇਸ਼ ਦੇਣ ਵੇਲੇ ਮਨ ਦੀ ਡਾਵਾਂਡੋਲ ਸਥਿਤੀ ਦਾ ਉਤਸ਼ਾਹ-ਵਰਧਕ ਸਥਿਤੀ ਦੇ ਚਿਤ੍ਰਣ ਰਾਹੀਂ ਸਮਾਧਾਨ ਪੇਸ਼ ਕੀਤਾ ਹੈ। ਫਲਸਰੂਪ 54ਵਾਂ ਸਲੋਕ ਵੀ

ਨਵਮ ਗੁਰੂ ਦੀ ਰਚਨਾ ਹੈ ਜਿਸ ਵਿਚ ਉਨ੍ਹਾਂ ਨੇ 'ਕਛੂ ਨ ਹੋਤ ਉਪਾਇ' ਵਾਲੀ ਵਿਚਲਤਾ ਨੂੰ 'ਸਭ ਕਿਛੁ ਹੋਤ ਉਪਾਇ' ਦੀ ਦ੍ਰਿੜ੍ਹਤਾ ਰਾਹੀਂ ਉਖੜੇ ਹੋਏ ਮਨ ਵਾਲੇ ਜਿਗਿਆਸੂ ਨੂੰ ਆਪਣੇ ਕਰਤੱਵ ਦੇ ਮਾਰਗ ਉਤੇ ਵਧਣ ਲਈ ਹਲਾਸ਼ੇਰੀ ਦਿੱਤੀ ਹੈ। ਪ੍ਰਕਾਸ਼ਿਤ ਬੀੜਾਂ ਵਿਚ 'ਮ:੧੦' ਉਕਤੀ ਦਾ ਅਭਾਵ ਹੈ।[1]

ਗੁਰੂ ਤੇਗ ਬਹਾਦਰ ਦੇ ਸਾਰੇ ਸਲੋਕਾਂ ਦਾ ਤੱਥ ਸਾਰ ਹੈ ਕਿ ਸੰਸਾਰ ਨਾਸ਼ਵੰਤ ਹੈ, ਮਨੁੱਖ ਨੂੰ ਦੁਨਿਆਵੀ ਸੁੱਖਾਂ ਤੋਂ ਹਟਾ ਕੇ ਅਕਾਲਪੁਰਖ ਦਾ ਨਾਮ ਸਿਮਰਨ ਕਰਨਾ ਹੀ ਪਰਮਪਦ ਦੇ ਲਕਸ਼ ਦੀ ਪ੍ਰਾਪਤੀ ਹੈ। ਪਰਮਸਤਿ ਦੇ ਸਰੂਪ ਦੇ ਗੁਣਾਂ/ਲੱਛਣਾਂ ਉੱਤੇ ਸੁਸ਼ਕਤ ਢੰਗ ਨਾਲ ਪ੍ਰਕਾਸ਼ਮਈ ਵਿਅਕਤ ਕੀਤਾ ਹੈ।

ਇਨ੍ਹਾਂ ਸਲੋਕਾਂ ਵਿਚ ਛੰਦ ਦੀ ਦ੍ਰਿਸ਼ਟੀ ਤੋਂ ਦੋਹਿਰੇ ਦੇ ਲੱਛਣਾਂ ਦੀ ਪਾਲਨਾ ਹੋਈ ਹੈ। ਬ੍ਰਜ-ਭਾਸ਼ਾ ਵਿਚ ਲਿਖੇ ਇਨ੍ਹਾਂ ਸਲੋਕਾਂ ਦਾ ਵਾਤਾਵਰਣ ਨਿਰਮਲ ਅਤੇ ਵੈਰਾਗਮਈ ਹੈ। ਸ਼ਬਦਾਂ ਨੂੰ ਇਤਨੇ ਸੁਚਜ ਨਾਲ ਬੀੜਿਆ ਗਿਆ ਹੈ ਕਿ ਹਰ ਸਲੋਕ ਸਤਿ-ਕਥਨ ਦਾ ਰੂਪ ਧਾਰਣ ਕਰ ਗਿਆ ਹੈ।[2] ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਪੁਰਾਤਨ ਹੱਥ ਲਿਖਤ[3] ਦੀ ਸੂਚੀ ਵਿੱਚ ਵੀ ਸਾਂਭਿਆ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰੂ ਗ੍ਰੰਥ ਵਿਸ਼ਵਕੋਸ਼, ਪੂਰਵ ਅੰਕਤ, ਅੰਕ 167
2. ਪੂਰਵ ਅੰਕਤ, ਅੰਕ 168
3. ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ ਲਿਖਤ ਗ੍ਰੰਥ ਦੀ ਵਿਵਰਣਾਤਮਕ ਸੂਚੀ, ਪਟਿਆਲਾ, 2001, "ਵਿਸਥਾਰ ਲਈ ਦੇਖੋ ਹੱਥ ਲਿਖਤ ਨੰ: 174 ਅਤੇ 510

# ਸਲੋਕ ਵਾਰਾਂ ਤੇ ਵਧੀਕ

ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਬਹੁ-ਗਿਣਤੀ ਵਿਚ ਦ੍ਰਿਸ਼ਟਮਾਨ ਹਨ। ਜਿਹੜੇ ਸਲੋਕ ਵਾਰਾਂ ਅਧੀਨ ਅੰਕਿਤ ਹੋ ਜਾਣ ਤੋਂ ਬਾਅਦ ਵੱਧ ਗਏ ਸਨ, ਉਨ੍ਹਾਂ ਨੂੰ ਗੁਰੂ ਸਾਹਿਬਾਨ ਨੇ 'ਸਲੋਕ ਵਾਰਾਂ ਤੇ ਵਧੀਕ' ਨਿਮਨਲਿਖਤ ਸਿਰਲੇਖ ਹੇਠ ਸੰਪਾਦਿਤ ਕਰ ਦਿੱਤਾ ਹੈ। ਇਹ ਸਾਰੇ ਸਲੋਕ ਰਾਗ-ਮੁਕਤ ਹਨ। ਇਨ੍ਹਾਂ ਦੀ ਗਿਣਤੀ 152[1] ਹੈ। ਜਿਸ ਵਿਚ ਗੁਰੂ ਨਾਨਕ ਦੇ 33 ਸਲੋਕ, ਗੁਰੂ ਅਮਰਦਾਸ ਦੇ 67, ਗੁਰੂ ਰਾਮਦਾਸ ਦੇ 30 ਅਤੇ ਗੁਰੂ ਅਰਜਨ ਦੇ 22 ਸਲੋਕ ਦਰਜ ਹਨ। ਇਹ ਸਲੋਕ ਗੁਰੂ ਗ੍ਰੰਥ ਸਾਹਿਬ ਦੇ ਅੰਕ 1410 ਤੋਂ ਲੈ ਕੇ 1429 ਤੱਕ ਸੁਸ਼ੋਭਿਤ ਹਨ।

ਗੁਰੂ ਨਾਨਕ ਦੇ 33 ਸਲੋਕਾਂ ਵਿਚੋਂ 28ਵਾਂ ਸਲੋਕ[2] ਗੁਰੂ ਅਮਰਦਾਸ ਦਾ ਹੈ। ਇਹ ਗੁਰੂ ਨਾਨਕ ਦੇ 27ਵੇਂ ਸਲੋਕ[3] ਦੇ ਭਾਵ ਨੂੰ ਵਿਸਥਾਰਨ ਲਈ ਗੁਰੂ ਅਰਜਨ ਨੇ ਅੰਕਿਤ ਕੀਤਾ ਹੈ। ਇੰਞ ਗੁਰੂ ਨਾਨਕ ਦੇ 32 ਸਲੋਕ ਹਨ ਅਤੇ ਗੁਰੂ ਅਮਰਦਾਸ ਦਾ ਇਕ ਸਲੋਕ ਮਿਲਾ ਕੇ 33 ਹੋ ਜਾਂਦੇ ਹਨ।

ਪਰ ਕਈ ਵਿਦਵਾਨਾਂ ਨੇ ਇਹ ਗਿਣਤੀ 221[4] ਦੱਸੀ ਹੈ। ਇਨ੍ਹਾਂ ਸਲੋਕਾਂ ਦੀ ਭਾਸ਼ਾ ਲਹਿੰਦੀ ਦੇ ਰੰਗ ਵਿਚ ਰੰਗੀ ਸਾਧ-ਭਾਖਾ ਪੰਜਾਬੀ ਹੈ। 'ਛੰਦ' ਦੇ ਨੁਕਤੇ-ਨਿਗਾਹ ਤੋਂ ਇਹ 'ਆਜ਼ਾਦ' ਹਨ। ਗੁਰੂ ਨਾਨਕ ਦੇ ਸਲੋਕਾਂ ਦਾ ਭਾਵ ਹੈ ਕਿ ਜਗਿਆਸੂ ਨੂੰ ਹਉਮੈਂ ਨੂੰ ਵਿਸਾਰ ਕੇ, ਇਕ ਗੁਰੂ ਦੁਆਰਾ ਅਕਾਲਪੁਰਖ ਦਾ ਸਹਾਰਾ ਫੜ ਕੇ ਹੀ ਪਾਰ ਉਤਾਰਾ ਹੋ ਸਕਦਾ ਹੈ। ਵਾਹਿਗੁਰੂ ਦੀ ਮਿਹਰ ਨਾਲ ਹੀ ਸਾਰੇ ਕੰਮ ਕਾਜ ਸਿਰੇ ਚੜ੍ਹਦੇ ਹਨ। ਜਗਿਆਸੂ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਸਾਰੇ ਕੰਮ ਛੱਡ ਕੇ ਇਕ ਪ੍ਰਭੂ-ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਵਿੱਚ ਲੀਨ ਹੋ ਜਾਵੇ। ਗੁਰੂ ਅਮਰਦਾਸ ਦੇ ਸਲੋਕ ਦੋ ਦੋ ਸਤਰਾਂ ਦੇ ਹਨ ਅਤੇ ਦੋ ਤੋਂ ਲੈ ਕੇ ਬਾਰਾਂ ਤੁਕਾਂ ਦੇ ਸਲੋਕ ਦ੍ਰਿਸ਼ਮਾਨ ਹੁੰਦੇ ਹਨ। ਗੁਰੂ ਜੀ ਇਨ੍ਹਾਂ ਸਲੋਕਾਂ ਵਿੱਚ ਕਰਮਕਾਂਡੀ ਪੰਡਿਤਾਂ ਨੂੰ ਤਾਕੀਦ ਕਰਦੇ ਹਨ ਕਿ ਮਕੜੀ ਜਾਲ ਵਿਚੋਂ ਬਾਹਰ ਨਿਕਲਣ ਅਤੇ ਪਰਮਸਤਿ ਦੇ ਸੱਚੇ ਮਾਰਗ ਵੱਲ ਅਗਰਸਰ ਹੋਣਾ ਚਾਹੀਦਾ ਹੈ। ਇਹ ਸੱਚਾ ਮਾਰਗ 'ਗੁਰੂ ਸ਼ਬਦ' ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਨਾਗਣੀ ਮਾਇਆ ਤੋਂ ਛੁਟਕਾਰਾ ਵੀ ਗੁਰੂ ਦੀ ਮਿਹਰ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਰਾਮਦਾਸ ਦੇ ਬਹੁਤੇ ਸਲੋਕ ਦੋ ਸਤਰਾਂ ਦੇ ਹਨ ਪਰ ਆਮ ਤੌਰ ਤੇ 2-8 ਸਤਰਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਗੁਰੂ ਜੀ ਨੇ ਇਨ੍ਹਾਂ ਸਲੋਕਾਂ ਵਿਚ ਪ੍ਰਭੂ-ਪ੍ਰਮਾਤਮਾ ਦਾ ਗੁਣ-ਗਾਨ ਕਰਨ ਨਾਲ ਸੰਸਾਰਿਕ ਔਕੜਾਂ ਮਿੱਟ ਜਾਣ ਦਾ ਸੰਕੇਤ ਦਿੱਤਾ ਹੈ ਅਤੇ ਅਕਾਲਪੁਰਖ ਨਾਲ ਗੁਰਮੁਖ ਦਾ ਮਿਲਾਪ ਯਕੀਨਨ ਹੋ ਜਾਣਾ ਦੱਸਿਆ ਹੈ। ਗੁਰੂ ਅਰਜਨ ਦੇ ਦੋ-ਦੋ ਸਤਰਾਂ ਦੇ ਸਲੋਕ ਹਨ ਜੋ ਆਮ ਤੌਰ ਤੇ 6 ਸਤਰਾਂ ਵੀ ਵੇਖਣ ਵਿਚ ਆਉਂਦੀਆਂ ਹਨ। ਗੁਰੂ ਸਾਹਿਬ ਨੇ ਇਨ੍ਹਾਂ ਸਲੋਕਾਂ ਵਿਚ ਪਵਿੱਤਰ ਪਿਆਰ ਤੇ ਜ਼ੋਰ ਦਿੱਤਾ ਹੈ ਜੋ ਪ੍ਰਭੂ-ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ, ਜੋ ਵਾਧ-ਘਾਟ ਤੋਂ ਉੱਚਾ, ਇਕੋ

ਰਸ ਦਾ ਲਖਲਾਇਕ ਹੈ। ਨਾਮ ਦਾ ਨਿਵਾਸ ਜਦ ਸਾਧਕ ਦੇ ਧੁਰ ਅੰਦਰ ਹੋ ਜਾਂਦਾ ਹੈ ਤਾਂ ਪਰਮਸਤਿ ਵਲੋਂ ਸ਼ਬਦਾਂ ਦੇ ਅਖੁਟ-ਭੰਡਾਰ ਨਾਲ ਮਾਲੋ-ਮਾਲ ਹੋ ਜਾਂਦਾ ਹੈ। ਗੁਰੂ ਦੇ ਸ਼ਬਦਾਂ ਨਾਲ ਹੀ ਪੰਜ ਦੁਸ਼ਮਣਾਂ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪੂਰਵ ਅੰਕਤ, ਅੰਕ 172
   "ਉਹ ਸਲੋਕ, ਜੋ ਵਾਰਾਂ ਵਿਚ ਪਉੜੀਆਂ ਦਾ ਸਿਲਸਿਲਾ ਲਾਉਣ ਸਮੇਂ ਵਾਧੂ ਰਹਿ ਗਏ, ਜਿਨ੍ਹਾਂ ਦੀ ਗਿਣਤੀ ੧੫੨ ਹੈ, ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ, ਮੁੰਦਾਵਣੀ ਤੋਂ ਪਹਿਲਾਂ ਦਰਜ ਕੀਤੇ, ਦਸਮੇਸ਼ ਜੀ ਨੇ ਦਮਦਮੇ ਸਾਹਿਬ ਨਵੀਂ ਬੀੜ ਰਚਨ ਸਮੇਂ ਵਾਰਾਂ ਤੋਂ ਵਧੀਕ ਸਲੋਕਾਂ ਅਤੇ ਮੁੰਦਾਵਣੀ ਮੱਧ ਨੌਮੇਂ ਸਤਿਗੁਰੂ ਜੀ ਦੇ ਸਲੋਕ ਲਿਖਵਾਏ।"
2. ਲਾਹੌਰ ਸਹਰੁ ਅੰਮ੍ਰਿਤਸਰ-ਸਿਫ਼ਤੀ ਦਾ ਘਰੁ ॥
   —ਸਲੋਕ ੧, ੨੭: ੧ (ਅੰਕ 1412)
3. ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥
   ਸਲੋਕ ੧:੨੭:੧ (1412)
4. ਜੋਗਿੰਦਰ ਸਿੰਘ ਤਲਵਾੜ (ਸੰ.), **ਸ੍ਰੀ ਗੁਰੂ ਗ੍ਰੰਥ ਬੋਧ (ਭਾਗ ੧) ਬਾਣੀ ਬਿਉਰਾ**, ਅੰਮ੍ਰਿਤਸਰ, ਛਾਪ 1997, ਅੰਕ 100

# ਸਵਈਏ ਭਟਾਂ ਕੇ

ਗੁਰੂ ਗ੍ਰੰਥ ਸਾਹਿਬ ਵਿਚ 'ਸਵਈਏ ਭਟਾਂ ਕੇ' ਨਿਮਨ ਲਿਖਤ ਸਿਰਲੇਖ ਹੇਠ ਬਾਣੀ ਦਰਜ ਹੈ ਜਿਸ ਵਿਚ 123 ਸਵੈਯੇ ਅੰਕਿਤ ਹਨ ਜੋ ਅੰਕ 1389 ਤੋਂ ਲੈ ਕੇ 1409 ਤੱਕ ਦਰਜ ਹਨ। ਸਵਈਏ ਮਹਲੇ ਪਹਿਲੇ ਕੇ ੧ (ਅੰਕ 1389) ਸਵਈਏ ਮਹਲੇ ਦੂਜੇ ਕੇ ੨ (ਅੰਕ 1391) ਸਵਈਏ ਮਹਲੇ ਤੀਜੇ ਕੇ ੩ (ਅੰਕ 1392) ਸਵਈਏ ਮਹਲੇ ਚਉਥੇ ਕੇ ੪ (ਅੰਕ 1396) ਅਤੇ ਸਵਈਏ ਮਹਲੇ ਪੰਜਵੇ ਕੇ ੫ (ਅੰਕ 1406–1409)।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਭੱਟ' ਸ਼ਬਦ ਦੇ ਕੋਸ਼ਗਤ ਅਰਥ ਹਨ, ਜਸ ਗਾਉਣੇ[1] ਜਾਂ ਕਿਸੇ ਦੀ ਸ਼ੋਭਾ ਵਿਚ ਗਾਇਨ ਕਰਕੇ ਆਪਣੀ ਜੀਵਕਾ ਕਮਾਉਣ ਵਾਲਾ ਲਿਖਿਆ ਹੈ। ਕਈ ਚਿੰਤਕਾਂ ਨੇ ਇਨ੍ਹਾਂ ਦੇ ਖਾਨਦਾਨ ਦਾ ਕੁਰਸੀਨਾਮਾ[2] ਵੀ ਦਿੱਤਾ ਹੈ। ਡਾ. ਰਤਨ ਸਿੰਘ ਜੱਗੀ ਨੇ ਭੱਟਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਲਿਖਿਆ ਹੈ, ਇਹ ਆਪਣੇ ਆਪ ਨੂੰ ਕੋਸ਼ਸ਼ ਰਿਸ਼ੀ ਦੀ ਸੰਤਾਨ ਮੰਨਦੇ ਹਨ ਅਤੇ ਸਰਸੁਤ (ਸਰਸ੍ਵਤੀ) ਨਦੀ ਕੇ ਕੰਢੇ ਵਸੇ ਹੋਣ ਕਾਰਨ ਸਾਰਸੁਤ (ਸਾਰਸ੍ਵਤ) ਬ੍ਰਾਹਮਣ ਅਖਵਾਉਂਦੇ ਹਨ। ਇਹ ਲੋਕ ਕੁਲ-ਪਰੰਪਰਾ ਤੋਂ ਰਾਜਿਆਂ ਅਥਵਾ ਕੁਲੀਨ ਪੁਰਸ਼ਾਂ ਦੀ ਉਸਤਤ ਕਰਦੇ ਸਨ ਅਤੇ ਉਨ੍ਹਾਂ ਦੇ ਖਾਨਦਾਨਾਂ ਦੀਆਂ ਇਤਿਹਾਸਿਕ ਘਟਨਾਵਾਂ ਨੂੰ 'ਭੱਟਛਰੀ' ਲਿੱਪੀ ਵਿਚ ਲਿਖੀਆਂ ਵਹੀਆਂ ਵਿਚ ਸੰਭਾਲੀ ਰਖਦੇ ਸਨ। ਇਨ੍ਹਾਂ ਦੇ ਕਿਤਨੇ ਹੀ ਖ਼ਾਨਦਾਨ ਹੁਣ ਵੀ ਜੀਂਦ ਅਤੇ ਪਹੇਵੇ ਦੇ ਵਿਚਾਲੇ ਇਲਾਕੇ ਵਿਚ ਵਸਦੇ ਹਨ ਅਤੇ ਕੁੱਝ ਖਾਨਦਾਨ ਨਿਖਣ ਕੇ ਜਮਨਾ ਪਾਰ ਉਤਰ-ਪ੍ਰਦੇਸ਼ ਦੀ ਪੱਛਮੀ ਸੀਮਾ ਦੇ ਨੇੜੇ ਜਾ ਵਸੇ ਹਨ।......ਇਹ ਸਾਰੇ (ਭੱਟ) ਘੁੰਮਕੜ ਰੁਚੀ ਵਾਲੇ ਆਤਮ-ਆਨੰਦ ਦੇ ਜਿਗਿਆਸੂ ਸਨ। ਅਨੇਕ ਸਥਾਨਾਂ ਅਤੇ ਸਾਧਾਂ-ਸੰਤਾਂ ਪਾਸ ਜਾਣ 'ਤੇ ਵੀ ਇਨ੍ਹਾਂ ਦੀ ਜਿਗਿਆਸਾ ਸ਼ਾਂਤ ਨਹੀਂ ਹੋਈ ਸੀ।.....ਹਾਰ ਹੁਟ ਕੇ ਉਹ ਗੁਰੂ ਅਰਜਨ ਦੇਵ ਦੀ ਸ਼ਰਨ ਵਿਚ ਪਹੁੰਚੇ। ਉਥੇ ਉਨ੍ਹਾਂ ਦੀ ਅਧਿਆਤਮਿਕ ਜਿਗਿਆਸਾ ਸਮਾਪਤ ਹੋਈ।....ਇਹ ਭੱਟ, ਅਨੁਮਾਨ ਹੈ, ਸੰਨ 1581 ਈ: ਵਿਚ ਭੱਟ ਕਲਸਹਾਰ ਦੀ ਅਗਵਾਈ ਵਿਚ ਇਕੱਠੇ ਹੋਕੇ ਗੁਰੂ ਅਰਜਨ ਦੇਵ ਦੇ ਗੁਰੂ-ਗੱਦੀ ਉੱਤੇ ਬੈਠਣ ਦੇ ਅਵਸਰ ਉੱਤੇ ਗੋਇੰਦਵਾਲ ਆਏ ਸਨ। ਇਨ੍ਹਾਂ ਭੱਟਾਂ ਦੀ ਗਿਣਤੀ ਗਿਆਰ੍ਹਾਂ ਮੰਨੀ ਜਾਂਦੀ ਹੈ।[3]

ਇਨ੍ਹਾਂ ਭਟਾਂ ਨੇ ਜੋ ਸਵੱਯੇ ਸਿਰਲੇਖ ਅਧੀਨ ਬਾਣੀ ਦਰਜ ਕੀਤੀ ਹੈ, ਉਸ ਦੀ ਕੁੱਲ ਸੰਖਿਆ 123 ਹੈ, ਜੋ ਅੱਗੇ ਲਿਖੀ ਸਾਰਨੀ ਤੋਂ ਸਪਸ਼ਟ ਹੋ ਜਾਂਦੀ ਹੈ।

ਇਨ੍ਹਾਂ ਉਪਰ ਜ਼ਿਕਰਯੋਗ ਸਵਈਆਂ ਦਾ ਮੁੱਖ ਵਿਸ਼ਾ ਪਰਮਸਤਿ ਦੀ ਉਸਤਿਤ ਦੇ ਰੂਬਰੂ ਗੁਰੂ ਸਾਹਿਬਾਨ ਦੀ ਸਿਫ਼ਤ-ਸਾਲਾਹ ਰਾਹੀਂ ਪ੍ਰਭੂ-ਪ੍ਰਮਾਤਮਾ ਦੀ ਮਹਿਮਾ ਦਾ ਗੁਣ-ਗਾਨ ਕਰਨਾ ਹੈ। ਉੱਪਰ ਵਰਨਣ 'ਸਾਰਨੀ' ਤੋਂ ਇਹ ਧਾਰਨਾ ਸਪਸ਼ਟ ਹੁੰਦੀ ਹੈ ਕਿ ਭੱਟਾਂ ਨੇ ਸਭ ਤੋਂ ਵੱਧ ਸਵੱਯੇ ਚੌਥੇ ਗੁਰੂ, ਗੁਰੂ ਰਾਮਦਾਸ ਬਾਰੇ ਉਚਾਰਨ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਨੇ ਇਨ੍ਹਾਂ ਭੱਟਾਂ ਬਾਰੇ ਇਤਿਹਾਸਕ[5] ਵਿਵਰਣ ਵੀ ਦਿੱਤਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਭੱਟਾਂ ਨੇ ਜੋ ਸਵੱਯੇ ਲਿਖੇ ਉਨ੍ਹਾਂ ਦਾ ਵਜ਼ਨ ਇਕ ਨਹੀਂ, ਕਈ ਪ੍ਰਕਾਰ ਦੇ ਛੰਦਾਂ ਦਾ ਪ੍ਰਯੋਗ ਹੈ ਪਰੰਤੂ ਨਾਮ ਸਵੱਯਾ ਹੀ ਦਿੱਤਾ ਗਿਆ ਹੈ। ਇਉਂ ਜਾਪਦਾ ਹੈ ਕਿ ਜਿਵੇਂ ਸਲੋਕ ਕਿਸੇ ਉਤਮ ਬਚਨ

| ਨੰ: | ਸਵੱਯਾਕਾਰ ਦਾ ਨਾਮ | ਮਹਲੇ ਪਹਿਲੇ ਕੇ | ਮਹਲੇ ਦੂਜੇ ਕੇ | ਮਹਲੇ ਤੀਜੇ ਕੇ | ਮਹਲੇ ਚੌਥੇ ਕੇ | ਮਹਲੇ ਪੰਜਵੇਂ ਕੇ | ਕੁੱਲ ਜੋੜ |
|---|---|---|---|---|---|---|---|
| 1. | ਕਲੱਸਹਾਰ | 10 | 10 | 9 | 13 | 12 | 54 |
| 2. | ਜਾਲਪ | — | — | 5 | — | — | 05 |
| 3. | ਕੀਰਤ | — | — | 4 | 4 | — | 08 |
| 4. | ਭਿੱਖਾ | — | — | 2 | — | — | 02 |
| 5. | ਸਲ੍ਹ | — | — | 1 | 2 | — | 03 |
| 6. | ਭਲ੍ਹ | — | — | 1 | — | — | 01 |
| 7. | ਨਲ੍ਹ | — | — | — | 16 | — | 16 |
| 8. | ਗਯੰਦ | — | — | — | 13 | — | 13 |
| 9. | ਮਥੁਰਾ | — | — | — | 7 | 7 | 14 |
| 10. | ਬਲ੍ਹ | — | — | — | 5 | — | 05 |
| 11. | ਹਰਿਬੰਸ | — | — | — | — | 02 | 02 |
| | | 10 | 10 | 22 | 60 | 21 | 123[4] |

ਨੂੰ ਕਹਿ ਦਿੱਤਾ ਜਾਂਦਾ ਸੀ ਤਿਵੇਂ ਉਸਤਤਿ-ਗੀਤ 'ਸਵੈਯੇ' ਕਹਿਲਾਉਂਦੇ ਹਨ, ਇਸ ਕਰਕੇ ਭੱਟਾਂ ਵਲੋਂ ਗਾਈ ਗਈ ਸਾਰੀ ਮਹਿਮਾ ਇਸੇ ਸਿਰਲੇਖ ਹੇਠ ਅੰਕਿਤ ਹੈ।[6]


ਗੁਰੂ ਨਾਨਕ ਦੇ ਦਸ ਸਵਈਆਂ ਵਿਚੋਂ ਪੰਜ 4-4 ਤੁਕਾਂ ਦੇ ਹਨ ਅਤੇ ਪੰਜ 6-6 ਤੁਕਾਂ ਦੇ ਹਨ। ਗੁਰੂ ਅੰਗਦ ਸੰਬੰਧੀ ਲਿਖੇ 22 ਸਵਈਆਂ ਵਿਚੋਂ ਸੱਤ 4-4 ਤੁਕਾਂ ਦੇ, ਤੇਰਾਂ 6-6 ਤੁਕਾਂ ਦੇ, ਇਕ 7 ਤੁਕਾਂ ਦਾ ਅਤੇ ਇੱਕ 8 ਤੁਕਾਂ ਦਾ ਹੈ। ਇਸੇ ਤਰ੍ਹਾਂ ਗੁਰੂ ਰਾਮਦਾਸ ਸੰਬੰਧੀ ਉਚਾਰੇ 60 ਸਵਈਆਂ ਵਿਚੋਂ ਬਾਈ 4-4 ਤੁਕਾਂ ਦੇ, ਉੱਨ੍ਹੀਂ 5-5 ਤੁਕਾਂ ਦੇ, ਸੋਲਾਂ 6-6 ਤੁਕਾਂ ਦੇ, ਇੱਕ 8 ਤੁਕਾਂ ਦਾ, ਇਕ 13 ਤੁਕਾਂ ਦਾ ਅਤੇ ਇਕ 18 ਤੁਕਾਂ ਦਾ ਹੈ। ਗੁਰੂ ਅਰਜਨ ਬਾਰੇ ਉਚਾਰੇ ਕੁੱਲ 21 ਸਵੱਯੇ ਹਨ। ਇਨ੍ਹਾਂ ਵਿਚੋਂ ਨੌਵੇਂ ਤੋਂ ਬਾਅਦ 'ਸੋਰਠੇ' ਛੰਦ ਹੈ ਜਿਸਦੇ ਤਿੰਨ ਪਦੇ ਹਨ। ਬਾਕੀਆਂ ਵਿਚੋਂ ਨੌਂ 8 ਤੁਕਾਂ ਦੇ, ਅੱਠ 6 ਤੁਕਾਂ ਦੇ ਅਤੇ ਇੱਕ 12 ਤੁਕਾਂ ਦਾ ਹੈ। ਸੋਰਠਾ 'ਸਵੱਯਾ' ਦੇ ਜ਼ੁਮਰੇ ਵਿਚ ਨਹੀਂ ਆਉਂਦਾ।

ਗੁਰੂ ਗ੍ਰੰਥ ਸਾਹਿਬ ਵਿਚ 143 ਸਵਈਐ ਹਨ ਜਿਨ੍ਹਾਂ ਵਿਚੋਂ ਕੇਵਲ 12 ਸਵੱਯੇ ਭੱਟਾਂ ਦੀ ਰਚਨਾ ਵਿਚ ਸ਼ਾਮਲ ਹਨ। ਡਾ. ਰਤਨ ਸਿੰਘ ਜੱਗੀ ਭੱਟਾਂ ਤੇ ਵਿਸਥਾਰ ਨਾਲ ਚਾਨਣਾ ਪਾਉਂਦੇ ਲਿਖਦੇ ਹਨ ਕਿ ਇਨ੍ਹਾਂ ਸਵੈਇਆਂ ਵਿਚ ਗੁਰੂ ਸਾਹਿਬਾਨ ਦਾ ਯਸ਼, ਅਵਤਾਰਵਾਦੀ ਬਿਰਤੀ ਅਧੀਨ ਗਾਇਆ ਗਿਆ ਹੈ ਕਿਉਂਕਿ ਭੱਟ ਕਵੀਆਂ ਦੇ ਸੰਸਕਾਰ ਇਸੇ ਪਰੰਪਰਾ ਦੇ ਸਨ। ਇਨ੍ਹਾਂ ਨੂੰ ਪੁਰਾਤਨ ਇਤਿਹਾਸ, ਪੌਰਾਣਿਕ ਸੰਦਰਭਾਂ, ਅਧਿਆਤਮਿਕ ਪਰੰਪਰਾਵਾਂ ਅਤੇ ਭਾਸ਼ਾਈ ਸਰੂਪਾਂ ਦਾ ਬੜਾ ਗਿਆਨ ਸੀ ਅਤੇ ਕਾਵਿ-ਰਸ ਦੀਆਂ ਸੂਖਮਤਾਵਾਂ ਨੂੰ ਵੀ ਜਾਣਦੇ ਸਨ। ਉਸਤਤਮਈ ਕਾਵਿ ਰਚਣ ਦੀ ਕੁਲ-ਪਰੰਪਰਾ ਤੋਂ ਵਿਕਸਿਤ ਹੋਈ ਸ਼ੈਲੀ ਵਿਚ ਹੀ ਇਨ੍ਹਾਂ ਨੇ ਗੁਰੂ-ਯਸ਼ ਗਾਇਆ ਹੈ ਅਤੇ ਕਾਵਿ-ਕਰਮ ਲਈ ਸ਼ਬਦਾਂ ਅਲੰਕਾਰਾਂ ਦੀ ਵਰਤੋਂ, ਕੱਥ ਅਨੁਰੂਪ ਸ਼ਬਦ-ਚੋਣ, ਤੁਕਾਂਤ-ਮੇਲ, ਅਤਿਕਥਨੀ ਪੂਰਣ ਅਲੰਕਾਰ-ਵਿਧਾਨ, ਸ਼ਬਦ-ਵਾਕਾਸ਼ਾਂ ਦੀ ਪੁਨਰਾਵ੍ਰਿਤੀ ਆਦਿ ਜੁਗਤਾਂ ਦਾ ਸਹਾਰਾ ਲਿਆ ਹੈ। ਇਸ ਪ੍ਰਸ਼ੰਸਾ ਤੋਂ ਗੁਰੂ ਸਾਹਿਬਾਨ ਬਾਰੇ ਉਸ ਵਕਤ ਦੇ ਸਮਾਜ ਵਿਚ ਬਣ ਚੁੱਕੇ ਬਿੰਬ ਦਾ ਅਹਿਸਾਸ

ਜ਼ਰੂਰ ਹੁੰਦਾ ਹੈ। ਇਨ੍ਹਾਂ ਉਤੇ ਚਰਣਾਂ ਤੋਂ ਲੈ ਕੇ ਵਰਣਾਂ ਤਕ ਸਵੈਯੇ ਦੇ ਲੱਛਣ ਲਾਗੂ ਕਰ ਸਕਣੇ ਸਰਲ ਨਹੀਂ।[7]

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰੂ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 904**
2. **ਖੋਜ ਪਤ੍ਰਿਕਾ-ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ 238**




3. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 169-170**
4. **ਡਾ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਦਸਵੀਂ), ਰਾਜ ਪਬਲਿਸ਼ਰਜ਼, ਜਲੰਧਰ, ਮਿਤੀ ਹੀਣ, ਅੰਕ 570**
5. **ਪੂਰਵ ਅੰਕਤ, ਅੰਕ 425**
   "ਗੁਰੂ ਰਾਮਦਾਸ ਜੀ ਨੇ ਦੇਹਾਂਤ ਨੇੜੇ ਜਾਣ ਕੇ ਗੁਰਿਆਈ ਦੀ ਜ਼ਿਮੇਵਾਰੀ ਗੁਰੂ ਅਰਜਨ ਸਾਹਿਬ ਜੀ ਨੂੰ ਸੌਂਪੀ ਅਤੇ ਆਪ ਸ੍ਰੀ ਰਾਮਦਾਸਪੁਰੇ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਇੱਥੇ ਹੀ ਆਪ ਅਗਸਤ 1581 ਈ: ਵਿਚ ਜੋਤੀ-ਜੋਤਿ ਸਮਾਏ। ਦਸਤਾਰਬੰਦੀ ਦੀ ਰਸਮ ਵੇਲੇ ਦੂਰੋਂ-ਦੂਰੋਂ ਸਿੱਖ ਸੰਗਤਾਂ ਗੁਰੂ ਅਰਜਨ ਸਾਹਿਬ ਦੇ ਦੀਦਾਰ ਨੂੰ ਆਈਆਂ। ਉਨ੍ਹੀਂ ਹੀ ਦਿਨੀਂ ਭੱਟ ਵੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਦੀਦਾਰ ਦੀ ਬਰਕਤਿ ਨਾਲ ਚਿੱਤ ਗੁਰੂ ਦੀ ਸਿਫ਼ਤਿ ਕਰਨ ਦੇ ਉਮਾਹ ਵਿਚ ਆਇਆ ਅਤੇ ਗੁਰੂ ਉਪਮਾ ਵਿਚ ਉਨ੍ਹਾਂ ਇਹ 'ਸਵੱਯੇ' ਉਚਾਰੇ ਜਿਨ੍ਹਾਂ ਨੂੰ ਸਮੇਂ ਸਿਰ ਗੁਰੂ ਅਰਜਨ ਸਾਹਿਬ ਜੀ ਨੇ 'ਸ੍ਰੀ ਮੁਖਵਾਕੁ' ਸਵਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਹ ਸਾਖੀ ਇਨ੍ਹਾਂ ਭੱਟਾਂ ਦੀ ਬਾਣੀ ਵਿਚੋਂ ਹੀ ਮਿਲ ਜਾਂਦੀ ਹੈ। ਪੱਟ 'ਨਲ੍ਹ' ਗੋਇੰਦਵਾਲ ਦੀ ਉਸਤਿਤ ਕਰਦਾ

ਹੈ ਅਤੇ ਭੱਟ 'ਹਰਿਬੰਸ' ਗੁਰੂ ਰਾਮਦਾਸ ਜੀ ਦੇ ਦੇਵ-ਪੁਰੀ ਵਿਚ ਜਾਣ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਸਿਰ ਗੁਰਿਆਈ ਦਾ ਛਤਰ ਝੱਲਣ ਦਾ ਜ਼ਿਕਰ ਕਰਦਾ ਹੈ। ਕਲੱਸਹਾਰ ਇਨ੍ਹਾਂ ਭੱਟਾਂ ਦਾ ਜੱਥੇਦਾਰ ਸੀ, ਇਹ ਸਾਰੇ ਰਲ ਕੇ ਹੀ ਸ੍ਰੀ ਗੁਰੂ ਅਰਜਨ ਸਾਹਿਬ ਦੇ ਦੀਦਾਰ ਨੂੰ ਆਏ ਸਨ। ਸਵਈਆ ਵਿਚ ਕੇਵਲ 'ਗੁਰੂ' ਦੀ ਵਡਿਆਈ ਕੀਤੀ ਗਈ ਹੈ। 'ਗੁਰੂ' ਦੀ ਉਪਮਾ ਕਰਨ ਲੱਗਿਆਂ 'ਗੁਰੂ ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ ਜੋ ਇਨ੍ਹਾਂ ਨੇ ਗੁਰੁ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤੱਕ ਹਰੇਕ 'ਗੁਰ ਮਹਲੇ' ਦੀ ਸਿਫ਼ਤਿ ਉਚਾਰੀ ਹੈ।"

6. ਪ੍ਰੋ. ਪਿਆਰਾ ਸਿੰਘ ਪਦਮ, **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਕਲਮ ਮੰਦਰ, ਲੋਅਰ ਮਾਲ, ਪਟਿਆਲਾ, 1977, ਅੰਕ 285
7. **ਗੁਰੂ ਗ੍ਰੰਥ ਵਿਸ਼ਵਕੋਸ਼**, ਪੂਰਵ ਅੰਕਤ, ਅੰਕ 171

# ਸਵੈਯੇ ਸ੍ਰੀ ਮੁਖ ਬਾਕ੍ਹ

ਰਾਗ ਮੁਕਤ ਬਾਣੀ ਵਿਚ ਗੁਰੂ ਅਰਜਨ ਸਾਹਿਬ ਦੇ 20 ਸਵੈਯੇ ਅੰਕ 1385-89 ਤੇ ਅੰਕਿਤ ਹਨ। ਪਹਿਲੇ ਦੋ ਸਵੈਯੇ 5-5 ਤੁਕਾਂ ਦੇ, ਛੇ ਸਵੈਯੇ 6 ਤੁਕਾਂ ਦੇ ਅਤੇ ਇਕ ਸਵੈਯਾ 8 ਤੁਕਾਂ ਦਾ ਹੈ। ਇਨ੍ਹਾਂ ਨੌਂ ਸਵੈਇਆਂ ਵਿਚ ਗੁਰੂ ਅਰਜਨ ਜੀ ਨੇ ਅਕਾਲ ਪੁਰਖ ਦੇ ਗੁਣ, ਸਰੂਪ ਅਤੇ ਸਮਰਥਾ ਉਤੇ ਪ੍ਰਦੀਪਤੀ-ਪ੍ਰਕਾਸ਼ ਪਾਇਆ ਹੈ। ਬਾਕੀ ਯਾਰਾਂ ਸਵੈਇਆਂ ਵਿਚੋਂ ਦੋ ਸਵੈਯੇ 4-4 ਤੁਕਾਂ ਦੇ, ਛੇ 6-6 ਤੁਕਾਂ ਦੇ, ਇੱਕ 7 ਤੁਕਾਂ ਦਾ ਅਤੇ ਦੋ ਸਵੈਯੇ 8-8 ਤੁਕਾਂ ਦੇ ਹਨ।

ਸਵਈਏ ਸ੍ਰੀ ਮੁਖ ਬਾਕ ਮਹਲਾ ੫ ॥ ਸਿਰਲੇਖ ਦੋ ਵਾਰ ਵਰਤਿਆ ਗਿਆ ਹੈ। ਇਨ੍ਹਾਂ ਦੀ ਕੁਲ ਸੰਖਿਆ, ਜਿਵੇਂ ਉਪਰ ਦੱਸਿਆ ਹੈ, 20 ਹੈ। ਪਹਿਲੇ ਸਿਰਲੇਖ ਅਧੀਨ 9 ਸਵੈਯੇ ਅਤੇ ਦੂਜੇ ਅਧੀਨ 11 ਸਵੈਯੇ ਦਰਜ ਹਨ। ਆਮ ਤੌਰ ਤੇ ਸਵੈਯਾ ਚਾਰ ਤੁਕਾਂ ਵਾਲਾ ਛੰਦ ਹੈ ਪਰ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਛੇ ਤੁਕਾਂ ਵੀ ਬਣਾ ਕੇ ਲਿਖਿਆ ਹੈ ਤੇ ਕੁੱਝ ਸਵੱਈਆਂ ਵਿੱਚ ਕਬਿੱਤ ਵਾਲਾ ਵਜ਼ਨ ਵੀ ਵਰਤਿਆ ਹੈ।[1]

ਇਹ ਬਾਣੀ ਅਨੂਪਮ ਤੇ ਸ਼੍ਰੇਸ਼ਠ ਕਾਵਿ ਸਿਫ਼ਤਾਂ ਦੇ ਰੂਬਰੂ ਸਿਖਰੀ ਕਲਾਤਮਕ ਛੁਹਾਂ ਤੇ ਉਤਕ੍ਰਿਸ਼ਟ ਪ੍ਰਾਪਤੀਆਂ ਦੀ ਧਾਰਨੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਸਾਰੇ ਸਵੈਇਆਂ ਵਿਚ ਅਕਾਲਪੁਰਖ ਦੇ ਗੁਣ, ਸਰੂਪ ਅਤੇ ਸਮਰਥਾ ਉੱਤੇ ਰੌਸ਼ਨੀ ਪਾਈ ਹੈ। ਜਗਿਆਸੂ ਨੂੰ ਅਲਪਗਤਾ, ਮਾਇਆ ਤੋਂ ਨਿਰਲੇਖਤਾ, ਆਵਾਗਵਣ ਤੋਂ ਪੂਰਨ ਮੁਕਤੀ, ਸੰਸਾਰਿਕ ਵਸਤੂਆਂ ਤੋਂ ਨਿਰਲੇਪ ਰਹਿਣ ਦੀ ਤਾਕੀਦ ਕੀਤੀ ਹੈ ਅਤੇ ਅਕਾਲਪੁਰਖ ਦੀ ਸੱਚੀ ਦਰਗਾਹ ਵਿਚ ਪ੍ਰਵਾਨ ਚੜ੍ਹਨ ਦਾ ਨੁਕਤਾ ਦਸਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੂਰਵ ਅੰਕਤ, ਅੰਕ 284-285

# ਸਵੈਯਾ

ਗੁਰੂ ਗ੍ਰੰਥ ਸਾਹਿਬ ਵਿਚ 'ਸਵੈਯਾ' ਦੀ ਵਰਤੋਂ ਰਾਗ-ਮੁਕਤ ਬਾਣੀਆਂ ਜਿਵੇਂ ਸਵਯੇ ਸ੍ਰੀ ਮੁਖ ਬਾਕ੍ਯ ਮਹਲਾ ੫ ਅਤੇ ਸਵਈਏ ਭਟਾਂ ਕੇ, ਵਿਚ ਹੋਈ ਹੈ। ਸਵੈਯਾ ਇੱਕ ਛੰਦ ਹੈ ਜਿਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਇਹ ਚਾਰ ਚਰਣ ਦਾ ਸਰਵਪ੍ਰਿਯ ਛੰਦ ਅਨੇਕ ਨਾਮਾਂ ਦਾ ਦੇਖੀਦਾ ਹੈ, ਜਿਸ ਦੇ ਮੁੱਖ ਦੋ ਭੇਦ ਹਨ—ਮਾਤ੍ਰਿਕ ਅਤੇ ਵਰਣਿਕ। ਮਾਤ੍ਰਿਕ ਸਵੈਯੇ ਦੇ ਚਾਰੇ ਚਰਣਾਂ ਦਾ ਪਦਾਂਤ ਅਨੁਪ੍ਰਾਸ ਮਿਲੇ, ਤਦ ਉੱਤਮ ਹੈ, ਨਹੀਂ ਤਾਂ ਦੋ ਚਰਣਾਂ ਦਾ ਜ਼ਰੂਰ ਮਿਲਣਾ ਚਾਹੀਏ, ਵਰਣਿਕ ਸਵੈਯੇ ਦੇ ਚਾਰੇ ਚਰਣਾਂ ਦਾ ਅੰਤਯਾਨੁਪ੍ਰਾਸ ਸਮਾਨ ਹੋਣਾ ਕਵੀਆਂ ਨੇ ਵਿਧਾਨ ਕੀਤਾ ਹੈ।[1]

ਸਵੈਯੇ ਅਨੇਕ ਕਾਵਿ-ਰੂਪਾਂ ਵਿਚ ਮਿਲਦੇ ਹਨ। 'ਮਹਾਨਕੋਸ਼' ਦਾ ਕਰਤਾ ਇਨ੍ਹਾਂ ਦੀ ਗਿਣਤੀ 34[2] ਦੱਸੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਸਵੈਯਾ ਛੰਦ' ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ ਪਰ ਮਾਤ੍ਰਿਕ ਅਤੇ ਵਰਣਿਕ ਦੋਵੇਂ ਕਿਸਮ ਦੇ ਸਵੈਯੇ ਦ੍ਰਿਸ਼ਟੀਮਾਨ ਹੁੰਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਮਹਾਨ ਕੋਸ਼, ਪੂਰਵ ਅੰਕਤ, ਅੰਕ 173
2. ਬੀਰ, ਬਾਣ, ਸੌਮਯ, ਦੰਡਕਲਾ (ਨਿਸਾਕਰ), ਮਲਿੰਦ, ਸਮਾਨ, ਦੁਮਿਲਾ, ਲਲਿਤ, ਮਦਿਰਾ, ਮੱਤਗਯੰਦ, ਚਕੋਰ, ਅਰਸਾਤ, ਰਮਯ, ਕਿਰੀਟ, ਦੁਮਿੱਲ, ਸੁੰਦਰੀ (ਸੁਖਦਾਨੀ, ਮਨਮੋਦਕ, ਮੱਲੀ), ਰਤਨ-ਮਾਲਿਕਾ (ਅਰਬਿੰਦ), ਕੁੰਦਲਤਾ (ਸਾਵਨ, ਸੁਖ, ਹਾਰ), ਸੁਰਧੁਨਿ, ਮਨੋਜ, ਮਣਿਧਰ, ਰੰਗਧਰ, ਉਟੰਕਣ; ਸੁੰਦਰਿ, ਵਾਮ (ਮਕਰੰਦ, ਮਾਧਵੀ, ਮੰਜਰੀ), ਮੱਤਾਕ੍ਰੀੜਾ, ਆਭਾਰ, ਸੁਮੁਖੀ (ਮੱਲਿਕਾ, ਮਾਲਿਨੀ), ਕ੍ਰੌਂਚ, ਝੂਲਨਾ, ਮੁਕ੍ਹਰਾ, ਲਵੰਗਜਲਤਾ, ਸਰਵਗਾਮੀ ਅਤੇ ਸਾਰਦਾ।

# ਸਾਰੰਗ

ਗੁਰੂ ਗ੍ਰੰਥ ਸਾਹਿਬ ਵਿਚ 26ਵੇਂ ਸਥਾਨ ਤੇ ਅੰਕਿਤ 'ਸਾਰੰਗ' ਇਕ ਪੁਰਾਤਨ ਪ੍ਰਸਿੱਧ ਰਾਗ ਹੈ ਜੋ ਬੜਾ ਲੋਕਪ੍ਰਿਯ ਹੈ। ਇਸ ਰਾਗ ਦੀ ਝਲਕ ਲੋਕਗੀਤਾਂ ਦੀ ਆਰਸੀ ਵਿਚ ਵੀ ਲੱਭ ਪੈਂਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 1197 ਤੋਂ ਲੈ ਕੇ 1253 ਤੱਕ ਇਸ ਰਾਗ ਦੀ ਬਾਣੀ ਦਰਜ ਹੈ। ਇਸ ਦੇ ਗਾਉਣ ਦਾ ਸਮਾਂ ਦੁਪਹਿਰ ਦਾ ਤੀਜਾ ਪਹਿਰ ਹੈ।

ਇਹ ਰਾਗ, ਜੋ ਕਾਫ਼ੀ ਠਾਟ ਦਾ ਔੜਵ ਸਾੜਵ ਹੈ, ਇਸ ਨੂੰ ਨਿਸ਼ਾਦ ਸ਼ੁੱਧ ਅਤੇ ਕੋਮਲ ਦੋਵੇਂ ਲਗਦੇ ਹਨ, ਬਾਕੀ ਸਾਰੇ ਸ਼ੁੱਧ ਸੁਰ ਹਨ, ਸਾਰੰਗ ਵਿਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ, ਆਰੋਹੀ ਵਿਚ ਧੈਵਤ ਵਰਜਿਤ ਹੈ, ਅਵਰੋਹੀ ਵਿਚ ਵੀ ਦੁਰਬਲ ਹੋਕੇ ਲਗਦਾ ਹੈ:

| | | | | | | | |
|---|---|---|---|---|---|---|---|
| ਆਰੋਹੀ— | ਸ | ਰ | ਮ | ਪ | ਨ | ਸ | |
| ਅਵਰੋਹੀ— | ਸ | ਧ | ਨਾ | ਪ | ਮ | ਰ | ਸ |

ਇਸ ਰਾਗ ਦੇ ਕਈ ਭੇਦ ਹਨ, ਉੱਪਰ ਲਿਖਿਆ ਸ਼ੁੱਧ ਸਾਰੰਗ ਹੈ।[1] 'ਰਾਗਮਾਲਾ' ਵਿਚ ਇਸ ਨੂੰ ਸਿਰੀਰਾਗ ਦਾ ਪੁੱਤਰ ਮੰਨਿਆ ਗਿਆ ਹੈ। ਸੰਗੀਤ ਪਰੰਪਰਾ ਵਿਚ ਇਹ ਕਾਫ਼ੀ ਸਮੇਂ ਤੋਂ ਬੜਾ ਹਰਮਨ ਪਿਆਰਾ ਰਿਹਾ ਹੈ।

ਇਸ ਰਾਗ ਵਿਚ ਕੁੱਲ 159 ਚਉਪਦੇ ਹਨ ਜਿਨ੍ਹਾਂ ਵਿਚੋਂ ਤਿੰਨ ਗੁਰੂ ਨਾਨਕ (ਅੰਕ 1197-98) ਦੇ ਅਤੇ ਦੋ ਅਸ਼ਟਪਦੀਆਂ (ਅੰਕ 1232-33) ਹਨ। ਗੁਰੂ ਰਾਮਦਾਸ ਦੇ 13 ਚਉਪਦੇ (ਅੰਕ 1198-1202) ਹਨ ਜਿਨ੍ਹਾਂ ਵਿਚੋਂ ਸੱਤ ਦੁਪਦੇ, ਚਾਰ ਚਉਪਦੇ ਅਤੇ ਦੋ ਪੰਚਪਦੇ ਹਨ। ਗੁਰੂ ਅਰਜਨ ਦੇ 139 ਚਉਪਦੇ (ਅੰਕ 1202-31) ਅੰਕਿਤ ਹਨ ਜਿਨ੍ਹਾਂ ਵਿਚੋਂ 122 ਦੁਪਦੇ, 16 ਚਉਪਦੇ ਅਤੇ ਇਕ ਪੰਚਪਦਾ ਹੈ। ਗੁਰੂ ਅਰਜਨ ਦੀਆਂ ਅਸ਼ਟਪਦੀਆਂ (ਅੰਕ 1235-36) ਅਤੇ ਛੰਤ (ਅੰਕ 1236-37) ਵੀ ਦਰਜ ਹਨ। ਗੁਰੂ ਤੇਗ ਬਹਾਦਰ ਦੇ ਚਾਰ ਦੁਪਦੇ (ਅੰਕ 1231-32) ਦਰਜ ਹਨ। ਭਗਤਬਾਣੀ ਦੇ ਅੰਤਰਗਤ ਸ਼ਬਦਾਂ ਵਿਚ ਭਗਤ ਕਬੀਰ ਦੇ ਤਿੰਨ ਸ਼ਬਦ, ਨਾਮਦੇਵ ਦੇ ਤਿੰਨ, ਪਰਮਾਨੰਦ ਦਾ ਇਕ, ਸੂਰਦਾਸ ਦਾ ਇਕ ਸ਼ਬਦ ਦਰਜ ਹਨ। ਇਕ ਸ਼ਬਦ ਸੂਰਦਾਸ ਪ੍ਰਤੀ ਗੁਰੂ ਅਰਜਨ ਦਾ ਅੰਕਿਤ ਹੈ।

ਇਸ ਰਾਗ ਵਿਚ ਸਮੁੱਚੀ ਬਾਣੀ ਦਾ ਤੱਤਸਾਰ ਇਹ ਹੈ ਕਿ ਸੰਸਾਰੀ ਮੋਹ-ਮਾਇਆ ਤਿਆਗ ਕੇ ਹੀ ਅਕਾਲਪੁਰਖ ਦੀ ਸਿਫ਼ਤ-ਸਲਾਹ ਕੀਤੀ ਜਾ ਸਕਦੀ ਹੈ। ਨਾਮ-ਸਿਮਰਨ ਤੋਂ ਇਲਾਵਾ ਹੋਰ ਕੋਈ ਵੀ ਕਰਮ ਸ੍ਰੇਸ਼ਟ ਨਹੀਂ। ਪਾਖੰਡਾਂ ਤੋਂ ਛੁਟਕਾਰਾ ਪਾਉਣਾ, ਪਰਮਸਤਿ, ਸੰਸਾਰ, ਜੀਵਾਤਮਾ, ਮੁਕਤੀ ਸੰਬੰਧੀ ਅਨੇਕ ਗੁਰਮਤਿ ਸਿਧਾਂਤਾਂ ਨੂੰ ਬਾ-ਖ਼ੂਬੀ ਪ੍ਰਸਤੁਤ ਕੀਤਾ ਗਿਆ ਹੈ। ਇੰਝ ਇਸ ਬਾਣੀ ਵਿਚ ਪ੍ਰਭੂ-ਪ੍ਰਮਾਤਮਾ ਦੀ ਮਹਿਮਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ। ਸੰਸਾਰਿਕ ਧਨ-ਸੰਪਤੀ ਅਤੇ ਇਨ੍ਹਾਂ ਨਾਲ ਜੁੜੇ ਸੰਬੰਧੀ ਨਾਸ਼ਮਾਨ ਹਨ। ਜਗਿਆਸੂ ਨੂੰ ਉਪਦੇਸ਼ ਦਿੱਤਾ ਗਿਆ ਹੈ ਕਿ ਇਹ ਸਾਰੀਆਂ ਚੀਜ਼ਾਂ ਨਾਸ਼ਮਾਨ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੂਰਵ ਅੰਕਤ, ਅੰਕ 187

# ਸਾਰੰਗ ਕੀ ਵਾਰ

ਇਹ ਵਾਰ ਗੁਰੂ ਰਾਮਦਾਸ ਵਲੋਂ ਉਚਾਰਨ ਕੀਤੀ ਗਈ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 1237 ਤੋਂ 1251 ਤੱਕ ਸੁਸ਼ੋਭਿਤ ਹੈ। ਇਸ ਵਾਰ ਦੀਆਂ ਕੁੱਲ ਪਉੜੀਆਂ 36 ਹਨ, ਜਿਨ੍ਹਾਂ ਵਿਚੋਂ ਗੁਰੂ ਰਾਮਦਾਸ ਦੀਆਂ 35 ਅਤੇ ਇਕ ਪਉੜੀ ਗੁਰੂ ਅਰਜਨ ਦੀ ਹੈ। ਭਾਸ਼ਾ ਪੱਖੋਂ ਪੰਜਾਬੀ ਦਾ ਬੋਲਬਾਲਾ ਹੈ। ਹਰ ਪਉੜੀ 5-5 ਤੁਕਾਂ ਦੀ ਹੈ। ਪਉੜੀਆਂ ਨਾਲ ਸਲੋਕਾਂ ਦੀ ਕੁੱਲ ਗਿਣਤੀ 74 ਹੈ। ਇਨ੍ਹਾਂ ਸਲੋਕਾਂ ਵਿਚ ਗੁਰੂ ਨਾਨਕ ਦੇ 33, ਗੁਰੂ ਅੰਗਦ ਦੇ 9, ਗੁਰੂ ਅਮਰਦਾਸ ਦੇ 23, ਗੁਰੂ ਰਾਮਦਾਸ ਦੇ 6 ਅਤੇ ਗੁਰੂ ਅਰਜਨ ਦੇ 3 ਸਲੋਕ ਹਨ। ਇੰਞ ਪਹਿਲੀ ਅਤੇ 34ਵੀਂ ਪਉੜੀ ਨਾਲ ਸਲੋਕਾਂ ਦੀ ਗਿਣਤੀ ਤਿੰਨ ਤਿੰਨ ਹੈ ਜਦਕਿ 34 ਪਉੜੀਆਂ ਨਾਲ ਸਲੋਕਾਂ ਦੀ ਗਿਣਤੀ ਦੋ-ਦੋ ਆਈ ਹੈ।

ਸਾਰੇ ਸਲੋਕਾਂ ਦੀਆਂ ਤੁਕਾਂ ਇਕਸਾਰ ਨਹੀਂ, ਭਾਵ 2 ਤੋਂ ਲੈ ਕੇ 11 ਤੱਕ ਤੁਕਾਂ ਵੇਖਣ ਵਿਚ ਆਉਂਦੀਆਂ ਹਨ। ਗੁਰੂ ਅਰਜਨ ਸਾਹਿਬ ਦੇ ਆਦੇਸ਼ ਅਨੁਸਾਰ ਇਸ ਵਾਰ ਨੂੰ 'ਰਾਇ ਮਹਮੇ ਹਸਨੇ ਕੀ ਧੁਨਿ'[1] ਤੇ ਗਾਉਣ ਦੀ ਤਾਕੀਦ ਕੀਤੀ ਗਈ ਹੈ। ਇਸ ਵਾਰ ਦਾ ਕੇਂਦਰੀ ਭਾਵ ਹੈ ਕਿ ਮਾਇਆ ਦੇ ਮਕੜ੍ਹੀ ਜਾਲ ਵਿਚ ਫ਼ਸਕੇ ਮਨੁੱਖ ਸਰਬਸ਼ਕਤੀਮਾਨ ਨੂੰ ਭੁੱਲ ਕੇ ਦੁਖੀ ਹੋ ਕੇ ਭਟਕਦਾ ਫ਼ਿਰਦਾ ਹੈ। ਪ੍ਰਭੂ ਦਾ ਨਾਮ ਸਿਮਰਨ ਹੀ ਅੰਤ ਵਿਚ ਭਟਕਦੇ ਜੀਵ ਦਾ ਰਾਹ-ਦਸੇਰਾ ਬਣ ਸਕਦਾ ਹੈ। ਕਈ ਤੁਕਾਂ ਤਾਂ ਕਹਾਵਤਾਂ ਦਾ ਰੁਤਬਾ ਗ੍ਰਹਿਣ ਕਰ ਗਈਆਂ ਹਨ ਜਿਵੇਂ ਘੱਲੇ ਆਵੇ ਨਾਨਕਾ (ਅੰਕ 1239) ਅਕਲੀ ਸਾਹਿਬੁ ਸੇਵੀਐ (ਅੰਕ 1245) ਘਾਲਿ ਖਾਇ ਕਿਛੁ ਹਥਹੁ ਦੇਇ (ਅੰਕ 1245) ਆਦਿ ਆਦਿ। ਅਸਲ ਵਿਚ ਇਹ ਵਾਰ ਅਧਿਆਤਮਿਕ ਦੇ ਰੂਬਰੂ ਸ਼੍ਰੇਸ਼ਟ ਜ਼ਿੰਦਗੀ ਤੇ ਕੇਂਦਰ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਇਕ ਲੋਕ ਵਿਸ਼ਵਾਸ ਅਨੁਸਾਰ ਮਹਿਮੇ ਅਤੇ ਹਸਨੇ ਦੋਵੇਂ ਰਾਜਪੂਤ ਕਾਂਗੜ ਅਤੇ ਖੋਲੇ ਖਿਤਿਆਂ ਦੇ ਰਾਜਵਾੜੇ ਸਨ। ਇਹ ਆਪਸ ਵਿਚ ਵੱਡੀ ਈਰਖਾ ਅਤੇ ਦੁਸ਼ਮਣੀ ਰੱਖਦੇ ਸਨ। ਬਾਦਸ਼ਾਹ ਅਕਬਰ ਨੇ ਰਾਜਪੂਤ ਮਹਿਮੇ ਦੀ ਸੈਨਕ ਮੱਦਦ ਦੇ ਕੇ ਹਸਨੇ ਨੂੰ ਲੜਾਈ ਵਿਚ ਸ਼ਿਕਸਤ ਦਿੱਤੀ ਸੀ। ਇਸੇ ਦੀ ਯੁਧ-ਗਾਣ ਨੂੰ ਗਾਇਣ ਕਰ ਕੇ ਇਹ ਵਾਰ ਪ੍ਰਸਿੱਧ ਹੋਈ।

# ਸਿਧ-ਗੋਸ਼ਟਿ

ਗੁਰੂ ਨਾਨਕ ਸਾਹਿਬ ਦੀ ਸਿਧਾਂ ਨਾਲ ਹੋਈ ਗੁਫ਼ਤਗੂ ਨੂੰ 'ਸਿਧ-ਗੋਸ਼ਿਟ' ਆਖਿਆ ਜਾਂਦਾ ਹੈ। ਇਹ ਇਕ ਸਿਧਾਂਤਿਕ ਵਿਚਾਰਾਂ ਵਾਲੀ ਪ੍ਰਮੁੱਖ ਬਾਣੀ ਹੈ ਜਿਸ ਦੇ 73 ਪਦੇ ਹਨ। ਇਸ ਬਾਣੀ ਵਿਚ ਸਿਧਾਂ ਨਾਲ ਹੋਈ ਗੋਸ਼ਟੀ ਦਾ ਪ੍ਰਸ਼ਨ-ਉੱਤਰ ਰੂਪ ਵਿਚ ਵਰਣਨ ਮਿਲਦਾ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਕ 938-946 ਤੱਕ ਸੁਸ਼ੋਭਿਤ ਹੈ।

ਕਈ ਵਿਦਵਾਨਾਂ ਨੇ 'ਸਿੱਧ-ਗੋਸ਼ਿਟ' ਸ਼ਬਦ ਦੀ ਨਿਸ਼ਚਿਤ ਪਰਿਭਾਸ਼ਾ ਦੇਣ ਦਾ ਯਤਨ ਕੀਤਾ ਹੈ। ਸਿੱਧ ਤੋਂ ਭਾਵ ਹੈ ਸਿਧੀ ਨੂੰ ਪ੍ਰਾਪਤ, ਸਿਧੀ-ਵਾਲਾ, ਸ਼ਕਤੀ ਵਾਲਾ ਸੰਤ, ਕਰਾਮਾਤੀ ਸ਼ਕਤੀਆਂ ਦਾ ਮਾਲਕ, ਵੱਡਾ ਜੋਗੀ, ਗੋਸਟਿ ਦਾ ਅਰਥ ਹੈ ਚਰਚਾ, ਵਿਚਾਰ ਵਟਾਂਦਰਾ, ਗਲਬਾਤ, ਗੱਲਾਂ।[1] ਸ਼ਬਦਾਰਥ ਦੀ ਦ੍ਰਿਸ਼ਟੀ ਤੋਂ ਇਸ ਸਿਰਲੇਖ ਤੋਂ ਭਾਵ ਭਾਵੇਂ ਸਿਧਾਂ ਨਾਲ ਹੋਇਆ ਗੁਰੂ ਨਾਨਕ ਦੇਵ ਦਾ ਸੰਵਾਦ ਹੋਵੇ, ਪਰ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਸ ਤੋਂ ਭਾਵ ਹੈ 'ਸਫ਼ਲ ਮੁਲਾਕਾਤ' ਜਾਂ 'ਪੂਰਵ ਮਿਲਨ'।[2] ਆਮ ਤੌਰ ਤੇ ਹਰ ਗੋਸ਼ਟਿ ਦਾ ਇਕ ਖਾਸ ਤਰ੍ਹਾਂ ਦਾ ਅੰਤ ਹੁੰਦਾ ਹੈ ਜਿਥੇ ਇਕ ਧਿਰ ਦੇ ਆਗੂ ਦੀ ਦਲੀਲਾਂ ਦੇ ਪੱਧਰ ਉਤੇ ਹਾਰ ਹੁੰਦੀ ਅਤੇ ਦੂਜੇ ਧਿਰ ਦੀ ਜਿਤ। ਇਸ ਪਰਿਭਾਸ਼ਾ ਤੋਂ ਗੋਸ਼ਟਿ ਦੇ ਵਿਸ਼ੇਸ਼ ਪ੍ਰਕਾਰ ਦੇ ਅੰਤ, ਦਲੀਲਾਂ ਦੀ ਪੱਧਰ ਤੇ ਹੋਈ ਇਕ ਧਿਰ ਦੀ ਹਾਰ, ਕਲਾਤਮਿਕ ਗੋਲਾਈ, ਸੁਆਲ- ਜਵਾਬ ਦੀ ਸ਼ੈਲੀ, ਸੰਜਮਤਾ, ਵਿਚਾਰਾਂ ਦਾ ਗਾੜ੍ਹਾਪਣ ਅਤੇ ਵਿਚਾਰਾਂ ਦਾ ਤੇਜ਼ ਅਤੇ ਕਾਟਵਾਂ ਰੂਪ ਆਦਿ ਲੱਛਣ ਰੂਪ ਵਿਸ਼ੇਸ਼ ਤੌਰ ਤੇ ਉਜਾਗਰ ਹੁੰਦੇ ਹਨ।[3] ਕਈ ਵਿਦਵਾਨ ਸੰਸਕ੍ਰਿਤੀ ਦੇ ਸ਼ਬਦ 'ਗੋਸ਼ਟੀ' ਤੋਂ ਗੋਸ਼ਟ ਸ਼ਬਦ ਨਿਕਲਣ ਵੱਲ ਇਸ਼ਾਰਾ ਕਰਦੇ ਹਨ।

ਗੋਸਟਿ ਇਕ ਪ੍ਰਾਚੀਨ ਸਾਹਿਤ ਦਾ ਰੂਪ ਹੈ। ਜਿਸ ਵਿਚ ਕਿਸੇ ਵੀ ਮਸਲੇ ਨੂੰ ਸਵਾਲ ਜਵਾਬ ਦੇ ਰੂਪ ਵਿਚ ਸਪਸ਼ਟ ਕੀਤਾ ਜਾਂਦਾ ਹੈ। ਉਪਰੋਕਤ ਦੇ ਸੰਦਰਭ ਵਿਚ ਸਪਸ਼ਟ ਹੈ ਕਿ ਵਿਚਾਰਾਂ ਦੇ ਇਕਤਰੀਕਰਨ ਅਤੇ ਵਿਚਾਰ ਵਟਾਂਦਰਾ ਗੋਸ਼ਟਿ ਹੋ ਸਕਦਾ ਹੈ।[4] ਅਧਿਆਤਮਿਕ ਅਤੇ ਦਾਰਸ਼ਨਿਕ ਸੰਦਰਭ ਅਨੁਸਾਰ ਗੋਸਟਿ ਦਾ ਅਰਥ ਸੰਵਾਦ ਹੈ ਅਤੇ ਸੰਵਾਦ ਹੀ ਸਿੱਧ ਭਗਤੀ ਦਾ ਮੂਲ ਆਧਾਰ ਅਤੇ ਉਘੜਵਾਂ ਲੱਛਣ ਹੈ। ਗੋਸ਼ਟਿ ਸੰਬੰਧੀ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਕੋਈ ਵੀ ਪਰਿਭਾਸ਼ਾ ਗੋਸਟਿ ਦੇ ਤੱਤਾਂ ਨੂੰ ਆਪਣੇ ਵਿਚ ਸੰਪੂਰਨ ਤੌਰ ਤੇ ਸਮੋ ਨਹੀਂ ਸਕੀ। ਪਰ ਫਿਰ ਵੀ ਅਸੀਂ ਇਨ੍ਹਾਂ ਦੇ ਵਿਵੇਚਨ ਤੋਂ ਇਹ ਕਹਿ ਸਕਦੇ ਹਾਂ ਕਿ ਅਧਿਆਤਮਿਕ ਸਾਹਿਤ ਵਿਚ ਗੋਸਟਿ ਇਕ ਅਜਿਹਾ ਪ੍ਰਾਚੀਨ ਸਾਹਿਤਿਕ ਰੂਪ ਹੈ ਜਿਸ ਦਾ ਭਾਵ ਹੈ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਹੋਈ ਗੁਫ਼ਤਗੂ, ਗੱਲਬਾਤ ਜਾਂ ਵਿਚਾਰ-ਚਰਚਾ।[5]

ਇਹ ਦਾਰਸ਼ਨਿਕ ਪ੍ਰਕਿਰਤੀ ਦੀ ਅਨੁਪਮ ਰਚਨਾ ਹੈ ਜਿਸ ਵਿਚ ਪਹਿਲਾਂ ਸਿਧਾਂ ਦਾ ਸਵਾਲਨਾਮਾ ਹੈ ਅਤੇ ਫਿਰ ਯਕੇ-ਬਾਅਦ ਦੀਗਰੇ ਜਵਾਬਨਾਮਾ ਅੰਕਿਤ ਹੈ। ਇਹ ਬਾਣੀ ਜਿਥੇ ਰਹੱਸਵਾਦੀ ਦ੍ਰਿਸ਼ਟੀ ਤੋਂ ਦਾਰਸ਼ਨਿਕ ਅਤੇ ਅੰਤਰਮੁਖੀ ਅਨੁਭਵ ਪੇਸ਼ ਕਰਦੀ ਹੈ ਉਥੇ ਸਮਾਜਿਕ ਕਲਿਆਣਕਾਰੀ ਨਜ਼ਰੀਏ ਤੋਂ ਗਲੋਬਲ ਚਿੰਤਨ ਰਾਹੀਂ ਜ਼ਿੰਦਗੀ ਨਾਲ ਓਤਪੋਤ

ਹੋਏ ਬਾਰੀਕ ਮਸਲਿਆਂ ਨੂੰ ਰੂਹਾਨੀ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰ ਕੇ 'ਸਿੱਖ ਰਹਸਵਾਦ' ਦੀ ਮੋੜ੍ਹੀ ਗੱਡਦੀ ਹੈ। ਇਸ ਬਾਣੀ ਵਿਚ ਗੁਰੂ ਸਾਹਿਬ ਨੇ ਸੱਚੇ ਮਾਰਗ, ਭੇਸ, ਦਰਸ਼ਨ, ਸ਼ਬਦ, ਯੋਗ ਆਦਿ ਦੀ ਵਿਆਖਿਆ ਕਰ ਕੇ ਮਨੁੱਖ ਨੂੰ ਰੂਹਾਨੀਅਤ ਵੱਲ ਪ੍ਰੇਰਿਆ ਹੈ ਤਾਂ ਜੋ ਪ੍ਰਭੂ-ਪ੍ਰਮਾਤਮਾ ਨੂੰ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕੇ। 'ਸਿਧ-ਗੋਸ਼ਟਿ' ਵਿਚ ਵਿਚਾਰਾਂ ਅਤੇ ਤਰਕ ਸਹਿਤ ਜੀਵਨ ਦੇ ਅਧਿਆਤਮਿਕ ਲਕਸ਼ ਨੂੰ ਪ੍ਰਕਾਸ਼ਮਾਨ[6] ਕੀਤਾ ਹੈ।

ਇਸ ਸੂਖਮ ਦਾਰਸ਼ਨਿਕ ਵਿਚਾਰਾਂ ਦਾ ਵਿਸ਼ਲੇਸ਼ਣ ਗੋਸ਼ਟਿ ਸ਼ੈਲੀ ਹਰਮਨ ਪਿਆਰੀ ਅਤੇ ਪ੍ਰਾਚੀਨ ਹੈ। ਇਸ ਬਾਣੀ ਦੇ ਰਚਨਾ-ਕਾਲ ਅਤੇ ਰਚਨਾ ਸਥਾਨ ਬਾਰੇ ਵਿਦਵਾਨ[7] ਇਕ ਮਤ ਨਹੀਂ ਹਨ। ਆਮ ਚਿੰਤਕਾ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਦੀ ਉਮਰ ਦੇ ਆਖ਼ਰੀ ਸਾਲਾਂ (ਸਤੰਬਰ 1539 ਈ:) ਵਿਚ ਇਸ ਬਾਣੀ ਦੀ ਰਚਨਾ ਕੀਤੀ ਹੈ। ਅਧਿਆਤਮਿਕ ਅਤੇ ਦਾਰਸ਼ਨਿਕ ਵਿਚਾਰਾਂ ਵਾਲੀ ਇਸ ਰਚਨਾ ਦੇ ਉਚਾਰਨ ਬਾਰੇ 'ਪੁਰਾਤਨ ਮਿਹਰਵਾਨ ਵਾਲੀ ਜਨਮਸਾਖੀ' ਅਨੁਸਾਰ 'ਗੋਰਖ ਹਟੜੀ' ਦੇ ਸਥਾਨ ਉਪਰ ਹੋਈ ਦਸੀ ਜਾਂਦੀ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਜੀ 'ਅਚਲ ਵਟਾਲੇ' ਦਾ ਸੰਕੇਤ ਦੇਂਦੇ ਹਨ:

*ਬਾਬੇ ਕੀਤੀ ਸਿਧਿ ਗੋਸਟਿ ਸ਼ਬਦਿ ਸਾਂਤਿ ਸਿਧਾ ਵਿਚ ਆਈ॥*
*ਜਿਵਿ ਮੇਲਾ ਸਿਵਰਤਿ ਦਾ ਖਟ ਦਰਸਨਿ ਆਦੇਸਿ ਕਰਾਈ॥ (1/44: 1-2)*

73 ਪਦਿਅ ਵਾਲੀ ਇਸ ਲੰਮੀ ਰਚਨਾ ਵਿਚ 1-8 ਪਦੇ ਚਾਰ ਚਾਰ ਤੁਕਾਂ ਦੇ ਹਨ ਅਤੇ 9-73 ਪਦੇ ਛੇ ਛੇ ਤੁਕਾਂ ਵਾਲੇ ਹਨ। 'ਰਹਾਉ' ਦੀਆਂ ਦੋ ਪੰਕਤੀਆ 73 ਪਦਿਆਂ ਤੋਂ ਬਾਹਰ ਦੀਆਂ ਹਨ। ਇਨ੍ਹਾਂ ਦੀ ਮਾਤ੍ਰਿਕ ਗਿਣਤੀ 16, 12 ਅਤੇ 8, 8 ਹੈ। ਇਹ ਬਾਣੀ ਪ੍ਰਕਿਰਤੀ ਕਾਵਿ-ਗੁਣਾਂ ਨਾਲ ਸਰਸ਼ਾਰ ਹੈ। 'ਰਹਾਉ' ਦੀ ਪੰਕਤੀ ਵਿਚ ਮੂਲ-ਤੱਤ ਉਜਾਗਰ ਕੀਤੇ ਹੋਏ ਹਨ।

*ਕਿਆ ਭਵੀਐ ਸਚਿ ਸੂਚਾ ਹੋਇ॥*
*ਸਾਚ ਸਬਦ ਬਿਨੁ ਮੁਕਤਿ ਨ ਕੋਇ॥*

*—ਰਾਮ ੧, ਸਿਗੋ, ੧*; ੧-੨ (938)*

'ਸਾਧ-ਭਾਸ਼ਾ' ਵਿਸ਼ੈ-ਵਿਚਾਰ ਅਨੁਸਾਰ ਹੈ ਜੋ ਸੰਖੇਪਤਾ ਇਸ ਸ਼ੈਲੀ ਦਾ ਮੀਰੀ ਗੁਣ ਹੈ। ਕਈ ਵਿਦਵਾਨਾਂ[8] ਨੇ ਇਸ ਦੀ ਗੰਭੀਰ ਭਾਸ਼ਾ ਵੱਲ ਵੀ ਸੰਕੇਤ ਕੀਤਾ ਹੈ। ਕਈ ਪੁਰਾਤਨ ਹੱਥ ਲਿਖਤ ਸਟੀਕਾਂ[9] ਵੀ ਮੌਜੂਦ ਹਨ, ਜੋ ਡੇਢ ਸੌ ਸਾਲ ਪੁਰਾਣੀਆਂ ਜਾਪਦੀਆਂ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਡਾ. ਗੁਰਚਰਨ ਸਿੰਘ, (ਸੰ.) ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ ਪਹਿਲੀ) ਪੂਰਵ ਅੰਕਤ, ਅੰਕ 379, 828
2. ਗੁਰੂ ਗ੍ਰੰਥ ਵਿਸ਼ਵਕੋਸ਼ (ਪਹਿਲਾ ਭਾਗ), ਪੂਰਵ ਅੰਕਤ, ਅੰਕ 188
3. ਸੁਰਿੰਦਰ ਸਿੰਘ ਕੋਹਲੀ (ਸੰ.) ਪੰਜਾਬੀ ਸਾਹਿਤ ਕੋਸ਼ (ਭਾਗ ਦੂਜਾ), ਪੂਰਵ ਅੰਕਤ, ਅੰਕ: 294-95
4. ਖੋਜ ਪਤ੍ਰਿਕਾ, ਗੁਰੂ ਨਾਕ ਅੰਕ, ਅੰਕ 139

5. ਜੋਧ ਸਿੰਘ, ਸਿਧ ਗੋਸਟਿ-ਇਕ ਅਧਿਐਨ, ਅੰਕ 24-25

6. ਹਰਪ੍ਰਕਾਸ਼ ਸਿੰਘ ਖੋਜ ਪਤ੍ਰਿਕਾ, ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ: 155

   "ਜੀਵਾਤਮਾ, ਪਰਮਾਤਮਾ ਤੋਂ ਵਿਛੜ ਕੇ ਦੁਨੀਆ ਵਿਚ ਆਈ ਹੈ। ਇਸ ਦਾ ਮਨੋਰਥ ਪਰਮਾਤਮਾ ਨਾਲ ਪੁਨਰ ਮਿਲਾਪ ਹੈ ਪਰੰਤੂ ਮਨੁੱਖ ਦੁਨਿਆਵੀ ਪਦਾਰਥਾਂ ਦੀ ਸੁੰਦਰਤਾ ਪਿੱਛੇ ਲੱਗ ਕੇ ਆਪਣੇ ਮਨੋਰਥ ਦੀ ਪ੍ਰਾਪਤੀ ਤੋਂ ਭਟਕ ਜਾਂਦਾ ਹੈ ਜੋ ਕਿ ਅਸਲ ਵਿਚ ਦੁੱਖਾਂ ਦਾ ਕਾਰਨ ਬਣਦੇ ਹਨ। ਮਨੋਰਥ ਪ੍ਰਾਪਤੀ ਦੇ ਅਭਾਵ ਦੇ ਕਾਰਨ ਉਸ ਦਾ ਜੀਵਨ ਦੁਖਦਾਈ ਬਣਦਾ ਹੈ। ਅਗਿਆਨਤਾ ਦੇ ਕਾਰਨ ਉਹ ਦਰ-ਦਰ ਭਟਕਣ ਲੱਗਦਾ ਹੈ ਅਤੇ ਅੰਤ ਸਮੇਂ ਜੀਵਨ ਪਿੜ ਵਿਚ ਬਾਜੀ ਹਾਰ ਜਾਂਦਾ ਹੈ। ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਮਨੁੱਖੀ ਵਾਰਤਾ ਦਾ ਇਹ ਇਕ ਨਾਕਾਰਾਤਮਿਕ ਪੱਖ ਹੈ। ਇਸ ਤਰ੍ਹਾਂ 'ਸਿਧ ਗੋਸਟਿ' ਦਾ ਕੇਂਦਰੀ ਨੁਕਤਾ ਪਰਮਾਤਮਾ ਦੀ ਪਰਮ ਪਦਵੀ 'ਤੇ ਪ੍ਰਕਾਸ਼ ਪਾਉਣਾ ਹੈ।"

7. **The Encyclopeadia of Sikhism (Vol IV),** op.cit, P. 123-124

   "Sidh Gosti, its discourse or dialogue with the siddhas or mystics adept in hathayoga and possessing supernatural powers, is the title of one of Guru Nanak's longer composition recorded in the Guru Granth Sahib. A goshti (gosthi) seeks to expound the respective doctrines of scholars or saints participating in it, revealing is the process their dialectical prowers and learning. In the sidh gosti all the question are raised by the siddhas and all answers come from Guru Nanak. It brings out strikinly, the crux of his teaching, especially in relation to the siddhas philposophy and way of life. The text itself does not provide any clue as to the time and place of its composition, though it is generally placed in the last years of Guru Nanak's life when he had finally settled down at kartarpur after completing his major preaching odysseys. And, the comopsition might not be the record of any of the goshtis that are said to have occurred at Gorakh Hatri, Gorakh Mata, also known as Nanak Mata, Sumer parbat and Achal Batala, but a recollection in tranquillity of the major points from discources between Guru Nanak and the siddhas at any to these or other Places".

8. ਗੁਰਮੇਲ ਸਿੰਘ **ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,** ਪ੍ਰੋ: ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਅੰਕ 220-221

"ਬਾਣੀ ਦਾ ਢਾਂਚਾ 70 ਦੇ ਕਰੀਬ ਸਵਾਲਾਂ-ਜਵਾਬਾਂ ਦੇ ਰੂਪ ਵਿਚ ਉਸਾਰਿਆ ਗਿਆ ਹੈ। ਭਾਸ਼ਾ ਬੜੀ ਗੰਭੀਰ ਅਤੇ ਪਰਿਭਾਸ਼ਿਕ ਸ਼ਬਦਾਂ (ਸੁੰਨ, ਸ਼ਬਦ, ਹੁਕਮ) ਆਦਿ ਦੀ ਭਰਮਾਰ ਹੈ। ਸਾਮੀ ਪਰੰਪਰਾ ਦੇ ਸ਼ਬਦ ਵੀ ਹਨ। ਗੋਸ਼ਟਿ-ਸ਼ੈਲੀ ਵਰਤੀ ਗਈ ਹੈ।.......ਸਿਧ ਗੁਰੂ ਜੀ ਨੂੰ ਉਨ੍ਹਾਂ ਦੇ ਮਤਿ, ਉਪਦੇਸ਼ ਅਤੇ ਭਵਸਾਗਰ ਪਾਰ ਕਰਨ ਦਾ ਤਰੀਕਾ ਪੁਛਦੇ ਹਨ, ਇਸ ਦਾ ਉਤਰ ਦਲੀਲ-ਯੁਕਤ ਦਿੱਤਾ ਜਾਂਦਾ ਹੈ ਕਿ ਚੰਚਲਤਾ ਛਡਣਾ, ਨਾਮ ਦਾ ਪਲਾ ਫੜਨਾ, ਹੱਕ ਦੀ ਕਿਰਤ ਕਰਨਾ ਆਦਿ ਹੀ ਸੱਚਾ ਧਰਮ ਹੈ। 'ਮੁਕਤਿ' ਲਈ ਸੰਸਾਰ ਤਿਆਗਣਾ ਨਹੀਂ ਸਗੋਂ 'ਮੁਰਗਾਈ' ਦੀ ਤਰ੍ਹਾਂ ਨਿਰਲੇਪ ਰਹਿਣਾ ਜ਼ਰੂਰੀ ਹੈ। ਫਲਸਰੂਪ ਬਾਣੀ ਦਾ ਵਿਸ਼ਾ ਸਿਧ-ਨਾਥ ਪਰੰਪਰਾ ਦੇ 'ਹਠ-ਯੋਗ' ਦੀ ਬਜਾਇ ਗੁਰਮਤਿ ਦਾ ਸਹਿਜ-ਯੋਗ ਸਥਾਪਿਤ ਕੀਤਾ ਗਿਆ ਹੈ।"

9. **ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ ਲਿਖਤ ਗ੍ਰੰਥਾਂ ਦੀ ਵਿਵਰਣਾਤਮਕ ਸੂਚੀ,** ਪਟਿਆਲਾ, 2001; ਵਿਸਥਾਰ ਲਈ ਦੇਖੋ ਹੱਥ-ਲਿਖਤ ਨੂੰ 165 ਅਤੇ 194

# ਸਿਰੀ ਰਾਗ

ਇਕ ਪੁਰਾਤਨ ਪ੍ਰਸਿੱਧ ਰਾਗ ਹੈ, ਜਿਸ ਨੂੰ ਛੇ ਰਾਗਾਂ ਵਿਚੋਂ ਪ੍ਰਮੁੱਖ ਅਤੇ ਵਿਸ਼ੇਸ਼ ਰੁਤਬਾ ਹਾਸਿਲ ਹੈ। ਗੁਰੂ ਰਾਮਦਾਸ ਨੇ ਇਸ ਰਾਗ ਦੇ ਵਿਸ਼ੇਸ਼-ਸਥਾਨ ਵੱਲ ਪਹਿਲਾਂ ਹੀ ਸੰਕੇਤ ਕਰ ਦਿੱਤਾ ਹੈ।

*ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥*

*—ਸਿਰੀ ੪, ਵਾਰ ੧ ਸ., ੩, ੧:੧ (੮੩)*

ਲੜੀਵਾਰ ਰਾਗ ਵਿਧਾਨ ਦੀ ਸ਼ੁਰੂਆਤ ਵੀ ਇਸੇ ਰਾਗ ਤੋਂ ਹੋਈ ਹੈ। ਗੁਰੂ ਅਰਜਨ ਸਾਹਿਬ ਨੇ ਰਾਗਾਂ ਦੀ ਤਰਤੀਬ ਦੇਣ ਲੱਗਿਆਂ ਇਸ ਦਾ ਪਹਿਲਾ ਸਥਾਨ ਨਿਸ਼ਚਿਤ ਕੀਤਾ। ਇਹ ਸ਼ਾਮ ਸਮੇਂ ਦਾ ਰਾਗ ਹੈ। ਇਹ ਬਹੁਤੀ ਸਰਦੀ ਅਤੇ ਗਰਮੀ ਵਿਚ ਵੀ ਗਾਇਆ ਜਾਂਦਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਵੀ ਇਸ ਰਾਗ ਨੂੰ ਸਾਰੇ ਰਾਗਾਂ ਵਿਚੋਂ 'ਪਾਰਸ' ਕਹਿ ਕੇ ਸ੍ਰੇਸ਼ਟ ਮੰਨਿਆ ਹੈ।

*'ਰਾਗਨ ਮੇ ਸਿਰੀ ਰਾਗ ਪਾਰਸ ਪਖਾਨ ਹੈ'*

ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਅਤੇ ਸਰੂਪ ਸੁਤੰਤਰ ਹੈ, ਇਸ ਲਈ ਆਮ ਤੌਰ 'ਤੇ ਭਗਤੀ ਮਈ ਪਦਿਆਂ ਨੂੰ ਗਾਉਣ ਲਈ ਇਸ ਨੂੰ ਵਰਤਿਆ ਜਾਂਦਾ ਹੈ। ਇਸ ਨੂੰ ਬਨਵਾਸੀ ਰਿਸ਼ੀਆਂ ਮੁਨੀਆਂ ਦਾ ਰਾਗ ਦੱਸਿਆ ਜਾਂਦਾ ਹੈ। ਭਾਰਤੀ ਪਰੰਪਰਾ ਨਾਲ ਸੰਬੰਧਿਤ ਹੋਣ ਕਾਰਨ ਇਸ ਵਿਚ ਰਚੀ ਬਾਣੀ ਦੀ ਸ਼ਬਦਾਵਲੀ ਅਧਿਕਤਰ ਭਾਰਤੀ ਵਿਰਸੇ ਵਾਲੀ ਹੈ।[1] ਛੇ ਰਾਗਾਂ ਵਿਚੋਂ ਮੁਖ ਰਾਗ ਹੈ ਤੇ ਪੂਰਬੀ ਠਾਟ ਦਾ ਔੜਵ ਸੰਪੂਰਣ ਹੈ। ਰੇ ਵਾਦੀ ਤੇ ਪਾ ਸੰਵਾਦੀ ਹੈ। ਆਰੋਹੀ ਵਿਚ ਗਾ, ਧਾ ਮਨ੍ਹਾ ਹੈ। ਇਸ ਵਿਚ ਮਾ ਤੀਬਰ ਤੇ ਰੇ, ਧਾ ਕੋਮਲ ਲਗਦੇ ਹਨ। ਇਹ ਸੂਰਜ ਛਿਪਣ ਪਿਛੋਂ ਗਾਇਆ ਜਾਂਦਾ ਹੈ। ਹੇਮੰਤ ਰੁਤ ਦਾ ਰਾਗ ਹੈ, ਚੂੰਕਿ ਇਸ ਨੂੰ ਆਰੋਹੀ ਵਿੱਚ ਪੰਜ ਤੇ ਅਵਰੋਹੀ ਵਿਚ ਸੱਤ ਸੁਰਾਂ ਲਗਦੀਆਂ ਹਨ, ਇਸ ਕਰਕੇ ਇਸ ਨੂੰ ਔੜਵ ਤੇ ਸੰਪੂਰਣ ਵੀ ਕਿਹਾ ਜਾਂਦਾ ਹੈ।[2]

ਇਸ ਰਾਗ ਅਧੀਨ ਆਉਂਦੀ ਸਮੁੱਚੀ ਬਾਣੀ ਵਿਚ 100 ਚਉਪਦੇ, 9 ਅਸ਼ਟਪਦੀਆਂ, 4 ਪਹਿਰੇ, 3 ਛੰਤ, ਇਕ ਵਣਜਾਰਾ, ਇਕ ਵਾਰ (ਮਹਲਾ ੪) ਅੰਕਿਤ ਹਨ। ਅਖ਼ੀਰ ਤੇ ਪੰਜ ਸ਼ਬਦ ਭਗਤਾਂ ਦੇ ਹਨ। ਚਉਪਦਿਆਂ ਵਿਚ ਗੁਰੂ ਨਾਨਕ ਦੇ 33, ਗੁਰੂ ਅਮਰਦਾਸ ਦੇ 31, ਗੁਰੂ ਰਾਮਦਾਸ ਦੇ 6, ਗੁਰੂ ਅਰਜਨ ਦੇ 30 ਚਉਪਦੇ ਆਉਂਦੇ ਹਨ। ਇਹ ਚਉਪਦੇ ਅੰਕ 14-53 ਤੱਕ ਅੰਕਿਤ ਹਨ। ਇਸੇ ਤਰ੍ਹਾਂ ਕੁਲ 27 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ 17, ਗੁਰੂ ਅਮਰਦਾਸ ਦੀਆਂ 8, ਗੁਰੂ ਅਰਜਨ ਦੀਆਂ 2 ਅਸ਼ਟਪਦੀਆਂ ਹਨ। ਕੁੱਲ ਚਾਰ ਪਹਰੇ ਹਨ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇ ਦੋ, ਗੁਰੂ ਰਾਮਦਾਸ ਦਾ ਇਕ ਅਤੇ ਗੁਰੂ ਅਰਜਨ ਦੇ ਦੋ ਪਹਰੇ ਹਨ। ਕੁੱਲ ਤਿੰਨ ਛੰਤਾਂ ਵਿਚੋਂ ਗੁਰੂ ਰਾਮਦਾਸ ਦਾ ਇਕ, ਗੁਰੂ ਅਰਜਨ ਦੇ ਦੋ ਹਨ। ਇਕ ਵਣਜਾਰਾ ਗੁਰੂ ਰਾਮਦਾਸ ਅਤੇ ਇਕ ਵਾਰ ਗੁਰੂ ਅਰਜਨ ਸਾਹਿਬ ਦਾ ਹੈ। ਅਸ਼ਟਪਦੀਆਂ ਤੋਂ ਲੈ ਕੇ ਵਾਰ ਤੱਕ ਅੰਕ 53-91 ਅੰਕਿਤ ਹੈ।

ਭਗਤ ਬਾਣੀਕਾਰਾਂ ਦੇ ਪੰਜ ਚਉਪਦਿਆਂ ਵਿਚੋਂ ਕਬੀਰ ਦੇ ਦੋ, ਤ੍ਰਿਲੋਚਨ ਦਾ ਇਕ, ਬੇਣੀ ਦਾ ਇਕ ਅਤੇ ਰਵਿਦਾਸ ਦਾ ਇਕ ਚਉਪਦਾ ਅੰਕ 91–93 ਤੱਕ ਅੰਕਿਤ ਹਨ। ਚਉਪਦਿਆਂ ਦਾ ਕੇਂਦਰੀ ਭਾਵ ਹੈ ਕਿ ਗੁਰੂ ਸਾਹਿਬਾਨ ਨੇ ਰੂਹਾਨੀ ਰੁਤਬੇ ਤੇ ਪਹੁੰਚਣ ਲਈ, ਮਾਇਆ ਤੋਂ ਨਿਰਲੇਪ ਲੈ ਕੇ ਹੀ ਸੱਚੀ ਦਰਗਾਹ ਦੀ ਪਦਵੀ ਪ੍ਰਾਪਤੀ ਵੱਲ ਅਗਰਸਰ ਹੋਣ ਦਾ ਸੰਕੇਤ ਕੀਤਾ ਹੈ। 'ਸੰਗੀਤ ਦਰਪਣ'[3] ਵਿਚ ਇਸ ਰਾਗ ਬਾਰੇ ਅਨੋਖਾ ਉਲੇਖ ਕੀਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰੂ ਗ੍ਰੰਥ ਵਿਸ਼ਵਕੋਸ਼**, ਪੂਰਵ ਅੰਕਤ, ਅੰਕ 197
2. ਪ੍ਰੋ: ਪਿਆਰਾ ਸਿੰਘ ਪਦਮ, **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਪੂਰਵ ਅੰਕਤ, ਅੰਕ 276
3. ਬੀ. ਐਸ. ਬੀਰ. (ਸੰ.) **ਮਹਿਰਮ ਸਪੇਸ਼ਲ** (ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਤਾ ਗੱਦੀ ਦਿਵਸ), ਨਾਭਾ, 2008, ਅੰਕ 123
   "ਇਸ ਰਾਗ ਦਾ ਭਾਵ ਚਿੱਤਰ ਬਿਆਨ ਕਰਦਿਆਂ 'ਸੰਗੀਤ ਦਰਪਣ' ਵਿਚ ਦੱਸਿਆ ਗਿਆ ਹੈ "ਜਿਸ ਦੀ ਉਮਰ ਅਠ੍ਹਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸਦੀ ਸੂਰਤ ਹੈ ਜੋ ਧੀਰ ਅਤੇ ਜਿਸਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ।" ਪਰ ਗੁਰੂ ਕਾਵਿ ਵਿਚ ਇਸ ਦੇ ਰਾਗ ਬਾਰੇ ਆਦੇਸ਼ ਦਿੱਤਾ ਹੈ:
   *ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥*
   *ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ (ਅੰਕ 83)"*

# ਸਿਰੀ ਰਾਗ ਕੀ ਵਾਰ

ਗੁਰੂ ਰਾਮਦਾਸ ਸਾਹਿਬ ਵਲੋਂ ਉਚਾਰਨ ਕੀਤੀ ਇਸ ਵਾਰ ਦੀਆਂ ਕੁੱਲ 21 ਪਉੜੀਆਂ ਹਨ। ਹਰ ਪਉੜੀ ਨਾਲ ਪੰਜ ਪੰਜ ਤੁਕਾਂ ਹਨ। ਹਰ ਪਉੜੀ ਨਾਲ ਦੋ ਦੋ ਸਲੋਕ ਅੰਕਿਤ ਹਨ। 14ਵੀਂ ਪਉੜੀ ਨਾਲ ਤਿੰਨ ਸਲੋਕ ਦਰਜ ਹਨ। ਕੁੱਲ ਸਲੋਕਾਂ ਦੀ ਗਿਣਤੀ 43 ਹੈ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇ 7, ਗੁਰੂ ਅੰਗਦ ਦੇ 2, ਗੁਰੂ ਅਮਰਦਾਸ ਦੇ 33, ਅਤੇ ਗੁਰੂ ਅਰਜਨ ਦਾ ਇੱਕ ਸਲੋਕ ਹੈ। ਸਲੋਕਾਂ ਵਿਚ ਤੁਕਾਂ ਦੀ ਇਕਸਾਰਤਾ ਨਹੀਂ। ਇਹ ਸਾਰੇ ਸਲੋਕ 2–11 ਤੁਕਾਂ ਦੇ ਹਨ। ਪਉੜੀਆਂ ਤੇ ਸਲੋਕਾਂ ਦੇ ਭਾਵ-ਅਰਥ ਵਿੱਚ ਬਹੁਤੀ ਸਮਾਨਤਾ ਨਜ਼ਰ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਕੁਲ 22 ਵਾਰਾਂ ਵਿਚੋਂ ਇੱਕ 'ਸਿਰੀ ਰਾਗ ਕੀ ਵਾਰ' ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 83–91 ਤਕ ਅੰਕਿਤ ਹੈ। ਇਸ ਵਾਰ ਵਿਚ ਸਰਬ-ਸ਼ਕਤੀਮਾਨ ਅਕਾਲਪੁਰਖ ਦੇ ਗੁਣ-ਗਾਨ ਰਾਹੀਂ ਚਾਨਣਾ ਪਾਇਆ ਗਿਆ ਹੈ, ਜੋ ਹਰ ਜੀਵ ਜੰਤੂ ਦਾ ਪ੍ਰਤਿਪਾਲਕ ਹੈ।

# ਸੁਖਮਨੀ

ਗੁਰੂ ਅਰਜਨ ਵਲੋਂ ਉਚਾਰਨ 'ਸੁਖਮਨੀ' ਵੱਡ ਆਕਾਰੀ ਰਚਨਾ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 262 ਤੋਂ 296 ਤੱਕ ਅੰਕਿਤ ਹੈ। ਇਸ ਬਾਣੀ ਵਿਚ 24 ਅਸ਼ਟਪਦੀਆਂ ਅਤੇ 24 ਸਲੋਕ ਹਨ।

'ਸੁਖਮਨੀ' ਪਦ ਦੇ ਅਰਥਾਂ ਬਾਰੇ ਸਾਰੇ ਵਿਦਵਾਨ ਇਕ ਮਤ ਨਹੀਂ ਹਨ। ਭਾਈ ਕਾਨ੍ਹ ਸਿੰਘ ਨਾਭਾ (ਮਨ ਨੂੰ ਸੁਖ ਦੇਣ ਵਾਲੀ), ਭਾਈ ਵੀਰ ਸਿੰਘ (ਮਨ ਨੂੰ ਸੁਖ ਦੇਣ ਹਾਰ), ਪ੍ਰੋ. ਜੀ. ਐਸ. ਤਾਲਿਬ (ਮਨ ਦਾ ਸੁਖ), ਸ਼ਬਦਾਰਥ (ਸੁਖਾਂ ਦੀ ਮਣੀ) ਡਾ. ਗੁਰਚਰਨ ਸਿੰਘ (ਸੁਖਾਂ ਦੀ ਮਣੀ) ਡਾ. ਰਤਨ ਸਿੰਘ ਜੱਗੀ (ਮਨ ਨੂੰ ਸੁਖ ਦੇਣ ਵਾਲੀ ਨਾਮ ਰੂਪੀ ਮਣੀ) ਪ੍ਰੋ. ਸਾਹਿਬ ਸਿੰਘ (ਸੁਖਾਂ ਦੀ ਮਣੀ) ਆਦਿ ਅਰਥ ਦੱਸਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਨਿਮਨਲਿਖਤ 'ਗਉੜੀ ਸੁਖਮਨੀ ਮਹਲਾ ੫' ਅਧੀਨ ਸੰਕਲਿਤ ਹੈ। ਸੁਖਮਨੀ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜੋ ਕਿ ਸੁਖ+ਮਣਿ ਦਾ ਸਮਾਵੇਸ਼ ਹੈ। ਮਣੀ ਇਕ ਬਹੁਮੁਲਯ ਪੱਥਰ ਹੈ।[1] 'ਸੁਖਮਨੀ' ਸੁਖ ਤੇ ਸ਼ਾਂਤੀ ਦਾ ਮਾਹੌਲ ਸਿਰਜਦੀ ਰਚਨਾ ਹੈ। ਇਸ ਵਿਚ ਪ੍ਰੇਮ-ਭਗਤੀ ਦਾ ਗੁਣ-ਗਾਨ, ਕਰਮਕਾਂਡਾਂ ਦਾ ਖੰਡਨ, ਬ੍ਰਹਮ ਦੀ ਸਰਬ ਵਿਆਪਕਤਾ ਦਰਸਾਈ ਗਈ ਹੈ। ਇਹ ਰਸਮਈ ਅਤੇ ਕਲਾਤਮਿਕ ਛੁਹਾਂ ਕਾਰਨ ਬੜੀ ਅਨੂਪਮ ਰਚਨਾ ਹੈ। 'ਸੁਖਾਂ ਦੀ ਮਣੀ' ਇਸ ਕਰਕੇ ਵੀ ਆਖਿਆ ਜਾਂਦਾ ਹੈ ਕਿ ਇਹ ਮਨ ਵਿਚ ਸੁਖ ਵਸਾਉਣ ਵਾਲੀ ਬਾਣੀ ਹੈ।

ਨਾਮ-ਸਿਮਰਨ ਦੇ ਨੁਕਤੇ-ਨਿਗਾਹ ਤੋਂ ਇਸ ਦਾ ਪੈਰਾਡਾਈਮ ਮਹੱਤਵਪੂਰਨ ਅਤੇ ਗੌਰਵ ਦਾ ਲਖਾਇਕ ਹੈ। ਇਸ ਬਾਣੀ ਦੀ ਰਚਨਾ ਸਲੋਕ-ਚੌਪਈ ਬੰਦ ਵਿਚ ਹੋਈ ਹੈ। ਕੜਵਕ ਸ਼ੈਲੀ ਅਧੀਨ ਹਰ ਅਸ਼ਟਪਦੀ ਤੋਂ ਪਹਿਲਾਂ ਇਕ ਇਕ ਸਲੋਕ ਦਰਜ ਹੈ ਜੋ ਬਾਂਸ ਦੀਆਂ ਗੱਠਾਂ ਵਾਂਗ ਆਏ ਹਨ। ਇਸ ਤਰ੍ਹਾਂ ਸਾਰੀ ਰਚਨਾ ਇਕ ਨਿਸ਼ਚਿਤ ਵਿਧਾਨ ਅਧੀਨ ਚਲਦੀ ਹੈ। ਅਧਿਕਾਸ਼ ਸਲੋਕ ਦੋਹਿਰਾ-ਸੋਰਠਾ ਤੋਲ ਦੇ ਦੋ-ਤੁਕੇ ਹਨ, ਪਰ ਅੱਠਵੀਂ ਅਸ਼ਟਪਦੀ ਨਾਲ ਦਰਜ ਸਲੋਕ ਤਿੰਨ ਤੁਕਾਂ ਵਾਲਾ ਹੈ। ਇਸੇ ਤਰ੍ਹਾਂ ਸੱਤਵੀਂ ਅਤੇ ਨੌਵੀਂ ਅਸ਼ਟਪਦੀਆਂ ਨਾਲ ਆਏ ਸਲੋਕ ਚਉਤੁਕੇ ਹਨ ਤੋਲ ਚੌਪਈ ਵਰਗਾ ਹੈ।[2] ਗੁਰੂ ਸਾਹਿਬ ਨੇ ਕਿਸੇ ਵੀ ਵਿਚਾਰ/ਭਾਵ ਨੂੰ ਜਿਗਿਆਸੂ ਨੂੰ ਰੂਹਾਨੀ ਰੁਤਬਾ, ਭਜਨ-ਬੰਦਗੀ ਰਾਹੀਂ ਪ੍ਰਾਪਤ ਮੁਕਾਮ, ਭਜਨ-ਬੰਦਗੀ ਤੋਂ ਵਾਂਝੇ ਮਨੁੱਖ ਦੇ ਦੁਖਾਂ-ਕਲੇਸ਼ਾਂ ਦੇ ਰੂਬਰੂ ਕਰ ਕੇ ਫ਼ਾਨੀ ਸੰਸਾਰ ਦੇ ਮੋਹ-ਮਾਇਆ ਤੋਂ ਹਟਾ ਕੇ ਰੂਹਾਨੀਅਤ ਵੱਲ ਪ੍ਰੇਰਣਾ-ਦਾਇਕ ਬਣਾ ਦਿੱਤਾ ਹੈ।

ਬੋਲੀ ਅਤੇ ਕਾਵਿ-ਸ਼ਾਸਤਰ ਪੱਖੋਂ ਇਹ ਬਾਣੀ ਬੜੀ ਸੁਖੇਨ ਅਤੇ ਸਰਲ ਹੈ। ਇਸ ਬਾਣੀ ਦੀ ਮਹਿਮਾ ਹੇਠ ਲਿਖੀ ਪੰਕਤੀ ਦੁਆਰਾ 'ਅਮੁਲੀਕ ਲਾਲ ਏਹਿ ਰਤਨ' ਕਰ ਕੇ ਬਿਆਨ ਕੀਤਾ ਹੈ।

*ਸਭ ਤੇ ਊਚ ਤਾ ਕੀ ਸੋਭਾ ਬਨੀ॥*
*ਨਾਨਕ ਇਹ ਗੁਣਿ ਨਾਮੁ ਸੁਖਮਨੀ॥*

*—ਗਉ ੫, ਸੁਖ ੨੪, ੮:੯ (296)*

ਕੁੱਲ ਅਸ਼ਟਪਦੀਆਂ 24 ਹਨ, ਜਿਨ੍ਹਾਂ ਦੀਆਂ 1920 ਸਤਰਾਂ ਹਨ। 'ਰਹਾਉ' ਦੋ ਤੁਕਾਂ ਦਾ ਪਹਿਲੀ ਪਉੜੀ ਤੋਂ ਬਾਅਦ ਹੋਣ ਕਾਰਨ ਕੁੱਲ 1922 ਸਤਰਾਂ ਹੋ ਜਾਂਦੀਆਂ ਹਨ।

ਇਸ ਰਚਨਾ ਦੀ ਹੋਂਦ ਬਾਰੇ ਵਿਦਵਾਨ ਇਕਮਤ ਨਹੀਂ ਹਨ। ਬਹੁਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਸਾਹਿਬ ਦੀ ਪ੍ਰੌੜ ਅਵਸਥਾ ਦੀ ਮੌਲਿਕ ਸੂਝ ਵਾਲੀ ਰਚਨਾ ਹੈ। ਸਿੱਖ ਇਤਿਹਾਸ ਅਨੁਸਾਰ ਇਸ ਬਾਣੀ ਦੀ ਰਚਨਾ 'ਰਾਮਸਰ' ਦੇ ਕੰਢੇ ਹੋਈ ਦਸੀ ਜਾਂਦੀ ਹੈ। ਇੰਝ ਇਸ ਦੀ ਰਚਨਾ 1601 ਈ: ਤੋਂ ਪਹਿਲਾਂ ਦੀ ਮੰਨਣੀ ਸੁਭਾਵਿਕ ਹੈ। ਅਸ਼ਟਪਦੀਆਂ ਦੇ ਹਰ ਇਕ ਪਦੇ ਵਿਚ 10-10 ਤੁਕਾਂ ਹਨ। ਪਹਿਲੀ ਅਸ਼ਟਪਦੀ ਦੇ ਪਹਿਲੇ ਪਦੇ ਪਿਛੋਂ- 'ਰਹਾਉ' ਦੀਆਂ ਦੋ ਵੱਖਰੀਆਂ ਤੁਕਾਂ ਹਨ ਜਿਨ੍ਹਾਂ ਵਿਚ ਬਾਣੀ ਦਾ ਕੇਂਦਰੀ ਭਾਵ ਪ੍ਰਕਾਸ਼ਮਾਨ ਹੁੰਦਾ ਹੈ, ਇਹੋ ਸਾਰੀ 'ਸੁਖਮਨੀ' ਦਾ ਸਾਰ ਹੈ। ਹਰ ਅਸ਼ਟਪਦੀਆਂ ਦੇ ਸ਼ੁਰੂ ਵਿਚ ਇਕ ਸਲੋਕ ਦਰਜ ਹੈ।

ਸੁਖਮਨੀ ਸਾਹਿਬ ਦਾ ਮੁਤਾਲਿਆ ਦੋ ਪਹਿਲੂਆਂ ਤੋਂ ਮਨੋਰੰਜਕ ਹੈ। ਇੱਕ ਤਾਂ ਇਸ ਵਿਚ ਇੱਕ ਮਹਾਨ ਆਤਮਿਕ ਸਾਧਨ ਦਾ ਵਰਣਨ ਹੈ, ਇਸ ਦੇ ਯਮ ਨਿਯਮਾਂ ਦਾ ਬਿਆਨ ਤੇ ਇਸ ਦੀਆਂ ਵੱਖੋ-ਵੱਖਰੀਆਂ ਮੰਜ਼ਿਲਾਂ ਦੀ ਵਿਆਖਿਆ। ਦੂਸਰਾ ਪਹਿਲੂ ਇਸ ਦੇ ਸਾਹਿਤਕ ਸੁਹੱਪਣ ਦਾ ਹੈ, ਇਸ ਦੇ ਛੰਦਾਂ ਦੀ ਅਨੂਪਮ ਰਵਾਨੀ ਤੇ ਇਸ ਦੀ ਕਵਿਤਾ ਦਾ ਜਾਦੂ ਭਰਿਆ ਸੰਗੀਤ।[3] ਸਦੀਆਂ ਤੋਂ ਇਸ ਬਾਣੀ ਦਾ ਉਚਾਰਨ ਕਰਕੇ ਦੇਸ਼-ਵਿਦੇਸ਼ਾਂ ਦੇ ਨਾਨਕ ਨਾਮ ਲੇਵਾ ਆਤਮਿਕ ਤੇ ਸੰਗੀਤਕ ਸਵੱਛਤਾ ਤੋਂ ਸਕੂਨ ਹਾਸਲ ਕਰ ਰਹੇ ਹਨ।

## ਪਗ ਟਿਪਣੀਆਂ ਅਤੇ ਹਵਾਲੇ


1. ਖੋਜ ਪਤ੍ਰਿਕਾ: ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ 12
2. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 208
3. ਸਿਰਦਾਰ ਕਪੂਰ ਸਿੰਘ, ਪੰਚਨਦ, ਹਰਿਦਰਸ਼ਨ ਪ੍ਰਕਾਸ਼ਨ, ਚੰਡੀਗੜ੍ਹ, (ਸੰ.) ਜੈ ਤੇਗ ਸਿੰਘ ਅਨੰਤ, 2009, ਅੰਕ 23

# ਸੁਚਜੀ

ਸੂਹੀ ਰਾਗ ਵਿਚ ਗੁਰੂ ਨਾਨਕ ਸਾਹਿਬ ਦੀ 'ਸੁਚਜੀ' ਸਿਰਲੇਖ ਹੇਠ ਦਰਜ ਰਚਨਾ, ਜਿਸ ਵਿਚ ਉਤਮ ਇਸਤ੍ਰੀ ਸਿਖਿਆ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 762 ਉੱਤੇ ਅੰਕਿਤ ਹੈ। (ਮੂਲ-ਪਾਠ ਲਈ ਵੇਖੋ **ਅੰਤਿਕਾ ੨੦**) 'ਸੁਚਜੀ' ਦੇ ਸ਼ਬਦੀ ਅਰਥ ਹਨ, ਨੇਕ ਚਲਣ ਵਾਲੀ ਇਸਤਰੀ ਜਾਂ ਚਜ ਆਕਾਰ ਵਾਲੀ ਇਸਤਰੀ। ਇਕ ਜਗਿਆਸੂ ਲਈ ਸੰਕੇਤਕ ਤੌਰ ਤੇ ਇਸਤਰੀ ਰੂਪਕ ਵਰਤਿਆ ਗਿਆ ਹੈ ਜਿਸ ਵਿਚ ਗੁਰਮੁਖ ਦਾ ਵਰਨਣ ਕੀਤਾ ਗਿਆ ਹੈ। ਇੰਝ ਪਰਮਸਤਿ ਤੇ ਭਰੋਸਾ ਰੱਖਣ ਵਾਲੇ ਹੁਕਮੀ ਵਿਚ ਬੱਦੇ ਬੰਦੇ ਨੂੰ, ਇਕ ਸੁਲੱਖਣੀ ਨਾਰ[1] ਦੇ ਰੂਪ ਵਿਚ ਉਲੀਕਿਆ ਗਿਆ ਹੈ।

ਕਈ ਵਿਦਵਾਨਾਂ ਨੇ ਇਸ ਨੂੰ ਪੰਜਾਬੀ ਦਾ ਇਕ ਲੋਕ-ਕਾਵਿ ਰੂਪ ਲਿਖਿਆ ਹੈ। ਭਾਰਤੀ ਸੰਸਕ੍ਰਿਤੀ ਤੇ ਧਰਮ ਵਿਚ ਜੀਣ ਨੂੰ ਇਸਤਰੀ ਤੇ ਪ੍ਰਭੂ ਨੂੰ ਪਤੀ ਮੰਨਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਲੋਕ ਕਾਵਿ ਤੇ ਅਧਿਆਤਮਿਕ ਕਾਵਿ ਕੁੱਝ ਕਾਵਿ-ਰੂਪ ਉਭਰੇ। ਇਹ ਸੰਸਾਰ ਸਾਡਾ ਪੇਕਾ ਘਰ ਹੈ ਤੇ ਅਗਲਾ ਸੰਸਾਰ ਸਹੁਰਾ ਘਰ। ਜੀਵ ਇਸਤਰੀ ਨੇ ਸ਼ੁਭ ਕਰਮਾਂ ਦਾ ਦਾਜ ਅਗਲੇ ਲੋਕ ਪਤੀ ਨੂੰ ਰਿਝਾਉਣ ਲਈ ਤਿਆਰ ਕਰਨਾ ਹੈ। ਜਿਹੜੀ ਜੀਵ-ਇਸਤਰੀ ਇਸ ਲੋਕ ਵਿਚ ਆਪਣਾ ਅੱਗਾ ਸੰਵਾਰਨ ਵਿਚ ਜੁਟੀ ਰਹਿੰਦੀ ਹੈ ਉਹ ਸੁਚੱਜੀ ਹੈ, ਜੋ ਸੰਸਾਰ ਦੀ ਮੋਹ ਮਾਇਆ ਵਿਚ ਰੁੱਝੀ ਹੋਵੇ ਤਾਂ ਕੁਚੱਜੀ। ਲੋਕ ਗੀਤਾਂ ਵਿਚ ਵੀ ਇਹ ਦੋਵੇਂ ਰੂਪ ਮਿਲਦੇ ਹਨ।[2] ਇਸ ਛੋਟੇ ਆਕਾਰ ਦੀ ਰਚਨਾ ਬਾਰੇ 'ਮਹਾਨਕੋਸ਼' ਵਿਚ ਉਲੇਖ ਹੈ, ਸ਼ੁਭ ਅਚਾਰ ਵਾਲੀ, ਨੇਕ ਚਲਣ ਵਾਲੀ।[3] ਇਸ ਸੰਖਿਪਤ ਬਾਣੀ ਦੀਆਂ ਕੁੱਲ ਦਸ ਤੁਕਾਂ ਹਨ। ਵਾਹਿਗੁਰੂ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਹੀ ਜੀਵਨ ਦਾ ਸੁਚੱਜ ਸਾਕਾਰ ਕੀਤਾ ਗਿਆ ਹੈ। ਗੁਣਾਂ ਤੇ ਆਚਾਰ ਦੀ ਕਸਵੱਟੀ ਤੇ ਇਸਤਰੀ ਦੇ ਪ੍ਰਮੁੱਖ ਦੋ ਰੂਪਾਂ ਵੱਲ ਹੀ ਸੰਕੇਤ ਕੀਤਾ ਹੈ। ਚੰਗੇ ਚੱਜ ਆਚਾਰ ਵਾਲੀ ਇਸਤਰੀ ਨੂੰ 'ਸੁਚਜੀ' ਆਖਿਆ ਗਿਆ ਹੈ ਅਤੇ ਇਸੇ ਸੰਕਲਪ ਨੂੰ ਪਰਮਸਤਿ ਸੰਯੋਗ, ਜੀਵਆਤਮਾ ਅਤੇ ਪ੍ਰਭੂ ਪਿਆਰ ਜਾਂ ਗੁਰਮੁੱਖ ਬਾਰੇ ਚਾਨਣਾ ਪਾਇਆ ਗਿਆ ਹੈ। ਇਸੇ ਤਰ੍ਹਾਂ ਚੰਗੇ ਗੁਣਾਂ ਦੀ ਪੋਟਲੀ ਵਿਚ ਮਿਠਾਸ, ਪਿਆਰ, ਨਿਮਰਤਾ, ਤੌਰ-ਤਰੀਕੇ ਆਦਿ ਦੀ ਨਿਧੀ ਹੋਣੀ ਚੰਗਾ ਸ਼ਗਨ ਹੈ। ਸੁਚੱਜੀ ਇਸਤਰੀ ਲਈ ਧਨ ਦੌਲਤ, ਸੋਨਾ ਚਾਂਦੀ ਆਦਿ ਦਾਤਾਂ ਕਿਸੇ ਕੰਮ ਨਹੀਂ ਆਉਂਦੀਆਂ, ਕੇਵਲ ਉਹ ਦਾਤਾਂ ਦੇਣ ਵਾਲੇ ਦਾਤਾਰ ਵੱਲ ਖਿੱਚੀ ਰਹਿੰਦੀ ਹੈ। ਉਹ ਹੀ ਇਸਤਰੀ 'ਸੁਚੱਜੀ' ਦੀ ਮੰਜ਼ਲ ਤੱਕ ਪੁੱਜ ਸਕਦੀ ਹੈ ਜੋ ਆਪਣੇ ਕੰਤ ਪਿਆਰੇ ਦੀ ਰਜ਼ਾ ਵਿਚ ਰਹਿਣਾ ਪਸੰਦ ਕਰਦੀ ਹੈ।

ਗੁਰਬਾਣੀ ਵਿਚ ਨਾਰੀ ਬਾਰੇ ਦਿੱਤੇ ਪ੍ਰਤੀਕਾਤਮਿਕ ਦ੍ਰਿਸ਼ਟੀਕੋਣ ਦਾ ਸਹਿਜੇ ਹੀ ਪਤਾ ਲਗ ਸਕਦਾ ਹੈ ਕਿ ਕਿਵੇਂ ਜੀਵਨ ਨੂੰ ਸੁਚਜਾ ਬਣਾਉਣ ਲਈ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ ਤੇ ਗੁਣਾਂ ਦੇ ਕਾਰਨ ਹੀ ਪਰਮਾਤਮਾ ਪਤੀ ਦਾ ਮਿਲਾਪ ਪ੍ਰਾਪਤ ਹੋ ਸਕਦਾ ਹੈ।[4] ਇਸ ਵਿਚ ਸੰਸਕ੍ਰਿਤ ਦੇ 'ਸੁਚਰਯਾ' ਸ਼ਬਦ ਦੇ ਤਦਭਵ ਰੂਪ ਵਿਚ ਵਰਤੇ 'ਸੁਚਜੀ' ਸ਼ਬਦ ਤੋਂ ਭਾਵ ਹੈ ਚੰਗੇ ਆਚਾਰ ਵਾਲੀ ਇਸਤਰੀ।.....ਇਸ ਬਾਣੀ ਵਿਚ 'ਸੁਚੱਜੀ' ਸ਼ਬਦ ਅਜਿਹੇ ਜਿਗਿਆਸੂ

ਲਈ ਵਰਤਿਆ ਗਿਆ ਹੈ ਜੋ ਸੰਸਾਰਿਕਤ ਨੂੰ ਤਿਆਗ ਕੇ ਪੂਰੀ ਤਰ੍ਹਾਂ ਪਰਮਾਤਮਾ ਵਿਚ ਲੀਨ ਰਹਿੰਦਾ ਹੈ ਅਤੇ ਉਸ ਦੀ ਰਜ਼ਾ ਅਨੁਸਾਰ ਜੀਵਨ ਜੀਉਂਦਾ ਹੈ। ਇਸ ਨੂੰ 'ਗੁਰਮੁਖ' ਸ਼ਬਦ ਦਾ ਨਾਂਮਾਤਰ ਵੀ ਕਿਹਾ ਜਾ ਸਕਦਾ ਹੈ।[5]

ਡਾ. ਕੁਲਦੀਪ ਸਿੰਘ ਧੀਰ ਅਨੁਸਾਰ ਸੁਚੱਜੀ ਗੁਣ-ਵਾਚਕ ਕਾਵਿ-ਰੂਪ ਹੈ। ਸੁਚੱਜੀ ਲਹਿੰਦੇ ਪੰਜਾਬ ਦੇ ਜਨ ਸਾਧਾਰਨ ਦਾ ਹਰਮਨ ਪਿਆਰਾ ਕਾਵਿ-ਰੂਪ ਰਿਹਾ ਹੋਵੇਗਾ। ਇਸੇ ਕਾਰਨ ਉਸ ਖੇਤਰ ਵਿਚ ਜਨ-ਸਾਧਾਰਨ ਨਾਲ ਆਪਣਾ ਸੰਵਾਦ ਸਥਾਪਤ ਕਰਨ ਲਈ ਗੁਰੂ ਨਾਨਕ ਨੇ ਇਸ ਕਾਵਿ-ਰੂਪ ਦੀ ਵਰਤੋਂ ਕੀਤੀ ਹੋਵੇਗੀ।.....ਇਸ ਰਚਨਾ ਵਿਚ ਲਹਿੰਦੀ ਸ਼ਬਦਾਵਲੀ ਦੀ ਭਰਪੂਰ ਵਰਤੋਂ ਸਾਡੇ ਉਪਰੋਕਤ ਤਰਕ ਦਾ ਆਧਾਰ ਹੈ।[6]

'ਸੁਚੱਜੀ' ਦੀਆਂ ਸੰਪੂਰਣ ਕਾਵਿ-ਸਤਰਾਂ ਵਿਚ ਅਧਿਆਤਮਿਕ ਸੁਭਾਅ ਦਾ ਬਿੰਬ ਉੱਘੜ ਕੇ ਦ੍ਰਿਸ਼ਟੀਮਾਨ ਹੁੰਦਾ ਹੈ। ਇਹ ਸੰਪੂਰਣ ਰਚਨਾ ਸੁਚੱਜੀ ਪ੍ਰਗੀਤ ਲੋਕਿਕ-ਕਾਵਿ ਰੂਪ ਦੀ ਸੰਬੋਧਨੀ ਸੰਰਚਨਾ ਪ੍ਰਸਤੁਤ ਕਰਦੀ ਹੈ। ਕਈ ਵਿਦਵਾਨ[7] ਇਸ ਨੂੰ ਸ਼ੇਖ ਬ੍ਰਹਮ ਨਾਲ ਹੋਈ ਗੁਫ਼ਤਗੂ ਸਮੇਂ ਉਚਾਰਨ ਦਾ ਸੰਕੇਤ ਦਿੰਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,** ਪੂਰਵ ਅੰਕਤ, ਅੰਕ 762
2. **ਡਾ. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼,** ਪੂਰਵ ਅੰਕਤ, ਅੰਕ 1145
3. **ਮਹਾਨ ਕੋਸ਼,** ਅੰਕ 158
4. **ਖੋਜ ਪਤ੍ਰਿਕਾ-ਬਾਣੀ ਕਾਵਿ ਰੂਪ ਵਿਸ਼ੇਸ਼ ਅੰਕ,** ਅੰਕ 216
5. **ਗੁਰੂ ਗ੍ਰੰਥ ਵਿਸ਼ਵਕੋਸ਼,** ਪੂਰਵ ਅੰਕਤ, ਅੰਕ 209
6. **ਡਾ. ਕੁਲਦੀਪ ਸਿੰਘ ਧੀਰ, ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ,** ਪੂਰਵ ਅੰਕਤ, ਅੰਕ 23
7. **The Encyclopeadia of sikhism (Vol IV),** op.cit, P: 258
   "Suchaji (**'Su'** meaning good or appropriate; **'Chaj'** meaning manner or style, with I being the suffix of feminine singular) is the term figuratively used to typify the qualities of a gurmukh (egoless person turned towards lord). According to janam sakhi tradition, Guru Nanak uttered these verses in conversation with shaikh Brahm (Ibrahim), a distant spiritual successor of Shaikh Farid of pakpattan, whom he met in the course of one of his journeys through western punjab. Shaikh Brahm had said that they who truly loved the Infinite being were the true ones. Guru Nanak eloborates and says that true love of God consists is living, in accordance with his will.

The true devotee, **suchajji**, remains constant in her love. However Variable material circums tances may be, she abides by the will of the Almighty. Metaphorically, the poem converys Guru Nanak's conception of a true devotece...... The poem in marued by a deeply devotional tone, its picturesque symbolism and tilting music".

# ਸੂਹੀ

ਰਾਗਬੱਧ ਬਾਣੀ ਵਿਚ ਇਸ ਰਾਗ ਦਾ ਨੰਬਰ ਪੰਦਰ੍ਹਵਾਂ ਆਉਂਦਾ ਹੈ। ਇਹ ਇਕ ਅਪ੍ਰਚੱਲਿਤ ਰਾਗ ਹੈ ਜਿਸ ਦੇ ਸਹੀ ਸਰੂਪ ਬਾਰੇ ਸਾਰੇ ਵਿਦਵਾਨ ਇਕ ਮੱਤ ਨਹੀਂ। ਦਿਨ ਚੜ੍ਹਨ ਤੋਂ ਪਿਛੋਂ ਤੇ ਦੁਪਹਿਰ ਤੋਂ ਪਹਿਲਾਂ ਗਾਉਣ ਦੀ ਰੀਤ ਹੈ। ਕਈ ਵਿਦਵਾਨ ਇਸ ਸੂਹੀ ਰਾਗ ਨੂੰ ਲਲਿਤ ਨਾਲ ਮਿਲਾਕੇ ਵੀ ਪੇਸ਼ ਕਰਦੇ ਹਨ। ਪੁਰਾਤਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਵਰਨਣ ਨਹੀਂ ਆਉਂਦਾ।

ਸੂਹੀ ਇਕ ਰਾਗਣੀ ਹੈ, ਜਿਸ ਨੂੰ ਸੂਹਾ ਵੀ ਆਖਦੇ ਹਨ। ਇਹ ਕਾਫ਼ੀ ਠਾਟ ਦੀ ਸ਼ਾਡਵ ਰਾਗਣੀ ਹੈ। ਇਸ ਵਿਚ ਧੈਵਤ ਵਰਜਿਤ ਹੈ। ਸੂਹੀ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਹਨ। ਵਾਦੀ-ਮਧਿਅਮ ਅਤੇ ਸੰਵਾਦੀ ਸ਼ਡਜ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਹੈ।[1] ਕੁੱਝ ਦਾ ਮਤ ਹੈ ਕਿ ਇਹ ਕਾਨ੍ਹੜਾ ਅਤੇ ਮੇਘ ਮਲਾਰ ਦੇ ਸੰਯੋਗ ਨਾਲ ਬਣਦਾ ਹੈ ਅਤੇ ਕੁੱਝ ਹੋਰਾਂ ਦੀ ਸਥਾਪਨਾ ਹੈ ਕਿ ਇਸ ਦੀ ਰਚਨਾ ਕਾਨੜਾ ਅਤੇ ਸਾਰੰਗ ਦੇ ਮੇਲ ਨਾਲ ਹੁੰਦੀ ਹੈ।[2]

ਇਸ ਰਾਗ ਵਿਚ ਆਈ ਸੰਪੂਰਨ ਬਾਣੀ ਦਾ ਵੇਰਵਾ ਇੰਵ ਹੈ: 92 ਚਉਪਦਿਆਂ ਵਿਚੋਂ 9 ਗੁਰੂ ਨਾਨਕ ਦੇ, 15 ਗੁਰੂ ਰਾਮਦਾਸ , 58 ਗੁਰੂ ਅਰਜਨ, 5 ਕਬੀਰ, 3 ਰਵਿਦਾਸ ਅਤੇ 2 ਸ਼ੇਖ ਫ਼ਰੀਦ ਦੇ ਹਨ। ਇਸੇ ਤਰ੍ਹਾਂ 16 ਅਸ਼ਟਪਦੀਆਂ ਵਿਚੋਂ 5 ਗੁਰੂ ਨਾਨਕ ਦੀਆਂ, 4 ਗੁਰੂ ਅਮਰਦਾਸ ਦੀਆਂ, 2 ਗੁਰੂ ਰਾਮਦਾਸ ਅਤੇ 5 ਗੁਰੂ ਅਰਜਨ ਦੀਆਂ ਹਨ। ਚਉਪਦੇ ਅੰਕ 728-794 ਅਤੇ ਅਸ਼ਟਪਦੀਆਂ 750-763 ਅੰਕ ਤੱਕ ਅੰਕਿਤ ਹਨ। ਗੁਰੂ ਨਾਨਕ ਦੀ ਇਕ ਕੁਚੱਜੀ, ਇਕ ਸੁਚਜੀ ਅਤੇ ਗੁਰੂ ਅਰਜਨ ਦੀ ਇਕ ਗੁਣਵੰਤੀ ਅੰਕ 762 ਤੇ ਦਰਜ ਹਨ। ਕੁੱਲ ਛੰਤ 29 ਹਨ ਜਿਨ੍ਹਾਂ ਵਿਚੋਂ 5 ਗੁਰੂ ਨਾਨਕ, 7 ਗੁਰੂ ਅਮਰਦਾਸ, 6 ਗੁਰੂ ਰਾਮਦਾਸ ਅਤੇ 11 ਗੁਰੂ ਅਰਜਨ ਸਾਹਿਬ ਦੇ ਹਨ, ਜੋ ਅੰਕ 763-785 ਤੱਕ ਸ਼ੁਸ਼ੋਭਿਤ ਹਨ। ਇਕ ਗੁਰੂ ਅਮਰਦਾਸ ਦੀ 'ਸੂਹੀ ਕੀ ਵਾਰ' ਵੀ ਦਰਜ ਹੈ।

ਇਸ ਰਾਗ ਦੀ ਬਾਣੀ ਵਿਚ ਪਾਕਿ-ਪਵਿੱਤਰ ਹੋਕੇ ਕਥਨੀ-ਕਰਨੀ ਵਿਚ ਪ੍ਰਪੱਕ ਰਹਿ ਕੇ ਅਕਾਲਪੁਰਖ ਦਾ ਸਿਮਰਨ ਕਰਨਾ ਹੀ ਉੱਤਮ ਦਸਿਆ ਗਿਆ ਹੈ। ਪ੍ਰਭੂ- ਪਰਮਾਤਮਾ ਦੇ ਨਾਮ-ਸਿਮਰਨ ਨਾਲ ਹੀ ਸਾਰੀਆਂ ਮਨ-ਇੱਛਾਂ ਪੂਰਨ ਹੋ ਜਾਂਦੀਆਂ ਹਨ। ਪਰਮਸਤਿ ਦੀ ਸਰਬ ਵਿਆਪਕਤਾ, ਸੰਤਾਂ, ਸਾਧ-ਸੰਗਤਿ ਆਦਿ ਤੇ ਪ੍ਰਕਾਸ਼ ਪਾਇਆ ਗਿਆ ਹੈ। ਅਕਾਲਪੁਰਖ ਲਈ ਨਾਮ-ਸਿਮਰਨ ਮਿਕਨਾਤੀਸੀ ਕਸ਼ਿਸ਼ ਦਾ ਕੰਮ ਕਰਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਮਹਾਨਕੋਸ਼, ਪੂਰਵ ਅੰਕਤ, ਅੰਕ 222
2. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 217

# ਸੂਹੀ ਕੀ ਵਾਰ

ਗੁਰੂ ਅਮਰਦਾਸ ਵਲੋਂ ਉਚਾਰੀ ਇਸ ਵਾਰ ਦੀਆਂ ਕੁੱਲ 20 ਪਉੜੀਆਂ ਹਨ, ਪਰ ਹਰ ਪਉੜੀ ਦੀਆਂ ਪੰਜ ਪੰਜ ਸਤਰਾਂ ਹਨ। ਸਲੋਕਾਂ ਦੀ ਗਿਣਤੀ 47 ਹੈ। ਇਨ੍ਹਾਂ ਵਿਚ ਗੁਰੂ ਅਮਰਦਾਸ ਦੇ 15 ਸਲੋਕ, ਗੁਰੂ ਨਾਨਕ ਦੇ 21, ਗੁਰੂ ਅੰਗਦ ਦੇ 11 ਸਲੋਕ ਦਰਜ ਹਨ। ਸਲੋਕਾਂ ਵਿਚ ਆਈਆਂ ਤੁਕਾਂ ਇਕਸਾਰ ਨਹੀਂ। ਦੋ ਤੋਂ ਲੈ ਕੇ ਅੱਠ ਤੁਕਾਂ ਦ੍ਰਿਸ਼ਟਮਾਨ ਹੁੰਦੀਆਂ ਹਨ। ਸੁਭਾਵਿਕ ਤੌਰ ਤੇ ਦੋ-ਦੋ ਸਲੋਕ ਹਰ ਪਉੜੀ ਦੇ ਨਾਲ ਆਏ ਹਨ ਪਰ 7ਵੀਂ ਅਤੇ 15ਵੀਂ ਪਉੜੀ ਨਾਲ ਚਾਰ-ਚਾਰ ਸਲੋਕ ਦਰਜ ਹਨ। ਪਰ 6ਵੀਂ, 9ਵੀਂ ਪਉੜੀ ਨਾਲ ਸਲੋਕਾਂ ਦੀ ਗਿਣਤੀ ਤਿੰਨ-ਤਿੰਨ ਹੈ। ਇਸ ਵਾਰ ਦੀ ਭਾਸ਼ਾ ਸੁਖੇਨ ਅਤੇ ਵਿਸ਼ੇ ਦੁਆਲੇ ਕੇਂਦਰਿਤ ਹੋਈ ਹੈ।

ਇਸ ਵਾਰ ਵਿਚ ਗੁਰਮਤਿ ਦੇ ਵਿਭਿੰਨ ਸਿਧਾਂਤਾਂ ਨੂੰ ਮੂਰਤੀਮਾਨ ਕਰਦੇ ਜਗਿਆਸੂ ਨੂੰ ਪਰਮਸਤਿ ਅਕਾਲਪੁਰਖ ਦੀ ਬੰਦਗੀ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਸਹਿਜ ਅਵਸਥਾ ਦੀ ਪ੍ਰਾਪਤੀ ਹੀ ਆਨੰਦ ਦੀ ਟੀਸੀ ਦਸੀ ਗਈ ਹੈ। ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 785-792 ਤੱਕ ਅੰਕਿਤ ਹੈ।

# ਸੋਹਿਲਾ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਮਈ ਬਾਣੀ ਤੋਂ ਪਹਿਲਾਂ ਆਈ ਚੌਥੇ ਨੰਬਰ ਦੀ ਬਾਣੀ, ਜਿਸ ਦਾ ਸਿਰਲੇਖ 'ਸੋਹਿਲਾ' ਹੈ। ਇਸ ਬਾਣੀ ਨੂੰ ਰਾਤ ਸੌਣ ਸਮੇਂ ਤੋਂ ਪਹਿਲਾਂ ਪੜ੍ਹਨ ਦਾ ਵਿਧਾਨ ਹੈ। 'ਤਿਤੁ ਘਰਿ ਗਾਵਹੁ ਸੋਹਿਲਾ.....' ਪਾਠ ਹੋਣ ਕਰਕੇ ਇਹ ਸੰਗਯਾ ਹੋ ਗਈ ਹੈ। ਇਸ ਬਾਣੀ ਵਿਚ ਪੰਜ ਸ਼ਬਦ ਹਨ ਜਿਨ੍ਹਾਂ ਵਿਚ ਤਿੰਨ ਗੁਰੂ ਨਾਨਕ ਦੇ ਅਤੇ ਇਕ-ਇਕ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦਾ ਹੈ।

'ਸੋਹਿਲਾ' ਦਾ ਸ਼ਬਦਿਕ ਅਰਥ ਹੈ 'ਉਤਮ ('ਸੁ') ਕ੍ਰੀੜਾ ('ਹੇਲਾ') ਸ੍ਰੇਸ਼ਠ ਸ਼ਬਦ-ਪਾਠ।[1] ਸੰਖੇਪ ਵਿਚ 'ਸੋਹਿਲਾ' ਜਸ/ਕੀਰਤ/ਵਡਿਆਈ ਜਾਂ ਖੁਸ਼ੀ ਦਾ ਗੀਤ ਹੀ ਹੈ।

*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥*

*—ਗਉ ੧, ਸੋਹ ੧:੨ (12)*

ਗੁਰੂ ਨਾਨਕ ਦੇ ਜੋ ਤਿੰਨ ਸ਼ਬਦ, ਇਸ ਬਾਣੀ ਵਿਚ ਆਏ ਹਨ, ਉਹ ਰਾਗ ਗਾਉੜੀ ਦੀਪਕੀ, ਆਸਾ ਅਤੇ ਧਨਾਸਰੀ ਵਿਚੋਂ ਲਏ ਗਏ ਹਨ ਜਦ ਕਿ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇ ਸ਼ਬਦ ਗਉੜੀ ਪੂਰਬੀ ਰਾਗ ਵਿਚੋਂ ਲਏ ਗਏ ਹਨ। ਗੁਰੂ ਅਰਜਨ ਨੇ 1604 ਈ: ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਸਮੇਂ ਪੰਜ ਸ਼ਬਦ ਇਕੋ ਸਿਰਲੇਖ ਹੇਠ ਦਰਜ ਕੀਤੇ। ਗੁਰੂ ਗੋਬਿੰਦ ਸਿੰਘ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਨਾ ਸਮੇਂ ਇਸ ਨੂੰ ਰਾਤ ਸਮੇਂ ਪੜ੍ਹਨ ਦੇ ਵਿਧਾਨ ਵਿਚ ਸ਼ਾਮਲ ਕੀਤਾ। ਅਜੋਕੇ ਨਿੱਤਨੇਮ ਦੇ ਗੁਟਕਿਆਂ ਵਿਚ 'ਕੀਰਤਨ ਸੋਹਿਲਾ' ਕਰਕੇ ਲਿਖਿਆ ਹੈ। 'ਤਿਤੁ ਘਰਿ ਗਾਵਹੁ ਸੋਹਿਲਾ'.....ਸੰਕੇਤ ਕਰਦਾ ਹੈ ਕਿ ਇਹ ਬਾਣੀ ਗਾਉਣ ਕਾਰਨ 'ਕੀਰਤਨ ਸੋਹਿਲਾ' ਕਰ ਕੇ ਆਮ ਨਾਂ ਪ੍ਰਚਲਿਤ ਹੋ ਗਿਆ ਹੈ। ਉਂਞ ਬਾਣੀ ਦਾ ਸਿਰਲੇਖ 'ਸੋਹਿਲਾ' ਹੀ ਹੈ। ਕਈ ਪੁਰਾਤਨ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਵਿਚ 'ਸੋਹਿਲਾ ਪੰਚ ਸ਼ਬਦ' ਜਾਂ 'ਸੋਹਿਲਾ ਆਰਤੀ ਪੰਚ ਸ਼ਬਦ' 'ਤਤਕਰਾ ਰਾਗਾਂ ਕਾ' ਅੰਕਿਤ ਹੋਇਆ ਮਿਲਦਾ ਹੈ। ਭਾਈ ਗੁਰਦਾਸ ਜੀ ਨੇ ਵੀ 'ਸੋਹਿਲਾ' ਬਾਣੀ ਬਾਰੇ ਸੰਕੇਤ ਕੀਤਾ ਹੈ:

*'ਰਾਤੀ ਕੀਰਤਿ ਸੋਹਿਲਾ ਕਰ ਆਰਤੀ ਪਰਸਾਦੁ ਵੰਡਦੇ'*

(ਵਾਰਾਂ, ੧-੩੮)

ਇਹ ਬਾਣੀ ਭਾਵੇਂ ਛੁਟੇਰੀ ਹੈ ਪਰ ਇਸ ਵਿਚ ਬਹੁਤ ਗਹਿਰੇ ਬਿੰਬਾਤਮਿਕ ਦ੍ਰਿਸ਼ਟਮਾਨ ਪੇਸ਼ ਕੀਤੇ ਗਏ ਹਨ। ਕਈ ਵਿਦਵਾਨ[2] ਇਸ ਬਾਣੀ ਨੂੰ ਅਨੁਸ਼ਠਾਨਿਕ ਰਚਨਾ-ਰੂਪ ਨੂੰ ਲੋਕ-ਕਲਿਆਣ ਦੀ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦੇ ਹਨ। ਇਸੇ ਕਾਰਨ ਇਹ ਲੋਕ-ਵਿਸ਼ਵਾਸ ਦੀ ਆਰਸੀ ਦੇ ਰੂਬਰੂ ਰੂਹਾਨੀ ਗੂੜ ਰਾਹੀਂ ਸਾਕਾਰ ਹੋਈ ਹੈ।

ਇਹ ਬਾਣੀ ਗੁਰਸਿਖਾਂ ਦੇ ਨਿਤਨੇਮ ਵਿਚ ਸ਼ਾਮਲ ਹੈ ਜੋ ਰਾਤ ਨੂੰ ਸੌਣ ਸਮੇਂ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਸੁਖਾਸਨ ਸਮੇਂ, ਪ੍ਰਾਣੀ ਮਿਰਤਕ ਦੇ ਸਸਕਾਰ (ਅਗਨ-ਭੇਟ) ਸਮੇਂ, ਇਸ ਬਾਣੀ ਦੇ ਪਾਠ ਕਰਨ ਦਾ ਵਿਧਾਨ ਹੈ। ਇਸ ਬਾਣੀ ਵਿਚ ਸਿਖ

ਧਰਮ ਦੇ ਮੌਲਿਕ ਸਿਧਾਂਤ[3] ਸਮਾਏ ਹੋਏ ਹਨ। ਇਸ ਰਚਨਾ ਵਿਚ ਲੌਕਿਕ ਸੰਦਰਭਾਂ ਨੂੰ ਦੈਵਿਕ ਵਾਲੇ ਪਾਸੇ ਮੋੜ ਦਿੱਤਾ ਗਿਆ ਹੈ। ਕਿਸੇ ਲੌਕਿਕ ਜੀਵ ਦੀ ਸਿਫ਼ਤ ਸਲਾਹ ਦੀ ਥਾਂ ਨਿਰਭਉ ਪ੍ਰਭੂ ਦੀ ਸਿਫ਼ਤ ਸਲਾਹ ਦਾ ਉਪਦੇਸ਼ ਦ੍ਰਿੜ੍ਹ ਕਰਵਾਣ ਵਾਲਾ ਪ੍ਰਗੀਤ ਬਣ ਗਿਆ ਹੈ, ਇਹ ਸੋਹਿਲਾ। ਬੈਂਚਟ ਦੇ ਵਰਗੀਕਰਨ ਦਾ ਆਸਰਾ ਲਈਏ ਤਾਂ ਇਹ ਰੂਪਾਕਾਰ ਪ੍ਰਗੀਤਕ ਨਾਲੋਂ ਉਪਦੇਸ਼ਾਤਮਕ ਵਰਗ ਵਿਚ ਰੱਖਣਾ ਵਧੇਰੇ ਯੋਗ ਪ੍ਰਤੀਤ ਹੁੰਦਾ ਹੈ।[4]

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰੂ ਗ੍ਰੰਥ ਵਿਸਵਕੋਸ਼, ਪੂਰਵ ਅੰਕਤ, ਅੰਕ** 241
2. **ਬਾਣੀ-ਰੂਪ ਪ੍ਰਬੰਧ** ਵਿਚ ਡਾ. ਮਹਿੰਦਰ ਕੌਰ ਗਿੱਲ ਲਿਖਦੇ ਹਨ ਕਿ, "ਇਹ ਉਹ ਮੰਗਲਮਈ ਗੀਤ ਹਨ ਜੋ ਬੱਚੇ ਦੇ ਜਨਮ ਸਮੇਂ ਗਾਏ ਜਾਂਦੇ ਹਨ। ਬੱਚੇ ਦੇ ਜਨਮ ਦੇ ਛੇਵੇਂ ਦਿਨ ਤੇ ਬਾਹਰਵੇਂ ਦਿਨ ਖ਼ਾਸ ਕਰਕੇ ਪਰਿਵਾਰ ਦੀਆਂ ਇਸਤਰੀਆਂ ਮਿਲ ਕੇ ਗੀਤ ਬੜੇ ਹੁਲਾਸ ਨਾਲ ਗਾਉਂਦੀਆਂ ਹਨ। ਮੰਗਲ ਸ਼ਬਦ ਸੋਹਿਲਾ ਦੀ ਬਿਰਤੀ ਦਾ ਲਖਾਇਕ ਹੈ।"
3. **The Encyclopeadia of sikhism (Vol IV),** op.cit, P: 231. "The sohila adverts to the fundamental doctrines of sikhism-theological, religious and social. The supreme being is unique and without a second. All scriptures of religious systems are equal and worthy of reverance for each one of them manifests some facet of the Reality. All men are equal as the light of the eternal one pervades each one of them. Of the two paths of egoistic materialism and devotional bhakti, the latter alone helps one to achieve liberation, the supreme goal of life. One who adheres to the principle of loving devotion is nirbhau (Fearless). He conquers even the fear of death."
4. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੂਰਵ ਅੰਕਤ, ਅੰਕ** 25

# ਸੋਦਰੁ

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਕ ਖਾਸ ਬਾਣੀ 'ਸੋਦਰੁ' ਹੈ ਜਿਸ ਦਾ ਪਾਠ ਸ਼ਾਮ ਵੇਲੇ 'ਰਹਿਰਾਸ' ਵਿਚ ਕੀਤਾ ਜਾਂਦਾ ਹੈ। 'ਸੋਦਰੁ' ਨਿਮਨਲਿਖਤ ਸਿਰਲੇਖ ਰਾਗ-ਬੱਧ ਬਾਣੀ ਤੋਂ ਪਹਿਲਾਂ ਪੰਜ ਸ਼ਬਦਾਂ ਦਾ ਸਮੂਹ ਹੈ। ਇਸ ਬਾਣੀ ਦਾ ਆਰੰਭ 'ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ.....' ਪਾਠ ਹੋਣ ਕਾਰਨ ਸੰਗਯਾ 'ਸੋਦਰੁ' ਹੋ ਗਈ ਹੈ। 'ਤਤਕਰਾ ਰਾਗਾਂ ਕਾ' ਵਿਚ ਸੂਚਨਾ 'ਸੋਦਰੁ ਪੰਚ ਸ਼ਬਦ'[1] ਸੰਕੇਤ ਕੀਤੇ ਗਏ ਹਨ।

'ਸੋਦਰੁ' ਰਹਿਰਾਸ ਪਾਠ ਦਾ ਭਾਗ ਅਤੇ ਨਿਤਨੇਮ ਦੀ ਬਾਣੀ ਹੈ ਜਿਸ ਦਾ ਪਾਠ ਨਿਤਾਪ੍ਰਤਿ ਸ਼ਾਮ ਨੂੰ ਕੀਤਾ ਜਾਂਦਾ ਹੈ। 'ਸੋਦਰੁ' ਵਾਲਾ ਸ਼ਬਦ ਜਪੁਜੀ ਸਾਹਿਬ (ਪਉੜੀ 27), ਰਹਿਰਾਸ ਸਾਹਿਬ ਅਤੇ ਰਾਗ ਆਸਾ ਦੇ ਸ਼ੁਰੂ ਵਿਚ ਥੋੜ੍ਹਾ ਅਖਰਾਂ/ਲੱਗਾਂ ਦੇ ਪਾਠਾਂਤਰਾਂ ਕਾਰਨ ਸਮਾਨਤਾ ਰੱਖਦਾ ਹੈ।

ਇਤਿਹਾਸਕ ਨੁਕਤੇ-ਨਿਗਾਹ ਤੋਂ ਇਸ ਬਾਣੀ ਦਾ ਪ੍ਰਵੇਸ਼ 'ਵੇਈਂ' ਵੱਲ ਸੰਕੇਤ ਕਰਦਾ ਹੈ। ਸੰਪ੍ਰਦਾਈ ਪ੍ਰਚਾਰਕਾਂ ਦੀ ਧਾਰਣਾ ਹੈ ਕਿ ਜਦੋਂ ਗੁਰੂ ਜੀ ਵੇਈਂ ਪ੍ਰਵੇਸ਼ ਦੁਆਰਾ ਪਰਮਾਤਮਾ ਦੀ ਦਰਗਾਹ ਵਿਚ ਗਏ ਤਾਂ ਉਥੋਂ ਦੀ ਅਜ਼ਮਤ ਨੂੰ ਇਸ ਸ਼ਬਦ ਰਾਹੀਂ ਰੂਪਾਇਤ ਕੀਤਾ। ਪਰ 'ਸੋਦਰੁ' ਸੰਬੋਧਨ ਇਸ ਉਥਾਨਿਕਾ ਨੂੰ ਠੀਕ ਸਿੱਧ ਨਹੀਂ ਕਰਦਾ ਕਿਉਂਕਿ ਅਜਿਹੀ ਸਥਿਤੀ ਵਿਚ 'ਇਹ ਦਰ' ਹੋਣਾ ਚਾਹੀਦਾ ਸੀ। 'ਮਿਹਰਬਾਨ ਜਨਮਸਾਖੀ' ਵਿਚ ਇਸ ਦਾ ਰਚਨਾ-ਸਥਾਨ ਅਯੋਧਿਆ[2] ਦੱਸਿਆ ਗਿਆ ਹੈ।

ਕਈ ਅਗਯਾਨੀ ਪਰਮਸਤਿ ਦਾ ਕੋਈ ਖਾਸ ਦਰ/ਦੁਆਰ ਵੱਲ ਸੰਕੇਤ ਕਰਦੇ ਹਨ ਪਰ ਗੁਰੂ ਸਾਹਿਬ ਨੇ ਇਨ੍ਹਾਂ ਵਿਚਾਰਾਂ ਦਾ ਪੂਰੀ ਤਰ੍ਹਾਂ ਖੰਡਨ ਕਰਕੇ ਜਗਿਆਸੂ ਨੂੰ ਵਾਹਿਗੁਰੂ ਦੇ ਅਸਲ ਦਰ ਦੀ ਅਸਲੀ ਸੋਝੀ ਕਰਾਈ ਹੈ।

***ਸੋਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥***

*—ਜਪ ੧, ੨੭: ੧ (6)*

ਇਸ ਬਾਣੀ ਦੀ ਭਾਸ਼ਾ ਪੰਜਾਬੀ ਹੈ ਜਿਸ ਵਿਚ ਸੰਸਕ੍ਰਿਤ, ਫ਼ਾਰਸੀ, ਬ੍ਰਿਜ[3] ਆਦਿ ਦੇ ਸ਼ਬਦ ਆਏ ਹਨ। ਪਰਮਸਤਿ ਆਪ ਸ੍ਰਿਸ਼ਟੀ ਦੀ ਰਚਨਾ ਕਰ ਕੇ ਉਸ ਦੀ ਸੰਭਾਲ ਆਪ ਹੀ ਕਰ ਰਿਹਾ ਹੈ। ਪ੍ਰਭੂ-ਪਰਮਾਤਮਾ ਦੀ ਸਿਫ਼ਤ, ਵਿਰਾਟਤਾ ਅਤੇ ਮਹਾਨਤਾ ਦਾ ਅਨੁਮਾਨ ਲਾਉਣਾ ਸਾਧਕ ਦੇ ਵੱਸ ਦੀ ਬਾਤ ਨਹੀਂ। ਜਗਿਆਸੂ ਨੂੰ ਨਾਮ-ਸਿਮਰਨ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਸਾਧ-ਸੰਗਤਿ ਦੀ ਮਹੱਤਵ ਦਾ ਅਨੋਖਾ ਪੈਰਾਡਾਈਮ ਪੇਸ਼ ਕਰਕੇ, ਭਵ-ਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ। ਸਾਧਕ ਨੂੰ ਸਪਸ਼ਟ ਉਲੇਖ ਦਿੱਤਾ ਗਿਆ ਹੈ ਕਿ ਰਚਨਹਾਰਾ ਵੀ ਅਕਾਲਪੁਰਖ ਆਪ ਹੈ ਅਤੇ ਪ੍ਰਤਿਪਾਲਕ ਵੀ ਆਪ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. 1.1 ਸੋਦਰੁ ਰਾਗੁ ਆਸਾ ਮਹਲਾ ੧ ॥ (ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ.....)
   1.2 ਆਸਾ ਮਹਲਾ ੧ ॥ (ਸੁਣਿ ਵਡਾ ਆਖੈ ਸਭੁ ਕੋਇ ॥)
   1.3 ਆਸਾ ਮਹਲਾ ੧ ॥ (ਆਖਾ ਜੀਵਾ ਵਿਸਰੈ ਮਰਿ ਜਾਉ ॥)
   1.4 ਰਾਗੁ ਗੂਜਰੀ ਮਹਲਾ ੫ ॥ (ਹਰਿਕੇ ਜਨ ਸਤਿਗੁਰ ਸਤ ਪੁਰਖਾ.....)
   1.5 ਰਾਗੁ ਗੂਜਰੀ ਮਹਲਾ ੫ ॥ (ਕਾਹੇ ਰੇ ਮਨ ਚਿਤਵਹਿ ਉਦਮ....)
2. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ 243
3. **The Encyclopeadia of sikhism (Vol IV),** op.cit, P: 224, "The metre and rhyme of the **So Daru** resemble those of **Chhant** and **Var** and the language is manily punjabi, with some admixture of words, both in their mainly tatsam and **tadbhav** forms, from sanskrit, persian and Braj."

# ਸੋ ਪੁਰਖੁ

ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਰਾਗ-ਬੱਧ ਬਾਣੀ ਤੋਂ ਪਹਿਲਾਂ ਨਿਮਨ ਲਿਖਤ ਸਿਰਲੇਖ 'ਸੋ ਪੁਰਖੁ' ਚਾਰ ਸ਼ਬਦਾਂ ਦਾ ਸਮੂਹ ਹੈ। ਗੁਰੂ ਅਰਜਨ ਨੇ ਇਨ੍ਹਾਂ ਚਾਰ ਸ਼ਬਦਾਂ ਨੂੰ ਵੀ 'ਰਹਿਰਾਸ ਸਾਹਿਬ' ਦੀ ਬਾਣੀ ਵਿਚ ਅੰਕਿਤ ਕਰ ਦਿੱਤਾ ਹੈ। ਇਸ ਬਾਣੀ ਨੂੰ ਰੋਜ਼ ਸ਼ਾਮ ਵੇਲੇ ਪੜ੍ਹਨ ਦਾ ਵਿਧਾਨ ਹੈ।

'ਮਹਾਨਕੋਸ਼' ਦੇ ਕਰਤਾ ਅਨੁਸਾਰ, ਇਕ ਗੁਰਬਾਣੀ, ਜਿਸ ਦਾ ਰਹਰਾਸਿ ਵਿਚ ਪਾਠ ਕੀਤਾ ਜਾਂਦਾ ਹੈ।[1] 'ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨ' ਵਾਲੇ ਸ਼ਬਦ ਦੇ ਆਰੰਭਕ ਪਾਠ ਤੋਂ ਇਹ 'ਸੋ ਪੁਰਖੁ' ਸਿਰਲੇਖ ਦਾ ਮੁੱਢ ਬੱਝਿਆ ਗਿਆ ਹੈ। 'ਸੋ ਪੁਰਖੁ' ਵਾਲਾ ਸ਼ਬਦ 'ਰਹਰਾਸਿ' ਅਤੇ 'ਆਸਾ ਰਾਗ' ਵਿਚ ਵੀ ਥੋੜਾ ਪਾਠਾਂਤਰ ਦੇ ਫ਼ਰਕ ਨਾਲ ਅੰਕਿਤ ਹੈ।

ਗੁਰੂ ਰਾਮਦਾਸ ਵਲੋਂ 'ਆਸਾ ਰਾਗ' ਵਿੱਚਲੇ ਦੋ ਸ਼ਬਦ, ਗੁਰੂ ਨਾਨਕ ਦਾ ਇਕ ਸ਼ਬਦ ਅਤੇ ਇਕ ਸ਼ਬਦ ਗੁਰੂ ਅਰਜਨ ਦਾ ਇਸ ਬਾਣੀ ਵਿਚ ਆਉਂਦਾ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਕ 11-12 ਤੇ ਅੰਕਿਤ ਹੈ। ਇਸ ਬਾਣੀ ਦਾ ਤੱਤ ਸਾਰ ਹੈ, ਕਿ ਸਰਬ ਸ਼ਕਤੀਮਾਨ ਪ੍ਰਮਾਤਮਾ, ਜੋ ਹਰ ਸਰੀਰ ਵਿਚ ਵਿਆਪਕ ਹੈ, ਉਸੇ ਦੀ ਉਸਤਤੀ ਦਾ ਗੁਣ-ਗਾਨ ਕੀਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਕਾਨ੍ਹ ਸਿੰਘ ਨਾਭਾ, **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 232

# ਸੋਰਠਿ

ਇਕ ਸੰਪੂਰਨ ਰਾਗ, ਜੋ ਅਪ੍ਰਸਿੱਧ ਹੋਣ ਦੇ ਬਾਵਜੂਦ ਬਹੁਤ ਹੀ ਮਧੁਰ ਹੈ। ਇਹ ਰਾਤ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ। ਗੰਭੀਰ ਪ੍ਰਕਿਰਤੀ ਦਾ ਵੈਰਾਗਮਈ ਰਾਗ ਹੋਣ ਤੋਂ ਇਲਾਵਾ ਭਗਤੀ-ਭਾਵ ਦੀਆਂ ਰਚਨਾਵਾਂ ਦੀ ਸਿੱਖਰੀ ਛੁਹਾਂ ਨਾਲ ਓਤਪੋਤ ਹੈ। ਕੁੱਝ ਚਿੰਤਕਾਂ ਨੇ ਇਸ ਨੂੰ ਮੇਘ ਰਾਗ ਦੀ ਰਾਗਨੀ, ਨਟ ਨਾਰਾਇਣ ਦੀ ਰਾਗਨੀ ਅਤੇ ਕਈ ਕਮਾਚ ਠਾਟ ਦਾ ਔਰਵ ਸੰਪੂਰਨ ਰਾਗ ਮੰਨਿਆ ਹੈ। ਇਸ ਰਾਗ ਵਿਚ ਗੰਧਾਰ ਸੁਰ ਦੀ ਵਰਤੋਂ ਅਨੁਚਿਤ ਮੰਨੀ ਜਾਂਦੀ ਹੈ। ਕਈ ਵਿਦਵਾਨਾਂ ਨੇ ਇਸ ਨੂੰ ਸਰਦ ਰੁਤ ਨਾਲ ਸੰਬੰਧਿਤ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗ-ਬੱਧ ਬਾਣੀ ਵਿਚ ਇਸ ਰਾਗ ਦਾ ਨੌਵਾਂ ਨੰਬਰ ਆਉਂਦਾ ਹੈ।

ਇਸ ਰਾਗ ਦੀ ਸੰਪੂਰਣ ਬਾਣੀ ਵਿਚ 139 ਚਉਪਦੇ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇ 12 (9 ਚਉਪਦੇ, 3 ਪੰਜ ਪਦੇ) ਗੁਰੂ ਅਮਰਦਾਸ ਦੇ 12 ਚਉਪਦਿਆਂ ਵਿਚੋਂ ਸਮੁੱਚ ਚਾਰ ਚਾਰ ਪਦਿਆਂ ਦਾ ਹੈ। ਇਸੇ ਤਰ੍ਹਾਂ ਗੁਰੂ ਰਾਮਦਾਸ ਦੇ 9 ਚਉਪਦੇ (8 ਚਾਰ ਚਾਰ ਦੇ ਸਮੂਹ ਅਤੇ ਨੌਵੇਂ ਵਿਚ ਪੰਜ ਪਦੇ ਹਨ) ਗੁਰੂ ਅਰਜਨ ਦੇ 94 ਚਉਪਦੇ (43 ਚਉਪਦੇ, 50 ਦੁਪਦੇ, ਇੱਕ ਪੰਜ ਪਦਾ) ਗੁਰੂ ਤੇਗ ਬਹਾਦਰ ਦੇ 12 ਚਉਪਦੇ (4 ਦੁਪਦੇ, 8 ਤ੍ਰਿਪਦੇ) ਇਸੇ ਤਰ੍ਹਾਂ ਭਗਤ ਬਾਣੀ ਵਿਚੋਂ ਕਬੀਰ ਦੇ 11, ਨਾਮ ਦੇਵ ਦੇ 3, ਰਵਿਦਾਸ ਦੇ 7 ਅਤੇ ਭੀਖਨ ਦੇ ਦੋ ਚਉਪਦੇ ਆਉਂਦੇ ਹਨ।

ਇਸ ਰਾਗ ਵਿਚ ਆਈ ਕੁੱਲ 10 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ 4 (ਤਿੰਨ 8-8 ਤੇ ਇਕ ਦਸ ਪਦੀਆਂ ਵਾਲੀ ਹੈ) ਗੁਰੂ ਅਮਰਦਾਸ ਦੀਆਂ 3, ਗੁਰੂ ਅਰਜਨ ਦੀਆਂ 3 (ਦੋ 8-8 ਪਦੀਆਂ, ਇਕ 9 ਪਦੀਆਂ ਹਨ)। ਇਕ ਗੁਰੂ ਰਾਮਦਾਸ ਦੀ ਵਾਰ ਅੰਕ 642-654 ਤੱਕ ਅੰਕਿਤ ਹੈ! ਇਸ ਬਾਣੀ ਦਾ ਕੇਂਦਰੀ ਤੱਤ ਹੈ ਕਿ ਸੰਸਾਰੀ ਦੁਖਾਂ ਕਲੇਸ਼ਾਂ ਦੇ ਪ੍ਰਪੰਚ 'ਚੋਂ ਨਿਕਲਣ ਲਈ ਪ੍ਰਭੂ-ਪ੍ਰਮਾਤਮਾ ਦੀ ਸਿਫ਼ਤ-ਸਲਾਹ ਕਰਨ ਦੀ ਸੋਝੀ ਕਰਾਈ ਗਈ ਹੈ। ਗੁਰੂ ਦੇ ਸ਼ਬਦ ਰਾਹੀਂ ਹੀ ਵਾਹਿਗੁਰੂ ਅਕਾਲਪੁਰਖ ਦੇ ਦੀਦਾਰੇ-ਖਾਸ ਹੋ ਸਕਦੇ ਹਨ। ਅਕਾਲਪੁਰਖ ਹੀ ਸਰਵ-ਵਿਆਪਕ ਅਤੇ ਸਰਵ-ਸ਼ਕਤੀਮਾਨ ਹੈ। ਪ੍ਰਭੂ ਦੇ ਨਾਮ-ਸਿਮਰਨ ਦੀ ਆਰਾਧਨਾ ਤੇ ਜ਼ੋਰ ਦਿੱਤਾ ਗਿਆ ਹੈ। ਸਾਧ-ਸੰਗਤਿ ਰਾਹੀਂ ਹੀ ਨਾਮ ਨੂੰ ਸ੍ਰੇਸ਼ਠ ਪ੍ਰਾਪਤੀ ਮੰਨਿਆ ਗਿਆ ਹੈ। ਮ੍ਰਿਤੂ ਦੇ ਡਰ-ਭੈ ਅਤੇ ਮਾਇਆ-ਜਾਲ ਨੂੰ ਤੁੱਛ ਸਮਝਿਆ ਗਿਆ ਹੈ। ਨਾਮ-ਸਿਮਰਨ ਰਾਹੀਂ ਹੀ ਅਕਾਲਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਜਗਿਆਸੂ ਤੇ ਵਿਸ਼ੇਸ਼ ਤੌਰ ਤੇ ਨਾਜ਼ਲ ਹੁੰਦੀ ਹੈ। ਕਰਮ-ਕਾਂਡਾਂ ਦੇ ਪ੍ਰਪੰਚ ਤੋਂ ਕਿਨਾਰਾਕਸ਼ੀ ਕਰਕੇ ਹੀ ਵਾਹਿਗੁਰੂ ਦੇ ਜੋਤਿ-ਸਰੂਪ ਰਾਹੀਂ ਅਲੌਕਿਕ ਸੰਯੋਗ ਸੁਖ ਦਾ ਪੈਰਾਡਾਈਮ ਸਾਕਾਰ ਕੀਤਾ ਜਾ ਸਕਦਾ ਹੈ।

'ਸੰਗੀਤ ਦਰਪਣ' ਵਿਚ ਇਸ ਰਾਗ ਦਾ ਸੁੰਦਰ ਨਮੂਨਾ[1] ਪੇਸ਼ ਕੀਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਬੀ. ਐਸ. ਬੀਰ (ਸੰ.) **ਮਹਿਰਮ ਸਪੈਸ਼ਲ, ਪੂਰਵ ਅੰਕਤ**, ਅੰਕ 124
   "ਇਸ ਨੂੰ ਰਾਗਣੀ ਦਸਦਿਆਂ ਸੰਗੀਤ ਦਰਪਣ ਵਿਚ ਲਿਖਿਆ ਹੈ ਜਿਸ ਨੇ ਉੱਚੇ ਅਤੇ ਪੁਸ਼ਟ ਸਤਨਾਂ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸਦਾ ਚਿਤ, ਕੰਨ ਵਿਚ ਪਾਏ ਹੋਏ ਕੌਂਪਲ ਦੇ ਆਸ ਪਾਸ ਗੂੰਜਣ ਵਾਲੇ ਭਉਰੇ ਦੀ ਆਵਾਜ਼ ਤੋਂ ਉਚਾਟ ਹੋ ਰਿਹਾ ਹੈ। ਜਿਸਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ। ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ।
   **ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥**
   **ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥**" (ਅੰਕ 1425)

# ਸੋਰਠਿ ਕੀ ਵਾਰ

ਗੁਰੂ ਗ੍ਰੰਥ ਸਾਹਿਬ ਵਿਚ ਨਿਮਨ ਲਿਖਤ ਸਿਰਲੇਖ 'ਰਾਗੁ ਸੋਰਠਿ ਵਾਰ ਮਹਲੇ ਚੌਥੇ ਕੀ' ਅੰਕ 642-654 ਤੱਕ ਅੰਕਿਤ ਹੈ। ਇਸ ਵਾਰ ਦੀਆਂ ਕੁੱਲ 29 ਪਉੜੀਆਂ ਹਨ ਜੋ ਗੁਰੂ ਰਾਮਦਾਸ ਦੀਆਂ ਉਚਾਰਨ ਕੀਤੀਆਂ ਹਨ। ਪੰਜ ਪੰਜ ਤੁਕਾਂ ਦੀ ਹਰ ਪਉੜੀ ਹੈ। ਤੁਕਾਂ ਦੇ ਆਕਾਰ ਪੱਖੋਂ ਇਕਸਾਰਤਾ ਨਜ਼ਰ ਨਹੀਂ ਆਉਂਦੀ। ਦੋ-ਦੋ ਸਲੋਕ ਹਰ ਪਉੜੀ ਨਾਲ ਆਏ ਹਨ। ਕੁੱਲ ਸਲੋਕਾਂ ਦੀ ਗਿਣਤੀ 58 ਹੈ, ਜਿਨ੍ਹਾਂ ਦੀਆਂ ਤੁਕਾਂ 2 ਤੋਂ ਲੈ ਕੇ 8 ਤੱਕ ਹਨ। 58 ਸਲੋਕਾਂ ਵਿਚੋਂ ਗੁਰੂ ਨਾਨਕ ਦੇ ਤਿੰਨ, ਗੁਰੂ ਅੰਗਦ ਦਾ ਇੱਕ, ਗੁਰੂ ਅਮਰਦਾਸ ਦੇ 47 ਅਤੇ ਗੁਰੂ ਰਾਮਦਾਸ ਦੇ 7 ਸਲੋਕ ਦਰਜ ਹਨ।

ਇਸ ਵਾਰ ਵਿਚ ਅਧਿਆਤਮਿਕ ਸਿਧਾਂਤਾਂ ਰਾਹੀਂ ਪੁਨਰ-ਵਿਚਾਰ ਦਿੱਤੇ ਹਨ ਕਿ ਅਕਾਲ ਪੁਰਖ ਦੀ ਸ਼ਰਨ ਵਿਚ ਆ ਕੇ ਹੀ ਜਗਿਆਸੂ ਨੂੰ ਸਹੀ ਸੂਝ ਪ੍ਰਾਪਤ ਹੁੰਦੀ ਹੈ। ਸੰਸਾਰਿਕ ਮੋਹ-ਮਾਇਆ ਦੀ ਲਾਲਸਾ ਖੰਭ ਲਾ ਕੇ ਉਡਾਰੀ ਮਾਰ ਜਾਂਦੀ ਹੈ। ਕਈ ਵੇਰਾਂ ਮਨੁੱਖ ਸੰਸਾਰੀ ਮਾਇਆ ਦੇ ਪ੍ਰਭਾਵ ਕਾਰਣ ਵਾਸਤਵਿਕਤਾ ਨੂੰ ਵਿਸਾਰ ਦੇਂਦਾ ਹੈ। ਸੰਸਾਰ ਵਿਚ ਦ੍ਰਿਸ਼ਟੀਮਾਨ ਹੁੰਦਾ ਸਾਰੀ ਕੁਦਰਤ ਉਸੇ ਕਾਦਰ ਦੀ ਸਿਰਜਨਾ ਦੀ ਲਖਾਇਕ ਹੈ।

***ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥***

***—ਸੋਰ ੪, ਵਾਰ ੧ ਸ,੧,੧:੧ (642)***

ਸਮੁੱਚੇ ਤੌਰ ਤੇ 'ਸੋਰਠਿ ਕੀ ਵਾਰ' ਅਧਿਆਮਿਕ ਕਵਿਤਾ ਦਾ ਉਤਕ੍ਰਿਸ਼ਟ ਨਮੂਨਾ ਆਖਿਆ ਜਾ ਸਕਦਾ ਹੈ।

# ਸੋਲਹੇ

ਸੋਲਾਂ ਪਦਿਆਂ ਵਾਲੀ ਰਚਨਾ ਦੇ ਸਮੁੱਚ ਨੂੰ 'ਸੋਲਹੇ' ਆਖਿਆ ਜਾਂਦਾ ਹੈ, ਜੋ ਕੇਵਲ ਮਾਰੂ ਰਾਗ ਵਿਚ ਸੰਕਲਿਤ ਹਨ। ਚਾਰ 'ਘਨਕਲੇ' ਜੋੜ ਕੇ ਇਕ 'ਸੋਲਹਾ' ਬਣਦਾ ਹੈ। ਆਮ ਤੌਰ ਤੇ ਇਨ੍ਹਾਂ ਚਰਣ-ਪ੍ਰਬੰਧਾਂ ਦਾ ਆਧਾਰ ਪਦਿਆਂ ਦੀ ਗਿਣਤੀ ਤੇ ਨਿਰਭਰ ਕਰਦਾ ਹੈ ਜਿਵੇਂ ਦੁਪਦੇ, ਚਉਪਦੇ ਆਦਿ। ਇਸ ਕਾਵਿ-ਭੇਦ ਅਧੀਨ ਸ਼ਬਦਾਂ ਦੇ ਪਦ ਘਟ ਵੱਧ ਵੀ ਹੋ ਜਾਂਦੇ ਹਨ। ਇਨ੍ਹਾਂ ਦੀ ਕੁੱਲ ਗਿਣਤੀ 62 ਹੈ, ਜਿਸ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇ 'ਸੋਲਹੇ' ਦਰਜ ਹਨ। ਗੁਰੂ ਨਾਨਕ ਦੇ 22 ਸੋਲਹੇ, ਗੁਰੂ ਅਮਰਦਾਸ ਦੇ 24, ਗੁਰੂ ਰਾਮਦਾਸ ਦੇ 2 ਅਤੇ ਗੁਰੂ ਅਰਜਨ ਦੇ 14 ਸੋਲਹੇ ਅੰਕ 1020-1086 ਤੱਕ ਅੰਕਿਤ ਹਨ।

ਡਾ. ਰਤਨ ਸਿੰਘ ਜੱਗੀ ਅਨੁਸਾਰ ਸੋਲਹਿਆਂ ਨੂੰ ਕਿਸੇ ਖ਼ਾਸ ਛੰਦ ਦੀ ਸੀਮਾ ਵਿਚ ਬੰਨ੍ਹਿਆ ਨਹੀਂ ਜਾ ਸਕਦਾ, ਉਂਜ ਵਿਦਵਾਨਾਂ ਨੇ 'ਘਨਕਲਾ' ਅਤੇ 'ਚਿਤ੍ਰਕਲਾ' ਛੰਦਾਂ ਦੇ ਕੁੱਝ ਲੱਛਣ ਇਨ੍ਹਾਂ ਉਤੇ ਆਰੋਪਿਤ ਕਰਨ ਦੇ ਯਤਨ ਕੀਤੇ ਹਨ। ਸੋਲਹੇ ਦੇ ਹਰ ਪਦੇ ਦੀ ਪਹਿਲੀ ਅਤੇ ਦੂਜੀ ਤੁਕ ਵਿਚ ਸਮਾਨੁਪ੍ਰਾਸ ਹੁੰਦਾ ਹੈ। ਇਨ੍ਹਾਂ ਦੋਹਾਂ ਤੁਕਾਂ ਦਾ ਆਕਾਰ ਲਗਭਗ ਸਮਾਨ ਹੈ, ਪਰ ਤੀਜੀ ਤੁਕ ਪਹਿਲੀਆਂ ਦੋਹਾਂ ਤੋਂ ਲੰਬੀ ਅਤੇ ਲਗਭਗ ਦੁਗਣੀ ਹੁੰਦੀ ਹੈ। ਇਸ ਦੇ ਅੰਤ ਉੱਤੇ ਆਮ ਤੌਰ ਤੇ ਕਾਫ਼ੀਆਂ-ਰੱਦੀਫ਼ ਦੀ ਪਰੰਪਰਾ ਵਿਚ ਲੰਬੀ ਹੇਕ ਵਾਲਾ ਕੋਈ ਸ਼ਬਦ ਰਹਿੰਦਾ ਹੈ।[1] ਬਹੁਤੀ ਵਾਰੀ 'ਸੋਲਹੇ' ਨੂੰ ਸ਼ਾਇਦ ਉਚਾਰਨ ਦੀ ਸੁਵਿਧਾ ਕਰਕੇ ਆਪਸ ਵਿਚ ਰਲਗੱਡ ਕਰ ਦਿੱਤਾ ਜਾਂਦਾ ਹੈ। ਅਸਲ ਵਿਚ ਤਿਪਦੇ, ਚਉਪਦੇ ਅਤੇ ਅਸ਼ਟਪਦੀਆਂ ਵਾਂਗ ਸੋਲਹੇ ਵੀ ਇਕ ਸ਼ੈਲੀਗਤ ਕਾਵਿ-ਭੇਦ ਹੈ। ਇਸ ਨੂੰ ਸੋਲਹੀ ਵੀ ਕਿਹਾ ਜਾਂਦਾ ਹੈ। ਆਮ ਤੌਰ ਤੇ ਇਸ ਵਿਚ ਸੋਲਾਂ ਪਦੇ ਹੋਣ ਕਰਕੇ ਇਸ ਨੂੰ ਖੋੜਸਪਦੀ[2] ਵੀ ਕਿਹਾ ਜਾਂਦਾ ਹੈ।

ਇਹ 'ਸੋਲਹੇ' ਸੰਰਚਨਾਤਕ ਨੁਕਤੇ ਤੋਂ ਗੂੜ੍ਹੀਆਂ ਪੈੜਾਂ ਉਸਾਰਦੇ ਹਨ। ਕਈ ਵਿਦਵਾਨ[3] ਇਸ ਦੇ ਪਦਾਂ ਦੀਆਂ ਤੁਕਾਂ ਲਈ ਕਾਵਿ-ਸ਼ਾਸਤ੍ਰੀ ਅੰਕੁਸ਼ ਦੇ ਸੰਕੇਤ ਦੇਂਦੇ ਹਨ।.....ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਹੁਤੇ ਸੋਲਹੇ ਪ੍ਰਗੀਤਕ ਵਰਗ ਦੇ ਅੰਤਰਗਤ ਆਉਂਦੇ ਹਨ। ਅਜੇਹਾ ਇਨ੍ਹਾਂ ਦੀ ਸੰਬੋਧਨੀ ਸੰਰਚਨਾ ਵਿਚ ਪਰਿਵਰਤਨ ਕਾਰਨ ਹੋਇਆ ਹੈ। ਉਂਜ ਇਸ ਰੂਪਾਕਾਰ ਨੂੰ ਬਿਰਤਾਂਤ/ਵਰਨਨ ਦਾ ਵਾਹਕ ਵੀ ਬਣਾਉਣਾ ਸੰਭਵ ਹੈ। ਅਜਿਹੇ ਸਮੇਂ ਇਹ ਰੂਪਾਕਾਰ ਬਿਰਤਾਂਤਕ/ਵਰਣਨਾਤਮਕ ਵਰਗ ਦੇ ਅੰਤਰਗਤ ਆ ਜਾਵੇਗਾ।

ਗੁਰੂ ਨਾਨਕ ਸਾਹਿਬ ਵਲੋਂ ਉਚਾਰਨ ਕੀਤੇ ਸੋਲਹਾਂ ਵਿਚਲੇ ਵਿਸ਼ੇ ਦੇ ਨੁਕਤੇ ਤੋਂ ਗੁਰਮਤਿ ਦਰਸ਼ਨ ਦੇ ਹੋਰ ਸਿਧਾਂਤਾਂ ਦੇ ਰੂਬਰੂ ਬ੍ਰਹਿਮੰਡ ਦੀ ਉੱਤਪਤੀ/ਵਿਕਾਸ ਤੇ ਪਾਸਾਰ, ਸ੍ਰਿਸ਼ਟੀ ਅਤੇ ਪ੍ਰਭੂ-ਸਿਮਰਨ ਤੋਂ ਛੁੱਟ ਸਰਬ ਸ਼ਕਤੀਮਾਨ ਦੇ ਗੁਣਾਂ ਦੀ ਸੋਭਾ ਤੇ ਵਡਿਆਈ, ਰਹੱਸਾਂ ਦੀ ਵਿਆਖਿਆ ਤੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਬ੍ਰਹਿਮੰਡ ਦਾ ਪਰਮਸਤਿ

ਵਿਚੋਂ ਉਦੈ ਹੋਕੇ ਫ਼ਿਰ ਲੀਨ ਹੋ ਜਾਣ ਦੀ ਅਨੋਖੀ ਖੇਡ ਦਾ ਜ਼ਿਕਰ ਹੈ। ਖੇਡ ਦਾ ਸੰਚਾਲਕ ਸੂਤਰਧਾਰ ਪਰਮਸਤਿ ਹੀ ਹੈ।

*ਅਰਬਦ ਨਰਬਦ ਧੁੰਧੂਕਾਰ ॥*

*—ਮਾਰੂ ੧, ਸੋਲਾ ੧੫, ੧:੧ (1035)*

ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਰਾਗ ਵਿਚ ਆਏ 'ਸੋਲਹੇ' ਵਿਚ ਪਦਿਆਂ ਦੀ ਗਿਣਤੀ 15 ਤੋਂ ਲੈ ਕੇ 21[4] ਤੱਕ ਮਿਲਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 248
2. ਲੋਕਧਾਰਾ ਵਿਸ਼ਵਕੋਸ਼, ਪੂਰਵ ਅੰਕਤ, ਅੰਕ 192
3. ਡਾ. ਕੁਲਦੀਪ ਸਿੰਘ ਧੀਰ, ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੂਰਵ ਅੰਕਤ, ਅੰਕ 69
4.

| ਅੰਕ | ਮਹਲਾ | ਪਦਿਆਂ ਦੀ ਗਿਣਤੀ |
|---|---|---|
| 1021-26 | ਮ: ੧ | 16 |
| 1027-32 | ਮ: ੧ | 17 |
| 1038-43 | ਮ: ੧ | 15 |
| 1082-83 | ਮ: ੫ | 21 |

# ਹਿੰਡੋਲ

ਇਹ ਇਕ ਮਧੁਰ ਰਾਗ ਹੈ, ਜੋ ਛੇ ਮੁਖ ਰਾਗਾਂ ਵਿਚ ਗਿਣਿਆ ਜਾਂਦਾ ਹੈ। ਹਿੰਡੋਲ ਰਾਗ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਬਾਣੀ ਅੰਕਿਤ ਨਹੀਂ। ਇਸ ਦਾ ਗਾਇਨ ਬਸੰਤ ਰਾਗ ਵਿਚ 'ਬਸੰਤ ਹਿੰਡੋਲ' ਕਰ ਕੇ ਇਕੱਠਾ ਲਿਖਿਆ ਹੋਇਆ ਹੈ। 'ਰਾਗ ਮਾਲਾ' ਵਿਚ ਇਸ ਰਾਗ ਦਾ ਜ਼ਿਕਰ ਆਇਆ ਹੈ।

ਇਸ ਨੂੰ ਕਲਿਆਣ ਠਾਟ ਦਾ ਔਰਵ ਰਾਗ ਦੱਸਿਆ ਜਾਂਦਾ ਹੈ। ਇਸ ਵਿਚ ਰਿਸ਼ਭ ਅਤੇ ਪੰਚਮ ਵਰਜਿਤ ਹੈ।[1] ਇਸ ਦਾ ਵਿਧਾਨ ਰਾਤ ਦੇ ਪਹਿਲੇ ਪਹਿਰ ਗਾਉਣ ਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 274

# ਕਰਹਲੇ

ਕਰਹਾ ਜਾਂ ਕਰਹਲ ਊਠ ਦਾ ਵਾਚਕ ਹੈ। ਕਈ ਵਿਦਵਾਨਾਂ ਅਨੁਸਾਰ 'ਕਰਹਲ' ਸੰਸਕ੍ਰਿਤ ਦੇ ਸ਼ਬਦ 'ਕ੍ਰਮੇਲ'[1] ਤੋਂ ਆਇਆ ਦਸਦੇ ਹਨ ਪਰ ਬਹੁਤੇ ਵਿਦਵਾਨ ਇਸ ਨੂੰ ਅਰਬੀ ਦੇ ਸ਼ਬਦ 'ਕਿਰਮਿਲ'[2] ਦੇ ਮੂਲ ਵੱਲ ਸੰਕੇਤ ਕਰਦੇ ਹਨ। ਕਈ ਸਿੰਧੀ ਭਾਸ਼ਾ[3] ਦੇ ਸ਼ਬਦ 'ਕਰਹਲੇ' ਤੋਂ ਭਾਵ ਊਠ ਦੱਸਦੇ ਹਨ। ਇਹ ਸਾਰੇ ਕੋਸ਼ਗਤ ਸ਼ਬਦ 'ਊਠ' ਹੀ ਦਸਦੇ ਹਨ। ਊਠਵਾਨਾਂ ਦੇ ਗੀਤ ਦੀ ਧਾਰਨਾ ਨੂੰ ਹੀ 'ਕਰਹਲਾ' ਕਿਹਾ ਜਾਂਦਾ ਹੈ। ਪੁਰਾਣੇ ਸਮੇਂ ਵਪਾਰ ਦਾ ਸਾਮਾਨ ਊਠਾਂ ਤੇ ਭਰ ਕੇ ਦੇਸ਼ ਵਿਦੇਸਾਂ ਵਿਚ ਵਪਾਰੀ ਲੋਕ ਰਾਹਦਾਰੀ ਦੀਆਂ ਦੁਸ਼ਵਾਰੀਆਂ ਸਹਿੰਦੇ ਅਤੇ ਰਸਤੇ ਦੀ ਥਕਾਵਟ ਨੂੰ ਦੂਰ ਕਰਨ ਲਈ ਲੰਮੀ ਹੇਕ ਵਿਚ ਜੋ ਗੀਤ ਗਾਉਂਦੇ ਸਨ, ਉਹ 'ਕਰਹਲੇ' ਅਖਵਾਏ। 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਅਨੁਸਾਰ 'ਕਰਹਲੇ' ਊਠਵਾਨਾਂ ਦੇ ਉਹ ਗੀਤ ਹਨ ਜੋ ਉਹ ਕਾਫ਼ਲੇ ਦੇ ਰੂਪ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂਦੇ ਸਮੇਂ ਰਸਤੇ ਵਿਚ ਮਨ-ਪਰਚਾਵੇ ਲਈ ਗਾਉਂਦੇ ਸਨ। ਇਨ੍ਹਾਂ ਗੀਤਾਂ ਵਿਚ ਪ੍ਰਦੇਸ਼ ਦੀ ਲੰਮੀ ਯਾਤਰਾ ਅਤੇ ਮਾਰੂਥਲਾਂ ਦੀ ਤਪਸ਼ ਦਾ ਕਰੁਨਾਮਈ ਵਰਨਣ ਹੁੰਦਾ ਸੀ। ਸਜਣਾ-ਮਿੱਤਰਾਂ ਤੇ ਪਰਿਵਾਰ ਤੋਂ ਦੂਰ ਹੋਣ ਕਰਕੇ ਇਨ੍ਹਾਂ ਗੀਤਾਂ ਵਿਚ ਬਿਰਹੋਂ ਦੀ ਕਸਕ ਅਤੇ ਵੈਰਾਗ ਦੀ ਸੁਰ ਵੀ ਗੂੰਜਦੀ। ਸਮੇਂ ਨਾਲ ਇਹੋ ਗੀਤ ਇਕ ਵੱਖਰੇ ਕਾਵਿ-ਰੂਪ ਵਿਚ ਸਥਾਪਿਤ ਹੋ ਗਏ। ਥਲ ਦੇ ਇਲਾਕੇ ਵਿਚ 'ਕਰਹਲੇ' ਗਾਉਣ ਦੀ ਪ੍ਰਥਾ ਹੁਣ ਤੱਕ ਰਹੀ ਹੈ।[4]

ਗੁਰਬਾਣੀ ਵਿਚ ਚੌਰਾਸੀ ਦੇ ਗੇੜੇ ਵਾਲੇ ਜੀਵ ਨੂੰ 'ਊਠ' ਕਰਕੇ ਵੀ ਸੰਬੋਧਨ ਕੀਤਾ ਗਿਆ ਹੈ। ਕਈ ਵਿਦਵਾਨ 'ਕਰਹਲੇ' ਨੂੰ ਹਲਾ ਕਰਨ ਵਾਲਾ ਜਾਂ ਹਲਾਸ਼ੇਰੀ ਦੇਣ ਵਾਲੇ ਲਿਖਦੇ ਹਨ, ਜੋ ਠੀਕ ਨਹੀਂ। ਇਸ ਪ੍ਰਸਿੱਧ ਕਾਵਿ-ਰੂਪ ਦਾ ਸੰਬੰਧ ਸਿੱਧੇ-ਅਸਿੱਧੇ ਢੰਗ ਨਾਲ ਰਾਜਸਥਾਨ 'ਤੇ ਸਿੰਧ ਨਾਲ ਜਾ ਜੁੜਦਾ ਹੈ। 'ਕਰਹਲ' ਨੂੰ ਅਰਬੀ ਦੇ ਸ਼ਬਦ 'ਹੁਦਾ' ਨਾਲ ਵੀ ਕਈ ਵਿਦਵਾਨ[5] ਸੰਬੰਧਤ ਕਰਦੇ ਹਨ।

ਗੁਰੂ ਰਾਮਦਾਸ ਨੇ 'ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ' ਨਿਮਨ ਲਿਖਤ ਸਿਰਲੇਖ ਹੇਠ ਦੋ ਸ਼ਬਦ ਉਚਾਰਨ ਕੀਤੇ ਹਨ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 234-35 ਉੱਪਰ ਸੁਸ਼ੋਭਿਤ ਹਨ। ਇਸ ਸੰਖੇਪ ਰਚਨਾ ਦੀਆਂ ਕੁਲ 42 ਸਤਰਾਂ ਹਨ। ਦਸ ਦਸ ਬੰਦਾਂ ਦੇ ਕਰਹਲੇ ਵਿਚ ਬੰਦ ਦੀਆਂ ਦੋ ਤੁਕਾਂ ਦ੍ਰਿਸ਼ਮਾਨ ਹੋਈਆਂ ਹਨ। ਤੁਕਾਂਤਕ ਨੁਕਤੇ ਤੋਂ ਦੋਵੇਂ ਮਿਲਣਸਾਰ ਹਨ ਪਰ ਦੂਜੀ ਤੁਕ ਥੋੜ੍ਹੀ ਲੰਮੀ ਹੈ। ਕਰਹਲਿਆਂ ਵਿਚ 'ਰਹਾਉ' ਦੀ ਤੁਕਾਂ ਵਖਰੀਆਂ ਹਨ। ਰਾਗਾਤਮਕਤਾ ਅਤੇ ਵਿਸ਼ੇ-ਵਸਤੂ ਦੇ ਨਜ਼ਰੀਏ ਤੋਂ ਇਹ ਰਚਨਾ ਲਾਸਾਨੀ ਆਖੀ ਜਾ ਸਕਦੀ ਹੈ।

ਗੁਰੂ ਰਾਮਦਾਸ ਸਾਹਿਬ ਨੇ 'ਮਨ' ਨੂੰ 'ਕਰਹਲਾ' ਕਹਿਕੇ ਮੁੜ ਮੁੜ ਸੰਬੋਧਨੀ ਸ਼ੈਲੀ ਰਾਹੀਂ ਜੀਵ ਨੂੰ ਹੱਲਾ-ਸ਼ੇਰੀ ਦਿੱਤੀ ਹੈ ਅਤੇ ਚੜ੍ਹਦੀ ਕਲਾ ਵਿਚ ਵਿਚਰਦਿਆਂ ਜੀਵਨ ਲਕਸ਼ ਦੀ ਪ੍ਰਾਪਤੀ ਲਈ ਗੂੜੀ ਭਾਵਨਾ ਦੇ ਅੰਤਰਗਤਿ ਪ੍ਰੇਰਨਾਦਾਇਕ ਸਿਖਿਆ ਦਾ ਸੰਚਾਰ ਕੀਤਾ ਹੈ। ਜੀਵ ਨੂੰ ਤਾਕੀਦ ਕੀਤੀ ਹੈ ਕਿ ਪਰਮਸਤਿ ਦੀ ਸ਼ਰਨ ਵਿਚ ਰਹਿਕੇ ਹੀ ਸੰਸਾਰੀ ਭਟਕਣ ਖਤਮ ਹੋ ਜਾਂਦੀ ਹੈ।

*ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥*
*ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧ ॥*

*—ਗਉ ੪, ੧, ੧:੨ (234)*

ਕਈ ਵਿਦਵਾਨਾਂ[6] ਨੇ ਇਸ ਨੂੰ ਪ੍ਰਗੀਤ ਕਾਵਿ ਦੀ ਵੰਨਗੀ ਆਖਿਆ ਹੈ। ਇਸ ਕਾਵਿ-ਰੂਪ ਵਿਚ ਗੀਤਕਾਰ ਕਿਸੇ ਬਾਹਰਲੇ ਸ੍ਰੋਤਾ ਵਰਗ ਤੋਂ ਬੇਪ੍ਰਵਾਹ ਆਪਣੇ ਆਪੇ ਨੂੰ, ਆਪਣੇ ਮਨ ਨੂੰ ਸੰਬੋਧਿਤ ਹੈ। ਇਹ ਸੰਬੋਧਨੀ ਸੰਰਚਨਾ ਪ੍ਰਗੀਤ ਕਾਵਿ ਦਾ ਮੁਢਲਾ ਪਛਾਣ ਚਿੰਨ੍ਹ ਹੈ।......ਇੰਜ ਕਰਹਲੇ ਸਵੈਲਾਪ ਹੀ ਹਨ। ਆਪੇ ਦੀਆਂ ਆਪੇ ਨਾਲ ਗੱਲਾਂ। ਉਹ ਗਲਾਂ ਜੋ ਕਾਫ਼ਲਿਆਂ ਦੇ ਯਾਤਰੀ ਕਦੇ ਇਕੱਲੇ ਸਮੇਂ ਆਪਣੇ ਆਪ ਨਾਲ ਕਰਦੇ ਸਨ। ਉਹ ਗੀਤ ਜੋ ਉਹ ਕਾਫ਼ਲੇ ਵਿਚ ਤੁਰਦੇ ਸਮੇਂ ਆਪੇ ਹੀ ਗੁਣਗੁਣਾਂਦੇ ਰਹਿੰਦੇ ਸਨ।

ਪਰਿਭਾਸ਼ਕ ਨੁਕਤੇ ਤੋਂ ਭ੍ਰਮਣਕਾਰੀ ਸਮੇਂ ਆਪਣੇ ਸਾਕਿ-ਸੰਬੰਧੀਆਂ ਦੀ ਤਾਂਘ ਉਸਲੇਟੇ ਰਹਿਣੋਂ ਨਹੀਂ ਰਹਿ ਸਕਦੀ। 'ਮਨ' ਲਈ 'ਕਰਹਲੇ' ਦਾ ਰੂਪਕ ਉੱਘੜ ਕੇ ਸਾਹਵੇਂ ਆਉਂਦਾ ਹੈ। ਇਸੇ ਦੇ ਗੁਣ/ਔਗੁਣ ਤੇ ਵੀ ਪੰਛੀ ਝਾਤ ਪਵਾਈ ਗਈ ਹੈ। ਗੁਰੂ ਸਾਹਿਬ ਵਲੋਂ ਉਚਾਰਨ ਦੋਵੇਂ ਸ਼ਬਦਾਂ ਵਿਚ 'ਊਂਠ' ਦੀਆਂ ਸਿਫ਼ਤਾਂ ਨੂੰ ਉਭਾਰਿਆ ਗਿਆ ਹੈ। ਸਫ਼ਾਈ ਪਸੰਦ ਹੋਣ ਕਾਰਨ, ਇਹ ਨਿਰਮਲ ਪਸ਼ੂਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਮਨ ਵੀ ਸਾਫ਼-ਸੁਥਰਾ ਹੈ ਪਰ ਹਉਮੈ ਦੀ ਮੈਲ ਰਾਹੀਂ ਇਹ ਪਲੀਤ ਹੋ ਜਾਂਦਾ ਹੈ। ਇਸ ਤਰ੍ਹਾਂ ਊਠ ਦੀ ਹੋਰ ਪ੍ਰਮੁੱਖ ਵਿਸ਼ੇਸ਼ਤਾ 'ਚਤੁਰ' ਤੇ 'ਚੰਚਲ' ਹੋਣਾ ਹੈ। ਜੀਵ ਲਈ ਇਹ ਦੋਵੇਂ ਹਾਨੀਕਾਰਕ ਅਤੇ ਭਜਨ-ਬੰਦਗੀ ਵਿਚ ਰੁਕਾਵਟ ਦੇ ਤੁਲ ਹਨ। ਸੋ ਇਨ੍ਹਾਂ ਨੂੰ ਤਿਆਗਣ ਦੀ ਪਹਿਲ ਕਰਨੀ ਅਤਿ ਜ਼ਰੂਰੀ ਹੈ।

ਅਕਾਰ ਪੱਖੋਂ ਭਾਵੇਂ ਇਹ ਛੋਟੀ ਰਚਨਾ ਹੈ ਪਰ ਗੁਰਮਤਿ ਦੇ ਬੁਨਿਆਦੀ ਸਿਧਾਂਤ 'ਨਾਮ-ਸਿਮਰਨ' ਨੂੰ ਬਾਰੀਕੀ ਨਾਲ ਬਾ-ਖ਼ੂਬੀ ਪੇਸ਼ ਕੀਤਾ ਹੈ। ਸਾਰੀ ਬਾਣੀ ਵਿਚ 'ਕਰਹਲਾ' ਦਾ ਇਕ ਬਚਨੀ ਰੂਪ 18 ਵਾਰੀ ਵਰਤਿਆ ਗਿਆ ਹੈ। ਇਸ ਵਿਚ 'ਮਨ' ਸ਼ਬਦ ਪਹਿਲਾਂ ਅਤੇ 'ਕਰਹਲਾ' ਸ਼ਬਦ ਬਾਅਦ ਵਿਚ ਆਇਆ ਹੈ। ਜਿਥੋਂ ਤਕ ਸ਼ਬਦ ਦੇ ਬਹੁ-ਬਚਨੀ ਰੂਪ ਦੀ ਵਰਤੋਂ ਦਾ ਸਵਾਲ ਹੈ, ਉਹ ਚਾਰ ਵਾਰੀ ਹੋਈ ਹੈ। ਇਥੇ ਵੀ 'ਕਰਹਲੇ' ਸ਼ਬਦ ਤੋਂ ਪਹਿਲਾਂ 'ਮਨ' ਸ਼ਬਦ ਆਇਆ ਹੈ। ਕੇਵਲ ਇਕ ਵਾਰੀ 'ਕਰਹਲੇ' ਸ਼ਬਦ ਨੂੰ 'ਮਨ' ਤੋਂ ਪਹਿਲਾਂ ਦ੍ਰਿਸ਼ਟਮਾਨ ਕੀਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. (ੳ) **ਖੋਜ ਪਤ੍ਰਿਕਾ-ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ**, ਪੂਰਵ ਅੰਕਤ, ਅੰਕ 27-28 "'ਕਰਹਲਾ' ਦਾ ਮੂਲ ਸ੍ਰੋਤ ਸੰਸਕ੍ਰਿਤ ਹੈ। ਸੰਸਕ੍ਰਿਤ ਵਿਚ ਕਰਭ ਅਤੇ ਕ੍ਰਮੇਲ ਦੋ ਸ਼ਬਦ ਹਨ। ਡਿੰਗਲ ਭਾਸ਼ਾ ਵਿਚ ਕਰਭ ਕਰਹੇ ਦਾ ਸਾਮਾਨਾਰਥੀ ਹੈ। ਪੁਰਾਤਨ ਪੰਜਾਬੀ ਵਿਚ ਕਰਹੇ ਨੂੰ ਕਰਹਲ ਕਹਿੰਦੇ ਹਨ। ਕਰਹਲ ਦਾ ਅਰਥ ਹੈ, ਊਂਠ। ਕਰਹਲੇ ਕਰਹਲ ਦਾ ਬਹੁ-ਵਚਨ ਹੈ।......ਸਿੰਧੀ ਵਿਚ ਕਰਹੋ ਸ਼ਬਦ ਹੈ ਜਿਸਦਾ ਅਰਥ ਹੈ ਦੀਰਘ ਜੰਘ ਅਥਵਾ ਵੱਡੀਆਂ ਲੱਤਾਂ ਵਾਲਾ ਸ਼ੁਤਰਜਾਂ ਊਂਠ।"
   (ਅ) **The Encyclopeadia of sikhism (Vol II)**, op.cit. P: 441-42

"**Karhale** is the title under which two compositions, each of ten verses, by Guru Ram Das appear in the Guru Granth Sahib in Raga Gauri purabi. The title has been picked from the text of the hymns where in the term **kahale** (Plural form) or **Karhala** (singular form) has been used in each verse. **Karhal/Karhala** is a sindhi word meaning Campel. ...........The two short composition expound, in a, simple metaphore, the sikh way of spirtiual realization."

2. (ੳ) ਡਾ. ਗੁਰਚਰਨ ਸਿੰਘ (ਸੰ.) **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਫ਼ਾਰਸੀ-ਅਰਬੀ ਮੂਲਕ ਸ਼ਬਦਾਂ ਦਾ ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ਅਨੰਦਪੁਰ ਸਾਹਿਬ, ਛਾਪ 2006, ਅੰਕ 65
   (ਅ) ਡਾ. ਜਸਬੀਰ ਸਿੰਘ ਸਰਨਾ (ਸੰ.) **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ਅਨੰਦਪੁਰ ਸਾਹਿਬ, 2007, ਅੰਕ 11
3. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ 312
4. **ਪੰਜਾਬੀ ਲੋਕ ਧਾਰਾ ਵਿਸ਼ਵਕੋਸ਼ (ਜਿਲਦ ਚੌਥੀ)**, ਪੂਰਵ ਅੰਕਤ, ਅੰਕ, 1034
5. **ਸਾਹਿਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 320
6. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ**, ਪੂਰਵ ਅੰਕਤ, ਅੰਕ 27

# ਕਲਿਆਣ

ਕਲਿਆਣ ਮਧੁਰ ਸਰੂਪ ਵਾਲਾ ਸਰਲ, ਗੰਭੀਰ ਤੇ ਪੁਰਾਣਾ ਪ੍ਰਸਿੱਧ ਰਾਗ ਹੈ। ਇਸ ਰਾਗ ਦਾ ਉਨੱਤੀਵਾਂ ਸਥਾਨ ਰਾਗ ਤਰਤੀਬ ਵਿੱਚ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 1319 ਤੋਂ ਲੈ ਕੇ 1326 ਤੱਕ ਅੰਕਿਤ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਗਾਇਨ ਸਮੇਂ ਦਿਲ ਖਿਚਵਾਂ ਮਾਹੌਲ ਉਦੈ ਹੁੰਦਾ ਹੈ। ਪੁਰਾਤਨ ਸਮੇਂ ਤੋਂ ਹੀ ਹਰਿਮੰਦਰ ਸਾਹਿਬ ਵਿਚ ਰਾਗੀ/ਰਬਾਬੀ ਇਸ ਦੀ ਚੌਕੀ ਲਗਾਂਦੇ ਆ ਰਹੇ ਹਨ। ਸਾਰੇ ਗਾਇਕ ਇਸ ਰਾਗ ਨੂੰ ਆਸਾਨੀ ਨਾਲ ਗਾ ਲੈਂਦੇ ਹਨ।

'ਕਲਿਆਣ ਭੁਪਾਲੀ'[1] ਵਿਚ ਇਕ ਸ਼ਬਦ ਗੁਰੂ ਰਾਮਦਾਸ ਨੇ ਉਚਾਰਨ ਕੀਤਾ ਹੈ। ਕਲਿਆਣ ਇਕ ਸੰਪੂਰਨ ਔੜਵ ਰਾਗ ਹੈ ਜੋ ਮਨ ਦੀ ਪ੍ਰਸੰਨਤਾ ਲਈ ਗਾਇਆ ਜਾਂਦਾ ਹੈ। 'ਮਹਾਨਕੋਸ਼' ਅਨੁਸਾਰ ਕਲਯਾਣ ਠਾਟ ਦੀ ਉੜਵ ਸੰਪੂਰਣ ਰਾਗਿਨੀ ਹੈ, ਇਸ ਰਾਗ ਦੇ ਕਈ ਭੇਦ ਹਨ, ਇਕ ਥਾਂ ਇਸ ਦਾ ਸ਼ੁੱਧ ਸਰੂਪ ਦਿੱਤਾ ਹੈ। ਆਰੋਹੀ ਵਿਚ ਮੱਧਮ ਅਤੇ ਨਿਸ਼ਾਦ ਵਰਜਿਤ ਹਨ, ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ, ਮੱਧਮ ਤੀਵ੍ਰ ਅਤੇ ਬਾਕੀ ਸਾਰੇ ਸ਼ੁੱਧ ਸੁਰ ਹਨ। ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਿਰ ਹੈ।

ਆਰੋਹੀ— ਸ ਰ ਗ ਧਾ ਸ

ਅਵਰੋਹੀ— ਸ ਨ ਧ ਪੀ ਮੀ ਗ ਰ ਸ[2]

ਇਹ ਔੜਵ ਸੰਪੂਰਨ ਰਾਗ ਵਿਚ ਗਾ ਵਾਦੀ ਤੇ ਧਾ ਸੰਵਾਦੀ ਹੈ। ਆਰੋਹੀ ਵਿਚ ਮਾ ਤੇ ਨੀ ਮਨ੍ਹਾ ਹਨ। ਮਾ ਤੀਬਰ, ਬਾਕੀ ਸੁਰ ਸ਼ੁੱਧ ਹਨ। ਇਸ ਰਾਗ ਦੇ ਅੰਤਰਗਤ 17 ਚਉਪਦੇ ਅਤੇ 6 ਅਸ਼ਟਪਦੀਆਂ ਆਉਂਦੀਆਂ ਹਨ। ਗੁਰੂ ਰਾਮਦਾਸ ਦੇ 7 ਚਉਪਦੇ (ਇਕ ਭੋਪਾਲੀ) ਹਨ ਜੋ ਅੰਕ 1319-1321 ਤੇ ਅੰਕਿਤ ਹਨ। ਇਨ੍ਹਾਂ ਨਾਲ 6 ਅਸ਼ਟਪਦੀਆਂ ਵੀ ਦਰਜ ਹਨ। ਗੁਰੂ ਅਰਜਨ ਦੇ 10 ਚਉਪਦੇ ਹਨ ਜਿਨ੍ਹਾਂ ਵਿਚੋਂ 9 ਚਉਪਦੇ ਦੇ ਦੋ-ਦੋ ਪਦਿਆਂ ਦੇ ਹਨ ਅਤੇ ਇਕ ਚਾਰ ਪਦੇ ਦਾ ਹੈ।

ਗੁਰੂ ਸਾਹਿਬਾਨ ਨੇ ਜੀਵ ਨੂੰ ਸਮਝਾਉਣ ਹਿੱਤ ਉਪਦੇਸ਼ ਦਿੱਤਾ ਹੈ ਕਿ ਅਕਾਲਪੁਰਖ ਦੀ ਬੰਦਗੀ ਕਰਨ ਵਾਲੇ ਹਮੇਸ਼ਾ ਸੁਖੀ ਰਹਿੰਦੇ ਹਨ ਅਤੇ ਦੁਨੀਆ 'ਚ ਵਿਚਰਦਿਆਂ ਸਾਰੇ ਦੁਖ-ਕਲੇਸ਼ ਖਤਮ ਹੋ ਜਾਂਦੇ ਹਨ। ਨਾਮ ਦੀ ਵਡਮੁੱਲੀ ਦਾਤ ਕੇਵਲ ਵੱਡਭਾਗੀ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਸ ਤੇ ਅਕਾਲ ਪੁਰਖ ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਹੋਵੇ। ਇਸ ਫ਼ਾਨੀ ਸੰਸਾਰ ਵਿਚ ਪ੍ਰਭੂ ਦੇ ਸਿਮਰਨ ਤੁਲ ਹੋਰ ਕੋਈ ਚੀਜ਼ ਨਹੀਂ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 177
"The Indian sanskrit name for this rage is kalyan and the

persian is yuman. In the Ragmala, Kalian is the son of Dipak while today it is the head of the Kalian Thata. It is performed during the first part of the night and is considered a blessing bringing all good into one's life. Guru Ram Das and Guru Arjan composed 23 hymns in this raga. The text exalt the far-reaching and all-pervading power of the Lord. In the Holy Book the only raga variant given is Bhopali (Bhupali)."

2. **ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ** 310

# ਕਾਨੜਾ

'ਕਾਨੜਾ, ਇਕ ਪੁਰਾਤਨ ਰਾਗ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ ਅਨੁਸਾਰ 28ਵੇਂ ਨੰਬਰ ਤੇ ਆਉਂਦਾ ਹੈ ਅਤੇ ਅੰਕ 1294-1318 ਤੱਕ ਸੁਸ਼ੋਭਿਤ ਹੈ। ਇਸ ਰਾਗ ਨੂੰ ਰਾਤ ਦੇ ਦੂਜੇ ਪਹਿਰ ਗਾਉਣ ਦਾ ਵਿਧਾਨ ਹੈ। ਕਈ ਭੇਦਾਂ[1] ਵਾਲੇ ਇਸ ਰਾਗ ਵਿਚੋਂ 'ਦਰਬਾਰ ਕਾਨੜਾ' ਪ੍ਰਮੁੱਖ ਮੰਨਿਆ ਜਾਂਦਾ ਹੈ। 'ਦਰਬਾਰੀ ਕਾਨੜਾ' ਦੀ ਪ੍ਰਸਿੱਧੀ ਉਸ ਸਮੇਂ ਹੋਈ ਜਦੋਂ ਤਾਨਸੈਨ (ਅਕਬਰ ਦਾ ਦਰਬਾਰੀ ਸੰਗੀਤਕਾਰ) ਨੇ ਇਸ ਨੂੰ ਖ਼ੂਬਸੂਰਤ ਢੰਗ ਨਾਲ ਗਾਇਨ ਕੀਤਾ। ਭਾਰਤੀ ਸੰਗੀਤ ਵਿਚ ਇਸ ਨੂੰ ਅਤਿ ਗੰਭੀਰ ਰਾਗ ਮੰਨਿਆ ਜਾਂਦਾ ਹੈ। 16ਵੀਂ-17ਵੀਂ ਸਦੀ[2] ਵਿਚ ਵੀ ਇਹ ਰਾਗ ਬਹੁਤ ਪ੍ਰਚਲਿਤ ਸੀ।

ਇਹ ਆਸਾਵਰੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ ਅਰਥਾਤ ਆਰੋਹੀ ਵਿੱਚ ਛੀ ਅਤੇ ਅਵਰੋਹੀ ਵਿਚ ਸੱਤ ਸੁਰ ਹਨ। ਆਰੋਹੀ ਵਿਚ ਗਾਂਧਾਰ ਦੁਰਬਲ ਹੈ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ, ਪੰਚਮ ਅਤੇ ਰਿਸ਼ਭ ਨਾਲ ਨਿਸ਼ਾਦ ਦੀ ਸੰਗਤਿ ਰਹਿੰਦੀ ਹੈ, ਗਾਂਧਾਰ ਧੈਵਤ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ, ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ।[3]

ਇਸ ਰਾਗ ਵਿਚ 63 ਚਉਪਦੇ, 6 ਅਸ਼ਟਪਦੀਆਂ, ਇਕ ਛੰਤ, ਇਕ ਵਾਰ ਅਤੇ ਇਕ ਸ਼ਬਦ ਨਾਮਦੇਵ ਜੀ ਦਾ ਹੈ। ਚਉਪਦਿਆਂ ਵਿਚੋਂ ਗੁਰੂ ਰਾਮ ਦਾਸ ਦੇ 12[4] (ਛੇ ਵਿਚ 2-2 ਅਤੇ ਛੇ ਵਿਚ 5-5 ਦੇ ਜੁੱਟ ਸ਼ਾਮਲ ਹਨ) ਗੁਰੂ ਅਰਜਨ ਦੇ 50 (38 ਦੋ ਦੋ ਪਦਿਆਂ ਵਾਲੇ, 2 ਤਿੰਨ ਤਿੰਨ ਅਤੇ 10 ਚਾਰ-ਚਾਰ ਪਦਿਆਂ ਵਾਲੇ ਹਨ), ਜੋ ਅੰਕ 1294 ਤੋਂ ਲੈ ਕੇ 1318 ਤੱਕ ਅੰਕਿਤ ਹਨ। ਇਸ ਰਾਗ ਵਿਚ ਆਈ ਬਾਣੀ ਦਾ ਤੱਤ ਸਾਰ ਹੈ ਕਿ ਗੁਰਮੁਖਾਂ/ਸੰਤਾਂ ਦੀ ਸੰਗਤਿ ਹੀ ਉੱਤਮ ਹੈ ਜਿਸ ਰਾਹੀਂ ਪਰਮਸਤਿ ਵਾਹਿਗੁਰੂ ਨਾਲ ਮਿਲਾਪ ਯਕੀਨੀ ਹੈ, ਨਹੀਂ ਤਾਂ ਸੰਸਾਰਿਕ ਮੋਹ-ਮਾਇਆ ਵਿਚ ਜੀਵ ਉਲਝ ਜਾਂਦਾ ਹੈ। ਗੁਰਮਤਿ ਦੇ ਮੁੱਢਲੇ ਸਿਧਾਂਤਾਂ ਤੇ ਪ੍ਰਕਾਸ਼ ਦ੍ਰਿਸ਼ਟੀਗੋਚਰ ਹੁੰਦਾ ਹੈ। ਅਕਾਲ ਪੁਰਖ ਸਾਰਿਆਂ ਦੇ ਦਿਲਾਂ ਵਿਚ ਨਿਵਾਸ ਰਖਦਾ ਹੈ। ਨਾਮ ਦੇ ਆਨੰਦ ਰਾਹੀਂ ਭਗਤੀ ਦਾ ਮਾਰਗ ਸਫ਼ਲ ਅਤੇ ਸਰਲ ਹੋ ਜਾਂਦਾ ਹੈ।

*ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥*

*—ਕਾਨ ੪, ਵਾਰ ੪, ਸ, ੪, ੨:੧ (1314)*

## ਪਗ ਟਿਪਣੀਆਂ ਅਤੇ ਹਵਾਲੇ

1. ਇਸ ਰਾਗ ਦੇ ਕੁੱਲ 18 ਰੂਪ/ਭੇਦ ਸੰਗੀਤਕਾਰਾਂ ਨੇ ਮੰਨੇ ਹਨ ਜਿਵੇਂ ਦਰਬਾਰੀ, ਨਟ, ਕਾਫ਼ੀ, ਮੰਗਲ, ਟੰਕ, ਕਾਸ਼ਿਕੀ, ਸੂਹਾ, ਵਾਗੇਸ਼੍ਰੀ , ਨਾਯਕੀ, ਸ਼ਯਾਮ, ਮੁਦ੍ਰਾ, ਕੋਲਾਹਲ, ਜਯਜ਼ਯੰਤਿ, ਅਡਾਨਾ, ਹੁਸੈਨੀ, ਸ਼ਾਹਾਨਾ, ਸੁਘਰ ਅਤੇ ਨਾਗਧਵਨਿ।

2. **The Encyclopeadia of sikhism (Vol II)**, op.cit, P: 177
"The modern name for this raga appears to be 'Kanada', probably a matter of transliteration from its original name. Under the kanara spelling this raga was prevlent in the classification of 16th and 17th centuries. However, in one instance, Kanara and Kanada both appear in the same ragmala. This would indicate that at one time these were two distinctly different ragas. Kanara was used by Guru Ram Das and Guru Arjan for 69 hymns, a var plus numerous slokas. In the Ragmala, Kanara is a putra of Dipak. The modern Kanada is one of a group of many kanada ragas which are combination of Kanada with other ragas, one of the most popular is Darbari-Kanada classified under the Asavari Thata. Assigned to the night hours, its mood is quiet and full of majesty. Darbari-Kanada is performed in slow tempo and is a popular concert form today."
3. **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 318
4. ਸੁਰਿੰਦਰ ਸਿੰਘ ਕੋਹਲੀ (ਸੰ.), **ਪੰਜਾਬੀ ਸਾਹਿੱਤ ਕੋਸ਼ (ਭਾਗ ੨)**, ਪੂਰਵ ਅੰਕਤ, ਅੰਕ 156
"ਗੁਰੂ ਰਾਮਦਾਸ—6 ਦੁਪਦੇ, 6 ਚਉਪਦੇ, 6 ਅਸ਼ਟਪਦੀਆਂ ਅਤੇ ਇਕ ਵਾਰ ਹੈ।
ਗੁਰੂ ਅਰਜਨ— 38 ਦੁਪਦੇ, 2 ਤਿਪਦੇ, 10 ਚਉਪਦੇ, ਇਕ ਛੰਤ
ਨਾਮਦੇਵ—ਇਕ-ਦੁਪਦਾ"

# ਕਾਨੜੇ ਕੀ ਵਾਰ

ਗੁਰੂ ਰਾਮਦਾਸ ਵਲੋਂ ਉਚਾਰਨ ਕੀਤੀ, ਇਸ ਵਾਰ ਨੂੰ 'ਮੂਸੇ ਕੀ ਵਾਰ ਕੀ ਧੁਨਿ' ਅਨੁਸਾਰ ਗਾਉਣ ਦਾ ਆਦੇਸ਼ ਪੰਚਮ ਪਾਤਸ਼ਾਹਿ ਨੇ ਦਿੱਤਾ ਹੈ। ਮੂਸੇ[1] ਦੀ ਬਹਾਦਰੀ ਸਾਡੀ ਪਰੰਪਰਾ ਦਾ ਹਿੱਸਾ ਹੈ।

ਇਸ ਵਾਰ[2] ਦੀਆਂ ਕੁੱਲ ਪੰਦਰ੍ਹਾਂ ਪਉੜੀਆਂ ਹਨ ਜੋ ੫-੫ ਤੁਕਾਂ ਦੀਆਂ ਹਨ। ਹਰ ਪਉੜੀ ਵਿਚ ੨-੨ ਸਲੋਕ ਦਰਜ ਹਨ। ਸਾਰੇ ਸਲੋਕ ਗੁਰੂ ਰਾਮਦਾਸ ਦੇ ਉਚਾਰਨ ਕੀਤੇ ਹੋਏ ਹਨ। ਜੋ ਵਿਸ਼ੇਸ਼ਤਾ ਵੇਖਣ ਵਿਚ ਆਉਂਦੀ ਹੈ ਕਿ ਸਲੋਕ ਦੋ ਤੁਕਾਂ ਤੋਂ ਲੈ ਕੇ ਸੱਤ ਤੁਕਾਂ ਦਾ ਆਕਾਰ ਸਿਰਜਦੇ ਹਨ। ਇਨ੍ਹਾਂ ਪਉੜੀਆਂ ਅਤੇ ਸਲੋਕਾਂ ਦੀ ਭਾਸ਼ਾ ਸਾਧ-ਭਾਖਾ ਅਤੇ ਲਹਿੰਦੀ ਪੰਜਾਬੀ ਦੇ ਪ੍ਰਭਾਵ ਅਧੀਨ ਪ੍ਰਸਤੁਤ ਕੀਤੇ ਗਏ ਹਨ। ਇਸ ਵਿਚ ਕੁੱਲ 30 ਸਲੋਕ ਦਰਜ ਹਨ।

ਇਸ ਵਾਰ ਵਿਚ, ਇਹ ਸਪਸ਼ਟ ਕੀਤਾ ਗਿਆ ਹੈ ਕਿ ਸ੍ਰਿਸ਼ਟੀ ਦੀ ਸਿਰਜਣਾ ਕਰਕੇ ਅਕਾਲਪੁਰਖ ਵਾਹਿਗੁਰੂ ਆਪ ਇਸ ਵਿਚ ਬਿਰਾਜਮਾਨ ਹੋਇਆ ਹੈ ਅਤੇ ਉਹ ਇਸ ਵਿਚ ਨਿਰਲਿਪੰਤ ਅਤੇ ਸੰਚਾਲਕ ਵੀ ਹੈ ਪਰ ਨਾਮ-ਬੰਦਗੀ ਅਤੇ ਗੁਰੂ ਦੀ ਸੰਗਤਿ ਰਾਹੀਂ ਹੀ ਜਨਮ-ਜਨਮਾਂਤਰਾਂ ਦੀ ਮੈਲ ਉੱਤਰ ਜਾਂਦੀ ਹੈ ਅਤੇ ਜੀਵ ਸੰਸਾਰ ਦੀ ਮੋਹ-ਮਾਇਆ ਦੇ ਚੱਕਰਾਂ ਤੋਂ ਨਿਰਲੇਪ ਰਹਿੰਦਾ ਹੈ।

***ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥***

***—ਆਸਾ ੧, ਵਾਰ ੩ ਸ, ੧, ੨:੮ (464)***

## ਪਗ ਟਿਪਣੀਆਂ ਅਤੇ ਹਵਾਲੇ

1. ਪੁਰਾਣੀ ਰਵਾਇਤ ਅਨੁਸਾਰ ਮੂਸਾ ਇੱਕ ਜੰਗਜੂ ਬਹਾਦਰ ਸੂਰਮਾ ਸੀ। ਉਸ ਦੀ ਮੰਗੇਤਰ ਕਿਤੇ ਹੋਰ ਵਿਆਹੀ ਗਈ। ਗੁੱਸੇ ਵਿਚ ਉਸ ਨੇ ਰਾਜ ਤੇ ਹਮਲਾ ਕਰਕੇ ਮੰਗੇਤਰ ਸੁਮੇਤ ਰਾਜੇ ਨੂੰ ਫੜ੍ਹ ਕੇ ਲੈ ਆਂਦਾ। ਜਦੋਂ ਮੰਗੇਤਰ ਕੁੜੀ ਨੂੰ ਮਨ ਦੀ ਇੱਛਾ ਕਿਸ ਨਾਲ ਰਹਿਣ ਬਾਰੇ ਬੇਖੌਫ਼ ਹੋਕੇ ਪੁਛਿਆ ਗਿਆ ਤਾਂ ਉਸ ਨੇ ਰਾਜੇ ਦਾ ਸੰਕੇਤ ਦਿੱਤਾ, ਜਿਸ ਨਾਲ ਉਹ ਵਿਆਹੀ ਗਈ ਸੀ। ਮੰਗੇਤਰ ਦਾ ਜਵਾਬ ਸੁਣ ਕੇ ਮੂਸੇ ਨੇ ਦੋਵਾਂ ਨੂੰ ਮਾਅਫ਼ ਕਰਕੇ ਅਤਿ-ਸਤਿਕਾਰ ਨਾਲ ਵਿਦਾ ਕੀਤਾ। ਢਾਡੀਆਂ ਨੇ ਇਸ ਤੇ ਜੋ ਵਾਰ ਬਣਾਈ ਉਹ 'ਮੂਸੇ ਕੀ ਵਾਰ' ਕਰਕੇ ਪ੍ਰਸਿੱਧ ਹੋਈ।
2. **The Encyclopeadia of sikhism (Vol II),** op.cit, P: 425 "Kanre Ki Var, by Guru Ram das, is one of the twenty-two compositions entered in the Guru Granth Sahib under the rubric of Var. Like other Vars it is assigned to a specific

musical measure-Kanra, in this instance. At the head of the Var is recorded by Guru Arjan, who prepared the first recension of the Holy Book, The direction as to the tune to which it should appropriately be sung i,e the tune of the folk ballad celebrating a popular hero, **Musa.**"

# ਕਾਫ਼ੀ

'ਕਾਫ਼ੀ'[1] ਸ਼ਬਦ ਅਰਬੀ ਤੋਂ ਆਇਆ ਹੈ, ਜਿਸ ਦੇ ਅਰਥ ਹਨ—ਗਿਆਨਵਾਨ, ਮੀਰੇ-ਕਾਰਵਾਂ, ਅੱਗੇ ਅੱਗੇ ਤੁਰਨ ਵਾਲਾ, ਲੋੜ ਪੂਰੀ ਕਰਨ ਵਾਲਾ। ਕਾਫ਼ੀ ਇੱਕ ਵਿਸ਼ੇਸ਼ ਰੂਪਾਕਾਰ ਹੈ ਜਿਸ ਨੂੰ ਵਾਰ ਵਾਰ ਗਾਉਣ ਸਮੇਂ ਟੇਕ ਵਾਲੀਆਂ ਦੋ ਤੁਕਾਂ ਨੂੰ ਦੁਹਰਾਉਣ ਦੀ ਰੀਤ ਹੈ। ਕਈ ਵਿਦਵਾਨ ਇਸ ਸ਼ਬਦ ਨੂੰ ਫ਼ਾਰਸੀ ਦੇ 'ਕੈਫ਼'[2] ਨਾਲ ਵੀ ਜੋੜਦੇ ਹਨ ਜਿਸ ਦਾ ਭਾਵ ਹੈ ਮਸਤੀ, ਹਾਲਤ। ਅਸਲ ਵਿਚ ਇਸ ਕਾਵਿ ਦੇ ਰਚਨਹਾਰ ਸਾਰੇ ਮਹਾਂਪੁਰਸ਼ ਰੱਬੀ ਪਿਆਰ ਦੀ ਮਸਤੀ ਵਿਚ ਮਸਤ ਹੋ ਜਾਇਆ ਕਰਦੇ ਸਨ।

ਇਹ ਸੂਫ਼ੀਆਂ ਦਾ ਹਰਮਨ ਪਿਆਰਾ ਪ੍ਰੇਮ ਗੀਤ ਹੈ, ਜਿਸ ਨੂੰ ਕਈ ਵੇਰ ਵੈਸ਼ਣਵ ਸਾਧੂਆਂ ਦੇ ਬਿਸ਼ਨਪਦੇ ਨਾਲ ਮੇਲ ਖਾਉਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਪੰਜਾਬ ਵਿਚ ਇਹ ਧੁਨ ਕਾਫ਼ੀ ਪ੍ਰਸਿੱਧ ਰਹੀ ਹੈ ਅਤੇ ਕਵਾਲ ਇਸ ਨੂੰ ਮਹਿਫ਼ਲਾਂ ਦਾ ਸ਼ਿੰਗਾਰ ਬਣਾਉਂਦੇ ਰਹੇ ਹਨ। ਕਈਆਂ ਨੇ ਕਾਫ਼ੀ ਨੂੰ 'ਤਾਟੰਕ ਛੰਦ' ਦੀ ਇਕ ਚਾਲ ਦੱਸਿਆ ਹੈ, ਪਰ ਇਹ ਠੀਕ ਨਹੀਂ ਕਿਉਂਕਿ ਕਾਫ਼ੀਆਂ ਭਿੰਨ ਭਿੰਨ ਰਾਗਾਂ ਵਿਚ ਲਿਖੀਆਂ ਮਿਲਦੀਆਂ ਹਨ। ਕਈਆਂ ਨੇ ਕਾਫੀ ਨੂੰ ਰਾਗ ਵੀ ਕਿਹਾ ਹੈ, ਪਰ ਇਸ ਦਾ ਸੰਬੰਧ ਕਿਸੇ ਇਕ ਰਾਗ ਨਾਲ ਨਹੀਂ।[3]

ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾਂ ਇਸ ਕਾਵਿ-ਰੂਪ ਦਾ ਮੁੱਢ ਗੁਰੂ ਨਾਨਕ ਨੇ ਬਝਿਆ ਅਤੇ ਬਾਅਦ ਵਿਚ ਅਨੇਕ ਸੂਫ਼ੀ ਕਵੀਆਂ ਨੇ ਇਸ ਨੂੰ ਹਰਮਨ ਪਿਆਰਾ ਬਣਾਇਆ। ਗੁਰੂ ਗ੍ਰੰਥ ਸਾਹਿਬ ਵਿਚ ਆਈ ਇਸ ਵਿਧਾ ਨੂੰ ਰਾਗ ਆਸਾ, ਤਿਲੰਗ, ਸੂਹੀ ਤੇ ਮਾਰੂ ਰਾਗਾਂ ਵਿਚ ਮਿਲਾ ਕੇ ਲਿਖਣ ਦਾ ਮੁੱਢ ਗੁਰੂ ਨਾਨਕ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਨੇ ਬੰਨਿਆ ਹੈ। ਹਰ ਰਾਗ ਵਿਚ ਇਸ ਦੀ ਥਾਂ ਨੀਅਤ ਕੀਤੀ ਹੈ। ਕਈਆਂ ਨੇ ਇਸ ਰਾਗ ਨੂੰ ਰਾਗਨੀ ਦੀ ਸੰਗਿਆ ਦਿੱਤੀ ਹੈ। ਪੱਛਮੀ ਤਰਜ਼ ਦੀ ਹੋਣ ਕਾਰਨ ਲਹਿੰਦੀ ਦੇ ਲਫ਼ਜ਼ਾਂ ਦੀ ਭਰਮਾਰ ਸਪਸ਼ਟ ਦਿਖਾਈ ਦੇਂਦੀ ਹੈ।

ਰਹੱਸਵਾਦ ਨਾਲ ਸ਼ਿੰਗਾਰੀਆਂ ਇਨ੍ਹਾਂ ਕਾਫ਼ੀਆਂ ਵਿਚ ਗੁਰੂ ਸਾਹਿਬਾਨ ਨੇ ਦੁਨੀਆ ਦੀ ਨਾਸ਼ਮਾਨਤਾ ਦਾ ਜ਼ਿਕਰ ਕੀਤਾ ਹੈ, ਉਥੇ ਆਦੇਸ਼ ਦਿੱਤਾ ਹੈ, ਕਿ ਜਨਮ-ਮਰਨ, ਪੁਨਰ-ਜਨਮ ਅਤੇ ਮੁਕਤੀ ਲਈ ਜੀਵਾਤਮਾ ਨੂੰ ਹਉਮੈ ਮਾਰ ਕੇ ਹੀ ਪਰਮਸਤਿ ਦੀ ਰਜ਼ਾ ਵਿਚ ਵਿਚਰਦਿਆਂ ਪ੍ਰਭੂ-ਪ੍ਰਮਾਤਮਾ ਅਕਾਲਪੁਰਖ ਦੀ ਮਿਹਰ ਦਾ ਭਾਗੀ ਬਣ ਸਕਦਾ ਹੈ।

ਰਾਗ ਆਸਾ ਵਿਚ ਆਈ ਕਾਫ਼ੀ ਦੇ ਮੂਲ ਪਾਠ ਲਈ ਵੇਖੋ ਅੰਤਿਕਾ:੧੫ । ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਰਾਗਾਂ ਨਾਲ ਸੰਮਿਲਤ ਕਾਫ਼ੀ ਰਾਗਨੀ ਵਾਲੇ ਸ਼ਬਦ[4] ਵੀ ਬੇਅੰਤ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. (ੳ) ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 319

(ਅ) **The Encyclopeadia of sikhism (Vol II),** op.cit, P: 407 "KAFI (Arabic Qafi) literally stands for the leader, the enlightener, one who fulfills the need. In poetices it denotes the refrain in a song or hymn, and is also the title given to a poetic form in Arabic as well as in Indian literature."

2. ਫ਼ਾਰਸੀ-ਪੰਜਾਬੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਅੰਕ 574
3. ਸਾਹਿੱਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ), ਪੂਰਵ ਅੰਕਤ, ਅੰਕ 332
4. ਆਸਾ ਘਰੁ ੮ ਕਾਫ਼ੀ ਮਹਲਾ ੩ (ਅੰਕ 365)
ਰਾਗ ਆਸਾ ਅਰੁ ੮ ਕੇ ਕਾਫ਼ੀ ਮ: ੪ (ਅੰਕ 369)
ਆਸਾ ਅਰੁ ੮ ਕਾਫ਼ੀ ਮਹਲਾ ੫ ( ਅੰਕ 396)
ਤਿਲੰਗ ਮਹਲਾ ੯ ਕਾਫ਼ੀ (ਅੰਕ 796)
ਸੂਹੀ ਮਹਲਾ ੧ ਕਾਫ਼ੀ ਅਰੁ ੧੦ (ਅੰਕ 751)
ਮਾਰੂ ਕਾਫ਼ੀ ਮਹਲਾ ੧ ਅਰੁ ੨ (ਅੰਕ 1014) ਤੇ ਹੋਰ ਸ਼ਬਦ।

# ਕੁਚਜੀ

ਬੁਰੇ ਆਚਾਰ ਜਾਂ ਭੈੜੇ ਤੌਰ ਤਰੀਕੇ ਵਾਲੀ ਇਸਤਰੀ ਨੂੰ 'ਕੁਚਜੀ' ਦੀ ਸੰਗਿਆ ਦਿੱਤੀ ਜਾਂਦੀ ਹੈ। ਸੂਹੀ ਰਾਗ ਵਿਚ ਲਘੂ ਆਕਾਰ ਵਿਚ ਗੁਰੂ ਨਾਨਕ ਨੇ 'ਕੁਚਜੀ' ਸਿਰਲੇਖ ਹੇਠ ਆਉਂਦੀ ਬਾਣੀ ਨੂੰ 'ਕੁਚਜੀ' ਇਸਤਰੀ ਨੂੰ 'ਸੁਚਜੀ' ਬਣਾਉਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਰੂਪਕ ਜਗਿਆਸੂ ਲਈ ਮਨਮੁੱਖ ਕਰਕੇ ਸੰਕੇਤ ਕੀਤਾ ਗਿਆ ਹੈ।

ਕਈ ਸੰਪ੍ਰਦਾਈ ਗਿਆਨੀ 'ਕੁਚਜੀ' ਸ਼ਬਦ ਦਾ ਉਚਾਰਣ ਇਸ ਦੇ ਅਖੀਰ 'ਜ' ਅੱਖਰ ਦੀ ਧੁਨੀ ਨੂੰ ਦੁੱਤ ਕਰਕੇ ਕਰਦੇ ਹਨ। ਅਜੋਕੀ ਪੰਜਾਬੀ ਵਿੱਚ ਅੱਧਕ ( ੱ ) ਦੀ ਵਰਤੋਂ ਇਸੇ ਲਈ ਕੀਤੀ ਜਾਂਦੀ ਹੈ। ਇਸ ਕਾਵਿ-ਰੂਪ ਦੀ ਸ਼ੁਰੂਆਤ ਪਹਿਲੀ ਵੇਰ ਵਿਸ਼ਿਸ਼ਟ ਸਾਹਿਤ ਵਿਚ ਗੁਰੂ ਨਾਨਕ ਸਾਹਿਬ ਨੇ ਕਰਤਾਰੀ ਪ੍ਰਤਿਭਾ ਦੇ ਕ੍ਰਿਸ਼ਮੇ ਰਾਹੀਂ ਰੂਪਮਾਨ ਕੀਤਾ ਹੈ। ਲਹਿੰਦੀ ਸ਼ਬਦਾਵਲੀ ਦੀ ਵਰਤੋਂ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਹ ਅਨੋਖਾ ਗੁਣਵਾਚਕ ਕਾਵਿ-ਰੂਪ ਲਹਿੰਦੇ ਪੰਜਾਬ ਵਿਚ ਬੜਾ ਮਕਬੂਲ ਰਿਹਾ ਹੋਵੇਗਾ। ਤੁਕਾਂਤਮਈ ਇਸ ਸਿਰਲੇਖ ਵਾਲੀ ਰਚਨਾ ਦੀਆਂ ਕੁੱਲ 16 ਤੁਕਾਂ ਹਨ।

'ਸ਼ਬਦਾਰਥ' ਅਨੁਸਾਰ ਕੁਚਜੀ ਸਿਰਲੇਖ ਹੇਠਾਂ ਪਤੀ ਪਰਮੇਸ਼ਰ ਤੋਂ ਵਿਛੜੇ ਹੋਏ ਜੀਵ ਨੂੰ ਬੁਰੇ ਆਚਾਰ ਵਾਲੀ ਇਸਤਰੀ ਦੇ ਰੂਪ ਵਿਚ ਕਥਨ ਕੀਤਾ ਹੈ ਜੋ ਪਤੀ ਦੀਆਂ ਦਿੱਤੀਆਂ ਦਾਤਾਂ ਨੂੰ ਭੁੱਲ ਕੇ ਪਤੀ ਨੂੰ ਵਿਸਾਰ ਦਿੰਦੀ ਹੈ ਤੇ ਗ਼ਫ਼ਲਤਾ ਵਿਚ ਸੁੱਤੀ ਹੋਈ ਪਤੀ ਵੱਲ ਜਾਣਾ ਹੀ ਭੁਲ ਜਾਂਦੀ ਹੈ।[1]

ਇਸ ਕਾਵਿ-ਰੂਪ ਦਾ ਮੂਲ ਸੰਬੰਧ ਘਰੇਲੂ ਮਾਹੌਲ ਨਾਲ ਹੈ। ਘਰੋਗੀ ਕੰਮਕਾਜ ਵਿਚ ਪੂਰੀ ਮੁਹਾਰਤ ਤੋਂ ਅਵੇਸਲੀ ਇਸਤਰੀ ਨੂੰ 'ਕੁਚੱਜੀ' ਦੀ ਸੰਗਿਆ ਦਿੱਤੀ ਗਈ ਹੈ। ਘਰੋਗੀ ਮਾਹੌਲ ਨਾਲ ਸਿਰਜੀ ਇਸ ਰਚਨਾ ਨੂੰ ਅਧਿਆਤਮਿਕ ਗੁਣਾਂ ਦੇ ਪੱਖੋਂ ਪ੍ਰਸਤੁਤ ਕੀਤਾ ਗਿਆ ਹੈ। ਉਪਦੇਸ਼ਾਤਮਿਕ ਬਿਰਤੀ ਵਾਲੀ ਇਸ ਰਚਨਾ ਰਾਹੀਂ ਇਸਤਰੀ ਦੇ ਗੁਣ-ਔਗਣਾਂ ਨੂੰ ਰੂਪਾਂਤਰਿਤ ਕੀਤਾ ਗਿਆ ਹੈ।

ਲੋਕ ਸਾਹਿਤ ਵਿਚ ਇਸ ਕਾਵਿ-ਰੂਪ ਬਾਰੇ ਭਾਵੇਂ ਨਿਸਚੇ ਨਾਲ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਪ੍ਰਤੀਤ ਹੁੰਦਾ ਹੈ ਕਿ ਇਸ ਨੂੰ ਪ੍ਰੇਮੀ ਦੇ ਸਨਮੁਖ ਵਿਅਕਤੀਗਤ ਔਗੁਣਾਂ ਵਾਲੀ ਆਪਣੀ ਤੁਛ ਹੋਂਦ ਹਸਤੀ ਨੂੰ ਪ੍ਰਗਟ ਕਰਨ ਹਿਤ ਵਰਤਿਆ ਜਾਂਦਾ ਹੋਵੇਗਾ। ਗੁਰੂ ਨਾਨਕ ਨੇ ਇਸ ਕਾਵਿ-ਰੂਪ ਨੂੰ ਔਗੁਣਾਂ ਨਾਲ ਭਰੇ ਮਨੁੱਖ ਦੀ ਲਘੂ-ਹਸਤੀ ਨੂੰ ਸਥਾਪਤ ਕਰਨ ਹਿਤ ਵਰਤਿਆ ਹੈ।[2] ਕੁਚੱਜੀ ਉਹ ਹੈ ਜਿਸ ਨੂੰ ਜੀਵਨ ਜਾਚ ਨਹੀਂ ਆਉਂਦੀ ਪਰ ਗੁਰੂ ਸਾਹਿਬ ਇਸ ਦਾ ਜ਼ਿਕਰ ਅਨੱਯ ਪੁਰਖ ਜਾਂ ਮੱਧਮ ਦੇ ਰੂਪ ਵਿਚ ਨਹੀਂ ਕਰਦੇ ਸਗੋਂ ਉਤਮ ਪੁਰਖ ਵਿਚ ਕਰਕੇ ਸਾਰਾ ਬੋਝ ਆਪਣੇ ਜ਼ੁੰਮੇ ਲੈਂਦੇ ਹਨ ਤਾਂ ਕਿ ਮਨੁੱਖ ਧੀਰਜ ਨਾਲ ਆਪਣੇ ਅੰਦਰ ਝਾਤੀ ਮਾਰ ਸਕੇ।[3] ਚੱਜ ਆਚਾਰ ਤੋਂ ਨਾਵਾਕਫ਼ ਹੋਣ ਕਾਰਨ ਕੁਚਜੀ ਵਿਚ

ਔਗੁਣਾਂ ਦੀ ਭਰਮਾਰ ਹੈ। ਉਹ ਆਪਣੇ ਮਾਲਕ ਨੂੰ ਰਿਝਾਣ ਲਈ ਸੋਨੇ-ਚਾਂਦੀ, ਧਨ-ਦੌਲਤ ਵੱਲ ਖਿੱਚੀ ਰਹਿੰਦੀ ਹੈ, ਸ਼ਿੰਗਾਰ ਕਰਦੀ ਹੈ ਪਰ ਇਸੇ ਭੁਲੇਖੇ ਦੀ ਐਨਕ ਪਾਕੇ ਉਹ ਕੰਤ ਦੀ ਪਛਾਣ ਨਹੀਂ ਕਰ ਸਕਦੀ। ਕੁਚੱਜੀ ਨੂੰ ਆਪਣੇ ਕੰਤ ਦੀ ਅਨਾਇਤ ਲਗਾਤਾਰ ਰਹਿੰਦੀ ਹੈ। ਮੂਲ ਪਾਠ ਲਈ ਵੇਖੋ ਅੰਤਿਕਾ: ੧੬ ।

ਅਧਿਆਤਮਿਕ ਬੋਧ ਰਾਹੀਂ ਗੁਰੂ ਸਾਹਿਬ ਦਸਦੇ ਹਨ ਕਿ ਕੁਲੱਖਣੀਆਂ, ਔਗੁਣਹਾਰੀਆਂ ਜਾਂ ਕੁਚਜੀਆਂ ਇਸਤਰੀਆਂ ਸਾਰੀ ਉਮਰ ਕੰਤ-ਵਿਹੂਣੀਆਂ ਰਹਿੰਦੀਆਂ ਹਨ। ਉਹ ਆਪਣੇ ਔਗੁਣਾਂ ਨੂੰ ਤਲਾਂਜਲੀ ਨਹੀਂ ਦਿੰਦੀਆਂ ਅਤੇ ਸੁਹਾਗਣਾਂ ਵਾਲੇ ਗੁਣ ਉਜਾਗਰ ਨਹੀਂ ਕਰ ਸਕਦੀਆਂ ਜਿਸ ਕਾਰਨ ਉਹ ਮਾਨਸਿਕ-ਕਸ਼ਟ ਸਹਾਰ ਕੇ ਦੁਹਾਗਣਾਂ ਬਣਕੇ ਸਦਾ ਮੁਸੀਬਤਾਂ ਦੇ ਚੱਕਰਵਿਊ ਵਿਚ ਫਸ ਕੇ ਰਹਿ ਜਾਂਦੀਆਂ ਹਨ। ਭੈੜੇ ਚੱਜ-ਆਚਾਰ ਵਾਲੀਆਂ ਇਸਤਰੀਆਂ ਪਤੀ ਪਰਮਾਤਮਾ ਤੋਂ ਵਿੱਛੜ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਸਮਾਜ ਵਿਚ ਸਤਿਕਾਰਯੋਗ ਥਾਂ ਨਹੀਂ ਰੱਖਦੀਆਂ। ਇਨ੍ਹਾਂ ਦੁਹਾਗਣਾਂ ਵਲੋਂ ਕੀਤਾ ਹਾਰ-ਸ਼ਿੰਗਾਰ ਕਿਸੇ ਕੰਮ ਦਾ ਨਹੀਂ ਰਹਿੰਦਾ ਅਤੇ ਅਜਾਈਂ ਜਾਂਦਾ ਹੈ। ਕੁਚਜੀ ਆਪਣਾ ਸੰਪਰਕ ਸੰਸਾਰੀ ਸੂਝ ਵਾਲਾ ਹੀ ਰੱਖਦੀ ਹੈ।

*ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥*
*ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥*
*ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ ॥*

*—ਸਿਰੀ ੧, ਅਸ ੯, ੧:੧ (58)*

ਰਵਾਇਤ ਅਤੇ ਵਿਦਵਾਨਾਂ ਅਨੁਸਾਰ, ਇਹ ਸ਼ਬਦ ਆਸਾਮ ਦੀ ਰਾਣੀ 'ਨੂਰ ਸ਼ਾਹ'[4] ਪ੍ਰਤੀ ਉਚਾਰਣ ਹੋਇਆ ਹੈ। ਇਹ ਪਾਵਨ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਕ 762 ਤੇ ਅੰਕਿਤ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਪ੍ਰੋ: ਸਾਹਿਬ ਸਿੰਘ, **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਤੀਜੀ)**, ਪੂਰਵ ਅੰਕਤ, ਅੰਕ: 762-63
2. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ**, ਪੂਰਵ ਅੰਕਤ, ਅੰਕ 29
3. ਪ੍ਰੋ: ਪਿਆਰਾ ਸਿੰਘ ਪਦਮ, **ਗੁਰੂ ਨਾਨਕ ਸਾਗਰ**, ਪੂਰਵ ਅੰਕਤ, ਅੰਕ 170
4. **The Encyclopeadia of sikhism (Vol II),** op.cit, P: 532
"Kuchaji verses are said to have been addressed, by the Guru to a sorceress named Nur Shah, of Kamrup, who used entice men by her magical Powers. But the contents belie the conjecture. Whatever the occasion of this composition, it is a

graceful poem expressing the emotions of a repentant person, who is figuratively called **Kuchajji** here (**Ku**-is a Prefix meaning ill or contrary, **Chajj** meaning manner or style, with **i** being the suffix of femine singular). Speaking in the first person Kuchajji repents for being an undeserving bride of the Lord God. On Sikh hymology, the devotee is often presented in the image of the bride, God in that of the bridgroom".

# ਕੇਦਾਰਾ

ਇਹ ਰਾਗ ਭਾਰਤੀ ਸੰਗੀਤ ਪੱਧਤੀ ਦਾ ਇਕ ਪੁਰਾਣਾ ਅਤੇ ਸਰਲ ਰਾਗ ਹੈ ਜਿਸ ਦਾ ਜ਼ਿਕਰ ਸੰਗੀਤ ਗ੍ਰੰਥਾਂ ਵਿਚ ਆਇਆ ਹੈ। ਰਾਗਬੱਧ ਬਾਣੀ ਦੀ ਤਰਤੀਬ ਵਿਚ ਇਸਦਾ 23ਵਾਂ ਨੰਬਰ ਆਉਂਦਾ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 1118-1124 ਤੱਕ ਸੁਸ਼ੋਭਿਤ ਹੈ। ਗ੍ਰੀਖਮ ਰੁੱਤ ਦਾ ਹੋਣ ਕਾਰਨ, ਇਸ ਨੂੰ ਹਰਖ-ਸੋਗ ਦਾ ਰਾਗ ਵੀ ਆਖਿਆ ਜਾਂਦਾ ਹੈ। ਪੂਰਵਾਂਗ ਵਾਦੀ ਅਨੁਸਾਰ ਰਾਗ ਸ਼ਾਂਤ ਅਤੇ ਗੰਭੀਰ ਪ੍ਰਕ੍ਰਿਤੀ ਕਰਕੇ ਵੀ ਪ੍ਰਸਿੱਧ ਹੈ।

'ਮਹਾਨਕੋਸ਼' ਅਨੁਸਾਰ ਕੇਦਾਰਾ ਕਲਿਆਣ ਠਾਟ ਦਾ ਹੋਣ ਕਾਰਨ, ਇਸ ਵਿਚ ਮੱਧਮ ਸ਼ੁੱਧ ਅਤੇ ਤੀਵਰ ਦੋਵੇਂ ਲੱਗਦੇ ਹਨ। ਨਿਸ਼ਾਦ ਵੀ ਦੋਵੇਂ ਲੱਗਦੇ ਹਨ। ਔਡਵ-ਸ਼ਾੜਵ ਜਾਤੀ ਦਾ ਹੋਣ ਕਾਰਨ ਆਰੋਹ ਵਿਚ 'ਰਿਸ਼ਭ' ਅਤੇ 'ਗੰਧਾਰ' ਵਰਜਿਤ ਹਨ। ਅਲਪੁ ਰੂਪ ਵਿਚ ਧੈਵਤ ਦੇ ਸੰਯੋਗ ਨਾਲ ਕੋਮਲ ਨਿਸ਼ਾਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਰਾਗ ਦਾ ਵਾਦੀ ਸੁਰ ਸ਼ੁੱਧ ਮੱਧਮ ਹੈ ਅਤੇ ਸੰਵਾਦੀ ਸ਼ੜਜ ਹੈ। ਗੰਧਾਰ ਦੁਰਬਨ ਅਤੇ ਤੀਵਰ ਮੱਧਮ ਹਨ। ਇਸ ਦੇ ਸਰੂਪ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਇਕ ਮਤ[1]-ਅਨੁਸਾਰ ਇਸ ਨੂੰ ਕਲਿਆਣ ਠਾਟ ਦਾ ਇਕ ਸੰਪੂਰਣ ਰਾਗ ਮੰਨਿਆ ਜਾਂਦਾ ਹੈ ਅਤੇ ਦੂਜੇ ਮਤ ਵਾਲਿਆਂ ਨੇ ਇਸ ਨੂੰ ਮੇਘ ਰਾਗ ਦਾ ਪੁੱਤਰ ਅਤੇ ਨਟ ਰਾਗ ਦੀ ਇਕ ਰਾਗਨੀ ਦੱਸਿਆ ਹੈ।

ਕਈ ਵਿਦਵਾਨਾਂ ਨੇ, ਇਸ ਰਾਗ ਵਿਚ ਜਾਦੂਈ ਅੰਸ਼[2] ਵਲ ਵੀ ਇਸ਼ਾਰਾ ਕੀਤਾ ਹੈ। ਇਸ ਰਾਗ ਵਿਚ ਕੁੱਲ 17 ਚਉਪਦੇ ਹਨ ਜਿਨ੍ਹਾਂ ਵਿਚ ਗੁਰੂ ਰਾਮਦਾਸ ਦੇ 2 (ਪਹਿਲੇ ਵਿਚ ਚਾਰ ਅਤੇ ਦੂਜੇ ਵਿਚ ਦੋ ਪਦੇ ਸ਼ਾਮਲ ਹਨ) ਗੁਰੂ ਅਰਜਨ ਦੇ 15 (ਅੰਕ 1119-1122) ਅਤੇ ਇਕ ਛੰਤ (ਅੰਕ 1122)। ਭਗਤ ਕਬੀਰ ਦੇ 6 ਸ਼ਬਦ ਅਤੇ ਇਕ ਸ਼ਬਦ ਰਵੀਦਾਸ (ਅੰਕ 1123-1124) ਦਾ ਅੰਕਿਤ ਹੈ।

ਗੁਰੂ ਅਮਰਦਾਸ ਨੇ ਇਸ ਰਾਗ ਦੇ ਮਹੱਤਵ ਬਾਰੇ ਰੌਸ਼ਨੀ ਪਾਉਂਦਿਆਂ ਉਚਾਰਨ ਕੀਤਾ ਹੈ:

***ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥***
***ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥***

***—ਮਾਰੂ ੩, ਵਾਰ ੨ ਸ, ੩, ੧:੨ (1087)***

ਇਸ ਰਾਗ ਵਿਚ ਆਈ ਬਾਣੀ ਦਾ ਕੇਂਦਰੀ ਭਾਵ ਹੈ ਕਿ ਜਗਿਆਸੂ ਨੂੰ ਹਰਿ-ਨਾਮ ਦੀ ਪ੍ਰਾਪਤੀ ਅਕਾਲਪੁਰਖ ਵਾਹਿਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ, ਜੋ ਸਾਧ-ਸੰਗਤਿ ਵਿਚੋਂ ਹੀ ਵਿਦਮਾਨ ਹੈ। ਜਗਿਆਸੂ ਨੂੰ ਇਸ ਪ੍ਰਾਪਤੀ ਬਾਰੇ ਰਾਹਦਾਰੀ ਬਖਸ਼ੀ ਗਈ ਹੈ। ਨਾਮ-ਸਿਮਰਨ ਵਿਚ ਬੇਸ਼ਕੀਮਤੀ ਨਿਧੀ ਪਈ ਹੈ, ਜੋ ਕਾਦਰ ਦੀ ਦਰਗਾਹ ਵਿਚੋਂ ਜਾਤ-ਪਾਤਿ ਦਾ ਪੂਰੀ ਤਰ੍ਹਾਂ ਖੰਡਨ ਕਰਕੇ ਹੀ ਪ੍ਰਾਪਤ ਹੁੰਦੀ ਹੈ।

## ਪਰਗ ਟਿਪਣੀਆਂ ਅਤੇ ਹਵਾਲੇ

1. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 350
2. **The Encyclopeadia of sikhism (Vol II),** op.cit, P: 175-76
   "Kedara is an old raga dating from Guru Nanak's time or even earlier which has become a very importent and popular North Indian raga today. It is supposed to possess magical qualities, if correctly performed, which can heal the sick. In the Ragmala, Kedara is a putra (son) of megha but currently is in the Kalyan Thata. Kedara was used by Guru Ram Das and Guru Arjan for a few short hymns. Several forms of Kedara have been and still are in use. Thus Considerable freedom of choice may be exercised by th performer as to how this raga be performed in association with a given text. In the most commonly used form, Kedara is performed during the first quarter of the night, and is particularly anspicious when the moon is visible, a planet with which it has long been associated. The mood is one of contemplation associated with a sort of ascetic idealism. The sadness expressed in Ragmala paintings suggests the longing of man for the supreme Being when this raga accompanies a Sabda".

# ਗਉੜੀ

ਗਉੜੀ ਇਕ ਪ੍ਰਾਚੀਨ ਪੂਰਬੀ ਠਾਟ ਦਾ ਸੰਪੂਰਣ ਜਾਤਿ ਦਾ ਰਾਗ ਹੈ, ਜੋ ਪੁਰਾਣੇ ਸੰਗੀਤਕ-ਗ੍ਰੰਥਾਂ ਅਨੁਸਾਰ ਗੌਰੀ, ਗੌੜੀ, ਗਵਰੀ, ਗਉਰੀ ਆਦਿ ਨਾਵਾਂ ਨਾਲ ਵੀ ਪ੍ਰਸਿੱਧ ਹੈ। ਪੁਰਾਤਨ ਰਾਗ ਹੋਣ ਕਾਰਨ ਇਸ ਦੀ ਕਈ ਪੱਧਤੀਆਂ ਹਨ ਜਿਵੇਂ ਗਉੜੀ ਮਾਲਾ, ਗਉੜੀ ਬੈਰਾਗਣਿ, ਗਉੜੀ ਮਾਝ, ਗਉੜੀ ਚੇਤੀ, ਗਉੜੀ ਗੁਆਰਰੀ, ਗਉੜੀ ਦੀਪਕੀ, ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ ਆਦਿ। ਗਉੜੀ ਉਤਰੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਪੱਧਤੀ ਵਿਚ ਅਪ੍ਰਚਲਿਤ ਹੀ ਹਨ।

ਗੁਰੂ ਸਾਹਿਬਾਨ ਨੇ ਇਸ ਰਾਗ ਦੇ ਬਹੁ-ਰੂਪ ਸਿਰਜ ਕੇ ਭਰਪੂਰ ਪ੍ਰਯੋਗ ਹੀ ਨਹੀਂ ਕੀਤਾ ਸਗੋਂ ਸੰਗੀਤ-ਸ਼ਾਸਤਰ ਨੂੰ ਵੀ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਰਾਗ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਕ 151-346 ਤੱਕ ਅੰਕਿਤ ਹੈ ਅਤੇ ਰਾਗਬੱਧ ਬਾਣੀ ਦੀ ਤਰਤੀਬ ਵਿਚ ਤੀਜੇ ਨੰਬਰ ਤੇ ਦਰਜ ਹੈ। ਇਸ ਰਾਗ ਨੂੰ ਗਾਉਣ ਦਾ ਸਮਾਂ ਚੌਥਾ ਪਹਿਰ ਜਾਂ ਸ਼ਾਮ ਵੇਲੇ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਆਈ ਬਾਣੀ ਵੱਡ ਆਕਾਰੀ[1] ਹੈ।

ਦਾਰਸ਼ਨਿਕ ਪੈੜਾਂ ਸਿਰਜਦੀ, ਇਸ ਬਾਣੀ ਵਿਚ ਗਹਿਰ-ਗੰਭੀਰ ਸਰੂਪ ਦ੍ਰਿਸ਼ਟਮਾਨ ਹੁੰਦਾ ਹੈ। ਵਿਸ਼ੇਸ਼ ਮਹੱਤਵ ਵਾਲੇ ਇਸ ਰਾਗ ਬਾਰੇ ਪੰਚਮ ਪਾਤਸ਼ਾਹਿ ਦਾ ਸੰਕੇਤ ਹੈ:

***ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥***
***ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥***

***—ਗਉ ੪, ਵਾਰ ੨੦ ਸ, ੩,੧-੨ (311)***

ਇਸ ਰਾਗ ਵਿਚ ਚਉਪਦਿਆਂ ਦਾ ਸਮੁੱਚਾ ਜੋੜ 251 ਹੈ, ਜਿਨ੍ਹਾਂ ਵਿਚ ਗੁਰੂ ਨਾਨਕ ਦੇ 20, ਗੁਰੂ ਅਮਰਦਾਸ ਦੇ 18, ਗੁਰੂ ਰਾਮਦਾਸ ਦੇ 32, ਗੁਰੂ ਅਰਜਨ ਦੇ 172, ਗੁਰੂ ਤੇਗ਼ ਬਹਾਦਰ ਦੇ 9, ਕਬੀਰ ਦੇ 74, ਨਾਮਦੇਵ ਦੇ 1, ਰਵਿਦਾਸ ਦੇ 5 ਚਉਪਦੇ ਦਰਜ ਹਨ ਜੋ ਅੰਕ 151-346 ਤੱਕ ਅੰਕਿਤ ਹਨ।

ਇਸੇ ਤਰ੍ਹਾਂ ਅਸ਼ਟਪਦੀਆਂ ਦੀ ਕੁੱਲ ਗਿਣਤੀ 44 ਹੈ ਜਿਸ ਵਿਚ ਗੁਰੂ ਨਾਨਕ ਦੀਆਂ 18, ਗੁਰੂ ਅਮਰਦਾਸ ਦੀਆਂ 9, ਗੁਰੂ ਰਾਮਦਾਸ ਦੀਆਂ 2 ਅਤੇ ਗੁਰੂ ਅਰਜਨ ਦੀਆਂ 15 ਅਸ਼ਟਪਦੀਆਂ ਹਨ। ਕੁੱਲ 11 ਛੰਤਾਂ ਵਿਚੋਂ ਦੋ ਗੁਰੂ ਨਾਨਕ ਦੇ, ਪੰਜ ਗੁਰੂ ਅਮਰਦਾਸ ਦੇ ਅਤੇ ਚਾਰ ਗੁਰੂ ਅਰਜਨ ਦੇ ਹਨ। ਇਨ੍ਹਾਂ ਤੋਂ ਛੁੱਟ ਇਕ ਬਾਵਨਅਖਰੀ (ਮਹਲਾ ੫) ਸੁਖਮਨੀ (ਮ: ੫) ਵਾਰ (ਮ: ੪) ਵਾਰ (ਮ:੫) ਬਾਵਨ ਅਖਰੀ (ਕਬੀਰ), ਥਿੱਤੀ ਆਦਿ ਵੀ ਅੰਕਿਤ ਹਨ।

ਇਹ ਇਕ ਰਾਗਿਨੀ ਹੈ, ਜਿਹੜੀ ਪੂਰਵੀ ਠਾਟ ਦੀ ਔੜਵ ਸ਼ਾੜਵ ਹੈ। ਇਸ ਵਿਚ ਸ੍ਰੀ ਰਾਗ ਦਾ ਅੰਗ ਹੈ, ਇਸ ਦੀ ਆਰੋਹੀ ਵਿਚ ਗਾਂਧਾਰ ਅਤੇ ਧੈਵਤ ਵਰਜਿਤ ਹੈ। ਅਵਰੋਹੀ ਵਿਚ ਗਾਂਧਾਰ ਵਰਜਿਤ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਭ ਅਤੇ ਧੈਵਤ

ਕੋਮਲ ਹੁੰਦੇ ਹਨ ਅਤੇ ਮੱਧਮ ਤੀਬਰ। ਬਾਕੀ ਸੁਰ ਸ਼ੁੱਧ ਹਨ।[2] ਆਦਿ ਗ੍ਰੰਥ ਦੇ ਅਖ਼ੀਰ ਵਿਚ ਦਿੱਤੀ ਰਾਗਮਾਲਾ ਅਨੁਸਾਰ ਇਹ ਸ੍ਰੀ ਰਾਗ ਦੀ ਰਾਗਨੀ ਹੈ, ਪਰ ਹੋਰ ਸੰਗੀਤ ਮਤਾਂ ਵਿਚ ਇਸਨੂੰ ਕਿਤੇ ਗੌੜ ਮਾਲਣ ਦੀ ਰਾਗਣੀ ਦੱਸਿਆ ਹੈ ਕਿਤੇ ਦੀਪਕ ਦੀ ਅਤੇ ਕਿਤੇ ਮਾਲਕੌਂਸ ਦੀ।[3]

ਇਸ ਰਾਗ ਦੀ ਨਿਮਨ ਲਿਖਤ ਬਾਣੀ ਦਾ ਸਾਰਾਂਸ਼ ਹੈ, ਕਿ ਇਸ ਬਾਣੀ ਵਿਚ ਅਕਾਲ ਪੁਰਖ ਦੇ ਸਰੂਪ, ਮਹੱਤਵ, ਸਾਧ-ਸੰਗਤਿ ਅਤੇ ਗੁਰਮਤਿ ਦੇ ਮੂਲ ਸਿਧਾਂਤ ਤੇ ਪ੍ਰਕਾਸ਼ ਪਾਇਆ ਗਿਆ ਹੈ। ਸਿਖਾਂ ਦੀ ਰੋਜ਼ਮਰਾ ਤਰਜ਼ੇ-ਜ਼ਿੰਦਗੀ, ਪ੍ਰਭੂ ਦਾ ਸਿਮਰਨ, ਆਤਮਾ ਨੂੰ ਪਰਮਸਤਿ ਕੋਲ ਸਮਰਪਣ ਕਰਨਾ, ਹਉਮੈਂ ਦਾ ਤਿਆਗ ਅਤੇ ਕੀਰਤਨ ਦੇ ਮਹੱਤਵ ਨੂੰ ਬਾਖੂਬੀ ਉਭਾਰਿਆ ਗਿਆ ਹੈ। ਸੰਸਾਰਿਕ ਵਾਸ਼ਨਾਵਾਂ ਦਾ ਪੂਰੀ ਤਰ੍ਹਾਂ ਤਿਆਗ ਕਰਨਾ ਮੁੱਖ ਉਦੇਸ਼ ਦੱਸਿਆ ਗਿਆ ਹੈ। ਜੀਵ ਆਤਮਾ ਨੂੰ ਵਾਹਿਗੁਰੂ ਪ੍ਰਮਾਤਮਾ ਦੇ ਸਿਮਰਨ ਕਰਨ ਦਾ ਪੈਰਾਡਾਈਮ ਚਿੱਤਰਿਆ ਗਿਆ ਹੈ। ਬਾਵਨ ਅੱਖਰੀ, ਸੁਖਮਨੀ, ਥਿਤੀ ਅਤੇ ਵਾਰ ਸਤ ਦੇ ਸੁਤੰਤਰ ਇੰਦਰਾਜ਼ ਵੱਖਰੇ ਦਿੱਤੇ ਗਏ ਹਨ। ਰੂਹਾਨੀ ਰੁਤਬੇ ਦੇ ਭਵਿੱਖ ਲਈ ਜੌਦੜੀ ਦੇ ਰੂਬਰੂ ਅਰਦਾਸ ਰਾਹੀਂ ਸਹਿਜ ਅਵਸਥਾ ਦਾ ਨਕਸ਼ਾ ਸ੍ਰੇਸ਼ਟ ਤੌਰ ਤੇ ਖਿਚਿਆ ਗਿਆ ਹੈ। 'ਸੰਗੀਤ ਦਰਪਣ' ਵਿੱਚ ਇਸ ਰਾਗ ਨੂੰ 'ਨਾਇਕਾ'[4] ਵਜੋਂ ਪੇਸ਼ ਕੀਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 170
"Gauri is one of several Gauri ragas and appears in the Ragmala as a Ragini of Sri Raga. This is an evening raga assigned to autumn and its mood is comtemplative. The composition in Gauri is very voluminous. Gauri was used by Guru Nanak, Guru Amar Das, Guru Ram Das, Guru Arjan and Guru Tegh Bahadur. Several forms of Gauri exist historically and this probably accounts for the large number of variant; Gauri Cheti, Gauri Bairagan, Gauri Dipaki, Gauri Purbi Dipaki, Gauri Guareri, Gauri Majh, Gauri Malava, Gauri Mala, Gauri Sorath, Gauri Dakhani."
2. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,** ਪੂਰਵ ਅੰਕਤ, ਅੰਕ 389
3. ਸੁਰਿੰਦਰ ਸਿੰਘ ਕੋਹਲੀ (ਸੰ.) **ਪੰਜਾਬੀ ਸਾਹਿੱਤ ਕੋਸ਼ (ਭਾਗ ਦੂਜਾ)** ਪੂਰਵ ਅੰਕਤ, ਅੰਕ 234
4. ਬੀ.ਐਸ.ਬੀਰ.(ਸੰ.) **ਮਹਿਰਮ ਸਪੈਸ਼ਲ** (ਗੁਰੂ ਗ੍ਰੰਥ ਸਾਹਿਬ ੩੦੦ ਸਾਲਾ ਗੁਰਤਾ ਗੱਦੀ ਦਿਵਸ), ਨਾਭਾ, 2008, ਅੰਕ 124

"ਇਸ ਰਾਗ ਨੂੰ ਨਾਇਕਾ ਦੱਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣਾ-ਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੌਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ-ਬੋਲੜੀ, ਤਾਲ ਨਾਲ ਗਾਉਣ ਵਿਚ ਪ੍ਰਬੀਨ ਹੈ। ਪਰ ਗੁਰੂ ਜੀ ਨੇ ਇਸ ਰਾਗ ਵਿਚ ਲਿਖਿਆ ਹੈ।

*"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥*
*ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਪਣਾ ॥" (ਅੰਕ: 516)*

# ਗਉੜੀ ਕੀ ਵਾਰ

'ਗਉੜੀ ਕੀ ਵਾਰ' ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਨੇ ਬਾਣੀ ਉਚਾਰਨ ਕੀਤੀ ਹੈ।

### (ੳ) ਗਉੜੀ ਕੀ ਵਾਰ (ਮਹਲਾ ੪)

ਇਸ ਵਾਰ ਵਿੱਚ ਕੁੱਲ 33 ਪਉੜੀਆਂ ਅਤੇ 68 ਸਲੋਕ ਹਨ। 33 ਪਉੜੀਆਂ ਵਿਚੋਂ 28 ਪਉੜੀਆਂ ਗੁਰੂ ਰਾਮ ਦਾਸ ਦੀਆਂ ਅਤੇ 5 ਪਉੜੀਆਂ ਗੁਰੂ ਅਰਜਨ ਦੀਆਂ ਹਨ। ਪਰ ਕਈ ਵਿਦਵਾਨ[1], ਇਨ੍ਹਾਂ ਪਉੜੀਆਂ ਦੀ ਗਿਣਤੀ 28 ਮੰਨਦੇ ਹਨ। ਆਮ ਤੌਰ ਤੇ ਪਉੜੀਆਂ ਪੰਜ ਪੰਜ ਤੁਕਾਂ ਦੀਆਂ ਹਨ ਪਰ 11ਵੀਂ ਪਉੜੀ ਦੀਆਂ ਛੇ ਤੁਕਾਂ ਹਨ ਅਤੇ 12ਵੀਂ ਅਤੇ 31ਵੀਂ ਪਉੜੀ ਵਿਚ ਤੁੱਕਾਂ ਦਾ ਜੁੱਟ ਦਸ ਦਸ ਦਾ ਹੈ। ਇਨ੍ਹਾਂ ਪਉੜੀਆਂ ਨਾਲ ਦੋ-ਦੋ ਸਲੋਕ ਦਰਜ ਹਨ ਪਰ 15ਵੀਂ ਅਤੇ 20ਵੀਂ ਪਉੜੀਆਂ ਨਾਲ ਸਲੋਕਾਂ ਦੀ ਗਿਣਤੀ ਤਿੰਨ-ਤਿੰਨ ਹੈ। ਸਮੁੱਚੇ ਸਲੋਕਾਂ ਦਾ ਜੋੜ 68 ਹੈ। ਇਨ੍ਹਾਂ ਵਿਚੋਂ ਗੁਰੂ ਅਮਰਦਾਸ ਦੇ 7, ਗੁਰੂ ਰਾਮਦਾਸ ਦੇ 53, ਅਤੇ ਗੁਰੂ ਅਰਜਨ ਦੇ 8 ਸਲੋਕ ਸ਼ਾਮਲ ਹਨ। ਸਲੋਕਾਂ ਵਿਚ ਤੁਕਾਂ ਦੀ ਗਿਣਤੀ ਇਕਸਾਰ ਨਹੀਂ ਪਰ 2 ਤੋਂ 14 ਤੁਕਾਂ ਰੂਪਮਾਨ ਹੁੰਦੀਆਂ ਹਨ। ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 300-318 ਤੱਕ ਸੁਸ਼ੋਭਿਤ ਹੈ। ਗੁਰੂ ਅਰਜਨ ਨੇ ਸਾਰੇ ਸਲੋਕ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਸ਼ਾਮਲ ਕੀਤੇ ਸਨ।

ਸਮੁੱਚੀ ਵਾਰ ਦਾ ਸਾਰਾਂਸ਼ ਇਹ ਹੈ ਕਿ ਇਸ ਵਿਚ ਗੁਰਮਤਿ ਦੇ ਵਿਭਿੰਨ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ। ਦੁਨੀਆ ਵਿਚ ਵਿਚਰਦਿਆਂ ਅਨੇਕਾਂ ਔਕੜਾਂ ਆਉਂਦੀਆਂ ਹਨ। ਪਰ ਇਲਾਹੀ ਜੋਤ ਦੇ ਪ੍ਰਕਾਸ਼ ਦਾ ਪਲੂ ਫੜ੍ਹਨ ਵਾਲੇ ਰੂਹਾਨੀ ਸਾਧਕ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ ਅਤੇ ਅਖ਼ੀਰ ਉਸ ਇਲਾਹੀ ਜੋਤ ਜੋ ਸਰਬ ਵਿਆਪਕ ਹੈ, ਨਾਲ ਏਕਾਕਾਰ ਕਰਕੇ ਅਨੰਦ ਪ੍ਰਾਪਤ ਕਰ ਲੈਂਦਾ ਹੈ। ਗੁਰਮਤਿ ਦੇ ਦਿਭ ਮੰਡਲਾਂ ਰਾਹੀਂ ਗੁਰਸਿਖ ਦੀ ਜੀਵਨ ਵਿਧੀ ਤੇ ਪੰਛੀ ਝਾਤ ਪਵਾਈ ਗਈ ਹੈ।

### (ਅ) ਗਉੜੀ ਕੀ ਵਾਰ (ਮਹਲਾ ੫)

ਗੁਰੂ ਅਰਜਨ ਵਲੋਂ ਉਚਾਰਨ ਕੀਤੀ ਇਸ ਵਾਰ ਦੀਆਂ ਕੁੱਲ 21 ਪਉੜੀਆਂ ਹਨ ਅਤੇ ਹਰ ਪਉੜੀ ਨਾਲ ਦੋ ਦੋ ਸਲੋਕ ਦਰਜ ਹਨ। ਇੰਝ ਸਲੋਕਾਂ ਦਾ ਸਮੁੱਚਾ ਜੋੜ 42 ਹੈ। 42 ਸਲੋਕਾਂ ਵਿਚੋਂ 36 ਸਲੋਕ ਦੋ ਤੁਕੇ, 3 ਸਲੋਕ ਚਾਰ ਤੁਕੇ, ਦੋ ਸਲੋਕ ਪੰਜ ਤੁਕੇ ਅਤੇ ਇਕ ਸਲੋਕ ਅੱਠ ਤੁਕਾ ਹੈ। 19ਵੀਂ ਪਉੜੀ ਦੇ ਨਾਲ ਸ਼ਾਮਲ ਆਰੰਭਕ ਸਲੋਕ ਨਾਲ 'ਡਖਣਾ' ਸ਼ਬਦ ਆਇਆ ਹੈ।

ਪਉੜੀ ਦੇ ਦੋਵੇਂ ਸਲੋਕ ਅਤੇ 20ਵੀਂ ਪਉੜੀ ਦਾ ਪ੍ਰਥਮ ਸਲੋਕ ਲਹਿੰਦੀ ਭਾਸ਼ਾ ਵਿਚ ਹਨ ਅਤੇ ਬਾਕੀ ਪਉੜੀਆਂ ਅਤੇ ਸਲੋਕ ਸਾਧ-ਭਾਖਾ ਪ੍ਰਭਾਵਿਤ ਪੂਰਬੀ ਪੰਜਾਬੀ

ਵਿਚ ਲਿਖੇ ਹਨ। ਇਸ ਵਾਰ ਵਿਚ ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਬਹੁਤ ਹੀ ਸੰਕੋਚਵੇਂ ਢੰਗ ਨਾਲ ਵਰਤੀ ਗਈ ਹੈ।

ਗੁਰੂ ਅਰਜਨ ਨੇ ਇਸ ਵਾਰ ਨੂੰ 'ਰਾਇ ਕਮਾਲ'[2] ਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ' ਨੂੰ ਨਿਰਦਿਸ਼ਟ ਕਰ ਦਿੱਤਾ ਹੈ। ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 318-323 ਤੱਕ ਅੰਕਿਤ ਹੈ। ਸਾਰੇ ਸਲੋਕ ਗੁਰੂ ਅਰਜਨ ਦੇ ਉਚਾਰਨ ਕੀਤੇ ਹੋਏ ਹਨ।

ਨਿਰੋਲ ਰਹੱਸਵਾਦੀ ਨੁਕਤੇ ਤੋਂ ਇਹ ਵਾਰ ਰੂਹਾਨੀਅਤ ਦਾ ਮਾਰਗ ਪੇਸ਼ ਕਰਦੀ ਹੈ। ਭਾਵਾਂ ਦੀ ਸਮਾਨਤਾ ਵਾਲੀ ਇਸ ਵਾਰ ਵਿਚ ਅਕਾਲ ਪੁਰਖ ਸਰਬ-ਸ਼ਕਤੀਮਾਨ ਦਾ ਰਹੱਸ ਉਜਾਗਰ ਕੀਤਾ ਗਿਆ ਹੈ। ਰਹੱਸਵਾਦੀ ਮਾਰਗ ਵੱਲ ਜਾਣ ਲਈ, ਸਾਧ-ਸੰਗਤਿ ਰਾਹੀਂ ਸਰਵ-ਸ੍ਰੇਸ਼ਟ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਨਾਮ-ਸਿਮਰਨ ਨਾਲ ਹੀ ਸਾਧਕ ਹਰਖ-ਸੋਗ ਤੋਂ ਨਿਆਰਾ ਰਹਿ ਜਾਂਦਾ ਹੈ। ਅੰਤਰਮੁਖੀ ਰੰਗਤ ਰਾਹੀਂ ਉਸ ਦੀ ਸ਼ਖ਼ਸੀਅਤ ਵਿਚ ਨਿਖ਼ਾਰ ਦਿੱਸਦਾ ਹੈ ਅਤੇ ਪਰਮਸਤਿ ਦੇ ਮਾਰਗ ਦੀ ਥਹਿ ਪਾ ਲੈਂਦਾ ਹੈ। ਇਸ ਵਾਰ ਵਿਚ ਗੁਰਮਤਿ ਦੇ ਸ਼ੁੱਧ-ਚੇਤਨ ਸਿਧਾਂਤਾਂ ਜਿਵੇਂ ਅਕਾਲਪੁਰਖ-ਸਰਬ-ਸ਼ਕਤੀਮਾਨ, ਸਵੈ-ਪ੍ਰਕਾਸ਼, ਸਰਬ ਵਿਆਪਕ, ਨਾਮ-ਸਿਮਰਨ, ਸਾਧ-ਸੰਗਤਿ ਰਾਹੀਂ ਸਾਧਕ ਨੂੰ ਜੋੜਨ ਤੇ ਵਿਸ਼ੇਸ਼ ਪ੍ਰਯੋਜਨ ਦੱਸਿਆ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਸ੍ਰੀ ਗੁਰੂ ਗ੍ਰੰਥ ਕੋਸ਼**, ਪੂਰਵ ਅੰਕਤ, ਅੰਕ 371
   "28 ਪਉੜੀਆਂ (1 ਤੋਂ 26 ਅਤੇ 32 ਤੋਂ 33) ਚੌਥੇ ਗੁਰੂ ਦੀਆਂ ਰਚੀਆਂ ਹਨ ਅਤੇ ਪੰਜ (27 ਤੋਂ 31) ਪੰਜਵੇਂ ਗੁਰੂ ਦੀਆਂ ਲਿਖੀਆਂ ਹਨ, ਜੋ ਸੰਪਾਦਕ ਸਮੇਂ ਸ਼ਾਮਲ ਕੀਤੀਆਂ ਗਈਆਂ ਸਨ।"
2. ਪੁਰਾਤਨ ਰਵਾਇਤ ਅਤੇ ਲੋਕ-ਸਾਹਿਤ ਅਨੁਸਾਰ ਬਾਰ ਦੇ ਇਲਾਕੇ ਵਿਚ ਦੋ ਭਰਾ ਕਮਾਲੁਦੀਨ ਅਤੇ ਸਾਰੰਗ ਜਾਗੀਰਦਾਰ ਬੜੇ ਬਹਾਦਰ ਅਤੇ ਪ੍ਰਸਿੱਧ ਸਨ। ਕਮਾਲੁਦੀਨ ਨੇ ਆਪਣੇ ਭਰਾ ਸਾਰੰਗ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਸਾਰੰਗ ਦੀ ਬੀਵੀ ਆਪਣੇ ਬੇਟੇ ਮੁਅਜ਼ੁਦੀਨ ਨੂੰ ਆਪਣੇ ਪੇਕੇ ਘਰ ਲੈ ਆਈ। ਜਦੋਂ ਉਹ ਬੇਟਾ ਜਵਾਨ ਹੋਇਆ ਤਾਂ ਉਸ ਨੇ ਫੌਜੀ ਮਦਦ ਨਾਲ ਕਮਾਲੁਦੀਨ ਉੱਤੇ ਹਮਲਾ ਕੀਤਾ। ਘਮਸਾਨ ਦੀ ਲੜਾਈ ਵਿਚ ਕਮਾਲੁਦੀਨ ਮਾਰਿਆ ਗਿਆ। ਦੋਹਾਂ ਦੀ ਅਨੋਖੀ ਬਹਾਦਰੀ ਨੂੰ ਚਿਤ੍ਰਣ ਲਈ ਢਾਡੀਆਂ ਨੇ ਜੋ ਵਾਰ ਰਚੀ, ਉਹ ਬੜੀ ਮਕਬੂਲ ਹੋਈ। ਇਸੇ ਵਾਰ ਦੀ ਮਕਬੂਲੀਅਤ ਕਾਰਨ ਗੁਰੂ ਅਰਜਨ ਸਾਹਿਬ ਨੇ ਇਸ ਵਾਰ ਨੂੰ ਇਸੇ ਧੁਨਿ ਤੇ ਗਾਉਣ ਦਾ ਉਦੇਸ਼ ਦਿੱਤਾ ਹੈ।

# ਗਾਥਾ

'ਗਾਥਾ' ਲੋਕ ਸਾਹਿਤ ਦਾ ਇਕ ਸ੍ਰੇਸ਼ਟ ਸ਼ਬਦ ਸਵੀਕਾਰ ਕੀਤਾ ਜਾਂਦਾ ਹੈ ਜਿਸ ਵਿਚ ਕਿਸੇ ਵਿਸ਼ੇਸ਼ ਘਟਨਾ ਨੂੰ ਰੂਪਮਾਨ ਕਰਕੇ ਗਾਇਆ ਜਾਵੇ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਵੈਦਿਕ ਸੰਸਕ੍ਰਿਤ ਨਾਲ ਜੁੜਿਆ ਹੈ, ਇਸ ਦਾ ਮੂਲ ਰਿਗ-ਵੇਦ ਮੰਨਿਆ ਜਾਂਦਾ ਹੈ ਜੋ 'ਗੀਤ' ਜਾਂ 'ਮੰਤ੍ਰ' ਦਾ ਰੂਪ ਸਵੀਕਾਰ ਕੀਤਾ ਜਾਂਦਾ ਹੈ। ਨਿਮਨ ਲਿਖਤ ਸਿਰਲੇਖ 'ਮਹਲਾ ੫ ਗਾਥਾ' ਗੁਰੂ ਗ੍ਰੰਥ ਸਾਹਿਬ ਦੇ ਅੰਕ 1360 ਤੋਂ ਲੈ ਕੇ 1361 ਤੱਕ ਸੁਸ਼ੋਭਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਵਲੋਂ ਉਚਾਰਨ ਕੀਤੀ ਇਸ ਬਾਣੀ ਦੇ ਕੁੱਲ 24 ਪਦੇ ਜੋ ਸੰਕੇਤਕ ਸ਼ੈਲੀ ਦੀ ਅਕਾਸੀ ਕਰਦੇ ਹਨ।

'ਗਾਥਾ' ਦੇ ਕੋਸ਼ਕਾਰੀ ਅਰਥ ਵੱਖ ਵੱਖ ਵਿਦਵਾਨਾਂ ਨੇ ਦਿੱਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗਾਥਾ: ਸਤੁਤਿ, ਉਸਤਤਿ, ਕਥਾ, ਪ੍ਰਕਰਣ, ਕਹਾਣੀ, ਉਹ ਇਤਿਹਾਸਕ ਰਚਨਾ ਜਿਸ ਵਿਚ ਕਿਸੇ ਵੀ ਵੰਸ਼ ਅਤੇ ਦਾਨ ਆਦਿਕ ਦਾ ਵਰਣਨ ਹੋਵੇ; ਇਕ ਛੰਦ ਜਿਸ ਦਾ ਨਾਉਂ ਆਰਯ ਤੇ ਰਾਗ ਵੀ ਹੈ, ਇਕ ਪ੍ਰਾਚੀਨ ਭਾਸ਼ਾ ਜਿਸ ਵਿਚ ਸੰਸਕ੍ਰਿਤ, ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਮਿਲੇ ਦੇਖੀਦੇ ਹਨ।[1] ਇਕ ਪ੍ਰਾਚੀਨ ਪ੍ਰਾਕ੍ਰਿਤ ਭਾਸ਼ਾ, ਜਿਸ ਵਿਚ ਸੰਸਕ੍ਰਿਤ, ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਲਿਖੇ ਹੋਏ ਮਿਲਦੇ ਹਨ। 'ਲਲਿਤ ਵਿਸਤਰ' ਆਦਿਕ ਬੋਧ ਧਰਮ-ਗ੍ਰੰਥ ਇਸੇ ਭਾਸ਼ਾ ਵਿਚ ਹਨ।[2] ਜੋ ਗਾਵਿਆ ਜਾਵੇ, ਛੰਦ, ਗੀਤ, ਕਥਾ, ਪ੍ਰਾਕ੍ਰਿਤ ਜਾਂ ਹੋਰ ਭਾਸ਼ਾ, ਜੋ ਸੰਸਕ੍ਰਿਤ ਤੋਂ ਭਿੰਨ ਹੋਵੇ। ਇਕ ਪੁਰਾਤਨ ਭਾਸ਼ਾ ਜਿਸ ਵਿਚ ਸੰਸਕ੍ਰਿਤ ਦੇ ਨਾਲ ਪਾਲੀ ਬੋਲੀ ਦੇ ਪਦ ਮਿਲ ਕੇ ਵਰਤੇ ਜਾਂਦੇ ਹਨ।[3] ਭੋਜਪੁਰੀ ਭਾਸ਼ਾ ਵਿਚ ਗਾਥਾ ਉਸ ਛੰਦ-ਬੱਧ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਕਥਾ ਦੀ ਪ੍ਰਧਾਨਤਾ ਹੋਵੇ। ਗਾਥਾ ਅੰਗ੍ਰੇਜ਼ੀ 'ਬੈਲੈਡ' ਵਰਗਾ ਲੋਕ ਸਾਹਿਤ ਹੈ।[4]

ਇਸ ਬਾਣੀ ਵਿਚ ਪਾਲੀ, ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦਾ ਮਿਸ਼ਰਣ[5] ਹੈ। ਇਸ ਦਾ ਦੂਜਾ ਪ੍ਰਸਿੱਧ ਨਾਂ 'ਸਹਿਸਕ੍ਰਿਤੀ' ਵੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਗਾਥਾ ਤੇ ਸਹਸਕ੍ਰਿਤੀ ਵਿਚ ਆਪਸੀ ਇਕਸਾਰਤਾ ਵਿਦਮਾਨ ਹੁੰਦੀ ਹੈ। ਆਮ ਤੌਰ ਤੇ ਸਾਧਾਂ/ਸੰਤਾਂ ਦੇ ਡੇਰਿਆਂ ਵਿਚ ਬੜੀ ਪ੍ਰਬੀਨ ਸੀ ਅਤੇ ਵੱਖੋ ਵੱਖਰੇ ਸੂਬਿਆਂ ਵਿਚ ਵੀ ਇਸ ਕਾਵਿ ਦਾ ਪਾਸਾਰ ਹੁੰਦਾ ਰਹਿੰਦਾ ਸੀ। ਕਈ ਵਿਦਵਾਨਾਂ[6] ਨੇ ਇਸ ਦੇ ਚਾਰ ਰੂਪ ਪ੍ਰਤੱਖ ਤੌਰ ਤੇ ਮੰਨੇ ਹਨ, ਜਿਵੇਂ ਪ੍ਰੀਤ-ਗਾਥਾ, ਬੀਰ-ਗਾਥਾ, ਇਤਿਹਾਸਕ ਗਾਥਾ ਅਤੇ ਮਿਥਿਹਾਸਕ ਗਾਥਾ। ਕਈ ਧਰਮਾਂ ਜਿਵੇਂ ਜੈਨ ਅਤੇ ਬੋਧ ਧਰਮ ਵਿਚ ਉਪਦੇਸ਼ਿਕ ਪਦਾਂ ਨੂੰ 'ਗਾਥਾ' ਦੀ ਸੰਗਿਆ ਦਿੱਤੀ ਜਾਂਦੀ ਹੈ। ਸੰਸਕ੍ਰਿਤ ਦੀ 'ਆਰੁਯਾ' ਵਾਂਗ ਪਾਲੀ ਅਤੇ ਪ੍ਰਾਕ੍ਰਿਤ ਵਿਚ 'ਗਾਥਾ' ਇਕ ਵਿਸ਼ੇਸ਼ ਛੰਦ ਦਾ ਲਖਾਇਕ ਹੈ। 'ਥੇਰ ਗਾਥਾ' ਅਤੇ 'ਥੇਰੀ ਗਾਥਾ' ਦੀਆਂ ਗਾਥਾਵਾਂ ਵਿਚ ਸੰਸਾਰ ਦੇ ਭੋਗ-ਵਿਲਾਸ ਦਾ ਤਿਆਗ ਕਰਕੇ ਸੰਨਿਆਸੀ ਜੀਵਨ ਬਿਤਾਉਣ ਵਾਲਿਆਂ ਥੇਰੋਆਂ ਅਤੇ ਥੇਰੀਆਂ ਦੇ ਮਾਰਮਿਕ ਪ੍ਰਸੰਗਾਂ ਦੀ ਅਭਿਵਿਅਕਤੀ ਹੋਈ ਮਿਲਦੀ ਹੈ।[7] ਪੁਰਾਤਨ ਸਮਿਆਂ ਵਿਚ ਇਹ ਕਾਵਿ-ਰੂਪ ਸਿਧਾਂ/ਨਾਥਾਂ ਵਿਚ ਬੜਾ ਹਰਮਨ ਪਿਆਰਾ ਰਿਹਾ ਹੈ।

ਇਸ ਬਾਣੀ ਵਿਚ ਕੁਲ 24 ਪਦੇ ਹਨ, ਜਿਨ੍ਹਾਂ ਵਿਚ ਹਰ ਪਦਾ 2-4 ਤੁਕਾਂ ਦਾ ਹੈ। ਆਕਾਰ ਪੱਖੋਂ ਭਾਵੇਂ ਇਕਸਾਰ ਨਹੀਂ, ਪਰ ਗਾਥਾ ਛੰਦ ਦੀਆਂ ਸੀਮਾਵਾਂ ਤੋਂ ਆਜ਼ਾਦ ਰਹਿਕੇ ਖਾਸ ਛੰਦ ਦੇ ਲੱਛਣ ਇਨ੍ਹਾਂ ਉੱਤੇ ਲਾਗੂ ਨਹੀਂ ਹੁੰਦੇ। ਕਈ ਸੰਪ੍ਰਦਾਇ ਗਿਆਨੀਆਂ[8] ਨੇ ਇਸ 'ਗਾਥਾ' ਸੰਬੰਧੀ ਉਥਾਨਕਾਵਾਂ ਵੀ ਦਿੱਤੀਆਂ ਹਨ। ਇਸ ਬਾਣੀ ਵਿਚ 'ਸਲੇਸ਼' ਅਲੰਕਾਰ ਦਾ ਪ੍ਰਯੋਗ ਕੀਤਾ ਜਾਪਦਾ ਹੈ। ਗਾਥਾ ਦਾ ਦੂਜਾ ਭਾਵ 'ਗੂੜ ਕਥਾ' ਜਾਂ 'ਗੁਹਜ ਗੱਲ' ਵੀ ਹੈ ਜਿਸ ਦਾ ਇਸ਼ਾਰਾ ਪਦ 6 ਅਤੇ 10 ਵਿਚ ਆਉਂਦਾ ਹੈ।

*ਗਾਥਾ ਗੂੰਫ ਗੋਪਾਲ ਕਥੰ ਮਥੰ ਮਾਨ ਮਰਦਨਹ ॥੬॥*

*ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥੧੦॥ (ਅੰਕ 1360)*

ਸਮੁੱਚੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਗਾਥਾ ਇਕ ਲੌਕਿਕ ਕਾਵਿ-ਛੰਦ ਹੈ, ਜੋ ਭਾਰਤ ਵਿਚ ਪ੍ਰਾਕ੍ਰਿਤ ਪ੍ਰਚਲਿਤ ਭਾਸ਼ਾ ਦਾ ਰੂਪ ਹੈ। ਡਾ. ਮਹਿੰਦਰ ਕੌਰ ਗਿੱਲ ਨੇ ਵੀ ਆਤਮਕ ਸੁਖ[9] ਵੱਲ ਸੰਕੇਤ ਕੀਤਾ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ:੧੭)

'ਗਾਥਾ' ਰਾਹੀਂ ਗੁਰੂ ਸਾਹਿਬ ਨੇ ਜਗਿਆਸੂ ਨੂੰ ਕਲਿਆਣਕਾਰੀ ਉਪਦੇਸ਼ ਦੇ ਅੰਤਰਗਤ ਸਦਾਚਾਰਕ ਗੁਣਾਂ ਭਰਪੂਰ ਜੀਵਨ ਲਕਸ਼ ਦੀ ਪ੍ਰਾਪਤੀ ਵੱਲ ਸੰਕੇਤ ਦਿੱਤਾ ਹੈ ਜੋ ਪਰਮਸਤਿ ਦੀ ਪ੍ਰਾਪਤੀ ਨਾਲ ਹੀ ਸਦੀਵੀ ਸੁੱਖ ਪ੍ਰਾਪਤ ਕਰ ਸਕਦਾ ਹੈ। ਇਸ ਬਾਣੀ ਵਿਚ ਨਾਮ-ਸਿਮਰਨ, ਨਾਸ਼ਵੰਤ ਸੰਸਾਰ, ਸਾਧ-ਸੰਗਤਿ, ਪ੍ਰਭੂ ਦੀ ਸਿਫ਼ਤ-ਸਲਾਹ, ਪ੍ਰਭੂ ਨੂੰ ਭੁਲਣਾ ਮੌਤ ਦੇ ਬਰਾਬਰ ਹੈ, ਸਰੀਰ ਦਾ ਮਾਣ ਕੂੜ ਹੈ, ਅਕਾਲ ਪੁਰਖ ਸਰਬ ਸ਼ਕਤੀਮਾਨ, ਸਰਬ-ਵਿਆਪਕ ਤੇ ਸੁਖਦਾਤਾ ਹੈ, ਪ੍ਰਭੂ ਦਾ ਮਿਲਾਪ ਗੁਰੂ ਦੀ ਕ੍ਰਿਪਾ ਨਾਲ ਹੀ ਹੁੰਦਾ ਹੈ ਅਤੇ ਗੁਰਮਤਿ ਦੇ ਵਿਭਿੰਨ ਵਿਸ਼ਿਆਂ ਦਾ ਬਾ-ਖੂਬੀ ਪੈਰਾਡਾਈਮ ਪ੍ਰਸਤੁਤ ਕੀਤਾ ਗਿਆ ਹੈ। 'ਪਰਮਸਤਿ' ਹੀ 'ਸਤਿ' ਹੈ। ਬਾਕੀ ਸਭ ਨਾਸ਼ਵੰਤ ਹੈ। ਰੂਹਾਨੀ ਮਰਤਬੇ ਵਾਲਾ ਸਾਧਕ ਅਨੇਕਾਂ ਜੀਵਾਂ ਦਾ ਬੇੜਾ ਪਾਰ ਕਰਦਾ ਹੈ। ਆਵਾਗਵਣ ਦੀ ਘੁੰਮਣਘੇਰੀ ਤੋਂ ਨਿਰਲੇਪ ਰਹਿੰਦੇ ਹਨ।

*ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ ॥*

*ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਯਤੇ ॥ (ਅੰਕ 1361)*

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 405
2. **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪੰਜਵੀਂ)**, ਪੂਰਵ ਅੰਕਤ, ਅੰਕ 58
3. **ਸ੍ਰੀ ਗੁਰੂ ਗ੍ਰੰਥ ਕੋਸ਼**, ਪੂਰਵ ਅੰਕਤ, ਅੰਕ 278
4. **ਪੰਜਾਬੀ ਸਾਹਿੱਤ ਕੋਸ਼ (ਭਾਗ ਦੂਜਾ)**, ਪੂਰਵ ਅੰਕਤ ਅੰਕ 245
5. **The Encyclopeadia of sikhism (Vol II),** op.cit, P: 57
   "In Sanskrit writing, gatha stands for a religious Verse of non-Vedic origin, a stanza or a song. In prakrit and Buddhist traditions, the term signifies a Verse, a line of poetry, song, stanza or aphorism. The language of the Buddhist sanskrit

texts has also been referred to by some scholars as gatha. According to sikh commentators, gatha, in the context of the verses of Guru Arjan, denotes the language used in these verses which is a mixture of sanskrit, pali and prakrit. Another name of this language form is sahaskriti."

6. **ਸਾਹਿਤੱਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 382
7. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ 382
8. ਸੰਤ ਕਿਰਪਾਲ ਸਿੰਘ, **ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ** (ਜਿਲਦ ੧੦), ਪੂਰਵ ਅੰਕਤ, ਅੰਕ: 133

   "੧—ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੀਵਾਨ ਵਿਚ ਆਕੇ ਬੈਠੇ, ਉਸ ਵੇਲੇ ਸਾਰੀ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਪਰਉਪਕਾਰੀ ਦੀਨ-ਦਿਆਲ, ਸਰਬ-ਸ਼ਕਤੀਮਾਨ ਘਟ ਘਟ ਕੇ ਜਾਨਣਹਾਰ ਗਰੀਬ-ਨਿਵਾਜ਼ ਜੀਉ। ਕ੍ਰਿਪਾ ਕਰਕੇ ਕੋਈ ਐਸੀ ਕਥਾ ਸੁਣਾਉ ਜਿਸ ਕਥਾ ਦੇ ਸੁਣਨ ਕਰਕੇ ਸਾਡਾ ਮਨ ਸੰਸਾਰਕ ਜੰਜਾਲਾਂ ਵਲੋਂ ਅਤੇ ਦੇਹ ਅਧਿਆਸ ਵਲੋਂ ਹਟ ਜਾਵੇ।
   ੨—ਸਹਸਕ੍ਰਿਤੀ ਸਲੋਕਾਂ ਨੂੰ ਸੁਣ ਕੇ ਹਰੀ ਲਾਲ ਕ੍ਰਿਸ਼ਨ ਲਾਲ ਬੜੀ ਸ਼ਾਂਤੀ ਪ੍ਰਾਪਤ ਹੋਈ ਪਰ ਗੁਰੂ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਮਨੋਹਰ ਬਚਨਾਂ ਨੂੰ ਸੁਣਨ ਦੀ ਤੀਬਰ ਇੱਛਾ ਹੋਣ ਕਰਕੇ ਫਿਰ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸੁਆਮੀ ਜੀ। ਹੁਣ ਕਥਾ ਸੁਣਾਉ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇਹ ਕਥਾ ਸੁਣਾਈ। 'ਗਾਥਾ' ਨਾਮ ਕਥਾ ਦਾ ਹੈ, ਇਸ ਵਾਸਤੇ ਇਸ ਬਾਣੀ ਦਾ ਨਾਮ 'ਗਾਥਾ' ਰੱਖਿਆ ਗਿਆ ਹੈ।"

   ਭਾਈ ਵੀਰ ਸਿੰਘ ਨੇ ਵੀ ਇਕ ਉਥਾਨਕਾ ਦਿੱਤੀ ਹੈ, "ਇਹ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰੇ ਹਨ। ਇਕ ਸਮੇਂ ਮੱਧ ਦੇਸ਼ ਵਲੋਂ ਪੰਡਤ ਆਏ ਜੋ ਪੰਜਾਬੀ ਭਾਸ਼ਾ ਨਹੀਂ ਸੀ ਜਾਣਦੇ, ਉਨ੍ਹਾਂ ਪ੍ਰਤੀ ਉਪਦੇਸ਼ ਗਾਥਾ ਬੋਲੀ ਵਿਚ ਹੋਇਆ। ਗਾਥਾ ਨਾਮ ਪ੍ਰਾਕ੍ਰਿਤ ਭਾਸ਼ਾ ਦਾ ਹੈ।" (ਨਿਰਗੁਣੀਆਰਾ, ਅੰਮ੍ਰਿਤਸਰ, ਜੁਲਾਈ 1950, ਅੰਕ: 5)
9. ਡਾ. ਮਹਿੰਦਰ ਕੌਰ ਗਿੱਲ, **ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ**, ਨੈਸ਼ਨਲ ਬੁੱਕ ਸ਼ਾਪ ਦਿੱਲੀ, 1975, ਅੰਕ 203

   "ਸਰੀਰ ਦੇ ਅਹੰਕਾਰ ਨੂੰ ਨਿਰਮੂਲ ਦੱਸਦਿਆਂ ਹੋਇਆਂ ਸਪਸ਼ਟ ਕੀਤਾ ਹੈ ਕਿ ਮਨੁੱਖਾ-ਸਰੀਰ ਤਾਂ ਹੀ ਸਫ਼ਲ ਹੈ ਜੇ ਨਾਮ ਜਪਦਾ ਹੈ। ਇਸ ਨਾਮ ਰੂਪ ਜਗਤ ਵਿਚ ਜੀਵ ਦਾ ਸਹਾਇਕ ਨਾਮ ਹੀ ਹੈ। ਆਤਮਕ ਸੁਖ ਗੁਰੂ ਦੀ ਸੰਗਤ ਦੁਆਰਾ ਪ੍ਰਾਪਤ ਹੁੰਦਾ ਹੈ। ਪ੍ਰਭੂ ਉਸਤਤਿ ਕਰਨ ਨਾਲ ਕਾਮਾਦਿਕ ਵਿਸ਼ਿਆਂ ਦਾ ਨਾਸ ਹੁੰਦਾ ਹੈ। ਨਾਮ-ਵਿਹੂਣਾ ਜੀਵ ਕਈ ਪ੍ਰਕਾਰ ਦੇ ਦੁੱਖ ਸਹਾਰਦਾ ਹੈ। ਗੁਰੂ-ਸੰਗਤਿ ਕਰਨ ਨਾਲ ਪ੍ਰਭੂ ਲਈ ਪਿਆਰ ਜਾਗਦਾ ਹੈ ਤੇ ਸ਼ਰਧਾ ਬਣਦੀ ਹੈ, ਜਿਸ ਨਾਲ ਜੀਵ ਅਨੇਕ ਪ੍ਰਕਾਰ ਦੇ ਵਿਕਾਰਾਂ ਤੋਂ ਬੱਚ ਜਾਂਦਾ ਹੈ।"

# ਗੁਣਵੰਤੀ

ਗੁਰੂ ਅਰਜਨ ਵਲੋਂ ਸੂਹੀ ਰਾਗ ਵਿਚ ਉਚਾਰਣ ਇੱਕ ਲਘੂ ਰਚਨਾ 'ਗੁਣਵੰਤੀ' ਹੈ ਜਿਸ ਦੀਆਂ ਕੇਵਲ 13 ਤੁੱਕਾਂ ਹਨ। ਇਹ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਅੰਕ 763 ਉੱਤੇ ਸੁਸ਼ੋਭਿਤ ਹੈ। (ਮੂਲ ਪਾਠ ਲਈ ਵੇਖੋ **ਅੰਤਿਕਾ:੧੮**) ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਸ਼ਬਦ ਇਕੱਠੇ ਅੰਕਿਤ ਹਨ ਜਿਵੇਂ ਕੁਚੱਜੀ, ਸੁਚੱਜੀ ਅਤੇ ਗੁਣਵੰਤੀ। ਪਹਿਲੇ ਦੋ ਸ਼ਬਦ ਗੁਰੂ ਨਾਨਕ ਦੇ ਉਚਾਰਨ ਕੀਤੇ ਹਨ।

ਨਿਮਨਲਿਖਤ ਸਿਰਲੇਖ 'ਸੂਹੀ ਮਹਲਾ ੫ ॥ ਗੁਣਵੰਤੀ' ਇਸਤਰੀ ਵੱਲ ਸੰਕੇਤ ਕੀਤਾ ਗਿਆ ਹੈ। ਗੁਰਬਾਣੀ ਵਿਚ ਗੁਣਵੰਤੀ ਨੂੰ ਸੁਹਾਗਣ ਆਖਿਆ ਗਿਆ ਹੈ। ਪ੍ਰਤੀਕਾਤਮਿਕ ਨਜ਼ਰੀਏ ਤੋਂ ਸਹਿਜ ਆਨੰਦ ਦੀ ਪ੍ਰਾਪਤੀ ਲਈ ਗੁਣਵੰਤੀ ਦੇ ਸੁਚੱਜੇ ਗੁਣਾਂ ਕਾਰਨ ਹੀ ਪਰਮਸਤਿ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਸਕਦਾ ਹੈ। ਗੁਣਵੰਤੀ ਦਾ ਕੋਸ਼ਗਤ ਅਰਥ ਵੀ ਸੁਚੀ, ਗੁਣਾਂ ਵਾਲੀ[1] ਕੀਤਾ ਗਿਆ ਹੈ। ਸਿਰਲੇਖ ਭਾਵੇਂ ਗੁਣਵੰਤੀ ਇਸਤਰੀ ਦਾ ਦਿੱਤਾ ਹੈ ਪਰ ਅਲੰਕਾਰ ਨੂੰ ਇਕ ਪਾਸੇ ਰੱਖ ਕੇ ਗੁਣਵਾਨ ਸਿਖਾਂ ਦੀ ਮਹਿਮਾ ਵੱਲ ਸੰਕੇਤ ਕੀਤਾ ਹੈ। ਇਸ ਸ਼ਬਦ ਵਿਚ ਬਹੁਤੇ ਲਹਿੰਦੀ ਭਾਸ਼ਾ ਦੇ ਸ਼ਬਦ ਦ੍ਰਿਸ਼ਟਮਾਨ ਹੁੰਦੇ ਹਨ।

'ਗੁਣਵੰਤੀ' ਸ਼ਬਦ ਰਾਹੀਂ ਗੁਰਮੁਖ ਜਗਿਆਸੂ ਨੂੰ ਮਨ ਦੀ ਮਤਿ ਤਿਆਗ ਕੇ, ਅਕਾਲਪੁਰਖ ਦੇ ਹੁਕਮ ਵਿਚ ਤੱਤਪਰ ਰਹਿਣ ਦੀ ਉੱਤਮ ਉਪਦੇਸ਼ਾਤਮਿਕ ਸਿੱਖਿਆ ਨਾਲ ਸਰਸ਼ਾਰ ਕੀਤਾ ਗਿਆ ਹੈ। ਕੰਤ ਦੇ ਹੁਕਮਾਂ ਵਿਚ ਰਹਿਣ ਵਾਲੀ ਇਸਤ੍ਰੀ ਸੁਚਜੀ ਦਾ ਰੁਤਬਾ ਹਾਸਲ ਕਰ ਸਕਦੀ ਹੈ, ਇਸੇ ਲਈ ਉਹ ਆਪਣੇ ਕੰਤ ਲਈ 'ਗੁਣਵੰਤੀ' ਹੈ। ਗੁਰੂ ਅਰਜਨ ਨੇ ਇਸ ਸ਼ਬਦ ਵਿਚ ਗੁਰਮੁਖ ਦਾ ਖਾਕਾ ਖਿੱਚ ਕੇ, ਹਉਮੈ ਦਾ ਤਿਆਗ ਕਰਕੇ ਪ੍ਰਭੂ-ਕੰਤ ਦੀਆਂ ਖੁਸ਼ੀਆਂ ਮਾਣਨ ਦਾ ਪੈਰਾਡਾਈਮ ਨਿਰਧਾਰਤ ਕੀਤਾ ਹੈ। ਇਹੋ 'ਗੁਣਵੰਤੀ' ਦਾ ਵਿਸ਼ੇਸ਼ ਲੱਛਣ ਪ੍ਰਗਟ ਹੁੰਦਾ ਹੈ। 'ਗੁਣਵੰਤੀ' ਚੰਗੇ ਗੁਣਾਂ ਕਰਕੇ ਆਪਣੇ ਪ੍ਰਭੂ-ਕੰਤ ਨੂੰ ਪ੍ਰਸੰਨ ਕਰ ਲੈਂਦੀ ਹੈ। ਚੰਗੇ ਗੁਣ ਹੀ ਇਸਤਰੀ ਦਾ ਪਹਿਲਾ ਕਰਤੱਵ ਹੈ। ਚੰਗੇ ਗੁਣਾਂ ਕਾਰਨ ਹੀ ਸਹੁਰੇ ਘਰ ਇੱਜ਼ਤ ਦਾ ਰੁਤਬਾ ਪਾਉਂਦੀ ਹੈ। ਗੁਰਬਾਣੀ ਵਿਚ ਪ੍ਰਭੂ-ਪ੍ਰਮੇਸ਼ਰ ਦੀ ਪ੍ਰਾਪਤੀ ਹੀ ਚੰਗੇ ਗੁਣਾਂ ਦੇ ਅਧਾਰਤ ਪ੍ਰੱਖੀ ਜਾਂਦੀ ਹੈ ਅਤੇ ਉਹ ਗੁਣਵੰਤੀ ਹੀ ਸਹਿਜ ਸੁਖ ਪ੍ਰਾਪਤ ਕਰ ਲੈਂਦੀ ਹੈ।

ਡਾ. ਵਣਜਾਰਾ ਬੇਦੀ[2] ਇਸ ਪੰਜਾਬੀ ਲੋਕ ਕਾਵਿ-ਰੂਪ ਬਾਰੇ ਲਿਖਦੇ ਹਨ, ਭਾਰਤੀ ਸੰਸਕ੍ਰਿਤੀ ਤੇ ਧਰਮ ਵਿਚ ਜੀਵ ਨੂੰ ਇਸਤਰੀ ਤੇ ਪ੍ਰਭੂ ਨੂੰ ਪਤੀ ਮੰਨਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਲੋਕ-ਕਾਵਿ ਤੇ ਅਧਿਆਤਮਿਕ ਕੁੱਝ ਕਾਵਿ-ਰੂਪ ਉਭਰੇ। ਇਹ ਸੰਸਾਰ ਸਾਡਾ ਪੇਕਾ ਘਰ ਹੈ ਤੇ ਅਗਲਾ ਸੰਸਾਰ ਸਹੁਰਾ ਘਰ। ਜੀਵ ਇਸਤਰੀ ਨੇ ਸ਼ੁਭ ਕਰਮਾਂ ਦਾ ਦਾਜ ਅਗਲੋ ਲੋਕ ਪਤੀ ਨੂੰ ਰਿਝਾਉਣ ਲਈ ਤਿਆਰ ਕਰਨਾ ਹੈ। ਜਿਹੜੀ ਜੀਵ ਇਸਤਰੀ ਇਸ ਲੋਕ ਵਿਚ ਆਪਣਾ ਅੱਗਾ ਸੰਵਾਰਨ ਵਿਚ ਜੁਟੀ ਰਹਿੰਦੀ ਹੈ, ਉਹ ਸੁਚੱਜੀ ਹੈ, ਜੇ ਸੰਸਾਰ ਦੀ ਮੋਹ ਮਾਇਆ ਵਿਚ ਰੁੱਝੀ ਹੋਵੇ ਤਾਂ ਕੁਚੱਜੀ। ਲੋਕ ਗੀਤ ਵਿਚ ਵੀ ਇਹ ਦੋਵੇਂ ਰੂਪ ਮਿਲਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 126
   "Gunvanti, lit a woman of becoming qualities in the measure suhi, in the Guru Granth Sahib. The term gunvanti is figuratively used for a true, meritorious devotee. Like the hymns of Guru Nanak, this one too is uttered in the first person and by implication, it sums up qualities characteristic of a true and pious Sikh."
4. **ਪੰਜਾਬੀ ਲੋਕ ਧਾਰਾ ਕੋਸ਼, ਪੂਰਵ ਅੰਕਤ ਅੰਕ** 1145

# ਗੂਜਰੀ

ਗੂਜਰੀ ਇਕ ਪੁਰਾਤਨ ਤੇ ਪ੍ਰਸਿੱਧ ਰਾਗ ਹੈ, ਜੋ ਗੰਭੀਰ ਤੇ ਕਰੁਣਾ ਰਸ ਨਾਲ ਲਬਰੇਜ਼ ਹੋਣ ਕਾਰਨ ਭਗਤੀ ਭਾਵ ਦੀਆਂ ਰਚਨਾਵਾਂ ਲਈ ਠੀਕ ਮੰਨਿਆ ਜਾਂਦਾ ਹੈ। ਕਈ ਵਿਦਵਾਨਾਂ ਅਨੁਸਾਰ ਭੈਰਉ ਅਤੇ ਰਾਮਕਲੀ ਰਾਗਾਂ ਦੇ ਸੁਮੇਲ ਨਾਲ ਇਹ ਰਾਗ ਹੋਂਦ ਵਿਚ ਆਇਆ ਹੈ। ਇਸ ਰਾਗ ਨੂੰ ਟੋਡੀ ਠਾਟ ਦੀ ਖਾੜਵ ਰਾਗਨੀ ਕਰਕੇ ਵੀ ਜਾਣਿਆ ਜਾਂਦਾ ਹੈ। ਰਾਗ ਟੋਡੀ ਵਿਚ ਪੰਚਮ ਸਵਰ ਵਰਜਿਤ ਕਰਨ ਨਾਲ ਗੂਜਰੀ ਰਾਗ ਹੋਂਦ ਵਿਚ ਆਉਣ ਬਾਰੇ ਵੀ ਕਈ ਵਿਦਵਾਨ ਸੰਕੇਤ ਕਰਦੇ ਹਨ।

ਇਸ ਰਾਗ ਦਾ ਮੂਲ ਸਰੋਤ 'ਗੁਜਰ ਜਾਤਿ' ਦਾ ਲੋਕ-ਸੰਗੀਤ ਆਖਿਆ ਜਾਂਦਾ ਹੈ, ਜੋ ਪੰਜਾਬ ਅਤੇ ਇਸਦੇ ਆਸੇ ਪਾਸੇ ਨਿਵਾਸ ਰੱਖਦੇ ਸਨ। ਹਰ ਮੌਸਮ ਵਿਚ ਇਹ ਰਾਗ ਸਵੇਰ ਸਮੇਂ ਹੀ ਗਾਉਣ ਦਾ ਵਿਧਾਨ ਹੈ। ਸੁਰਾਤਮਕ ਸਰੂਪ ਕਰੁਣ-ਰਸ ਦਾ ਹੋਣ ਕਾਰਨ ਗੰਭੀਰ ਪ੍ਰਕਿਰਤੀ ਵਾਲਾ ਮਾਹੌਲ ਸਿਰਜਦਾ ਹੈ। ਰਾਗ-ਬੱਧ ਬਾਣੀ ਦੇ ਅੰਤਰਗਤਿ ਪੰਜਵੇਂ ਨੰਬਰ ਤੇ ਆਉਂਦਾ ਹੈ। ਇਸ ਰਾਗ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਕ 489-526 ਤੱਕ ਅੰਕਿਤ ਹੈ। ਕਈ ਵਿਦਵਾਨ[1] ਇਸ ਦਾ ਮੂਲ ਗੁਜਰਾਤ ਦੱਸਦੇ ਹਨ।

ਇਸ ਰਾਗ ਵਿਚ ਕੁੱਲ 48 ਚਉਪਦੇ, 9 ਅਸ਼ਟਪਦੀਆਂ, 2 ਵਾਰਾਂ ਅਤੇ 8 ਸ਼ਬਦ ਹਨ। ਚਉਪਦਿਆਂ ਵਿਚ ਦੁਪਦੇ, ਤ੍ਰਿਪਦੇ, ਚਉਪਦੇ ਅਤੇ ਪੰਚਪਦੇ ਸ਼ਾਮਲ ਹਨ। 48 ਚਉਪਦਿਆਂ ਵਿਚੋਂ ਗੁਰੂ ਨਾਨਕ ਦੇ 2, ਗੁਰੂ ਅਮਰਦਾਸ ਦੇ 7, ਗੁਰੂ ਰਾਮਦਾਸ ਦੇ 7, ਗੁਰੂ ਅਰਜਨ ਦੇ 32, ਕਬੀਰ ਦੇ 2, ਨਾਮਦੇਵ ਦੇ 2, ਰਵਿਦਾਸ ਦਾ 1, ਤਿਲੋਚਨ ਦੇ 3 ਅਤੇ ਜੈਦੇਵ ਦਾ 1 ਸ਼ਾਮਲ ਹੈ। ਗੁਰੂ ਅਮਰਦਾਸ ਦੇ 7 ਚਉਪਦਿਆਂ ਵਿਚ 4-4 ਪਦਿਆਂ ਦੀ ਜੋੜੀ ਹੈ ਅਤੇ 2 ਵਿਚ 5-5 ਦੀ। ਇਸੇ ਤਰ੍ਹਾਂ ਗੁਰੂ ਰਾਮਦਾਸ ਦੇ ਸੱਤ ਚਉਪਦਿਆਂ ਵਿਚੋਂ 6 ਚਾਰ ਚਾਰ ਪਦਿਆਂ ਦੇ ਜੁਟ ਹਨ ਜਦਕਿ ਇੱਕ 5 ਪਦੇ ਦਾ ਜੁੱਟ ਹੈ। ਗੁਰੂ ਅਰਜਨ ਦੇ 32 ਚਉਪਦੇ ਹਨ।

ਸ਼ਾਰੇ ਚਉਪਦਿਆਂ ਵਿਚ ਅਕਾਲ ਪੁਰਖ ਦੀ ਭਗਤੀ, ਨਾਮ-ਸਿਮਰਨ, ਪ੍ਰਭੂ ਦੀ ਪ੍ਰੀਤ, ਸੱਚੇ ਗਿਆਨ, ਜਨਮ-ਮਰਣ ਦੇ ਚੱਕਰਾਂ ਤੋਂ ਸੁਰਖਰੂ ਆਦਿ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਅਸ਼ਟਪਦੀਆਂ ਵਿਚ ਨਿਰਗੁਣ, ਸਰਗੁਣ, ਪਰਮਸਤਿ ਦੇ ਸਰੂਪ, ਪਰਮਸਤਿ ਦੀ ਮਹਾਨਤਾ, ਗੁਣਾਂ ਦੀ ਮਹਿਮਾ ਦਰਸਾਈ ਗਈ ਹੈ। ਭਗਤ ਬਾਣੀ ਦੇ 8 ਸ਼ਬਦਾਂ ਵਿਚ ਹਰਿ-ਨਾਮ ਦਾ ਸਿਮਰਨ, ਪ੍ਰਭੂ ਦੀ ਪੂਜਾ ਲਈ ਤਨ-ਮਨ ਅਰਪਿਤ ਕਰਨਾ, ਸੱਚੇ ਦਿਲੋਂ ਪ੍ਰਭੂ ਭਗਤੀ, ਆਵਾਗਵਣ ਦੇ ਚੱਕਰਾਂ ਤੋਂ ਛੁਟਕਾਰਾ ਮਿਲਦਾ ਹੈ ਉਥੇ ਸੰਸਾਰੀ ਔਕੜਾਂ ਵੀ ਨਸ਼ਟ ਹੋ ਜਾਂਦੀਆਂ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II)**, op.cit, P: 171
"The name 'Gujari' probably refers to the state of Gujrat. This raga was in existence at the time of Raja Man Singh of Gwalior (1486-1517) who lived at a time of high musical achievement and **referred** to this raga in his writings about music. Gujari is rarely used as a concert raga today and little is known about its form. In modern times it has been supplanted by Gujari-Todi. In the Ragmala, Gujari is listed as a Ragini of Raga Dipak. Today Gujari-Todi belongs to the Todi Thata. Gujari-Todi may be performed during any season of the year and is assigned to the early morning hours. It produces a mood of Thoughtfulness that reaches deep into the heart."

# ਗੂਜਰੀ ਕੀ ਵਾਰ

ਗੂਜਰੀ ਰਾਗ ਵਿਚ ਦੋ ਵਾਰਾਂ ਅੰਕਿਤ ਹਨ। ਪਹਿਲੀ ਗੁਰੂ ਅਮਰਦਾਸ ਅਤੇ ਦੂਜੀ ਗੁਰੂ ਅਰਜਨ ਦੀ ਹੈ।

(ੳ) ਗੂਜਰੀ ਕੀ ਵਾਰ (ਮਹਲਾ:੩)

ਇਸ ਵਾਰ ਦੀਆਂ 22 ਪਉੜੀਆਂ ਹਨ, ਜੋ ਗੁਰੂ ਅਮਰਦਾਸ ਨੇ ਉਚਾਰਨ ਕੀਤੀਆਂ ਹਨ। ਪੰਜ ਪੰਜ ਤੁਕਾਂ ਦੀ ਹਰ ਪਉੜੀ ਨਾਲ 2-2 ਸਲੋਕ ਦਰਜ ਹਨ। ਚੌਥੀ ਪਉੜੀ ਨਾਲ ਆਇਆ ਸਲੋਕ ਕਬੀਰ ਭਗਤ ਦਾ ਹੈ। ਬਾਕੀ ਸਾਰੇ ਸਲੋਕ ਗੁਰੂ ਅਮਰਦਾਸ ਦੇ ਹਨ। ਪਉੜੀਆਂ ਨਾਲ ਸਲੋਕ ਗੁਰੂ ਅਰਜਨ ਨੇ ਸ਼ਾਮਲ ਕੀਤੇ ਹਨ। ਤੁਕਾਂ ਵਿਚ ਅਸਮਾਨਤਾ ਹੈ। ਦੋ ਤੋਂ ਯਾਰਾਂ ਤੁਕਾਂ ਦ੍ਰਿਸ਼ਟਮਾਨ ਹੁੰਦੀਆਂ ਹਨ। ਇਸ ਵਾਰ ਵਿਚ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਤੇ ਚਾਨਣਾ ਪਾਇਆ ਗਿਆ ਹੈ।

ਅਕਾਲ ਪੁਰਖ ਸੰਸਾਰ ਦਾ ਸਿਰਜਣਹਾਰ ਹੈ ਅਤੇ ਉਸ ਦੀ ਪ੍ਰਾਪਤੀ ਨਾਲ ਹੀ ਜੀਵ ਦਾ ਮੇਲ ਪ੍ਰਭੂ ਨਾਲ ਹੁੰਦਾ ਹੈ। ਸਾਧ-ਸੰਗਤਿ ਦੇ ਰਾਹੀਂ ਹੀ ਮਨੁੱਖ ਸ੍ਰੇਸ਼ਠ ਬਣ ਸਕਦਾ ਹੈ। ਪ੍ਰਭੂ-ਭਗਤੀ ਕਾਰਨ ਜਿਨ੍ਹਾਂ ਉਤੇ ਪਰਮਸਤਿ ਦੀ ਕ੍ਰਿਪਾ ਹੁੰਦੀ ਹੈ, ਉਹ ਅੰਦਰ ਵਸਦੇ ਪ੍ਰਮਾਤਮਾ ਦੇ ਦਰਸ਼ਨ-ਦੀਦਾਰ ਕਰ ਸਕਦੇ ਹਨ। ਸਾਧਕ ਦੀ ਸ਼ਖ਼ਸੀਅਤ ਤੁਰੰਤ ਬਦਲ ਜਾਂਦੀ ਹੈ। ਸੱਚੇ ਅਕਾਲ ਪੁਰਖ ਅੱਗੇ, ਗੁਰੂ ਸਾਹਿਬ ਨੇ ਸੱਚੇ ਦਿਲੋਂ ਬੇਨਤੀ ਕੀਤੀ ਹੈ:

*ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥*
*ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥ (ਅੰਕ 517)*

ਇਸ ਵਾਰ ਦੀ ਭਾਸ਼ਾ ਪੰਜਾਬੀ ਹੈ, ਜੋ ਕੇਂਦਰੀ ਮਾਝੇ ਦੀ ਹੈ, ਜਿੱਥੇ ਗੁਰੂ ਅਮਰਦਾਸ ਨੇ ਆਪਣੀ ਜ਼ਿੰਦਗੀ ਗੁਜ਼ਾਰੀ। ਇਸ ਭਾਸ਼ਾ ਵਿਚ ਸਾਧ-ਭਾਖਾ ਤਾਂ ਵਧੇਰੇ ਹੈ ਪਰ ਸਾਮੀ ਸ਼ਬਦਾਂ ਦੀ ਘਾਟ ਸਾਫ਼ ਦਿਖਾਈ ਦੇਂਦੀ ਹੈ।

(ਅ) ਗੂਜਰੀ ਕੀ ਵਾਰ (ਮਹਲਾ: ੫)

ਗੁਰੂ ਅਰਜਨ ਵਲੋਂ ਉਚਾਰਨ ਇਸ ਵਾਰ ਦੀਆਂ ਕੁੱਲ 21 ਪਉੜੀਆਂ ਹਨ। ਤੋੜੀ ਦੀ ਵੰਨਗੀ ਹੋਣ ਕਾਰਨ, ਸੰਗੀਤ ਪ੍ਰੇਮੀਆਂ ਵਿਚ ਇਹ 'ਗੂਜਰੀ ਤੋੜੀ' ਕਰਕੇ ਵੀ ਮਕਬੂਲ ਹੈ। ਸਲੋਕਾਂ ਦੀ ਗਿਣਤੀ 42 ਹੈ। ਹਰ ਪਉੜੀ ਨਾਲ ਦੋ ਦੋ ਸਲੋਕ ਦਰਜ ਹਨ। ਸਾਰੇ ਸਲੋਕ ਗੁਰੂ ਅਰਜਨ ਦੇ ਉਚਾਰਨ ਕੀਤੇ ਹੋਏ ਹਨ। ਹਰ ਪਉੜੀ ਦੀਆਂ ਅੱਠ-ਅੱਠ ਤੁਕਾਂ ਹਨ ਪਰ 20ਵੀਂ ਪਉੜੀ ਦੀ ਤੁਕਾਂ ਦੀ ਗਿਣਤੀ ਪੰਜ ਹੈ।

ਹਰ ਪਉੜੀ ਨਾਲ ਗੁਰੂ ਅਰਜਨ ਦੇ 2-2 ਸਲੋਕ ਅੰਕਿਤ ਹਨ। ਇਨ੍ਹਾਂ ਸਲੋਕਾਂ ਵਿਚੋਂ 37 ਸਲੋਕ 2 ਤੁੱਕੇ ਅਤੇ ਦੋਹਰੇ ਦੇ ਆਕਾਰ ਦੇ ਹਨ। ਪੰਜ ਸਲੋਕਾਂ ਦੀਆਂ ਤੁਕਾਂ 2-7 ਤੱਕ ਹਨ। ਸਲੋਕਾਂ ਦੀ ਭਾਸ਼ਾ ਲਹਿੰਦੀ ਪੰਜਾਬੀ ਹੈ ਪਰ ਪਉੜੀਆਂ ਤੇ ਸਾਧ-ਭਾਖਾ ਦਾ

ਪ੍ਰਭਾਅ ਪ੍ਰਤੱਖ ਨਜ਼ਰੀ ਪੈਂਦਾ ਹੈ। ਇਸ ਵਾਰ ਦੀਆਂ ਤੁਕਾਂ ਸਤਿ-ਕਥਨਾਂ ਦਾ ਰੂਪ ਉਜਾਗਰ ਕਰਦੀਆਂ ਹਨ। ਇਸ ਵਾਰ ਨੂੰ 'ਸਿਕੰਦਰ ਬਿਰਾਹਿਮ[1] ਕੀ ਧੁਨਿ ਗਾਉਣੀ' ਦੀ ਸੂਚਨਾ ਗੁਰੂ ਅਰਜਨ ਸਾਹਿਬ ਨੇ ਦਿੱਤੀ ਹੈ।

ਇਸ ਵਾਰ ਦਾ ਸਾਂਰਾਂਸ਼ ਹੈ ਕਿ ਸਾਰੀ ਸ੍ਰਿਸ਼ਟੀ ਅਕਾਲ-ਪੁਰਖ ਨੇ ਸਾਜੀ ਹੈ ਅਤੇ ਸੰਸਾਰੀ ਮਾਇਆ ਜਾਲ ਵੀ ਪ੍ਰਭੂ ਵਲੋਂ ਹੋਂਦ ਵਿਚ ਆਇਆ ਹੈ। ਮਾਇਆ ਰੂਪੀ ਕਿਲ੍ਹਾ ਪਾਸ਼ ਪਾਸ਼ ਹੋ ਜਾਂਦਾ ਹੈ ਜਦੋਂ ਅਕਾਲਪੁਰਖ ਦੀ ਕ੍ਰਿਪਾ ਤੇ ਨਦਰ ਹੋਵੇ। ਵਾਹਿਗੁਰੂ ਦੀ ਉਪਮਾ ਤੇ ਸਮਰਥਾ ਦਾ ਵਰਨਣ ਅਦਭੁਤ ਅਤੇ ਬੇਮਿਸਾਲ ਹੈ। ਪਉੜੀਆਂ ਵਿਚ ਖਾਸ ਤੌਰ ਤੇ ਗੁਰੂ ਪਰਮਸਤਿ ਦੀ ਮਹਿਮਾ ਦਾ ਚੱਲਕਾਰਾ ਦਿੱਸਦਾ ਹੈ ਜਦ ਕਿ ਸਲੋਕਾਂ ਵਿਚ ਜੀਵ ਦੇ ਰੂਹਾਨੀ ਮਾਰਗ ਵਿਚ ਆਈਆਂ ਔਕੜਾਂ ਤੋਂ ਛੁਟਕਾਰਾ ਪਾਉਣ ਲਈ ਭਜਨ-ਬੰਦਗੀ, ਸਾਧ-ਸੰਗਿਤ ਅਤੇ ਸੱਚੀ ਦਰਗਾਹ ਵਿਚ ਪ੍ਰਵਾਨ ਚੜ੍ਹਨ ਵੱਲ ਸੰਕੇਤ ਕਰਕੇ ਗੁਰਮਤਿ ਦੇ ਵਿਭਿੰਨ ਸਿਧਾਂਤਾਂ ਦੀ ਤਰਜਮਾਨੀ ਕੀਤੀ ਗਈ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥*

*—ਗੂਜ ੫, ਵਾਰ ੧੬ ਸ, ੫, ੨: ੧-੨ (522)*

## ਪਗ ਟਿਪਣੀਆਂ ਅਤੇ ਹਵਾਲੇ

1. ਇਕ ਲੋਕ ਕਥਾ ਅਨੁਸਾਰ ਸਿਕੰਦਰ ਅਤੇ ਇਬ੍ਰਾਹੀਮ ਦੋਵੇਂ ਜਾਗੀਰਦਾਰ ਇਕੋ ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਜਿਥੇ ਸਿਕੰਦਰ ਨੇਕ ਦਿਲ ਇਨਸਾਨ ਸੀ, ਉਥੇ ਇਬ੍ਰਾਹੀਮ ਵੱਡਾ ਦੁਰਾਚਾਰੀ ਸੀ। ਇਕ ਵੇਰ ਇਬ੍ਰਾਹੀਮ ਨੇ ਇਕ ਸਜ--ਵਿਆਹੀ ਬ੍ਰਾਹਮਣ ਦੀ ਇਸਤਰੀ ਦੀ 'ਅਜ਼ਮਤ ਦਰੀ' ਕਰਨ ਦਾ ਯਤਨ ਕੀਤਾ। ਬ੍ਰਾਹਮਣ ਨੇ ਆਪਣੀ ਇਸਤਰੀ ਲਈ ਸਿਕੰਦਰ ਕੋਲ ਜਾ ਕੇ ਫ਼ਰਿਆਦ ਕੀਤੀ। ਸਿਕੰਦਰ ਨੇ ਇਬ੍ਰਾਹੀਮ ਉੱਤੇ ਹਮਲਾ ਕਰ ਕੇ ਬ੍ਰਾਹਮਣ ਦੀ ਪਤਨੀ ਛੁਡਵਾ ਕੇ ਉਸ ਦੇ ਹਵਾਲੇ ਕੀਤੀ। ਇਬ੍ਰਾਹੀਮ ਨੇ ਆਪਣੀ ਗਲਤੀ ਦਾ ਪਸਚਾਤਾਪ ਕਰ ਕੇ ਮਾਫ਼ੀ ਮੰਗੀ। ਸਿਕੰਦਰ ਦੀ ਬਹਾਦਰੀ ਤੇ ਢਾਡੀਆਂ ਨੇ ਇਕ ਵਾਰ ਰਚੀ, ਜਿਸ ਦੀ ਲੋਕਪ੍ਰਿਯਤਾ ਕਰਕੇ, ਗੁਰੂ ਅਰਜਨ ਨੇ ਉਸੇ ਧੁਨਿ ਤੇ ਇਸ ਵਾਰ ਨੂੰ ਗਾਉਣ ਦਾ ਆਦੇਸ਼ ਦਿੱਤਾ ਹੈ।

# ਗੌਂਡ

ਗੌਂਡ ਇਕ ਕਠਿਨ ਤੇ ਗੁੰਝਲਦਾਰ ਰਾਗ ਹੈ, ਜੋ ਦੋਪਹਿਰ ਨੂੰ ਗਾਇਆ ਜਾਂਦਾ ਹੈ। ਸੰਪੂਰਨ ਰਾਗ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਰਾਗ-ਬੱਧ ਬਾਣੀ ਵਿਚ ਇਸ ਦਾ 17 ਕ੍ਰਮ ਹੈ ਅਤੇ ਅੰਕ 859-875 ਤੱਕ ਅੰਕਿਤ ਹੈ। ਇਸ ਰਾਗ ਦੇ ਮੇਲ ਨਾਲ ਗੌਂਡ ਮਲਾਰ[1], ਗੌਂਡ ਸਾਰੰਗ ਆਦਿ ਦੀ ਰਚਨਾ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਤੋਂ ਬਿਲਾਵਲ ਗੌਂਡ ਦੀ ਰਚਨਾ ਹੁੰਦੀ ਦਸੀ ਗਈ ਹੈ। ਇਸ ਰੂਪ ਵਿਚ ਬਿਲਾਵਲ ਅਤੇ ਗੌਂਡ ਦੀਆਂ ਮਧੁਰ ਸੁਰਾਵਾਲੀਆਂ ਦਾ ਸੁਮੇਲ ਹੋਇਆ ਹੈ।

ਗੌਂਡ ਰਾਗ ਵਿਚ ਕੁੱਲ 28 ਚਉਪਦੇ ਅਤੇ ਇਕ ਅਸ਼ਟਪਦੀ ਹੈ। ਭਗਤ-ਬਾਣੀ ਦੇ ਅੰਤਰਗਤ 20 ਸ਼ਬਦਾਂ ਵਿਚੋਂ ਕਬੀਰ ਦੇ 11, ਨਾਮਦੇਵ ਦੇ 7 ਅਤੇ ਰਵਿਦਾਸ ਦੇ 2 ਸ਼ਬਦ ਦਰਜ ਹਨ ਜੋ ਅੰਕ 870-875 ਤੱਕ ਅੰਕਿਤ ਹਨ। 28 ਚਉਪਦਿਆਂ ਵਿਚੋਂ ਗੁਰੂ ਰਾਮਦਾਸ ਦੇ 6 ਅਤੇ ਗੁਰੂ ਅਰਜਨ ਦੇ 22 ਚਉਪਦੇ (ਇੱਕ ਵਿਚ ਦੋ ਪਦੇ ਅਤੇ ਬਾਕੀਆਂ ਵਿਚ ਚਾਰ-ਚਾਰ ਹਨ) ਅੰਕ 859-869 ਤੱਕ ਸ਼ੁਸ਼ੋਭਿਤ ਹਨ। ਗੁਰੂ ਅਰਜਨ ਦੀ ਇਕ ਅਸ਼ਟਪਦੀ ਅੰਕ 869-870 ਤੇ ਅੰਕਿਤ ਹੈ।

ਇਸ ਰਾਗ ਵਿਚਲੀ ਬਾਣੀ ਦਾ ਸਾਰ ਇਹ ਹੈ ਕਿ ਪ੍ਰਭੂ-ਪ੍ਰਮਾਤਮਾ ਹਰ ਥਾਂ ਹਾਜ਼ਰ-ਨਾਜ਼ਰ ਹੈ ਅਤੇ ਮਨੁੱਖੀ ਸ਼ਾਂਤੀ ਪਰਮਸਤਿ ਤੋਂ ਹੀ ਪ੍ਰਾਪਤ ਹੁੰਦੀ ਹੈ। ਪ੍ਰਭੂ ਗੁਣਾਂ ਦੀ ਨਿੱਧੀ ਹੈ, ਜਿਸ ਦੀ ਪ੍ਰਾਪਤੀ ਸਾਧ-ਸੰਗਤਿ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਸਾਧਕ ਨੂੰ ਗੁਰਮੁਖ ਬਣਨ ਦੀ ਪ੍ਰੇਰਨਾ ਦਿੱਤੀ ਹੈ। ਸੱਚੇ ਗੁਰਮੁਖਾਂ ਦੀ ਸੰਗਤ ਨਾਲ ਹੀ ਮਾਨਸਿਕ ਦ੍ਰਿੜ੍ਹਤਾ ਹਾਸਲ ਹੁੰਦੀ ਹੈ। ਅਸਲ ਵਿਚ ਸਭ ਤੋਂ ਸ੍ਰੇਸ਼ਟ ਭਗਤੀ ਪਰਮਾਤਮਾ ਦੀ ਹੀ ਹੈ। ਸੱਚਾ ਧਰਮ, ਹਿੰਦੂ-ਮੁਸਲਮਾਨ ਧਰਮਾਂ ਦੀ ਸੀਮਾ ਤੋਂ ਉੱਚਾ ਹੈ:

*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥*

*—ਗੌਂਡ ਨਾਮ, ੭,੪; ੩-੪ (875)*

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P.: 174
"The Ragmala records Gaund and Gund as putras (Sons) of Siri Raga, but does not give Gond. The possibility exists that Gond is a regional Raga derived from the group of ragas with similar names and characterized by phrases from other ragas, e.g Bilaval, Kanara and Malar. Such names as Gaunda,

Gand, Gounda, Gaundi, Goundgiri, and Gunda appear in classifications from the 11th to the 17th centuries. For those still known today (Gandi, Goundgiri, and Goud) performance rules are abscure. Performance time is late afternoon or early evening and the mood is comtemplative and dignified. Gond was used by Guru Ram Das and Guru Arjan."

# ਘਰੁ

ਘਰ ਦੇ ਲਫ਼ਜ਼ੀ ਅਰਥ ਹਨ ਨਿਵਾਸ-ਸਥਾਨ ਜਾਂ ਗ੍ਰਿਹ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸਿਰਲੇਖ ਬਹੁਤ ਸਾਰੇ ਸ਼ਬਦਾਂ ਨਾਲ ਆਇਆ ਹੈ। 'ਮਹਾਨਕੋਸ਼' ਅਨੁਸਰ ਗੁਰਮਤਿ ਸੰਗੀਤ ਵਿਚ 'ਘਰੁ' ਦੇ ਦੋ ਅਰਥ ਹਨ, ਇਕ ਤਾਲ, ਦੂਜਾ ਸੁਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪਰਸ੍ਪਾਰ ਅਨੁਸਾਰ ਗਾਉਣ ਦੇ ਪ੍ਰਕਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧ ਤੋਂ ੧੭ ਤੀਕ ਘਰ ਲਿਖੇ ਹਨ। ਇਸ ਤੋਂ ਗੱਵਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਸ੍ਵਰ ਪਰਸ੍ਪਾਰ ਅਨੁਸਾਰ ਗਾਓ[1] ਤਾਲ ਜਾਂ ਸੁਰ ਦੇ ਟਿਕਾਣੇ ਦਾ ਨੰਬਰ (ਇਰਾਨੀ ਰਾਗ ਵਿਚ ਦੋ-ਗਾਹ, ਸਿਮ-ਗਾਹ, ਚਹਾਰ-ਗਾਹ ਆਦਿ ਆਉਂਦੇ ਹਨ)[2] ਘਰ ਦਾ ਅਰਥ ਉਹ ਸ਼ਾਸਤਰ ਵੀ ਹੈ, ਜਿਸ ਵਿਚ ਕਿਸੇ ਮਤ ਦੇ ਨੇਮ ਦਰਜ ਹੁੰਦੇ ਹਨ (ਜਿਵੇਂ ਛਿਅ ਘਰ ਛਿਅ ਗੁਰ ਛਿਅ ਉਪਦੇਸ਼)। ਘਰ ਦਾ ਇਕ ਅਰਥ ਰੁਤਬਾ ਜਾਂ ਪਦਵੀ ਵੀ ਹੈ।[3]

'ਘਰੁ' ਬਾਰੇ ਸੰਕੇਤ ਕੇਵਲ ਅੰਕਾਂ ਰਾਹੀਂ ਦਿੱਤੀ ਗਈ ਹੈ; ਜਿਵੇਂ ਘਰੁ ੧, ਘਰੁ ੩, ਘਰ ੫ ਆਦਿ! ਵਿਸ਼ੇਸ਼ ਟਿਪਣੀਆਂ ਰਾਹੀਂ ਵੀ ਕਿਧਰੇ ਕਿਧਰੇ ਸੰਕੇਤ ਕੀਤੇ ਗਏ ਹਨ ਜਿਵੇਂ:—

***ਏਕੁ ਸੁਆਨੁ ਕੈ ਘਰਿ ਗਾਵਣਾ (ਅੰਕ 91)***
***ਯਾਨੜੀਏ ਕੈ ਘਰਿ (ਅੰਕ 802)***
***ਪਹਰਿਆ ਕੈ ਘਰਿ ਗਾਵਣਾ (ਅੰਕ 93)***
***ਰਹੋਏ ਕੇ ਛੰਤ ਕੇ ਘਰਿ (ਅੰਕ 203)***

ਸ਼ਬਦਾਂ ਦੇ ਸਿਰਲੇਖਾਂ ਵਿਚ 'ਘਰੁ' ਨਾਲ ਆਏ ਅੰਕ ੧,੨,੩,੪,੫,੯,੧੭ ਆਦਿ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣ ਹਨ। ਇਹਨਾਂ ਦਾ ਉਚਾਰਣ ਪਹਿਲਾ, ਦੂਜਾ, ਤੀਜਾ, ਚਉਥਾ, ਪੰਜਵਾਂ, ਨਾਵਾਂ ਅਤੇ ਸਤਾਰ੍ਹਵਾਂ ਆਦਿ ਹੈ।[4] ਬਹੁਤ ਸਾਰੇ ਵਿਦਵਾਨਾਂ ਨੇ 'ਘਰੁ' ਬਾਰੇ ਵਖੋ-ਵੱਖਰੇ ਵਿਚਾਰ ਪ੍ਰਗਟ ਕੀਤੇ ਹਨ। ਇਕ ਮਤ ਅਨੁਸਾਰ 'ਘਰੁ' ਤਾਲ ਦਾ ਸੂਚਕ ਸ਼ਬਦ ਹੈ,....ਦੂਜੇ, ਇਸ ਦੀ ਵਰਤੋਂ ਰਾਗ-ਬਧ ਬਾਣੀਆਂ ਦੇ ਪ੍ਰਕਰਣ ਵਿਚ ਹੀ ਹੋਈ ਹੈ, ਇਸ ਲਈ ਇਸ ਦਾ ਸੰਬੰਧ ਤਾਲ ਨਾਲ ਹੈ। ਤੀਜੇ, 'ਘਰੁ' ਅੰਕਣ ਦੀ ਪ੍ਰਥਾ ਈਰਾਨੀ ਤਾਲ-ਪੱਧਤੀ ਦੇ ਅਨੁਰੂਪ ਹੋਈ ਹੈ। ਈਰਾਨ ਦੀ ਤਾਲ ਤਕਨੀਕ ਵਿਚ ਤਾਲ ਦੇ ਵੱਖ-ਵੱਖ ਸਰੂਪਾਂ ਨੂੰ ਇਕ ਗਾਹ, ਦੋ ਗਾਹ ਆਦਿ ਆਖਿਆ ਗਿਆ ਹੈ।[5] ਕਈ ਤਾਂ 'ਘਰੁ' ਨੂੰ 'ਤਾਲ-ਸੂਚਕ' 'ਗ੍ਰਾਮ-ਸੂਚਕ' ਆਦਿ ਤੱਕ ਮੰਨਦੇ ਹਨ। ਕਈ ਵਿਦਵਾਨਾਂ ਨੇ 'ਘਰੁ' ਨੂੰ ਸੰਸਕ੍ਰਿਤ[6] ਦਾ ਮੂਲ ਵੀ ਦੱਸਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 441

2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ), ਪੂਰਵ ਅੰਕਤ, ਅੰਕ 14
3. ਪੰਜਾਬੀ ਸਾਹਿਤ ਕੋਸ਼ (ਭਾਗ ਦੂਜਾ), ਪੂਰਵ ਅੰਕਤ, ਅੰਕ 301
4. ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ (ਭਾਗ ੧) ਬਾਣੀ ਬਿਉਰਾ, ਪੂਰਵ ਅੰਕਤ, ਅੰਕ 43
5. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 460
6. **The Encyclopeadia of sikhism (Vol II),** op.cit, P: 68-69
"Gharu, ordinarily an equivalent of 'house' or 'home' here indicates a variant or style of a raga corresponding to variation in metre, pitch, rhythm and lai. Lai (Sanskrit laya) is a term in Indian musicology signifying timing or speed, Lai figures in three varieties, viz druta (quick), madhya (mean or moderate) and vilambita (slow). Interestingly, the sanskrit laya also means "rest, repose' as well as a place of rest, residence, house, dwelling", latter being synomymous with ghar in Hindi and Punjabi. This explains the use of ghar for musical variations in the sikh scripture. In Iranian music, the persian word gah (time, place) is used for various musical notes such as dugah and sih-gah in the same sense".

# ਘੋੜੀਆਂ

'ਘੋੜੀ' ਵਿਆਹ ਨਾਲ ਸੰਬੰਧਤ ਇਕ ਕਾਵਿ-ਰੂਪ ਹੈ। ਗੁਰੂ ਨਾਨਕ ਦੇ ਸਮੇਂ ਇਸ ਕਾਵਿ-ਰੂਪ ਦੀ ਮਕਬੂਲੀਅਤ ਕਾਰਨ ਬਾਣੀਕਾਰਾਂ ਨੇ ਗੁਰਮਤਿ ਸਿਧਾਂਤਾਂ ਦੇ ਸੰਚਾਰ ਲਈ, ਇਸ ਨੂੰ ਵਰਤਿਆ। ਗੁਰੂ ਰਾਮਦਾਸ ਨੇ ਇਸੇ ਕਾਵਿ-ਰੂਪ ਵਿਚ 'ਘੋੜੀਆਂ' ਦੀ ਰਚਨਾ ਕੀਤੀ ਜੋ ਅੰਕ 575 ਤੇ ਅੰਕਿਤ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ:੧੯) ਗੁਰੂ ਸਾਹਿਬ ਨੇ ਇਨ੍ਹਾਂ ਘੋੜੀਆਂ ਵਿਚ ਸਰੀਰ ਦੀ ਮਹਿਮਾ ਪੇਸ਼ ਕਰ ਕੇ ਜੀਵਾਤਮਾ ਨੂੰ ਪਰਮਸੱਤਾ ਨਾਲ ਮਿਲਾਣ ਲਈ ਵਿਸ਼ੇਸ਼ ਉਲੇਖ ਕੀਤਾ ਹੈ। ਇਹੋ ਅਧਿਆਤਮਿਕ ਘੋੜੀਆਂ ਜੀਵਾਤਮਾ/ਅਕਾਲ ਪੁਰਖ ਦਾ ਮੇਲ ਅੰਨਦ ਤੇ ਖੁਸ਼ੀ ਦਾ ਅਵਸਰ ਬਖ਼ਸ਼ਣ ਦਾ ਪੁੱਲ ਬਣਦੀਆਂ ਹਨ।

ਲਾੜੇ ਦੇ ਘੋੜੀ ਚੜ੍ਹਨ ਸਮੇਂ ਇਹ ਗੀਤ ਗਾਇਆ ਜਾਂਦਾ ਹੈ। ਉਸ ਗੀਤ ਦੀ ਧਾਰਨ ਉੱਤੇ ਇਹ ਦੋ ਸ਼ਬਦ ਰਚੇ ਗਏ ਹਨ। ਇਨ੍ਹਾਂ ਵਿਚ ਦੇਹ ਰੂਪੀ ਘੋੜੀ ਉੱਤੇ ਚੜ੍ਹ ਕੇ, ਸਾਧ-ਸੰਗਤ ਦੀ ਜੰਞ ਲੈ ਕੇ, ਸੰਸਾਰ ਦਾ ਬਿਖੜਾ ਰਸਤਾ ਕਟਣਾ ਅਤੇ ਅੰਤ ਹਰੀ ਨਾਲ ਮਿਲਾਪ ਕਰਨਾ ਦੱਸਿਆ ਹੈ। ਦੋਹਾਂ ਸ਼ਬਦਾਂ ਵਿਚ ਪਹਿਲਾਂ ਦੇਹ ਨੂੰ ਸੋਹਣੀ ਸਜੀ ਹੋਈ ਘੋੜੀ ਦਾ ਅਲੰਕਾਰ ਦਿੱਤਾ ਹੈ। ਫਿਰ ਮਨ ਦੇ ਕਾਬੂ ਕਰਨ ਦੇ ਸਾਧਨਾਂ ਨੂੰ ਲਗਾਮ ਤੇ ਚਾਬਕ ਦੱਸ ਕੇ ਐਸੀ ਸਵਾਰੀ ਨੂੰ ਧੰਨ ਕਿਹਾ ਹੈ ਜਿਸ ਨਾਲ ਅੰਤ ਪਿਆਰੇ ਨਾਲ ਮੇਲ ਹੁੰਦਾ ਹੈ।[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਾਦੀ ਦੇ ਮੌਕੇ ਬਰਾਤ ਨੂੰ ਡੇਰਾ ਦੇਣ ਪਿਛੋਂ ਵਿਆਹ ਸੰਸਾਰ ਤੋਂ ਪਹਿਲਾਂ ਦੁਲਹਾ (ਲਾੜੇ) ਨੂੰ ਘੋੜੀ ਪੁਰ ਸਵਾਰ ਕਰਾਕੇ ਦੁਲਹਨਿ (ਲਾੜੀ) ਦੇ ਘਰ ਲੈ ਜਾਂਦੇ ਹਨ, ਇਸ ਦਾ ਨਾਉਂ ਘੋੜੀ ਦੀ ਰਸਮ ਹੈ। ਕਈ ਥਾਈਂ ਲਾੜੇ ਦੇ ਘਰੋਂ ਜੰਞ ਤੁਰਨ ਵੇਲੇ ਵੀ ਘੋੜੀ ਦੀ ਰਸਮ ਹੁੰਦੀ ਹੈ। ਉਸ ਸਮੇਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਦੀ ਸੰਗਯਾ 'ਘੋੜੀਆਂ' ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਗੰਦੇ ਗੀਤਾਂ ਦੀ ਕੁਰੀਤੀ ਨੂੰ ਦੂਰ ਕਰਨ ਲਈ 'ਘੋੜੀਆਂ' ਸਿਰਲੇਖ ਹੇਠ ਵਡਹੰਸ ਰਾਗ ਵਿਚ ਬਾਣੀ ਰਚੀ ਹੈ, ਜਿਸ ਵਿਚ ਲੋਕ-ਪ੍ਰਲੋਕ ਵਿਚ ਸੁਖ-ਪ੍ਰਾਪਤੀ ਦਾ ਉਪਦੇਸ਼ ਹੈ।[2] ਘੋੜੀ[3] ਦੇ ਕੋਸ਼ਗਤ ਅਰਥ ਵੀ ਅਨੇਕ ਹਨ। ਲੜਕੇ ਦੇ ਵਿਆਹ ਸਮੇਂ ਗਾਉਣ ਵਾਲਾ ਇਕ ਲੋਕ ਗੀਤ ਹੈ। ਵਿਆਹ ਦੇ ਸ਼ੁਭ ਅਵਸਰ ਜੰਞ ਦੇ ਤੁਰਨ ਸਮੇਂ ਲਾੜੇ ਨੂੰ ਘੋੜੀ ਉੱਤੇ ਚੜ੍ਹਾਇਆ ਜਾਂਦਾ ਹੈ। ਉਸ ਸਮੇਂ ਲਾੜੇ ਦੀਆਂ ਭੈਣਾਂ, ਚਾਚੀਆਂ, ਤਾਈਆਂ ਖੁਸ਼ੀ ਵਿਚ ਜੋ ਗੀਤ ਗਾਉਂਦੀਆਂ ਹਨ, ਉਨ੍ਹਾਂ ਨੂੰ ਘੋੜੀਆਂ ਆਖਿਆ ਜਾਂਦਾ ਹੈ। ਇਨ੍ਹਾਂ ਗੀਤਾਂ ਵਿਚ ਖੁਸ਼ੀ ਅਤੇ ਚਾਉ ਦਾ ਕੋਈ ਪਾਰਾਵਾਰ ਨਹੀਂ ਰਹਿੰਦਾ। ਭੈਣਾਂ ਘੋੜੀ ਦੀ ਵਾਗ ਫੜਦੀ ਹੈ ਅਤੇ ਭਰਜਾਈਆਂ ਦਿਉਰ ਨੂੰ ਅੱਖਾਂ ਵਿਚ ਸੁਰਮਾ ਪਾਉਂਦੀਆਂ ਹਨ। ਇਸੇ ਸਮੇਂ ਸ਼ਗਨਾਂ ਦੇ ਗੀਤ ਗਾ ਕੇ ਖੁਸ਼ੀ ਮਹਿਸੂਸਦੇ ਹਨ। ਇਸੇ ਕਾਵਿ-ਰੂਪ ਤੋਂ ਪ੍ਰੇਰਿਤ ਹੋ ਕੇ ਗੁਰੂ ਰਾਮਦਾਸ ਨੇ ਦੋ ਘੋੜੀਆਂ (ਅੰਕ 575-576) ਦੀ ਰਚਨਾ ਕੀਤੀ ਹੈ। ਘੋੜੀਆਂ ਇਕ ਪ੍ਰਤੀਕਾਤਮਕ ਰਚਨਾ ਹੈ।

ਗੁਰੂ ਰਾਮਦਾਸ ਵਲੋਂ ਰਚਿਤ ਇਹ ਘੋੜੀਆਂ ਅਧਿਆਤਮ ਭਾਵ ਬੋਧ ਦੀਆਂ ਲਖਾਇਕ ਹਨ। ਮਨੁੱਖੀ ਦੇਹ ਦੇ ਸਰੂਪ ਵਿਚ ਘੋੜੀ ਦੇ ਪ੍ਰਤੀਕ ਭੌਤਿਕ ਤੋਂ ਪਰਾਭੌਤਿਕ ਦਾ ਸਫ਼ਰ ਤਹਿ

ਕਰਦਿਆਂ ਜੀਵ-ਆਤਮਾ ਨੂੰ ਪਰਮਾਤਮਾ ਦੇ ਆਤਮਬੋਧ ਉਪਰੰਤ ਖੁਸ਼ੀ ਅਤੇ ਅਨੰਦ ਦੀ ਅਨੁਭੂਤੀ ਹੁੰਦੀ ਹੈ।[4] ਇਨ੍ਹਾਂ ਘੋੜੀਆਂ ਵਿਚ ਗੁਰੂ ਸਾਹਿਬ ਨੇ ਮਨੁੱਖੀ ਦੇਹ ਨੂੰ ਘੋੜੀ ਅਤੇ ਜੀਵਾਤਮਾ ਨੂੰ ਲਾੜਾ ਕਲਪਿਤ ਕੀਤਾ ਹੈ। ਲੋਕ-ਪ੍ਰਲੋਕ ਵਿਚ ਸੁਖ ਪ੍ਰਾਪਤੀ ਦਾ ਮਾਰਗ ਦਰਸ਼ਨ ਕੀਤਾ ਹੈ। ਦੇਹ ਰੂਪੀ ਘੋੜੀ ਉੱਤੇ ਚੜ੍ਹਨ ਅਤੇ ਬਿਖੜੇ ਪੈਂਡਿਆਂ ਨੂੰ ਪਾਰ ਕਰ ਕੇ ਪਰਮਸਤਿ ਨਾਲ ਮਿਲਾਪ ਕਰਦਾ ਦੱਸਿਆ ਗਿਆ ਹੈ। ਘੋੜੀਆਂ ਸਮਾਜਿਕ ਰੀਤ ਦੀ ਆਰਸੀ ਹੈ। ਪੰਜਾਬੀ ਸਭਿਆਚਾਰ ਵਿਚ ਵਿਆਹ ਸੰਸਕਾਰ ਤੋਂ ਪਹਿਲਾਂ ਲਾੜੇ ਨੂੰ ਘੋੜੀ ਉਤੇ ਸਵਾਰ ਕਰਕੇ ਦੁਹਲਨ ਦੇ ਘਰ ਲੈ ਜਾਂਦੇ ਹਨ, ਉਸ ਨੂੰ 'ਘੋੜੀ' ਕਿਹਾ ਜਾਂਦਾ ਹੈ।

ਵਡਹੰਸ ਰਾਗ ਅਧੀਨ ਨਿਬੱਧ, ਸਰੰਚਨਾ ਦੇ ਨਜ਼ਰੀਏ ਤੋਂ ਇਹ ਰਚਨਾ ਚਾਰ ਬੰਦਾਂ ਦੀ ਹੈ। ਹਰ ਬੰਦ ਦੀਆਂ ਤੁਕਾਂਤਕ ਛੇ ਤੁਕਾਂ ਹਨ ਜੋ ਸੰਗੀਤਾਤਮਿਕ ਬਾਣੀ ਦੇ ਗਾਇਨ ਸਮੇਂ ਵਿਸ਼ੇਸ਼ ਸਹਾਈ ਹੁੰਦੀ ਹੈ। ਲੋਕ-ਗੀਤ ਦੀ ਧਾਰਨਾ ਉੱਤੇ ਗਾਇਨ ਇਹ ਬਾਣੀ ਰਸਤਾਮਿਕਤਾ ਦੇ ਰੂਬਰੂ ਲੈਆਤਮਿਕਤਾ ਮੰਡਲ ਦੀ ਆਕਾਸੀ ਕਰਦੀ ਹੈ। ਸੰਸਾਰੀ ਖੁਸ਼ੀ ਨੂੰ ਰੂਹਾਨੀ ਅਨੰਦ ਦੇ ਸੁਹਜ ਰਾਹੀਂ ਰੂਪਾਂਤਰਿਤ ਕੀਤਾ ਗਿਆ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਥੇ ਗੁਰੂ-ਕਵੀ ਨੇ ਲੋਕ ਗੀਤ ਘੋੜੀ ਦੀ ਨਿਰੀ ਧਾਰਨਾ ਨੂੰ ਹੀ ਨਹੀਂ ਅਪਣਾਇਆ, ਸਗੋਂ ਲਾੜੇ ਦੇ ਘੋੜੀ ਉੱਤੇ ਚੜ੍ਹਨ ਦੇ ਪ੍ਰਕਾਰਜ ਵਾਲੇ ਰੂਪਕ ਰਾਹੀਂ ਦੇਹ ਰੂਪੀ ਘੋੜੀ ਉੱਤੇ ਸਵਾਰ ਸਾਧਕ ਨੂੰ ਮਿਲਾਪ ਦੇ ਮਾਰਗ ਉੱਪਰ ਅੱਗੇ ਤੋਰਿਆ ਹੈ ਅਤੇ ਸਾਧ-ਸੰਗਤਿ ਨੇ ਜੰਞ ਦੀ ਭੂਮਿਕਾ ਨਿਭਾਈ ਹੈ। ਮਨ ਨੂੰ ਕਾਬੂ ਕਰਨ ਲਈ 'ਗੁਰੂ' ਨੇ ਘੋੜੀ ਦੇ ਮੂੰਹ ਵਿਚ ਲਗਾਮ ਪਾਈ ਹੋਈ ਹੈ। ਘੋੜੀ ਨੂੰ ਅਨੁਸ਼ਾਮਿਤ ਕਰਨ ਲਈ ਪ੍ਰੇਮ ਦੀ ਚਾਬਕ ਵਰਤੀ ਜਾ ਰਹੀ ਹੈ। ਇਸ ਤਰ੍ਹਾਂ ਬਰਾਤ ਸਹਿਤ ਲਾੜੇ (ਸਾਧਕ) ਦਾ ਸੰਸਾਰ ਦੇ ਬਿਖੜੇ ਮਾਰਗ ਉੱਤੇ ਚਲਦਿਆਂ, ਪਰਮਸੱਤਾ ਨਾਲ ਮਿਲਾਪ ਹੋ ਜਾਂਦਾ ਹੈ।[5]

ਇਹ ਕਾਵਿ ਰੂਪ ਘੋੜੀਆਂ[6], ਲੋਕ-ਮਾਨਸ ਦੀ ਅਭਿਵਿਅਕਤੀ ਨਾਲ ਬੁੱਝੇ ਹੋਏ ਹਨ ਜਿਨ੍ਹਾਂ ਦਾ ਆਪਣਾ ਵੱਡਾ ਪਾਸਾਰਾ ਤੇ ਵਿਸਤ੍ਰਿਤ ਹੈ। ਇਹ ਆਪਣੇ ਆਪ ਵਿਚ ਵਿਸ਼ਿਸ਼ਟ ਗੀਤ ਦਾ ਰੂਪ ਗ੍ਰਹਿਣ ਕਰਦੇ ਹਨ ਅਤੇ ਸਹਿਜ ਰੂਪ ਵਿਚ ਬਾਣੀ ਦੇ ਸੰਦੇਸ਼ ਨੂੰ ਸੰਚਾਰਿਤ ਕਰਨ ਦਾ ਮੁੱਢ ਬੰਨ੍ਹਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ)**, ਪੂਰਵ ਅੰਕਤ, ਅੰਕ 575
2. **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 447
3. ਘੋੜੇ ਦੀ ਮਦੀਨ, ਸਿਤਾਰ ਵਰਗਾ ਕੋਈ ਸਾਜ਼ ਟਿਕਾਉਣ ਲਈ ਬਣਾਈ ਟਿਕਟਿਕੀ, ਲੱਕੜ ਦੀ ਤਿਪਾਈ, ਵਿਆਹ ਸਮੇਂ ਗਾਇਆ ਜਾਣ ਵਾਲਾ ਇਕ ਪ੍ਰਕਾਰ ਦਾ ਗੀਤ, ਆਦਿਕ।
4. **ਖੋਜ ਪਤ੍ਰਿਕਾ-ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ**, ਪੂਰਵ ਅੰਕਤ, ਅੰਕ 9
5. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**, ਪੂਰਵ ਅੰਕਤ, ਅੰਕ 463
6. **The Encyclopeadia of sikhism (Vol II)**, op.cit, P: 70

"The ghorian hymns, composed by Guru Ram Das, are lyrics of exquisite beauty, woven round images and symbols, appropriate to the occasion of marriage, more particularly, to the ceremony of ghori or mare-riding. These hymns hold that human life is precious opportunity to get united to God as marriage is the opportunity to get united with bride. The human body is the mare, riding which the seekar of God could successfully and victoriously reach his goal. The mind is to be harnessed, conqured and controlled, just as the mare is controlled by the saddle and bridle."

# ਚਉਪਦੇ

ਛੰਦ-ਵਿਧਾਨ ਵਿਚ 'ਚਉਪਦਾ' ਕੋਈ ਖਾਸ ਛੰਦ ਨਹੀਂ, ਸਗੋਂ ਚਾਰ ਪਦਿਆਂ ਵਾਲੀ ਰਚਨਾ 'ਚਉਪਦਾ' (ਚਉ-ਪਦਾ) ਅਖਵਾਉਂਦੀ ਹੈ। 'ਪਦਾ' ਤੋਂ ਭਾਵ ਹੈ ਤੁਕ ਜਾਂ ਤੁਕ-ਸਮੂਹ। ਇਹ ਚਉਪਦੇ ਗੁਰਬਾਣੀ ਅੰਤਰ ਨਿਹਤ ਕਾਵਿ-ਰੂਪ ਦੇ ਅੰਤਰਗਤ ਬਹੁ-ਪਾਸਾਰਾਂ ਵਾਲੇ ਵੱਖ-ਵੱਖ ਰਾਗਾਂ ਅਧੀਨ ਸੰਕਲਿਤ ਹਨ। ਇਸ ਵਿਚ ਅਨੇਕ ਭਾਂਤ ਦੀਆਂ ਬਹਰਾਂ ਦਾ ਪ੍ਰਯੋਗ ਵੀ ਪ੍ਰਤੱਖ ਤੌਰ ਤੇ ਦ੍ਰਿਸ਼ਟਮਾਨ ਹੋਇਆ ਹੈ। ਇਸ ਛੰਦ-ਪ੍ਰਬੰਧ ਅਧੀਨ ਅਨੇਕ ਪ੍ਰਕਾਰ ਦੇ ਛੰਦ ਆਏ ਹਨ ਜਿਨ੍ਹਾਂ ਦੀ ਵਰਤੋਂ ਬਾਣੀਕਾਰਾਂ ਨੇ ਬਾ-ਖ਼ੂਬੀ ਕੀਤੀ ਹੈ। ਇਸ ਨੂੰ 'ਬੰਦ' ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਆਏ ਚਉਪਦਿਆਂ ਦੀਆਂ ਤੁਕਾਂ ਦਾ ਜੋੜ ਇਕ ਤੋਂ ਚਾਰ ਤੱਕ ਹੈ। ਇਸੇ ਕਾਰਨ ਇਨ੍ਹਾਂ ਦੀ ਵਿਸ਼ੇਸ਼ ਸੰਗਿਆ ਇਕ ਤੁਕਾ, ਦੁ ਤੁਕਾ, ਤ੍ਰਿਤੁਕਾ ਅਤੇ ਚਉਤੁਕਾ ਹੋ ਗਈ ਹੈ। 'ਪਦ' ਸ਼ੈਲੀ ਨੂੰ ਗੁਰਮਤਿ ਸੰਗੀਤ ਦੀ ਪ੍ਰਧਾਨ ਸ਼ੈਲੀ ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ ਚਾਰ ਤੋਂ ਛੋਟੇ ਜਾਂ ਵੱਡੇ ਪਦਿਆਂ ਵਾਲੇ ਸਮੂਹ ਨੂੰ ਦੁਪਦਾ, ਤ੍ਰਿਪਦਾ, ਚਉਪਦਾ, ਪੰਚਪਦਾ, ਛਿਪਦਾ ਆਦਿ ਆਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਚਉਪਦਿਆਂ ਦੀ ਪ੍ਰਧਾਨਤਾ ਕਾਰਨ ਇਨ੍ਹਾਂ ਨੂੰ 'ਚਉਪਦਾ' ਸਿਰਲੇਖ ਹੇਠ ਅੰਕਿਤ ਕੀਤਾ ਗਿਆ ਹੈ। ਇਨ੍ਹਾਂ ਨੂੰ 'ਸ਼ਬਦ' ਦੀ ਵਿਸ਼ੇਸ਼ ਸੰਗਿਆ ਵੀ ਦਿੱਤੀ ਜਾਂਦੀ ਹੈ। ਬਾਣੀਕਾਰਾਂ ਨੇ ਆਮ ਤੌਰ ਤੇ ਆਕਾਰ-ਪੱਖ ਤੋਂ ਪਦ-ਸਮੁੱਚ ਦੇ ਸਰੂਪ ਵਿਚ ਖੁਲ ਲਈ ਹੈ। ਹਰ ਸਮੁੱਚ ਆਪਣੇ ਆਪ ਵਿਚ ਸੰਪੂਰਣ ਆਕਾਰ ਸਿਰਜਦਾ ਹੈ। ਇਨ੍ਹਾਂ ਸਾਰੇ ਪਦਿਆਂ ਵਿਚ ਕਿਸੇ ਧਾਰਮਿਕ, ਰੂਹਾਨੀ, ਦਾਰਸ਼ਨਿਕ ਅਨੁਭਵ ਦਾ ਪੈਰਾਡਾਈਮ ਪ੍ਰਸਤੁਤ ਕੀਤਾ ਹੁੰਦਾ ਹੈ, ਜੋ ਰਹਸਾਤਮਕ ਅਨੁਭੂਤੀ ਦਾ ਚਾਨਣ ਬਖੇਰਦੀ ਹੈ। ਗੁਰੂ ਅਰਜਨ ਦਾ ਇੱਕ ਪ੍ਰਸਿੱਧ ਚਉਪਦਾ[1] ਪਾਠਕਾਂ ਦੇ ਮਨਾਂ ਵਿਚ ਵੱਸ ਚੁੱਕਿਆ ਹੈ। ਇਕ ਵਿਦਵਾਨ ਨੇ ਸਿਰੀਰਾਗ ਵਿਚ ਮਹਲਾ ੧, ੩, ੪, ਅਤੇ ੫ ਦੇ ਤਿਪਦਿਆਂ, ਚਉਪਦਿਆਂ ਅਤੇ ਪੰਚਪਦਿਆਂ ਦਾ ਜੋੜ ੧੦੦[2] ਦਿੱਤਾ ਹੈ। ਕਈਆਂ[3] ਨੇ ਇਸ ਦਾ ਸੰਬੰਧ ਭਗਤੀ-ਕਾਵਿ ਨਾਲ ਜੋੜਿਆ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ:੩੩)

## ਪਗ ਟਿਪਣੀਆਂ ਅਤੇ ਹਵਾਲੇ

1. ਮੇਰਾ ਮਨੁ ਲੋਚੈ ਗੁਰ ਦਰਸਨ ਤਾਈਂ।
   ਬਿਲਪ ਕਰੇ ਚਾਤ੍ਰਿਕ ਕੀ ਨਿਆਈ
   ਤ੍ਰਿਖਾ ਨ ਉਤਰੈ ਸਾਂਤਿ ਨ ਆਵੈ,
   ਬਿਨ ਦਰਸਨ ਸੰਤ ਪਿਆਰੇ ਜੀਉ ॥੧॥
   ਹਉ ਘੋਲੀ ਜੀਉ ਘੋਲਿ ਘੁਮਾਈ,
   ਗੁਰਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ

2. **ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ** (ਭਾਗ ੧), ਪੂਰਵ ਅੰਕਤ, ਅੰਕ 45

| ਕਾਵਿ ਸ਼੍ਰੇਣੀ | ਮ:੧ | ਮ:੩ | ਮ:੪ | ਮ:੫ | ਜੋੜ |
|---|---|---|---|---|---|
| ਤਿਪਦੇ | ੨ | ੧ | — | — | ੩ |
| ਚਉਪਦੇ | ੨੮ | ੨੬ | ੬ | ੩੦ | ੯੦ |
| ਪੰਜਪਦੇ | ੩ | ੪ | — | — | ੭ |
| ਕੁਲ ਜੋੜ | ੩੩ | ੩੧ | ੬ | ੩੦ | ੧੦੦ |

ਜਿਵੇਂ ਕਿ ਉਪਰ ਅੰਕਿਤ ਸਵਿਸਥਾਰ ਸੂਚਨਾ ਤੋਂ ਸਪਸ਼ਟ ਹੈ, ਕੁਲ ੧੦੦ ਸ਼ਬਦਾਂ ਵਿਚੋਂ ੩ ਤਿਪਦੇ, ੯੦ ਚਉਪਦੇ ਅਤੇ ੭ ਪੰਚਪਦੇ ਹਨ, ਪਰ ਖਾਰੀ ਸ਼ਾਖ ਦੀਆਂ ਬੀੜਾਂ ਵਿਚ ਅੰਕਿਤ 'ਜੁਮਲੇ' ਵਿਚ ਇਹਨਾਂ ਸਾਰਿਆਂ ਨੂੰ ਸਮੁੱਚੇ ਤੌਰ 'ਤੇ 'ਚਉਪਦੇ' ਸੰਗਯਾ ਦਿੱਤੀ ਹੋਈ ਹੈ। ਇਸ (ਖਾਰੀ) ਸ਼ਾਖ ਦੀਆਂ ਬੀੜਾਂ ਵਿਚ ਸਿਰੀਰਾਗ ਦੀ ਵਾਰ ਤੋਂ ਉਪਰੰਤ 'ਜੁਮਲਾ' ਇਸ ਪ੍ਰਕਾਰ ਹੈ:

"੨੧ ॥੧ ॥, ਸਲੋਕ ਵਾਰਾਂ ਨਾਲਿ ॥੪੩ ॥, ॥੧ ॥
ਚਉਪਦੇ ੧੦੦ ॥, ਅਸ਼ਟਪਦੀਆਂ ੨੭ ॥,
ਸ਼ਬਦ ਤਥਾ ਛੰਤ ਤਥਾ ਪਹਰੇ ਤਥਾ ਵਣਜਾਰਾ ॥੧੦ ॥
ਤਿਨ ਕਾ ਜੋੜ ਸਿਰੀਰਾਗ ਕਾ ॥੧੩੮ ॥ ਜੁਮਲਾ ॥

3. **ਗੁਰੂ ਗ੍ਰੰਥ ਸੰਕੇਤ ਕੋਸ਼**, ਪੂਰਵ ਅੰਕਤ, ਅੰਕ 232

"ਲਗਭਗ ਸਾਰੇ ਰਾਗਾਂ ਵਿਚ ਪਦ-ਕਾਵਿ ਰੂਪ ਨੂੰ ਪ੍ਰਯੁਕਤ ਕੀਤਾ ਗਿਆ ਹੈ ਜਿਸ ਦਾ ਗਾਇਨ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵ ਹੈ। ਭਗਤੀ-ਕਾਵਿ ਦੇ ਅਰੰਭਿਕ ਸਮੇਂ ਨੂੰ ਵਾਚੀਏ, ਤਾ ਵੈਸ਼ਨਵ ਲੋਕ ਵਿਸ਼ਨੂੰ ਪਦਿਆਂ ਦਾ ਗਾਇਨ ਕਰਦੇ ਸਨ, ਇਸੇ ਕਰਕੇ ਪਿਛੇ ਜਾ ਕੇ ਉਸਤਤੀ ਗੀਤਾਂ ਨੂੰ ਬਿਸ਼ਨ ਪਦੇ ਯਾ ਪਦੇ ਆਖਿਆ ਗਿਆ। ਭਗਤੀ ਲਹਿਰ ਸਮੇਂ ਸੰਤਾਂ ਦੇ ਉਚਾਰੇ ਅਧਿਆਤਮਿਕ ਗੀਤ ਪਦੇ ਹੀ ਅਖਵਾਏ।"

# ਚਉਤੁਕਾ

'ਚਉਤੁਕਾ' ਚਾਰ ਪਦਾਂ ਵਾਲੇ ਛੰਦ ਨੂੰ ਆਖਦੇ ਹਨ। 'ਪੰਜਾਬੀ ਸਾਹਿਤ ਕੋਸ਼' ਅਨੁਸਾਰ ਇਹ ਚੋਪਈ ਜਾਂ ਚੌਬਰਗੇ ਤੋਂ ਵੱਖਰਾ ਹੁੰਦਾ ਹੈ, ਕਿਉਂਕਿ ਇਸ ਵਿਚ ਮਾਤਰਾਂ ਦੀ ਗਿਣਤੀ ਨਾ ਹੀ ਚੋਪਈ ਵਾਂਗ ਹੁੰਦੀ ਹੈ ਅਤੇ ਨਾ ਹੀ ਕੋਈ ਹੋਰ ਗਿਣਤੀ ਨਿਸ਼ਚਿਤ ਹੈ।[1]

ਗੁਰੂ ਗ੍ਰੰਥ ਸਾਹਿਬ ਵਿਚ 'ਚਉਤੁਕੇ' ਦੀ ਗਿਣਤੀ ਵੀ ਵੱਡੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਪੰਜਾਬੀ ਸਾਹਿਤ ਕੋਸ਼**, ਪੂਰਵ ਅੰਕਤ, ਅੰਕ: 25

# ਚਉਬੋਲੇ

ਗੁਰੂ ਗ੍ਰੰਥ ਸਾਹਿਬ ਦੇ ਅੰਕ 1363–1364 ਤੱਕ ਗੁਰੂ ਅਰਜਨ ਦੇ ਉਚਾਰਨ ਕੀਤੇ 11 ਚਉਬੋਲੇ ਹਨ, ਜਿਨ੍ਹਾਂ ਦਾ ਛੰਦ ਦੋਹਿਰਾ ਹੈ ਪਰ ਨਾਮ ਚਉਬੋਲਾ ਹੀ ਹੈ। 'ਚਉਬੋਲਾ' ਇਕ ਵਚਨ ਸ਼ਬਦ ਹੈ ਅਤੇ 'ਚਉਬੋਲੇ' ਬਹੁ-ਵਚਨ ਹੈ। ਇਹ ਇਕ ਤਰ੍ਹਾਂ ਦਾ ਲੋਕ-ਗੀਤ ਹੈ ਜਿਸ ਵਿਚ ਪ੍ਰੇਮ-ਭਾਵਨਾ ਦਾ ਗੂੜ੍ਹਾ ਰੰਗ ਵਧੇਰੇ ਰੂਪ ਵਿਚ ਦ੍ਰਿਸ਼ਟੀ ਗੋਚਰ ਹੁੰਦਾ ਹੈ।

'ਚਉਬੋਲੇ' ਬਾਰੇ ਵਿਦਵਾਨ ਚਿੰਤਕਾਂ ਦੇ ਭਿੰਨ ਭਿੰਨ ਵਿਚਾਰ ਹਨ। ਕਈ ਚਾਰ ਵੱਖ ਵੱਖ ਭਾਸ਼ਾਵਾਂ ਦੇ ਮੇਲ ਨੂੰ 'ਚਉਬੋਲਾ' ਆਖਦੇ ਹਨ। ਕਈ ਅੱਡ ਅੱਡ ਤੁਕਾਂਤਾਂ ਵਾਲੇ ਸਵੈਯੇ ਨੂੰ ਹੀ 'ਚਉਬੋਲਾ' ਆਖਦੇ ਹਨ। 'ਚਉਬੋਲੇ' ਰਾਗਬੱਧ ਬਾਣੀਆਂ ਤੋਂ ਤੁਰੰਤ ਬਾਅਦ ਸੰਕਲਿਤ ਬਾਣੀਆਂ ਵਿਚ ਚੌਥੇ ਸਥਾਨ ਤੇ ਦਰਜ ਹਨ। ਕਈ ਵਿਦਵਾਨਾਂ[1] ਨੇ 'ਚਾਰ ਤੁਕਾਂ' ਹੋਣ ਕਾਰਨ ਇਸ ਨੂੰ 'ਮਾਤਰਿਕ ਛੰਦ' ਦੱਸਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਇਸ ਦੇ ਅੱਠ[2] ਰੂਪ ਦੱਸਦੇ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ ਚਉਬੋਲਾ ਚਾਰ ਤੁਕਾਂ ਦਾ ਇਕ ਅਜਿਹਾ ਛੰਦ ਹੁੰਦਾ ਹੈ ਜਿਸ ਦੇ ਆਮ ਤੌਰ ਤੇ ਸੱਤ ਜਾਂ ਅੱਠ ਭੇਦ ਮੰਨੇ ਜਾਂਦੇ ਹਨ, ਇਕ ਰੂਪ ਚੌਪਈ ਵਾਲਾ ਹੁੰਦਾ ਹੈ। ਇਸ ਦੀਆਂ 15 ਮਾਤ੍ਰਾਵਾਂ ਹੁੰਦੀਆਂ ਹਨ। ਅੰਤ ਲਘੂ ਗੁਰੂ (15) ਹੁੰਦਾ ਹੈ।[3]

ਪਿੰਗਲ-ਸ਼ਾਸਤ੍ਰ ਵਿਚ ਪ੍ਰਬੀਨ ਵਿਦਵਾਨ 'ਚਉਬੋਲੇ' ਨੂੰ ਖਾਸ ਛੰਦ ਮੰਨਦੇ ਹਨ। 'ਸ਼ਬਦਾਰਥ' ਦੇ ਕਰਤਾ ਅਨੁਸਾਰ, ਇਹ ਚਾਰ ਸਿਖਾਂ (ਸੰਮਨ, ਮੂਸਨ, ਜਮਾਲ, ਪਤੰਗ) ਪ੍ਰੇਮੀਆਂ ਦੇ ਪ੍ਰਥਾਇ ਉਚਾਰੇ ਬਚਨਾਂ ਕਾਰਨ ਇਸ ਦੀ ਸੰਗਯਾ 'ਚਉਬੋਲਾ' ਹੋਈ ਹੈ।[4]

ਇਹ ਵਿਸਮਾਦੀ ਰੰਗ ਦੀ ਅਤਿਅੰਤ ਸੂਖਮ ਬਾਣੀ ਹੈ। ਜਿਸ ਵਿਚ ਪ੍ਰਭੂ-ਪ੍ਰੇਮ ਭਗਤੀ ਨੂੰ ਉੱਤਮ ਮੰਨਿਆ ਗਿਆ ਹੈ। ਜੀਵ ਸੰਸਾਰੀ ਧੰਦਿਆਂ ਵਿਚ ਗੁਲਤਾਨ ਹੋ ਕੇ ਪ੍ਰਭੂ ਨੂੰ ਵਿਸਾਰ ਦੇਂਦਾ ਹੈ, ਜਿਸ ਕਾਰਨ ਪ੍ਰਭੂ-ਪ੍ਰੇਮ ਦੀ ਅਦ੍ਵੈਤ-ਅਵਸਥਾ ਪ੍ਰਾਪਤ ਨਹੀਂ ਕਰ ਸਕਦਾ। ਅਸਲੋਂ ਪ੍ਰਭੂ-ਪਗ ਨਾਲ ਸਥਾਈ ਅਤੇ ਗਹਿਰੇ ਸੰਬੰਧ ਜੋੜ ਕੇ ਆਤਮਾ ਨੂੰ ਤ੍ਰਿਪਤ ਕਰਨਾ ਪੈਂਦਾ ਹੈ। ਇਨ੍ਹਾਂ 11 ਚਉਬੋਲਿਆਂ ਦੇ ਸਾਰਾਂਸ਼ ਰਾਹੀਂ ਗੁਰੂ ਅਰਜਨ ਸਾਹਿਬ ਨੇ ਅਧਿਆਤਮਿਕ ਪਿਆਰ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ, ਜੋ ਸਾਧਕ ਦਾ ਲਕਸ਼ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਪ੍ਰੋ: ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪਟਿਆਲਾ, ਛਾਪ 1990, ਅੰਕ 284
2. ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 450
   1. "ਚਾਰ ਤੁਕਾਂ, ਹਰ ਤੁਕ ਵਿਚ 15 ਮਾਤਰਾਂ, ਅੰਤ ਲਘੂ ਗੁਰੂ (ਇਹ ਚੌਪਈ ਦਾ ਹੀ ਇਕ ਰੂਪ ਹੈ।)
   2. ਕੋਈ ਵੀ ਛੰਦ ਜਿਸ ਦੇ ਤੁਕਾਂਤ ਭਿੰਨ ਭਿੰਨ ਹੋਣ, ਚਾਰ ਅਨੁਪ੍ਰਾਸ ਵੱਖ ਵੱਖ ਹੋਣ।

3.ਜਿਸ ਛੰਦ ਪ੍ਰਬੰਧ ਵਿਚ ਗੀਤ, ਸਰਗਮ,

4.ਜਿਸ ਛੰਦ ਵਿਚ ਚਾਰ ਵੱਖ-ਵੱਖ ਸਥਾਨਾਂ ਦੀਆਂ ਚਾਰ ਬੋਲੀਆਂ ਹੋਣ (ਚੌਬੋਲਾ)

5.ਜਿਸ ਛੰਦ ਦੇ ਚੌਥੇ ਚਰਨ ਦੇ ਆਰੰਭ ਵਿਚ ਸੰਬੋਧਨੀ ਸ਼ਬਦ੍ਰ ਹੋਣ (ਅੜਿਲ ਦਾ ਇਕ ਰੂਪ)

6.ਜਿਸ ਛੰਦ ਵਿਚ ਚਾਰ ਸਜਣਾਂ ਦੇ ਵੱਖ-ਵੱਖ ਬੋਲ ਹੋਣ (ਚੌਬੋਲਾ)

7 ਕਈ ਤਾਟੰਕ ਛੰਦ ਨੂੰ ਹੀ ਚੌਬੋਲਾ ਕਹਿੰਦੇ ਹਨ।

8.ਜਿਸ ਛੰਦ ਦੀਆਂ ਦੋ ਤੁਕਾਂ ਹੋਣ। ਹਰ ਤੁਕ ਵਿਚ ੩੦ ਮਾਤਰਾਂ ਹੋਣ ਅਤੇ 16 ਤੇ 14 ਤੇ ਵਿਸਰਾਮ ਹੋਵੇ ਅੰਤ ਲਘੁ ਗੁਰੂ ਹੋਵੇ।

3. **ਸਾਹਿੱਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 404

4. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ**, ਪੂਰਵ ਅੰਕਤ, ਅੰਕ 1363

# ਛੰਤ

'ਛੰਤ' ਇਕ ਸ਼ੈਲੀਗਤ ਮਹੱਤਵਪੂਰਨ ਕਾਵਿ-ਰੂਪ ਹੈ, ਜੋ ਖਾਸਕਰ ਇਸਤਰੀਆਂ ਦਾ ਪ੍ਰੇਮ-ਗੀਤ ਜਾਂ ਵਿਆਹ ਸ਼ਾਦੀ ਦੇ ਸਮੇਂ ਗਾਇਣ ਕਰਨ ਕਾਰਨ ਬੜੇ ਪ੍ਰਸਿੱਧ ਹਨ। ਇਸ ਦੀ ਲੋਕ-ਪ੍ਰਿਯਤਾ ਕਾਰਨ ਹੀ ਇਸ ਛੰਤ ਦੀ ਅਧਿਕ ਵਰਤੋਂ ਬਾਣੀਕਾਰਾਂ ਨੇ ਕੀਤੀ ਹੈ। ਬਹੁਤੇ ਵਿਦਵਾਨ, ਇਸ ਦਾ 'ਛੰਤ' ਨਾਲੋਂ ਭੇਦ ਵੱਲ ਸੰਕੇਤ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਛੰਦ ਪਦ ਕਾਵਯ ਦਾ ਨਾਮ 'ਛੰਦ' ਹੈ। ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਗੁਰਬਾਣੀ ਵਿਚ ਪਾਏ ਜਾਂਦੇ ਹਨ ਪਰ ਸਿਰਲੇਖ ਕੇਵਲ 'ਛੰਤ' ਹੋਇਆ ਕਰਦਾ ਹੈ।[1]

ਗੁਰਬਾਣੀ ਵਿਚ ਅੰਕਿਤ ਛੰਤਾਂ ਦੇ ਭਾਵੇਂ ਚਾਰ-ਚਾਰ ਪਦੇ (ਬੰਦ) ਹਨ ਪਰ ਕਈ ਵੇਰਾਂ ਪਦਿਆਂ ਦੀ ਗਿਣਤੀ ਵੱਧ ਵੀ ਹੋ ਜਾਂਦੀ ਹੈ। ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਨੇ ਛੰਤ-ਕਾਵਿ ਦੇ ਅੰਤਰਗਤ, ਵੱਖ-ਵੱਖ ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ। 'ਛੰਤ' ਸੰਸਕ੍ਰਿਤ ਦੇ 'ਛੰਦਸੁ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਤਾਤਪਰਜ ਹੈ ਮਾਤ੍ਰਾ, ਵਰਣ, ਯਤੀ ਆਦਿ ਦੇ ਨਿਯਮਾਂ ਨਾਲ ਯੁਕਤ ਵਾਕ।[2]

ਵਿਵਾਹ ਸ਼ਾਦੀ ਦੇ ਸਮੇਂ ਲਾੜਾ ਜਿਹੜੇ ਗੀਤ ਆਪਣੀਆਂ ਸਾਲੀਆਂ ਨੂੰ ਸੁਣਾਉਂਦਾ ਹੈ ਉਸ ਨੂੰ 'ਛੰਤ' ਆਖਦੇ ਹਨ।.....ਛੰਤ ਸਿਰਲੇਖ ਆਮ ਤੌਰ ਤੇ ਉਨ੍ਹਾਂ ਮਾਂਗਲਿਕ ਪਦਿਆਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਜੀਵਾਤਮਾ ਰੂਪੀ ਨਾਇਕ ਦੇ ਬਿਰਹੋਂ ਦੇ ਅਨੁਭਵ, ਸੰਜੋਗ ਦੀ ਅਭਿਲਾਸ਼ਾ, ਪ੍ਰੀਤਮ ਦੀ ਉਡੀਕ ਅਤੇ ਕਦੇ ਕਦੇ ਪ੍ਰਾਪਤ ਹੋਏ ਸੰਯੋਗ-ਸੁਖ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਗਿਆ ਹੋਵੇ। ਇਨ੍ਹਾਂ ਛੰਤਾਂ ਵਿਚੋਂ ਅਧਿਕਾਸ਼ ਚਾਰ ਪਦਿਆਂ ਦੇ ਸਮੁੱਚ ਹਨ, ਕਿਤੇ-ਕਿਤੇ ਚਾਰ ਤੋਂ ਅਧਿਕ ਪਦੇ ਵੀ ਇਕ ਛੰਤ-ਸਮੁੱਚ ਵਿਚ ਸ਼ਾਮਲ ਕੀਤੇ ਮਿਲਦੇ ਹਨ। ਇਸ ਲਈ ਛੰਤ ਵਾਸਤੇ ਪਦਿਆਂ ਦੀ ਕੋਈ ਖ਼ਾਸ ਗਿਣਤੀ ਨਿਸ਼ਚਿਤ ਨਹੀਂ, ਨਾ ਹੀ ਇਸ ਦੇ ਨਾਂ ਵਿਚ ਕੋਈ ਗਿਣਤੀ ਸੂਚਕ ਸੰਕੇਤ ਹੈ। ਆਮ ਤੌਰ 'ਤੇ ਛੰਦ ਦੇ ਹਰ ਇਕ ਪਦੇ ਵਿਚ ਛੇ ਤੁਕਾਂ ਰਹਿੰਦੀਆਂ ਹਨ। ਪਰ ਤੁਕਾਂ ਦੀ ਗਿਣਤੀ ਵਧ-ਘੱਟ ਵੀ ਮਿਲਦੀ ਹੈ।[3]

ਮੂਲ ਰੂਪ ਵਿਚ ਛੰਤ ਮੰਗਲਾਮਈ ਅਨੁਸ਼ਠਾਨਕ ਗੀਤ ਹੈ। ਗੁਰੂ ਅਮਰਦਾਸ ਨੇ ਬਿਲਾਵਲ ਰਾਗ ਵਿਚ ਛੰਤ ਦੇ ਆਰੰਭ ਵਿਚ ਛੰਤ ਦੇ ਸਿਰਲੇਖ ਨਾਲ ਮੰਗਲ ਦਾ ਉਪ ਸਿਰਲੇਖ ਅੰਕਿਤ ਕਰ ਕੇ ਇਸ ਤੱਥ ਨੂੰ ਸਾਫ਼ ਕਰ ਦਿੱਤਾ ਹੈ। ਗੁਰੂ ਕਵੀਆਂ ਨੇ ਛੰਤ ਨੂੰ ਇਕ ਮਿਸ਼ਰਿਤ ਰੂਪਾਕਾਰ ਵਜੋਂ ਵੀ ਵਰਤਿਆ ਹੈ। ਇਸ ਰੂਪਾਕਾਰ ਦੀਆਂ ਤਿੰਨ ਕਿਸਮਾਂ ਆਦਿ ਗ੍ਰੰਥ ਵਿਚ ਪ੍ਰਾਪਤ ਹਨ। ਪਹਿਲੀ ਨਿਰੋਲ ਛੰਤ। ਦੂਜੀ ਛੰਤ ਦੇ ਆਰੰਭ ਵਿਚ ਇਕ ਸਲੋਕ। ਤੀਜੀ ਛੰਤ ਦੇ ਹਰ ਬੰਦ ਦੇ ਆਰੰਭ ਵਿਚ ਇਕ ਸਲੋਕ।[4]

'ਬਾਰਾਮਾਹ' ਤੁਖਾਰੀ ਰਾਗ ਵਿਚ 'ਛੰਤ' ਆਇਆ ਹੈ। ਛੇ ਛੇ ਤੁਕਾਂ ਦੇ 17 ਪਦੇ ਹਨ। ਗੁਰੂ ਰਾਮਦਾਸ ਵਲੋਂ ਆਸਾ ਰਾਗ ਵਿਚ ਉਚਾਰਨ 'ਛਕੇ ਛੰਤ' ਬਹੁਤ ਪ੍ਰਸਿੱਧ ਹਨ। ਰਾਗਾਂ ਅਧੀਨ ਅਸ਼ਟਪਦੀਆਂ ਦੇ ਮਗਰੋਂ 'ਛੰਤਾਂ' ਨੂੰ ਅੰਕਿਤ ਕੀਤਾ ਗਿਆ ਹੈ। ਪ੍ਰੇਮ-ਭਗਤੀ ਦਾ ਸੰਦਰੋਯ ਅਤੇ ਗੌਰਵ ਅਭਿਵਿਅਕਤੀ ਇਨ੍ਹਾਂ ਛੰਤਾਂ ਦਾ ਉਤਕ੍ਰਿਸ਼ਟ ਸਿਖਰ ਮੰਨੀ ਜਾਂਦੀ ਹੈ। ਇਨ੍ਹਾਂ ਸਾਰੇ ਛੰਤਾਂ ਵਿਚ ਅਕਾਲਪੁਰਖ ਦੀ ਪ੍ਰੀਤ ਮਹਿਮਾ ਨੂੰ ਪ੍ਰਕਾਸ਼ਾਤਮਿਕ ਸੰਦ੍ਰੋਯ ਵਿਚ ਵਡਿਆਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਛੰਤਾਂ' ਦੇ ਕਈ ਵੇਰ ਅਧਿਕ ਬੰਦ

ਵੀ ਵੇਖਣ ਵਿੱਚ ਆਉਂਦੇ ਹਨ ਜਿਵੇਂ ਮਹਲਾ ੧ ਦੇ 24 ਛੰਤ (ਸਤ ਰਾਗਾਂ ਵਿਚ), ਮਹਲਾ ੩ ਦੇ 20 ਛੰਤ (ਚਾਰ ਰਾਗਾਂ ਵਿਚ), ਮਹਲਾ ੪ ਦੇ 36 ਛੰਤ (ਅੱਠ ਰਾਗਾਂ ਵਿਚ) ਅਤੇ ਮਹਲਾ ੫ ਦੇ 62 ਛੰਤ (ਪੰਦਰ੍ਹਾਂ ਰਾਗਾਂ ਵਿਚ) ਸੰਕਲਿਤ ਹਨ। ਇਨ੍ਹਾਂ ਛੰਤਾਂ ਦੀ ਤਰਤੀਬ ਲਈ ਵੇਖੋ **ਅੰਤਿਕਾ: ੩੨**। ਗੁਰੂ ਸਾਹਿਬਾਨ ਨੇ ਇਸ ਕਾਵਿ-ਵਿਧਾ ਨੂੰ ਸਿਫ਼ਤ-ਸਲਾਹ ਕਾਵਿ ਵਜੋਂ ਆਨੰਦਮਈ ਰਸ ਰਾਹੀਂ ਸੰਚਾਰ ਕੀਤਾ ਹੈ। ਇਨ੍ਹਾਂ ਛੰਤਾਂ ਵਿਚ ਅੰਕਿਤ ਪ੍ਰਤੀਕ, ਬਿੰਬ, ਰੂਪਕ ਵਿਵਾਹ ਦੇ ਸੰਸਕਾਰ ਨਾਲ ਗੂੜ੍ਹੇ ਤੌਰ ਤੇ ਬੱਝੇ ਹੋਏ ਹਨ। ਗੁਰੂ ਸਾਹਿਬਾਨ ਨੇ ਆਪਣੀ ਕੁਸ਼ਲਤਾ ਕਾਰਨ, ਇਨ੍ਹਾਂ ਛੰਤਾਂ ਰਾਹੀਂ ਰੂਹਾਨੀ ਦ੍ਰਿਸ਼ਟੀ ਸਿਰਜ ਕੇ ਆਨੰਦਮਈ ਮਾਹੌਲ ਦੀ ਸਿਰਜਣਾ ਕੀਤੀ ਹੈ।

ਅਸਲ ਵਿਚ 'ਛੰਤ' ਸ਼ਬਦ 'ਛੰਦ' ਰੂਪ ਦਾ ਸਮਾਨਾਰਥੀ ਹੈ। ਇਹ ਸ਼ਿੰਗਾਰ-ਕਾਵਿ ਦਾ ਉਤਕ੍ਰਿਸ਼ਟ ਨਮੂਨਾ ਹੈ। ਪ੍ਰਕਿਰਤੱਕ ਪਖੋਂ ਮੰਗਲਮਈ ਅਤੇ ਪ੍ਰਸ਼ੰਸਾਤਮਿਕ ਦਾ ਨਕਸ਼ਾ ਖਿਚਿਆ ਗਿਆ ਹੈ। ਇਸ ਕਾਵਿ-ਰੂਪ ਵਿਚ ਪੰਕਤੀਆਂ ਦੇ ਰੂਬਰੂ ਮਾਤਰਾਂ ਦੀ ਗਿਣਤੀ ਵੀ ਘੱਟ ਵੱਧ ਹੋਈ ਹੈ। ਇਸ ਚਾਰ ਬੰਦਾਂ ਦੀ ਰਚਨਾ ਵਿਚ ਹਰ ਪਦੇ ਦੀਆਂ ਛੇ ਸਤਰਾਂ ਰੂਪਮਾਨ ਹੁੰਦੀਆਂ ਹਨ। ਤੁਕਾਂ ਦੀ ਗਿਣਤੀ ਕਦੀ ਵੱਧ ਘਟ ਕੇ ਪੰਜ ਜਾਂ ਸੱਤ ਵੀ ਵੇਖਣ ਵਿਚ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਆਮ ਤੌਰ ਤੇ ਚਾਰ ਚਾਰ ਪਦੇ ਦ੍ਰਿਸ਼ਮਾਨ ਹੁੰਦੇ ਹਨ ਪਰ ਕਈ ਵੇਰ ਇਨ੍ਹਾਂ ਤੋਂ ਵੱਧ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।[5] ਗੁਰੂ ਸਾਹਿਬ ਲੋਕ-ਕਾਵਿ ਰੂਪ ਦੀ ਇਸ ਜੁਗਤ ਨੂੰ ਲੋਕ-ਕਾਵਿ ਦੇ ਗੁਣ ਲੱਛਣਾਂ ਸਹਿਤ ਹੀ ਰੂਪਮਾਨ ਕਰ ਰਹੇ ਹਨ। ਲੋਕ-ਗੀਤਾਂ ਵਾਂਗ ਹੀ, ਇਸ ਦੀ ਧੁਨ ਉਦੈ ਹੁੰਦੀ ਹੈ, ਜਿਸ ਦੇ ਅਨੇਕ ਸਰੋਦੀ ਅੰਸ਼ਾਂ ਤੋਂ ਛੁੱਟ ਲੋਕ-ਧੁਨ ਨਾਲ ਲੈਸ ਹੋਏ ਸ਼ਬਦ ਸਹੇਲੜੀਏ, ਸਹੇਲੀਹੋ, ਸੂਤੜੀਏ, ਰਾਮ ਆਦਿ ਸ਼ਬਦ ਲੋਕ-ਧੁਨ ਦੀ ਆਬਯਾਰੀ ਕਰਦੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਛੰਤਾਂ ਦੀ ਲੈਅ ਅਤੇ ਪੈਟਰਨ, ਲੰਮੇ ਅਤੇ ਟਿਕਵੇਂ ਰੂਪ ਵਿਚ ਪੰਜਾਬੀ ਲੋਕ-ਸੰਗੀਤ ਦੀ ਪਰੰਪਰਾ ਦਾ ਮਾਰਗ-ਦਰਸ਼ਨ ਕਰਦੇ ਹਨ। ਗੁਰਮਤਿ ਮਰਯਾਦਾ ਅਨੁਸਾਰ 'ਗੁਰੂ ਗ੍ਰੰਥ ਸਾਹਿਬ' ਦੇ ਸੁਖਾਸਨ ਸਮੇਂ ਅਤੇ 'ਆਸਾ ਕੀ ਵਾਰ' ਵਿਚ ਛੰਤਾਂ ਨੂੰ ਉਚਾਰਨ ਦੀ ਮੌਲਿਕ ਪਰੰਪਰਾ ਵਿਦਮਾਨ ਰਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਲ ਛੰਤਾਂ ਦਾ ਜੋੜ 147[6] ਹੈ। ਇਹ ਸਾਰੇ ਛੰਤ ਅੰਕ 76-1312 ਤੱਕ ਅੰਕਿਤ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 495
2. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ੧)**, ਪੂਰਵ ਅੰਕਤ, ਅੰਕ 489
3. ਪੂਰਵ ਅੰਕਤ, ਅੰਕ 489-90
4. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ**, ਪੂਰਵ ਅੰਕਤ, ਅੰਕ 77
5. ਰਾਗ ਧਨਾਸਰੀ ਮਹਲਾ ੧ ਵਿਚ ਪੰਜ ਪਦੇ, ਰਾਗ ਆਸਾ ਵਿਚ ਮਹਲਾ ੩ ਦੇ 10 ਪਦੇ, ਮਹਲਾ ੪ ਦੇ 8 ਪਦੇ, ਮਹਲਾ ੫ ਦੇ 6 ਪਦੇ ਹਨ।
6. 147 ਛੰਤਾਂ ਵਿਚੋਂ ਮਹਲਾ ੧ ਦੇ 25 ਛੰਤ (ਸੱਤ ਰਾਗਾਂ ਵਿੱਚ), ਮਹਲਾ ੩ ਦੇ ੨੦ ਛੰਤ (ਚਾਰ ਰਾਗਾਂ ਵਿਚ), ਮਹਲਾ ੪ ਦੇ 40 ਛੰਤ (ਅੱਠ ਰਾਗਾਂ ਵਿਚ) ਅਤੇ ਮਹਲਾ ੫ ਦੇ 62 ਛੰੜ (ਪੰਦਰ੍ਹਾਂ ਰਾਗਾਂ ਵਿੱਚ)

# ਜਪੁ

'ਜਪੁ' ਗੁਰੂ ਗ੍ਰੰਥ ਸਾਹਿਬ ਵਿਚ ਇੱਕ ਪ੍ਰਥਮ ਰੂਹਾਨੀ ਸ਼ਾਹਕਾਰ ਹੈ, ਜਿਸ ਤੋਂ ਪਹਿਲਾਂ ਮੂਲਮੰਤਰ/ਮੰਗਲ '੧ਓ.......ਗੁਰਪ੍ਰਸਾਦਿ' ਆਰੰਭ ਹੁੰਦਾ ਹੈ। ਇਸ ਬਾਣੀ ਦੇ ਸ਼ੁਰੂ ਅਤੇ ਅਖ਼ੀਰ ਤੇ ਇਕੋ ਇਕ ਸਲੋਕ ਦਰਜ ਹੈ ਅਤੇ ਵਿਚਕਾਰ 38 ਪਉੜੀਆਂ ਅੰਕਿਤ ਹਨ। 'ਜਪੁ' ਸਿਰਲੇਖ ਨਾਲ, ਆਦਰ ਸੂਚਕ ਚਿਹਨ 'ਜੀ' ਅਤੇ ਲੋਕਮਨ ਵਿਚ 'ਜਪੁਜੀ ਸਾਹਿਬ' ਸੰਸਾਰਕ ਰੂੜ੍ਹ ਬਣ ਗਿਆ ਹੈ। ਇਹ ਉਚੇਰੇ ਮਹੱਤਵ ਵਾਲੀ ਪਾਵਨ-ਬਾਣੀ ਹੈ, ਜੋ ਸਦੀਆਂ ਤੋਂ ਆਦਰਸ਼ ਜੀਵਨ ਵਾਂਗ ਲੋਕ ਮਾਨਵ ਦੇ ਅਵਚੇਤਨ ਵਿਚ ਸਾਂਭੀ ਹੋਈ ਹੈ। ਆਸ਼ਾਵਾਦੀ ਸੰਦੇਸ਼ ਰਾਹੀਂ ਭਰਪੂਰ ਬਾਣੀ ਮਾਨਵ-ਜਾਤੀ ਨੂੰ ਚੜ੍ਹਦੀਕਲਾ ਦੇ ਸੰਦੇਸ਼ ਨਾਲ ਮਾਲੋ-ਮਾਲ ਕਰਦੀ ਆ ਰਹੀ ਹੈ। ਇਹ 'ਨਿਤੇ-ਨੇਮ' ਸਮੇਂ ਅਤੇ 'ਖੰਡੇ ਦੀ ਪਾਹੁਲ' ਜਗਿਆਸੂਆਂ ਨੂੰ ਦੇਣ ਸਮੇਂ ਪੰਜ ਬਾਣੀਆਂ ਵਿਚੋਂ ਪ੍ਰਥਮ ਪੜ੍ਹੀ ਜਾਣ ਵਾਲੀ ਬਾਣੀ ਹੈ। ਇਸ ਬਾਣੀ ਨਾਲ ਮਹਲਾ ਅੰਕਿਤ ਨਹੀਂ ਪਰ ਤਵਾਰੀਖ ਅਤੇ ਰਵਾਇਤ ਅਨੁਸਾਰ ਮਹਲਾ ੧ ਦੀ ਰਚਨਾ ਮੰਨੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਵਿਚ 'ਨੀਸਾਣੁ' ਪਦ 'ਜਪੁ' ਬਾਣੀ ਦਾ ਵਿਸ਼ੇਸ਼ਣ ਹੈ। ਨਿਸ਼ਾਨ ਰੂਪ ਜਪੁ।....ਨੀਸਾਣੁ, 'ਜਪੁ' ਬਾਣੀ ਦਾ ਵਿਸ਼ੇਸ਼ਣ, ਕਿਉਂਕਿ ਇਹ ਧ੍ਵਜ (ਝੰਡਾ) ਰੂਪ ਪ੍ਰਧਾਨ ਹੈ।[1] 'ਨੀਸਾਣੁ' ਨੂੰ ਕਈ ਵਿਦਵਾਨ[2] ਗੁਰੂ ਜੀ ਦੀ ਨਿਜ-ਲਿਖਤ ਦਾ ਸੰਕੇਤ ਮੰਨਦੇ ਹਨ। ਪਵਿੱਤਰ ਅੰਕ 1 ਤੇ ਸ਼ੁਸ਼ੋਭਿਤ 'ਜਪੁ' ਮੁੱਢਲੇ ਸਿਰਲੇਖ ਵਜੋਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। 'ਜਪੁ' ਸਮੁੱਚੀ ਗੁਰਬਾਣੀ ਦਾ 'ਸਾਰ' ਅਤੇ ਸਿਰਮੌਰ ਬਾਣੀਆਂ ਦੀ ਸਿਖਰ ਆਖੀ ਜਾਂਦੀ ਹੈ। ॥ਜਪੁ॥ ਸ਼ਬਦ ਦੇ ਆਰੰਭ ਅਤੇ ਅਖ਼ੀਰ ਤੇ ਦੋ ਡੰਡੀਆਂ ਦਾ ਵਿਸ਼ਰਾਮ ( ॥ ) ਇਹ ਬੋਧ ਸੰਕੇਤ ਕਰਦਾ ਹੈ ਕਿ ਦੋਵੇਂ ਪੰਕਤੀਆਂ ਅੱਡ ਅੱਡ ਹੋ ਕੇ ਵੀ ਅੰਤਰ ਸੰਬੰਧਿਤ ਹਨ। 'ਜਪੁ' ਦਾ ਕੋਸ਼ਗਤ ਅਰਥ 'ਜਪਣਾ'[3] ਹੈ।

'ਜਪੁਜੀ' ਦੀ ਸਾਰੀ ਰਚਨਾ ਛੰਦਾਂ ਵਿਚ ਹੈ। ਗੁਰੂ ਨਾਨਕ ਨੇ ਛੰਦਾਂ ਬੰਦੀ ਦੇ ਬਹੁਤੇ ਪ੍ਰਯੋਗ ਇਸ ਰਚਨਾ ਵਿਚ ਕੀਤੇ ਹਨ। ਪਉੜੀਆਂ ਛੋਟੇ ਬਹਿਰ ਦੀਆਂ ਹਨ। ਜਪੁਜੀ ਵਿਚ ਭਾਵੇਂ ਪ੍ਰਧਾਨ ਛੰਦ ਦੋਹਿਰਾ, ਚੌਪਈ ਤੇ ਤਾਟੰਕ ਹਨ, ਪਰ ਜੇਕਰ ਧਿਆਨ ਨਾਲ ਵੇਖੀਏ ਤਾਂ ਇਨ੍ਹਾਂ ਨਾਲ ਲਗਭਗ ਇੰਨੀ ਵਾਰ ਹੀ ਇਨ੍ਹਾਂ ਦਾ ਤੋਲ ਛੋਟਾ ਕਰਕੇ, ਲੰਬਾ ਕਰਕੇ ਜਾਂ ਕੋਈ ਹੋਰ ਤੋਲ ਰਲਾ ਕੇ ਖੁਲ੍ਹ ਲਈ ਗਈ ਹੈ। ਬਿਨਾਂ ਕਈ ਹੋਰ ਛੰਦ ਵੀ ਜਪੁਜੀ ਵਿਚ ਵਰਤੇ ਗਏ ਹਨ। ਇਸ ਦੀ ਬੋਲੀ ਉੱਤੇ ਸਾਧ-ਭਾਸ਼ਾ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਸ ਵਿਚ ਬ੍ਰਿਜ ਭਾਸ਼ਾ ਦੀ ਮਿੱਸ ਹੈ ਪਰ ਸਮੁੱਚੇ ਰੂਪ ਵਿਚ ਵੇਖਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਪੰਜਾਬੀ ਦੀ ਰਚਨਾ ਹੈ।[4]

ਇਕ ਅਧਿਕ ਪ੍ਰਸਿੱਧ ਅਤੇ ਮਹੱਤਵਪੂਰਨ ਬਾਣੀ ਹੋਣ ਕਾਰਨ, ਇਸ ਦੇ ਰਚਨਾ ਕਾਲ ਅਤੇ ਰਚਨਾ ਸਥਾਨ ਬਾਰੇ ਨਿਸਚੇ ਨਾਲ ਕੁੱਝ ਨਹੀਂ ਕਿਹਾ ਜਾ ਸਕਦਾ। ਇਕ ਵਿਚਾਰ

ਅਨੁਸਾਰ ਵੇਈਂ ਨਦੀ ਦੀ ਘਟਨਾ ਤੋਂ ਬਾਅਦ ਲਗਭੱਗ 1497 ਈ: ਵਿਚ ਰਚੀ ਗਈ, ਦੂਜੇ ਵਿਚਾਰ ਅਨੁਸਾਰ ਸਿੱਧਾਂ ਨਾਲ ਗੋਸ਼ਟ ਸਮੇਂ 1517 ਤੋਂ 1518 ਈ: ਵਿਚਾਲੇ ਲਿਖੀ ਗਈ; ਤੀਜੀ ਵਿਚਾਰ ਅਨੁਸਾਰ 1521 ਤੋਂ 1539 ਈ: ਵਿਚਕਾਰ ਕਰਤਾਰਪੁਰ ਵਿਖੇ ਲਿਖੀ ਗਈ।[5] ਜਪੁਜੀ ਵਿਚ ਗੁਰੂ ਨਾਨਕ ਦੀਆਂ ਉਦਾਸੀਆਂ ਸਮੇਂ ਦੇ ਕੁਝ ਇਤਿਹਾਸਕ ਹਵਾਲੇ ਵੀ ਹਨ।

'ਜਪੁਜੀ' ਇਕ ਸੂਤਰਮਈ ਦਾਰਸ਼ਨਿਕ ਬਾਣੀ ਹੈ ਜਿਸ ਵਿਚ ਗੁਰਮਤਿ ਦੇ ਸਿਧਾਂਤਾਂ ਦਾ ਉਲੇਖ ਹੋਇਆ ਹੈ। ਇਸ ਬਾਣੀ ਦਾ ਸੰਦੇਸ਼ ਸਰਬ ਲੌਕਿਕ ਹੈ ਅਤੇ ਵਿਚਾਰਾਂ ਦੀ ਇਕਸੁਰਤਾ ਕਾਰਨ ਇਹ ਪ੍ਰਬੰਧ ਕਾਵਿ ਦਾ ਉਤਕ੍ਰਿਸ਼ਟ ਨਮੂਨਾ ਹੈ। ਗੁਰਸਿਖਾਂ ਦੀ ਅਗਵਾਈ ਦੀ ਇਹ ਬਾਣੀ 'ਧੁਰਾ' ਆਖੀ ਜਾਂਦੀ ਹੈ। ਇਸ ਵਿਚ ਦਾਰਸ਼ਨਿਕ ਅਤੇ ਧਾਰਮਿਕ ਸਿਧਾਂਤਾਂ ਦਾ ਮਥਨ ਪੇਸ਼ ਕੀਤਾ ਗਿਆ ਹੈ। ਇੰਞ ਇਹ ਬਾਣੀ ਸੂਤਰਿਕ ਸ਼ੈਲੀ ਦੀ ਗੂੜ੍ਹ ਰਚਨਾ ਹੈ। ਸੁਜੋਕਤਾ ਦੇ ਰੂਬਰੂ ਸੁਮੇਲਤਾ ਪਉੜੀਆਂ ਵਿਚ ਹੋਣ ਕਾਰਨ ਖ਼ਿਆਲਾਂ ਦੀ ਜ਼ੰਜੀਰੀ ਅਗਾਂਹ ਤੁਰਦੀ ਜਾਂਦੀ ਹੈ। ਇਸ ਬਾਣੀ ਵਿਚ ਚੇਤਨ ਤੌਰ ਤੇ ਬ੍ਰਹਿਮੰਡ ਦੇ ਵਿਧੀ-ਵਿਧਾਨ ਨੂੰ ਸਮੁੱਚੇ ਤੌਰ ਤੇ ਨਿਸ਼ਚਿਤ ਕੀਤਾ ਗਿਆ ਹੈ। ਅਰਬੀ, ਫ਼ਾਰਸੀ, ਬ੍ਰਿਜ, ਸੰਸਕ੍ਰਿਤ ਆਦਿ ਦੇ ਸ਼ਬਦਾਂ ਨਾਲ, ਇਹ ਬਾਣੀ ਸੁਸੱਜਿਤ ਹੋਈ ਹੈ। ਬਾਣੀ ਨੂੰ ਪੜ੍ਹਦਿਆਂ, ਵਿਸਮਾਦਿਤ ਆਤਮਾ-ਮਾਰਗ ਦੇ ਦਰਸ਼ਨ-ਦੀਦਾਰੇ ਹੁੰਦੇ ਹਨ। ਬੌਧਿਕ ਨਜ਼ਰੀਏ ਤੋਂ ਸਾਰੇ ਸਿੱਖ ਸਿਧਾਂਤਾਂ ਨੂੰ ਪੇਸ਼ ਕਰਕੇ 'ਕੁੱਜੇ ਵਿਚ ਸਮੁੰਦਰ' ਬੰਦ ਕਰ ਦਿੱਤਾ ਹੈ। ਤਿਆਗਣ ਅਤੇ ਗ੍ਰਹਿਣ ਬਾਤਾਂ ਦੀ ਸੋਧ ਇਸੇ ਬਾਣੀ ਵਿਚੋਂ ਮਿਲਦੀ ਹੈ। ਇਸ ਬਾਣੀ ਰਾਹੀਂ ਗੁਰੂ ਜੀ ਮਾਨਵ ਦਾ ਪਥ-ਪਰਦਰਸ਼ ਕਰਾਉਂਦੇ ਹਨ। ਇਹ ਬਾਣੀ 'ਸਚਿਆਰ' ਪਦ ਦੀ ਸਾਧਨਾ ਦਾ ਮਾਰਗ ਅਤੇ ਸੱਚੇ ਜਗਿਆਸੂ ਦੀ ਰੂਹ-ਏ-ਖੁਰਾਕ ਹੈ, ਜੋ ਸੋਝੀ ਦੀ ਜੁਗਤ ਦੇ ਲਕਸ਼ ਰਾਹੀਂ ਮੂਰਤੀਮਾਨ ਹੁੰਦੀ ਹੈ। ਜਪੁਜੀ ਦਾ ਪ੍ਰਕਾਸ਼ ਸੋਮਾ, ਵਿਸ਼ੇਸ਼ ਕਲਾਮਈ ਅਨੁਭਵ ਦੇ ਰੂਬਰੂ ਮਾਨਵੀ-ਪ੍ਰਤਿਭਾ ਦਾ ਧੁਰਾ ਹੈ। ਅਲੌਕਿਕ ਰੱਬੀ ਦਿਸ਼ਾ ਦਾ ਇਲਹਾਮਈ ਪ੍ਰਕਾਸ਼ ਹੈ, ਜੋ ਮੌਲਿਕ ਸਰੂਪ ਵਾਂਗ ਪਰਮਸਤਿ ਦੀ ਦਰਗਾਹੀ ਚੇਤਨਾ ਦਾ ਪ੍ਰਕਾਸ਼ੀ ਪੈਰਾਡਾਈਮ ਸਿਰਜਦਾ ਹੈ। ਇਹੀ ਪੈਗੰਬਰੀ ਹੁਕਮੀ ਜਲਾਲ ਦਾ ਬੀਜ ਹੈ। ਇਸੇ ਗੰਭੀਰਤਾ ਦੇ ਅਨੇਕ ਖੰਡਾਂ-ਬ੍ਰਹਿਮੰਡਾਂ ਦੀ ਰੱਬੀ-ਹੁਕਮ ਦੀ ਲੀਲਾ ਵਰਤ ਰਹੀ ਹੈ।

ਅਧਿਐਨ ਦੀ ਦ੍ਰਿਸ਼ਟੀ ਤੋਂ ਗੁਰੂ ਨਾਨਕ[6] ਨੇ ਵਡੇਰੀ ਉਮਰ ਵਿਚ ਇਸ ਬਾਣੀ ਦੀ ਰਚਨਾ ਕੀਤੀ। ਬਹੁਤੇ ਵਿਦਵਾਨਾਂ ਦੀ ਯਕ-ਦਮ ਗਵਾਈ ਹੈ ਕਿ ਚਾਰ ਉਦਾਸੀਆਂ ਤੋਂ ਮਗਰੋਂ ਗੁਰੂ ਨਾਨਕ ਨੇ ਕਰਤਾਰਪੁਰ ਵਿਚ ਇਸ ਬਾਣੀ ਦੀ ਰਚਨਾ ਕੀਤੀ। ਇਸ ਬਾਣੀ ਦੇ ਕਈ ਨਾਮ ਪੁਰਾਤਨ ਹੱਥ-ਲਿਖਤ ਆਦਿ ਗ੍ਰੰਥਾਂ ਦੀਆਂ ਬੀੜਾਂ ਵਿਚ ਮਿਲਦੇ ਹਨ ਜਿਵੇਂ ਜਪੁ, ਜਪੁਜੀ, ਜਪੁ ਨੀਸਾਣ ਆਦਿ, ਪਰ ਜਪੁ[7] ਇਸ ਦਾ ਮੂਲ ਨਾਮ ਹੈ। ਜਪੁਜੀ ਤੋਂ ਪਹਿਲਾਂ 'ਮੂਲ ਮੰਤਰ' ਅੰਕਿਤ ਹੈ ਜਿਸ ਵਿਚ ਅਕਾਲ ਪੁਰਖ ਦਾ ਸਰੂਪ ਨਿਸ਼ਚਿਤ ਹੁੰਦਾ ਹੈ। ਅਸਲ ਵਿਚ ਜਪੁਜੀ 'ਮੂਲਮੰਤਰ' ਦੀ ਵਿਆਖਿਆ ਹੈ ਪਰ ਕਈ ਵਿਦਵਾਨ ਇਸ ਨੂੰ ਸੁਤੰਤਰ ਰਚਨਾ ਮੰਨਦੇ ਹਨ। ਗੁਰੂ ਨਾਨਕ ਨੇ ਇਸ ਵਿਸ਼ੇਸ਼ ਅਧਿਆਤਮਿਕ ਵਿਸ਼ੇ ਵਾਲੀ ਬਾਣੀ ਦਾ ਵਿਸ਼ਲੇਸ਼ਣ ਬਾ-ਖ਼ੂਬੀ ਕੀਤਾ ਹੈ। ਬੌਧਿਕ ਚਿੰਤਨ ਰਾਹੀਂ ਜਗਿਆਸੂ ਦੇ ਸਾਧਨਾ ਮਾਰਗ ਦਾ ਪੈਰਾਡਾਈਮ ਉਲੀਕ ਕੇ ਜੀਵਨ ਦੇ ਮੌਲਿਕ ਉਦੇਸ਼ਾਂ ਨੂੰ ਬੜੀ ਨਿਪੁੰਨ ਵਿਧੀ ਰਾਹੀਂ ਪ੍ਰਤੀਬਿੰਬ

ਕੀਤਾ ਗਿਆ ਹੈ। ਅਕਾਲਪੁਰਖ ਦਾ ਨਾਮ ਹੀ ਸਰਬ ਪਾਪ ਨਾਸ਼ਕ ਹੈ ਅਤੇ ਸ੍ਰਿਸ਼ਟੀ ਦੇ ਵਿਕਾਸ ਅਤੇ ਉੱਤਪਤੀ ਦਾ ਵਰਨਣ ਇਸ ਬਾਣੀ ਵਿਚ ਆਇਆ ਹੈ। ਪਰਮਸਤਿ ਅਕਾਲ ਪੁਰਖ ਦੀ ਮਹਾਨਤਾ ਤੇ ਅਨੰਤਤਾ ਤੇ ਪ੍ਰਕਾਸ਼ ਦ੍ਰਿਸ਼ਟਮਾਨ ਹੁੰਦਾ ਹੈ। ਦੁਨੀਆ ਦੇ ਪ੍ਰਚਲਿਤ ਧਰਮਾਂ ਦੇ ਕਰਮ-ਕਾਡਾਂ ਤੇ ਪਖੰਡਾਂ (ਬਾਹਰੀ) ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਹੈ। ਅਖ਼ੀਰ ਦੇ ਪੰਜ ਖੰਡਾਂ ਵਿੱਚ ਅਧਿਆਤਮਿਕ ਪੱਖੋਂ ਪ੍ਰਕਾਸ਼ ਪਾਇਆ ਗਿਆ ਹੈ। ਸੂਖਮ ਵਿਚਾਰਾਂ ਨੂੰ ਸਹਿਜ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਜਪੁਜੀ ਸਾਹਿਬ ਦੇ ਕਈ ਪੁਰਾਤਨ ਪਾਠ, ਟੀਕੇ, ਪਰਮਾਰਥ ਹੱਥ-ਲਿਖਤਾਂ7 ਵਿਚ ਸਾਂਭੇ ਹੋਏ ਹਨ। ਇਨ੍ਹਾਂ ਵਿਚੋਂ ਕਈ 200 ਸਾਲ ਤੋਂ ਵੀ ਪੁਰਾਣੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 506
2. **ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ (ਭਾਗ ੧) ਬਾਣੀ ਬਿਉਰਾ**, ਪੂਰਵ ਅੰਕਤ, ਅੰਕ 48
   "ਕਈ ਪੁਰਾਤਨ ਹੱਥ-ਲਿਖਤ ਬੀੜਾ ਦੇ 'ਤਤਕਰਾ ਰਾਗਾਂ ਕਾ' ਵਿਚ ਆਰੰਭਕ ਸੂਚਨਾ ਇਸ ਪ੍ਰਕਾਰ ਹੈ:
   ***ਨੀਸਾਣੁ ਗੁਰੂ ਜੀਉ ਕੇ ਦਸਖਤ ਮ:੫***
   ***ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲੁ***
   ਫਿਰ ਤਤਕਰੇ ਵਿਚ ਤਿਲੰਗ ਰਾਗ ਦੇ ਮਗਰੋਂ ਇਹ ਸੂਚਨਾ ਅੰਕਿਤ ਹੈ; 'ਨੀਸਾਣੁ ਸ੍ਰੀ ਗੁਰੂ ਜੀਉ ਕੇ ਦਸਖਤ ਮਹਲਾ ੬'
   ਮਹਾਨਕੋਸ਼ ਵਿਚ 'ਨੀਸਾਣੁ' ਪਦ ਦੇ ਦਿੱਤੇ ਅਰਥਾਂ ਵਿਚ ਇਕ ਅਰਥ 'ਲਿਖਤ-ਚਿੰਨ੍ਹ ਸ੍ਹੀ' ਵੀ ਹੈ ਅਤੇ 'ਜਪੁ' ਨਾਲ ਆਇਆ 'ਨੀਸਾਣੁ' ਪਦ ਇਸੇ ਅਰਥ ਵਿਚ ਹੈ।
   ਕੁੱਝ ਹੱਥ-ਲਿਖਤ ਬੀੜਾਂ, ਜੋ ਸਤਿਗੁਰਾਂ ਦੇ ਜੀਵਨ-ਕਾਲ (Life-time) ਵਿਚ ਲਿਖੀਆਂ ਗਈਆਂ, ਉਹਨਾਂ ਵਿਚ ਕਈ ਲਿਖਾਰੀਆਂ ਨੇ ਅਰੰਭਕ ਮੰਗਲ ਜਾਂ ਸੰਪੂਰਨ 'ਜਪੁ' (ਬਾਣੀ) ਸਤਿਗੁਰਾਂ ਦੇ ਪਾਵਨ ਹਸਤ-ਕਮਲਾਂ ਦੁਆਰਾ ਅੰਕਿਤ ਕਰਵਾ ਕੇ ਇਸ ਸ਼ੁਭ ਕਾਰਜ ਲਈ, ਅਸੀਸ ਅਥਵਾ ਜਾਪਣਾ ਪ੍ਰਾਪਤ ਕੀਤੀ। 'ਨੀਸਾਣੁ' ਸ਼ਬਦ ਗੁਰੂ ਮਹਾਰਾਜ ਜੀ ਦੀ ਨਿਜ-ਲਿਖਤ ਦਾ ਸੰਕੇਤ ਹੈ। ਦਮਦਮੀ ਸ਼ਾਖ਼ ਦੀਆਂ ਬੀੜਾਂ ਦੇ ਤਤਕਰੇ ਵਿਚ, ਖਾਰੀ ਸ਼ਾਖ਼ ਦੀਆਂ ਬੀੜਾਂ ਦੀ ਉਪਰੋਕਤ ਵਰਨਿਤ ਸਾਰੀ ਲੰਮੀ ਲਿਖਤ (ਨੀਸਾਣੁ ਗੁਰੂ ਜੀਉ ਕੇ ਦਸਖਤ ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾਂ ਕਾ ਨਕਲ) ਦੇਣ ਦੀ ਬਜਾਏ ਸੰਕੇਤਕ ਰੂਪ ਵਿਚ 'ਜਪੁ ਨੀਸਾਣੁ' ਪਦ ਵਰਤਿਆ ਗਿਆ ਹੈ। ਭਾਵ ਇਹ ਹੈ ਕਿ ਬੀੜ ਵਿਚ ਜਾਂ ਜਿਸ ਬੀੜ ਤੋਂ ਉਤਾਰਾ ਕੀਤਾ ਗਿਆ ਹੈ, ਉਥੇ 'ਜਪੁ' ਗੁਰੂ ਮਹਾਰਾਜ ਜੀ ਦੀ ਨਿਜੀ-ਲਿਖਤ ਹੈ ਸੀ।"

3. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ)**, ਪੂਰਵ ਅੰਕਤ, ਫੁੱਟ ਨੋਟ: ੧ ਅੰਕ
"ਇਹ ਇਸ ਬਾਣੀ ਦਾ ਨਾਂ ਹੈ, ਜੋ ਮੁੜ-ਮੁੜ ਜਪਣ ਲਈ ਰਚੀ ਗਈ। ਇਕ ਪੁਰਾਤਨ ਜਪੁ ਦੇ ਟੀਕੇ ਵਾਲੀ ਸਾਖੀ ਵਿਚ, ਜੋ 1701 ਵਿਚ ਨਕਲ ਕੀਤੀ ਗਈ, ਲਿਖਿਆ ਹੈ ਕਿ 'ਜਪੁਜੀ' 'ਆਦਿ ਸੁਚ' ਵਾਲੇ ਸਲੋਕ ਤੋਂ ਸ਼ੁਰੂ ਹੁੰਦਾ ਹੈ। 'ਏਹੁ ਸਲੋਕ ਮੁਢ ਬਾਬੇ ਨਾਨਕ ਜਪਦੇ ਰੱਖਿਆ।' ਇਸ ਸਾਖੀ ਵਿਚ ਅੱਗੇ ਜਾ ਕੇ ਲਿਖਿਆ ਹੈ: ਸਤਿਨਾਮੁ ਕਰਤਾ ਪੁਰਖ........ ਗੁਰ ਪ੍ਰਸਾਦਿ॥ ਆਗੈ ਜਪੁ ਚਲਿਆ।" ਸ੍ਰੀਨਗਰ ਵਿਚ ਪਈ ਇੱਕ ਹੱਥ-ਲਿਖਤ '**ਸ੍ਰੀ ਜਪੁਜੀ ਸਾਹਿਬ ਪੰਜਾਬੀ**' ਹੈ। **ਮੂਲ ਪਾਠ ਲਈ ਵੇਖੋ ਅੰਤਿਕਾ: ੩੪**
4. **ਪੰਜਾਬੀ ਵਿਸ਼ਵਕੋਸ਼ (ਜਿਲਦ ੧੦)**, ਪੂਰਵ ਅੰਕਤ, ਅੰਕ 234
5. (ੳ) **ਪੰਜਾਬੀ ਸਾਹਿੱਤ ਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 336
(ਅ)ਗੁਰਮੇਲ ਸਿੰਘ (ਸੰਪਾ.) **ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼**, ਪੂਰਵ ਅੰਕਤ, ਅੰਕ 227
"ਪੁਰਾਤਨ ਜਨਮਸਾਖੀ ਅਨੁਸਾਰ ਜਦੋਂ ਗੁਰੂ ਜੀ ਵੇਈ ਪ੍ਰਵੇਸ਼ ਉਪਰੰਤ ਪਰਮਾਤਮਾ ਨਾਲ ਸਾਖਿਆਕਾਰ ਹੋਏ ਤਾਂ 'ਜਪੁ' ਦਾ ਉਚਾਰਣ ਕੀਤਾ। ਪੋਥੀ ਹਰਿ ਜੀ ਅਨੁਸਾਰ ਵੱਖ-ਵੱਖ ਥਾਂ ਉਚਾਰੇ ਜਪੁਜੀ ਦੇ ਸ਼ਬਦਾਂ ਦਾ ਸੰਗ੍ਰਹਿ ਗੁਰੂ ਅੰਗਦ ਸਾਹਿਬ ਨੇ ਤਿਆਰ ਕੀਤਾ। ਵਿਦਵਾਨਾਂ ਦਾ ਵਿਚਾਰ ਹੈ ਕਿ ਅਜਿਹੀ ਗੰਭੀਰ ਦਾਰਸ਼ਨਿਕ-ਪ੍ਰਕਿਰਤੀ ਦੀ ਇਹ ਰਚਨਾ ਗੁਰੂ ਸਾਹਿਬ ਦੇ ਅੰਤਿਮ ਸਮੇਂ, ਜਦੋਂ ਉਹ ਕਰਤਾਰਪੁਰ ਟਿਕ ਜਾਂਦੇ ਹਨ, ਦੀ ਰਚਨਾ ਹੈ। ਗਿਆਨ ਰਤਨਾਵਲੀ ਅਨੁਸਾਰ ਗੁਰੂ ਜੀ ਨੇ 'ਜਪੁ ਜੀ ਗੋਸਟਿ' ਕਰਕੇ ਸਾਰੀ ਸਿੱਧ-ਮੰਡਲੀ ਜਿੱਤੀ। ਗਿਆਨ ਰਤਨਾਵਲੀ ਤੇ ਪੋਥੀ ਹਰਿ ਜੀ ਵਿਚ ਸਾਰੀ ਜਪੁਜੀ ਦੇ ਪਰਮਾਰਥ ਦਿੱਤੇ ਹੋਏ ਹਨ।"
(ੲ)ਮਿਹਰਬਾਨ ਜਨਮਸਾਖੀ ਦੀ ਹਰਿ ਜੀ ਪੋਥੀ (ਗੋਸਟਿ 41) ਵਿਚ ਤਾਂ ਸਪਸ਼ਟ ਲਿਖਿਆ ਹੈ, "ਤਾਂ ਗੁਰੂ ਬਾਬੇ ਨਾਨਕ ਦੇ ਹਜੂਰਿ, ਗੁਰੂ ਅੰਗਦੁ, ਗੁਰੂ ਬਾਬੇ ਦੀ ਬਾਣੀ ਦਾ ਜਪੁ ਜੋੜ ਬੰਧਿਆ। ਜਪੁ ਕਾ ਜੋੜ ॥੩੮) ਅਠਤ੍ਰੀਹ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕੱਢਿਆ ਜਿਉਂ ਦਹੀਂ ਵਿਚਹੁ ਮਖਣ ਮਥਿ ਕਢੀਦਾ ਹੈ।"
6. **The Encyclopeadia of sikhism (Vol II),** op.cit, P: 347-348
"Japuji is universally accepted to be the composition of Guru Nanak, the founding prophet of sikhism, although, unlike other scriptural hymns and compositions, it remains annoymous without being credited in dividually to any of the Guru opinion is however divided about the date and manner of its composition. One conjecture is that it came to

be given its present form and arrangement as a serialized collection of some of Guru Nanaks revelatory meditarrions, at a later period of his life at kartarpur on Ravi, possibly by Bhai Lahina (Guru Angad) at his own behest,......But in a fragment of the puratian Janam Sakhi, that has come down to us, the Japuji is recorded to have been uttered by Guru Nanak at the time of his mystical encounter with the Master which is supposed to have occured in River Bein much earlier."

7. ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ-ਲਿਖਤ ਗ੍ਰੰਥਾਂ ਦੀ ਵਿਵਰਣਾਤਮਕ ਸੂਚੀ, ਪਟਿਆਲਾ, 2001,
ਵੇਖੋ, ਹੱਥ ਲਿਖਤ ਨੰ: 106, 138, 346, 463 ਅਤੇ 510

# ਜੈਜਾਵੰਤੀ

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਘੱਟ ਬਾਣੀ ਵਾਲਾ ਰਾਗ ਜਿਸ ਦਾ ਨੰਬਰ 31ਵੀਂ ਰਾਗਬੱਧ ਬਾਣੀ ਵਿਚ ਆਉਂਦਾ ਹੈ। ਇਸ ਰਾਗ ਵਿਚ ਗੁਰੂ ਤੇਗ ਬਹਾਦਰ ਦੇ ਚਾਰ ਚਉਪਦੇ/ਸ਼ਬਦ ਸੰਕਲਿਤ ਹਨ। ਇਹ ਚਾਰੇ ਦੋ-ਦੋ ਪਦਿਆਂ ਦੇ ਸਮੁੱਚ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਕ 1352-53 ਤੱਕ ਅੰਕਿਤ ਹੈ। ਇਸ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਅੰਤਿਮ ਰੂਪ ਦੇਣ ਸਮੇਂ ਸੰਕਲਿਤ ਕੀਤਾ ਸੀ।

ਜੈਜਾਵੰਤੀ ਖਮਾਚ ਠਾਟ ਦਾ ਸੰਪੂਰਣ ਰਾਗ ਹੈ। ਰਾਜਿਸਤਾਨ ਵਿਚ ਇਹ ਰਾਗ ਵਧੇਰੇ ਪ੍ਰਸਿੱਧ ਤੇ ਪ੍ਰਚਲਤ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਕਈ ਸੰਗੀਤਕਾਰਾਂ ਨੇ ਪ੍ਰਭਾਤ ਸਮਾਂ ਅਤੇ ਕਈਆਂ ਨੇ ਰਾਤ ਦਾ ਦੂਜਾ ਪਹਿਰ ਦਸਿਆ ਹੈ। ਪੁਰਾਤਨ ਰਾਗ ਹੋਣ ਕਾਰਨ, ਇਸ ਨੂੰ ਬਾਗੇਸ਼ਰੀ ਅੰਗ ਅਤੇ ਸੋਰਠਿ ਅੰਗ ਤੋਂ ਗਾਇਆ ਜਾਂਦਾ ਹੈ। ਕਈ ਹਨਵੰਤ ਮਤ ਵਿਚ, ਇਸ ਰਾਗਨੀ ਨੂੰ ਦੀਪਕ ਦੀ ਨੂੰਹ ਮੰਨਿਆ ਹੈ। 'ਮਹਾਨਕੋਸ਼' ਅਨੁਸਾਰ ਜਯਜਯਵੰਤੀ ਅਥਵਾ ਜਯਜਯੰਤਿ, ਕਮਾਚ ਠਾਟ ਦੀ ਸੰਪੂਰਣ ਜਾਤਿ ਦੀ ਇਕ ਰਾਗਿਣੀ, ਜੋ ਧੂਲਸ੍ਰੀ ਬਿਲਾਵਲ ਅਤੇ ਸੋਰਠਿ ਦੇ ਮੇਲ ਤੋਂ ਬਣਦੀ ਹੈ। ਇਸ ਦੇ ਗਾਉਣ ਦਾ ਵੇਲਾ ਪ੍ਰਾਤਹਕਾਲ ਹੈ। ਇਸ ਵਿਚ ਦੋਵੇਂ ਗਾਂਧਾਰ ਅਤੇ ਦੋਵੇਂ ਨਿਸ਼ਾਦ ਲਗਦੇ ਹਨ, ਆਰੋਹੀ ਵਿਚ ਸ਼ੁੱਧ ਨਿਸ਼ਾਦ ਅਤੇ ਸ਼ੁੱਧ ਗਾਂਧਾਰ ਹੈ, ਅਵਰੋਹੀ ਵਿੱਚ ਦੋਵੇਂ ਕੋਮਲ ਹਨ, ਪੰਚਮ ਅਤੇ ਰਿਸ਼ਭ ਦੀ ਇਸ ਵਿਚ ਸੰਗਤਿ ਹੈ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ।

ਆਰੋਹੀ— ਸ, ਰੇ, ਗਾ, ਮ, ਪ, ਧ, ਨੀ, ਸ
ਅਵਰੋਹੀ— ਸ, ਨੀ, ਧ, ਪ, ਮ, ਗ ਰੇ ਸ[1]

ਗੁਰੂ ਤੇਗ ਬਹਾਦਰ[2] ਸਾਹਿਬ ਨੇ ਇਸ ਰਾਗ ਵਿਚਲੀ ਬਾਣੀ ਦਾ ਭਾਵਿ ਸਪਸ਼ਟ ਕੀਤਾ ਹੈ ਕਿ ਸੰਸਾਰੀ ਰਸ-ਭੋਗਾਂ ਨੂੰ ਤਿਲਾਂਜਲੀ ਦੇ ਕੇ ਪਰਮਸਤਿ ਵਿਚ ਲੀਨ ਹੋਣ ਲਈ ਸਾਧਕ ਨੂੰ ਪ੍ਰੇਰਣਾਦਾਇਕ ਉਪਦੇਸ਼ ਦਿੱਤਾ ਹੈ। ਇਸ ਰਾਗ ਨੂੰ 14ਵੀਂ ਸਦੀ[3] ਵਿਚ 'ਜੈਵੰਤਾ' ਆਖਿਆ ਜਾਂਦਾ ਸੀ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 533
2. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਕੁੱਲ 5 ਸਲੋਕ ਅਤੇ 59 ਪਦੇ ਦਰਜ ਹਨ, ਜੋ 15 ਰਾਗਾਂ ਵਿਚ ਅੰਕਿਤ ਹਨ।

3. **The Encyclopeadia of sikhism (Vol II),** op.cit, P: 177
"Jaijavanti was used only by Guru Tegh Bahadur for four hymns. This raga does not appear in the Ragmala but was Known as Javanta as early as the 14th century. Today it is regarded as an important raga belonging to the khamaj Thata. This majestic and highly arresting raga is assigned to the night hours."

# ਜੈਤਸਰੀ

ਇਹ ਇਕ ਪ੍ਰਾਚੀਨ, ਗੰਭੀਰ, ਅਪ੍ਰਚਲਿਤ ਅਤੇ ਕਠਿਨ ਰਾਗ ਹੈ ਜਿਸ ਨੂੰ ਕੇਵਲ ਮਹਾਨ ਗਾਇਕ ਹੀ ਗਾ ਸਕਦੇ ਹਨ। ਪੂਰਬੀ ਠਾਟ ਦਾ ਔਰਵ ਅਤੇ ਸੰਪੂਰਣ ਰਾਗ ਹੈ। ਇਸ ਦੇ ਗਾਉਣ ਦਾ ਵਿਧਾਨ ਦਿਨ ਦਾ ਚੌਥਾ ਪਹਿਰ ਹੈ। ਕਈ ਸ਼ਾਸਤਰੀ ਵਿਦਵਾਨਾਂ ਅਨੁਸਾਰ ਬਹੁਤ ਪੁਰਾਣਾ ਰਾਗ ਹੋਣ ਕਾਰਨ, ਆਮ ਤੌਰ ਤੇ ਸਰਦ ਰੁੱਤੇ ਗਾਇਆ ਜਾਂਦਾ ਹੈ। ਰਾਗਬੱਧ ਬਾਣੀ ਵਿਚ ਗਿਆਰ੍ਹਵੇਂ ਕ੍ਰਮ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਕ 696-710 ਤੱਕ ਸੁਸ਼ੋਭਿਤ ਹੈ।

ਇਸ ਬਾਣੀ ਦੇ ਅੰਤਰਗਤ 27 ਚਉਪਦੇ, 3 ਛੰਤ ਅਤੇ ਇਕ ਵਾਰ ਮਹਲਾ ੫ ਹੈ। ਇਕ ਸ਼ਬਦ ਭਗਤ ਰਵਿਦਾਸ ਦਾ ਵੀ ਆਉਂਦਾ ਹੈ। ਇਸ ਰਾਗ ਵਿਚ ਆਈ ਸੰਪੂਰਣ ਬਾਣੀ ਦਾ ਵੇਰਵਾ ਇੰਝ ਹੈ। ਗੁਰੂ ਰਾਮਦਾਸ ਦੇ 11 ਚਉਪਦੇ, ਗੁਰੂ ਅਰਜਨ ਦੇ 13, ਗੁਰੂ ਤੇਗ ਬਹਾਦਰ ਦੇ 3 ਅਤੇ ਭਗਤ ਰਵਿਦਾਸ ਦਾ ਇੱਕ ਚਉਪਦਾ, ਗੁਰੂ ਗ੍ਰੰਥ ਸਾਹਿਬ ਦੇ ਅੰਕ 696-710 ਤੱਕ ਅੰਕਿਤ ਹੈ।

ਇਸ ਰਾਗ ਵਿਚ ਜੈਤ ਅਤੇ ਸਿਰੀਰਾਗ ਦਾ ਮੇਲ ਹੈ ਅਤੇ ਪੂਰਵਾਗ ਵਿਚ 'ਸ ਗ ਪ ਪਗ ਰੁਸ, ਜੈਤ ਅੰਗ ਅਤੇ ਉਤ੍ਰਾਂਗ ਵਿਚ 'ਮਪ ਨ ਸ ਰੁਨ ਧੁਪ' ਸਿਰੀ ਰਾਗ ਦਾ ਅੰਗ ਹੈ। ਪੁਰਾਣੀ ਥਾਟ ਦੇ ਇਸ ਰਾਗ ਵਿਚ ਰਿਸ਼ਭ, ਧੈਵਤ, ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਆਵਰੋਹ ਵਿਚ ਸੱਤ ਸੁਰ ਲੱਗਣ ਕਰਕੇ ਇਸ ਦੀ ਜਾਤੀ ਔਡਵ-ਸੰਪੂਰਨ ਹੈ। ਵਾਦੀ ਗੰਧਾਰ ਅਤੇ ਵਾਦੀ ਨਿਸ਼ਾਦ ਹਨ। ਕਈ ਵਿਦਵਾਨ ਇਸ ਦੀ ਨੇੜਤਾ ਰਾਗ ਪੁਰੀਆ ਧਨਾਸਰੀ ਨਾਲ ਦੱਸਦੇ ਹਨ। ਰਾਗਮਾਲਾ[1] ਵਿਚ ਇਸ ਦਾ ਜ਼ਿਕਰ ਨਹੀਂ।

ਇਸ ਰਾਗਮਈ ਬਾਣੀ ਵਿਚ ਬਾਣੀਕਾਰਾਂ ਨੇ ਤਾਕੀਦ ਕੀਤੀ ਹੈ ਕਿ ਅਮੋਲਕ ਹੀਰਾ 'ਹਰਿ-ਨਾਮ' ਸਾਡੇ ਅੰਦਰ ਹੈ ਪਰ ਬ੍ਰਹਮ ਗਿਆਨੀ ਤੋਂ ਬਿਨਾ ਲੱਭਣਾ ਬੜਾ ਮੁਸ਼ਕਲ ਹੈ। ਬ੍ਰਹਮ-ਗਿਆਨ ਦੀ ਪ੍ਰਾਪਤੀ ਕੇਵਲ ਸਤਿ-ਸੰਗਤ ਵਿਚ ਜਾ ਕੇ ਨਾਮ-ਸਿਮਰਨ ਰਾਹੀਂ ਹੀ ਹਿਰਦੇ ਵਿਚ ਪ੍ਰਕਾਸ਼ ਦੀ ਜੋਤੀ ਬਲ ਸਕਦੀ ਹੈ ਅਤੇ ਭਰਮ ਭੁਲੇਖੇ ਮੁਢੋਂ ਹੀ ਖਤਮ ਹੋ ਜਾਂਦੇ ਹਨ। ਗੁਰੂ ਦੀ ਸ਼ਰਨ ਹੀ ਸਭ ਤੋਂ ਉੱਤਮ ਹੈ। ਅਕਾਲ ਪੁਰਖ ਦੇ ਦਰਸ਼ਨ, ਤਾਂਘ, ਸੇਵਾ ਆਦਿ ਬਾਰੇ ਨਿਮਰਤਾ ਸਹਿਤ ਅਰਜ਼ੋਈ ਕੀਤੀ ਗਈ ਹੈ। ਸੰਸਾਰੀ ਮਾਇਆ ਤੋਂ ਨਿਰਲੇਪ ਰਹਿਕੇ ਹੀ ਪ੍ਰਭੂ-ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾ ਸਕਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 172

"Jaitsri does not appear in the Ragmala nor is it found in the modern literature on the subject. Bhat Khande gives Jaitkalyan but this is not to be confused with the above. However, Jaitsri does appear in a 17th century classification, but not in later ones. Guru Ram Das, Guru Arjan and Guru Tegh Bahadur composed 30 hymns, a var and several slokas to this raga. Today Raga Jait is found under the Marva Thata and is assigned to the evening hours. A mood of gentle quietness and mystery pervades this raga."

# ਜੈਤਸਰੀ ਕੀ ਵਾਰ

ਗੁਰੂ ਅਰਜਨ ਦੀ ਉਚਾਰਨ ਕੀਤੀ, ਇਸ ਵਾਰ ਵਿਚ ਕੁੱਲ 20 ਪਉੜੀਆਂ ਹਨ। ਪੰਜ-ਪੰਜ ਤੁਕਾਂ ਦੀ ਹਰ ਪਉੜੀ ਹੈ। ਹਰ ਪਉੜੀ ਨਾਲ ਦੋ-ਦੋ ਸਲੋਕ ਦਰਜ ਹਨ। ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 705-710 ਤੱਕ ਅੰਕਿਤ ਹੈ।

ਭਾਸ਼ਾਈ ਖੇਤਰ ਵਿਚ ਇਸ ਵਾਰ ਦਾ ਖਾਸ ਮੁਕਾਮ ਹੈ। ਭਰਤ ਮਤ ਵਿਚ ਇਸ ਰਾਗ ਨੂੰ ਮਾਲਕੋਸ਼ ਦੀ ਨੂੰਹ ਦੱਸਿਆ ਗਿਆ ਹੈ। ਪਹਿਲਾ ਸਲੋਕ ਸਹਸਕ੍ਰਿਤੀ ਵਿਚ ਹੈ ਅਤੇ ਦੂਜਾ ਲਹਿੰਦੀ ਵਿਚ। ਪਉੜੀ ਪੂਰਬੀ ਪੰਜਾਬੀ ਵਿਚ ਲਿਖੀ ਹੋਈ ਹੈ। ਸਹਸਕ੍ਰਿਤੀ ਸਲੋਕ ਦੇ ਵਿਚਾਰ ਆਮ ਤੌਰ ਤੇ ਪੱਛਮੀ ਅਤੇ ਪੂਰਬੀ ਪੰਜਾਬੀ[1] ਦੋਹਾਂ ਵਿਚ ਹੀ ਪ੍ਰਗਟ ਕੀਤਾ ਗਿਆ ਹੈ। ਇਹ ਸਾਰੇ ਸਲੋਕ ਦੋ-ਦੋ ਤੁਕਾਂ ਦੇ ਦੋਹਿਰਾ-ਸੋਰਠਾ ਤੋਲ ਵਿਚ ਲਿਖੇ ਹਨ, ਗਏ ਹਨ। 12ਵੀਂ ਪਉੜੀ ਨਾਲ ਦਰਜ ਪਹਿਲੇ ਸਲੋਕ ਦੇ, ਜੋ ਤਿੰਨ ਤੁਕਾਂ ਵਾਲਾ ਹੈ। ਸਲੋਕਾਂ ਅਤੇ ਪਉੜੀਆਂ ਵਿਚ ਭਾਵ-ਗਤ ਇਕਸੁਰਤਾ ਹੈ।[2] ਇਸ ਵਿਚ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਘਾਟ ਵੀ ਮਹਿਸੂਸ ਕੀਤੀ ਗਈ ਹੈ। ਇਸ ਵਾਰ ਵਿਚ ਅਕਾਲ ਪੁਰਖ ਦੇ ਕਈ ਨਾਂ[3] ਵੀ ਅੰਕਿਤ ਕੀਤੇ ਗਏ ਹਨ।

ਇਸ ਸਮੁੱਚੀ ਵਾਰ ਵਿਚ ਗੁਰਮਤਿ ਦੇ ਵਿਭਿੰਨ ਵਿਸ਼ਿਆਂ ਤੇ ਚਾਨਣਾ ਪਾਇਆ ਗਿਆ ਹੈ ਜਿਵੇਂ ਨਾਮ-ਸਿਮਰਨ, ਮਾਇਆ ਤੋਂ ਨਿਰਲੇਪਤਾ ਅਤੇ ਚੰਗੇ ਗੁਣਾਂ ਦੀ ਪ੍ਰਾਪਤੀ ਲਈ ਪਰਮਸਤਿ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਪੰਜਾਬੀ ਸਾਹਿੱਤ ਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 352
2. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 36-37
3. **The Encyclopeadia of sikhism (Vol II)**, op.cit, P: 231
   "In this var, in the sahaskriti slokas (Though not so designated here) classical attributive names for the supreme Being employed; for example, Jagadisvara (Lord of the universe) Gopal (preserver) Prabhu (Lord), Gobind (Lord of the universe), Paramesvara (the supreme Lord) Narhari (Puissant Lord) and such others. The classical atmosphere would help to instruct in the fundamentals of Guru's teachings even those orientation has been in the various philosophies and ritualistic creeds of India."

# ਟੋਡੀ

ਟੋਡੀ ਇਕ ਸੰਪੂਰਣ ਗੰਭੀਰ ਪ੍ਰਕ੍ਰਿਤੀ ਵਾਲਾ ਸੁੰਦਰ ਰਾਗ ਹੈ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ 12ਵਾਂ ਸਥਾਨ ਤੇ ਅੰਕ 711-718 ਤੱਕ ਅੰਕਿਤ ਹੈ। ਮਧੁਰ ਅਤੇ ਸਰਲ ਰਾਗ ਹੋਣ ਕਾਰਨ, ਇਸ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਮੰਨਿਆ ਜਾਂਦਾ ਹੈ। ਰਾਗਮਾਲਾ ਵਿਚ ਇਸ ਰਾਗ ਨੂੰ ਦੀਪਕ ਦੀ ਰਾਗਨੀ[1] ਲਿਖਿਆ ਹੋਇਆ ਹੈ।

ਇਸ ਰਾਗ ਦੇ ਕੁੱਲ 35 ਚਉਪਦੇ ਹਨ ਜਿਸ ਵਿਚ ਗੁਰੂ ਰਾਮਦਾਸ ਦਾ ਇੱਕ ਚਉਪਦਾ, ਗੁਰੂ ਅਰਜਨ ਦੇ 30, ਗੁਰੂ ਤੇਗ ਬਹਾਦਰ ਦਾ ਇਕ ਅਤੇ ਭਗਤ ਨਾਮਦੇਵ ਦੇ ਤਿੰਨ ਚਉਪਦੇ ਅੰਕ 711 ਤੋਂ ਲੈ ਕੇ 718 ਤੱਕ ਅੰਕਿਤ ਹੋਏ ਹਨ। ਕਈ ਵਿਦਵਾਨ, ਇਸ ਨੂੰ ਟੋਡੀ ਠਾਟ ਦੀ ਸੰਪੂਰਣ ਰਾਗਨੀ ਵੀ ਮੰਨਦੇ ਹਨ। 'ਮਹਾਨਕੋਸ਼' ਅਨੁਸਾਰ ਰਿਸ਼ਭ, ਗਾਂਧਾਰ, ਧੈਵਤ, ਕੋਮਲ, ਮਧਮ, ਤੀਵਰ ਅਤੇ ਬਾਕੀ ਸੁਰ ਸ਼ੁੱਧ ਹਨ। ਧੈਵਤ ਵਾਦੀ ਅਤੇ ਗਾਂਧਾਰ ਸੰਵਾਦੀ ਹੈ:

| | | | | | | | | |
|---|---|---|---|---|---|---|---|---|
| ਆਰੋਹੀ— | ਸ਼ | ਰਾ | ਗਾ | ਮੀ | ਪਾ | ਧਾ | ਨ | ਸ਼ |
| ਅਵਰੋਹੀ— | ਸ | ਨ | ਧਾ | ਪਾ | ਮੀ | ਗਾ | ਰਾ | ਸ਼[2] |

ਗੁਰੂ ਅਰਜਨ ਦੇ ਚਉਪਦਿਆਂ ਵਿਚ ਪਦਿਆਂ ਦੇ ਸਮੁੱਚਾਂ ਦੀ ਤਰਤੀਬ ਇੰਝ ਹੈ: 24 ਚਉਪਦੇ ਦੋ-ਦੋ ਪਦਿਆਂ ਦੇ, 5 ਚਉਪਦੇ ਚਾਰ-ਚਾਰ ਪਦਿਆਂ ਦੇ ਅਤੇ ਇੱਕ ਚਉਪਦਾ ਪੰਜ ਪਦੇ ਦਾ ਹੈ। ਇਸ ਰਾਗ ਵਿਚ ਗੁਰਬਾਣੀ ਦੇ ਵਿਭਿੰਨ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ, ਜਿਵੇਂ ਨਾਮ-ਸਿਮਰਨ ਦੀ ਮਹਿਮਾ, ਮਾਇਆ ਤੋਂ ਨਿਰਲੇਪਤਾ, ਅਕਾਲ ਪੁਰਖ ਦਾ ਸਿਮਰਨ, ਸੱਚੇ ਨਾਮ ਦੀ ਮਹਿਮਾ ਦੇ ਅਨੇਕਾਂ ਪਾਰਦਰਸ਼ੀ ਪੈਰਾਡਾਈਮਾਂ ਦੇ ਦਰਸ਼ਨ-ਦੀਦਾਰੇ ਪ੍ਰਤੱਖ ਰੂਪ ਵਿਚ ਦ੍ਰਿਸ਼ਟਮਾਨ ਹੁੰਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 173
   "A ragini of Dipak in the Ragmala. Todi is today the head of a Thata. It is considered one of the most important of the north Indian ragas. Todi was used by the Gurus for 32 hymns. This is a raga for late morning hours and the mood is gentle, with an aura of adoration."
2. **ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼**, ਪੂਰਕ ਅੰਕਤ, ਅੰਕ: 553

# ਡਖਣੇ

ਪੰਜਾਬ ਦੇ ਦੱਖਣ ਵੱਲ ਮੁਲਤਾਨ, ਸਾਹੀਵਾਲ ਇਲਾਕੇ ਦੀ ਲਹਿੰਦੀ ਉਪਭਾਸ਼ਾ ਨੂੰ ਗੁਰਬਾਣੀ ਵਿੱਚ 'ਡਖਣੇ' ਕਿਹਾ ਗਿਆ ਹੈ। ਆਮ ਤੌਰ ਤੇ ਇਸ ਵਿਸ਼ੇਸ਼ ਕਾਵਿ-ਰੂਪ ਵਿਚ 'ਦ' ਦੀ ਥਾਂ 'ਡ' ਅਤੇ 'ਸ' ਦੀ ਥਾਂ 'ਹ' ਵਰਤਿਆ ਜਾਂਦਾ ਹੈ। ਅਸਲ ਵਿਚ ਇਹ 'ਸਲੋਕ' ਹੈ ਪਰ ਭਾਸ਼ਾ ਦੀ ਤੀਖਣ ਦ੍ਰਿਸ਼ਟੀ ਤੋਂ ਇਸਨੂੰ ਵੱਖਰਾ ਨਾਮ ਦਿੱਤਾ ਗਿਆ ਹੈ। ਬੋਲੀ ਲਹਿੰਦੀ ਹੈ ਪਰ ਅਰਬੀ ਫ਼ਾਰਸੀ ਸ਼ਬਦਾਵਲੀ ਦੀ ਆਮ ਵਰਤੋਂ ਹੋਈ ਹੈ।

'ਡੱਖਣੇ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਡਕਸੰਨੀ'[1] ਦਾ ਮੂਲ ਹੈ, ਜਿਸ ਦੇ ਅਰਥ ਦੱਖਣੀ' ਹਨ। ਡਾ. ਚਰਨ ਸਿੰਘ ਡੱਖਣੇ ਨੂੰ ਸਿੰਧੀ ਭਾਸ਼ਾ ਦਾ ਇਕ ਵਚਨ ਸ਼ਬਦ ਦੱਸਦੇ ਹਨ। ਜਿਸ ਦੇ ਅਰਥ 'ਸਲੋਕ' ਕਰਦੇ ਹਨ। ਕਈ ਵਿਦਵਾਨ ਇਸ ਸ਼ਬਦ ਨੂੰ ਗਵਾਰ ਊਠ ਚਾਲਕ[2], ਊਠਵਾਲਾ[3] ਕਰਕੇ ਲਿਖਿਆ ਹੈ। ਦੋਹਾ, ਦੂਹਾ, ਦੋਹਰਾ, ਸਲੋਕ ਅਤੇ ਡੱਖਣਾ ਕਲੇਵਰ ਦੇ ਲਿਹਾਜ਼ ਨਾਲ ਰਲਦੇ ਮਿਲਦੇ ਹਨ। ਸਮੇਂ ਸਥਾਨ/ਬੋਲੀ ਦੇ ਪੱਖੋਂ ਉਪਰੋਕਤ ਸੰਕੇਤ ਵਰਤੇ ਜਾਂਦੇ ਰਹੇ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸਲੋਕ ਦਾ ਲਹਿੰਦੀ ਰੂਪ ਹੀ ਡੱਖਣਾ ਹੈ।.....ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਡੱਖਣੇ ਲਹਿੰਦੇ ਪੰਜਾਬ ਵਿਚ ਊਠਾਂ ਦੇ ਕਾਫ਼ਲਿਆਂ ਨਾਲ ਤੁਰਨ ਵਾਲੇ ਯਾਤਰੀ ਗਾਉਂਦੇ ਹੋਣਗੇ। ਇਸ ਤੋਂ ਇਹ ਕਾਵਿ ਰੂਪ ਕਰਹਲੇ ਵਰਗੇ ਯਤਰਾ ਗੀਤ ਦੀ ਕੋਟੀ ਵਿਚ ਆ ਜਾਂਦਾ ਹੈ। ਡਾ. ਹਰਕੀਰਤ ਸਿੰਘ ਜੋ ਲਹਿੰਦੇ ਖਿੱਤੇ ਦੀ ਭਾਸ਼ਾ ਦੇ ਚੰਗੇ ਮਾਹਿਰ ਹਨ, ਉਨ੍ਹਾਂ ਨਾਲ ਇਸ ਵਿਸ਼ੇ ਤੇ ਵਿਚਾਰ ਹੋਈ ਤਾਂ ਉਨ੍ਹਾਂ ਸਪਸ਼ਟ ਦਸਿਆ ਕਿ ਡੱਖਣੇ ਦਾ ਸੰਬੰਧ ਊਠਾਂ ਵਾਲਿਆਂ ਨਾਲ ਹੈ। ਊਠ ਰੱਖਣ ਵਾਲਿਆਂ ਤੇ ਊਠਾਂ ਦੇ ਕਾਫ਼ਲਿਆਂ ਉੱਤੇ ਯਾਤਰਾ ਸਮੇਂ ਬੋਲੇ ਜਾਂਦੇ ਵਿਸ਼ੇਸ਼ ਪ੍ਰਕਾਰ ਦੇ ਗੀਤ ਹੀ ਡੱਖਣੇ ਸਨ।[4] ਡਖਣੇ ਗੁਰੂ ਗ੍ਰੰਥ ਸਾਹਿਬ ਦੇ ਅੰਕ 1094-1102 ਤੱਕ ਅੰਕਿਤ ਹਨ। ਗੁਰੂ ਅਰਜਨ ਨੇ ਮਾਰੂ ਰਾਗ ਵਿਚ ਡੱਖਣੇ ਲਿਖ ਕੇ, ਇਸੇ ਵਾਰ ਨਾਲ ਜੋੜ ਦਿੱਤੇ ਹਨ। ਸਿਰੀਰਾਗ ਦੇ ਛੰਤਾਂ ਨਾਲ ਵੀ 'ਪੰਜ ਡੱਖਣੇ' ਮਿਲਦੇ ਹਨ। ਅਜਿਹੇ ਹੀ ਰੰਗ-ਰੂਪ ਵਾਲੇ 'ਜੈਤਸਰੀ ਕੀ ਵਾਰ' ਵਿਚ ਲਹਿੰਦੀ ਦੇ ਸਲੋਕ ਆਉਂਦੇ ਹਨ। ਕਈ ਵਿਦਵਾਨਾਂ 'ਡਖਣੇ' ਨੂੰ ਪ੍ਰਗੀਤ ਕਾਵਿ ਦੇ ਜ਼ੁਮਰੇ ਵਿਚ ਰੱਖਦੇ ਹਨ।

23 ਪਉੜੀਆਂ ਵਾਲੀ ਮਾਰੂ ਰਾਗ ਦੀ ਵਾਰ ਵਿਚ ਹਰ ਪਉੜੀ ਨਾਲ ਤਿੰਨ-ਤਿੰਨ ਸਲੋਕ ਦਰਜ ਹਨ। ਸਲੋਕਾਂ ਦਾ ਸਮੁੱਚਾ ਜੋੜ 69 ਹੈ। 21ਵੀਂ ਅਤੇ 22ਵੀਂ ਪਉੜੀਆਂ ਨਾਲ ਤਿੰਨ-ਤਿੰਨ ਤੁਕਾਂ ਦੇ ਸਲੋਕ ਹਨ ਪਰ ਬਾਕੀ ਸਾਰੇ ਸਲੋਕ ਦੋ-ਦੋ ਤੁਕਾਂ ਦੇ ਹਨ। ਸਲੋਕ ਭਾਵੇਂ ਮੁਲਤਾਨੀ ਭਾਸ਼ਾ ਵਿਚ ਹਨ ਉਥੇ ਪੰਜਾਬੀ ਸਧੁੱਕੜੀ ਵਿਚ ਪਉੜੀਆਂ ਦਾ ਉਲੇਖ ਕੀਤਾ ਗਿਆ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਅਭਿਵਿਅਕਤੀ ਵਜੋਂ ਵੀ ਇਹ ਸਲੋਕ ਬੜੀ ਸੁੰਦਰ ਕਾਵਿ-ਕਲਾ ਦਾ ਨਮੂਨਾ ਪੇਸ਼ ਕਰਦੇ ਹਨ। ਬਿੰਬਾਂ ਦੀ ਸਿਰਜਨਾ ਰਾਹੀਂ ਗੁਰੂ ਜੀ ਨੇ ਆਪਣੀਆਂ ਅਧਿਆਤਮਿਕ ਸਥਾਪਨਾਵਾਂ ਨੂੰ ਮੰਨਣਯੋਗ ਬਣਾਇਆ ਹੈ ਅਤੇ ਪ੍ਰਤੀਕ ਵਿਧਾਨ ਰਾਹੀਂ ਰਹੱਸਾਤਮਕ ਅਨੁਭਵ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਅਲੰਕਾਰਾਂ

ਵਿਚੋਂ ਉਪਮਾ, ਰੂਪਕ, ਉਤਪ੍ਰੇਕਸ਼ਾ, ਗੂੜੋਕਤੀ ਆਦਿ ਦੇ ਨਮੂਨੇ ਵੇਖੇ ਜਾ ਸਕਦੇ ਹਨ।......ਸ਼ਬਦਾਲੰਕਾਰ ਨੇ ਭਾਸ਼ਾ ਨੂੰ ਸੋਹਜਾਤਮਕਤਾ ਪ੍ਰਦਾਨ ਕੀਤੀ ਹੈ। ਇਸ ਰਚਨਾ ਦੀ ਭਾਸ਼ਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਭਾਵ ਅਤੇ ਸਥਿਤੀ ਅਨੁਕੂਲਤਾ ਹੈ।[5]

ਗੁਰੂ ਅਰਜਨ ਨੇ ਅਕਾਲਪੁਰਖ ਦੇ ਨਾਮ-ਸਿਮਰਨ ਦੇ ਵਿਭਿੰਨ ਢੰਗਾਂ ਤੋਂ ਵਿਸ਼ਲੇਸ਼ਣ ਕੀਤਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol I),** op.cit, P: 487
"Dakhane, title of sixty-nine slokas by Guru Arjan, incorporiated in his Var in the measure Maru, Three each with its Twenty- Three pauris or stanzas. The word Dakhne (Skt. Daksini) means 'southern'. The languages of these Verses is a dialect of the southern punjab, now in pakistan, known as Multani or Saraiki. Dakhane is not the name of any language but of a style of song-verse of that region. Guru Arjan, however, has complete mastery of the dialect of that region distant from his own central Punjab and these Verses are remarkable for their poetic qualities."
2. **A dictionary of the Jatki or Western Punjabi Language.**
3. **Glossory of Multani language.**
4. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ,** ਪੂਰਵ ਅੰਕਤ, ਅੰਕ 79
5. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ),** ਪੂਰਵ ਅੰਕਤ, ਅੰਕ 61

# ਤਿਪਦੇ

ਤਿੰਨ ਬੰਦ ਹੋਣ ਕਾਰਨ, ਇਸ ਦਾ ਨਾਂ 'ਤਿਪਦਾ' ਪ੍ਰਚਲਿਤ ਹੋ ਗਿਆ ਹੈ। ਇਹ ਵਿਭਿੰਨ ਪ੍ਰਕਾਰ ਦੇ ਹਨ ਜਿਵੇਂ ਇਕ ਤੁਕੇ, ਦੋ ਤੁਕੇ ਤੇ ਤਿੰਨ ਤੁਕੇ। ਕਈ ਬਾਣੀਕਾਰਾਂ ਨੇ ਇਸ ਦੀ ਵਰਤੋਂ ਕੀਤੀ ਹੈ। ਭਗਤ ਕਬੀਰ ਦਾ 'ਤਿੰਨ ਤੁਕਾ' ਵੀ ਬੜਾ ਪ੍ਰਸਿੱਧ ਹੈ।[1]

ਡਾ. ਜੋਗਿੰਦਰ ਸਿੰਘ ਤਲਵਾੜਾ[2] ਅਨੁਸਾਰ 'ਤਿਪਦਾ' ਬਹੁ-ਬ੍ਰੀਹੀ ਸਮਾਸੀ ਸ਼ਬਦ ਹੈ, ਜਿਸ ਵਿਚ 'ਵਿਸ਼ੇਸ਼ਣ' ਨਾਲ 'ਨਾਉਂ' ਨੂੰ ਸੰਮਿਲਤ ਕੀਤਾ ਜਾਂਦਾ ਹੈ। ਤਿ+ਪਦਾ ਤੋਂ ਭਾਵ ਹੈ ਤਿੰਨ ਪਦਿਆਂ ਵਾਲਾ। ਇਸ ਸ਼ਬਦ ਦਾ ਉਚਾਰਣ ਕਰਨ ਲੱਗਿਆਂ ਅਗੇਤਰ-ਪਦ 'ਤਿ' ਉਤੇ ਰਤਾ ਕੁ ਦਬਾਅ (Stress) ਦੇ ਕੇ (ਤਿ਼+ਪਦਾ ਵਾਂਗ) ਕਰਨਾ ਚਾਹੀਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. 'ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ
   ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ।੧। ਰਹਾਉ।
   ਬਾਰਕਿ ਤੇ ਬਿਰਧਿ ਭਇਆ ਹੋਨਾ ਸੋ ਹੋਇਆ
   ਜਾ ਜਮੁ ਆਇ ਝੋਟ ਪਕਰੈ, ਤਬਹਿ ਕਾਹੇ ਰੋਇਆ।੨।
   ਜੀਵਨੈ ਕੀ ਆਸ ਕਰਹਿ, ਜਮੁ ਨਿਹਾਰੈ ਸਾਸਾ
   ਬਾਜੀਗਰੀ ਸੰਸਾਰੁ ਕਬੀਰਾ, ਚੇਤਿ ਢਾਲਿ ਪਾਸਾ॥੩॥
   —ਆਸਾ ਕਬ, ੧੩, ੩:੩ (481)
2. **ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ (ਭਾਗ ੧)** ਬਾਣੀ ਬਿਉਰਾ, ਪੂਰਵ ਅੰਕਤ, ਅੰਕ: 49

# ਤਿਲੰਗ

ਇਹ ਇਕ ਮਨਮੋਹਕ ਰਾਗ ਹੈ, ਜੋ ਬਿਲਾਵਲ ਠਾਟ ਦਾ ਔੜਵ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗਬੱਧ ਬਾਣੀ ਵਿਚ ਇਸ ਦਾ 14ਵਾਂ ਨੰਬਰ ਆਉਂਦਾ ਹੈ ਅਤੇ ਜੋ ਅੰਕ 721-727 ਤੱਕ ਅੰਕਿਤ ਹੈ। ਕਈ ਗ੍ਰੰਥਾਂ ਵਿਚ ਇਸ ਨੂੰ 'ਤੇਲੰਗੀ' ਕਰ ਕੇ ਲਿਖਿਆ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ ਪਰ ਕਈ ਵਿਦਵਾਨਾਂ ਅਨੁਸਾਰ ਇਹ ਰਾਗ ਵਰਸ਼ਾ ਰੁੱਤ ਜਾਂ ਸਰਦੀਆਂ ਦੀ ਅੱਧ ਰਾਤ ਨੂੰ ਵੀ ਗਾਇਆ ਜਾਂਦਾ ਹੈ।

ਸੰਪੂਰਨ ਬਾਣੀ ਵਿਚ ਚਉਪਦਿਆਂ ਦੀ ਕੁੱਲ ਗਿਣਤੀ 20 ਹੈ[1], ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇ 6, ਗੁਰੂ ਰਾਮਦਾਸ ਦੇ 3, ਗੁਰੂ ਅਰਜਨ ਦੇ 5, ਗੁਰੂ ਤੇਗ ਬਹਾਦਰ ਦੇ 3, ਕਬੀਰ ਦਾ 1 ਅਤੇ ਨਾਮਦੇਵ ਦੇ 2 ਚਉਪਦੇ ਅੰਕਿਤ ਹਨ, ਜੋ ਪੰਨਾ 721-727 ਤੱਕ ਸੁਸ਼ੋਭਿਤ ਹਨ। ਨਿਖੜਵੇ ਸ਼ਬਦਾਂ ਵਿਚ ਗੁਰੂ ਨਾਨਕ ਅਤੇ ਗੁਰੂ ਰਾਮਦਾਸ ਦਾ ਇਕ ਇਕ ਸ਼ਬਦ ਅੰਕਿਤ ਹੈ। ਕਈ ਵਿਦਵਾਨ 'ਤੈਲੰਗ ਪ੍ਰਦੇਸ਼' ਨਾਲ ਵੀ ਇਸ ਦਾ ਨਾਂ ਜੋੜਦੇ ਹਨ।

ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਵਰਜਤ ਹਨ ਅਤੇ ਬਾਕੀ ਸਾਰੇ ਸੁਰ ਸ਼ੁੱਧ ਹਨ। ਨਿਸ਼ਾਦ ਅਤੇ ਪੰਚਮ ਦੀ ਇਸ ਰਾਗ ਵਿਚ ਸੰਗਤ ਹੈ। ਵਾਦੀ ਸੁਰ ਗਾਂਧਾਰ ਅਤੇ ਨਿਸ਼ਾਦ ਸੰਵਾਦੀ ਹੈ।

| | | | | | | |
|---|---|---|---|---|---|---|
| ਆਰੋਹੀ— | ਸ਼ | ਗ | ਮ | ਪ | ਨ | ਸ |
| ਅਵਰੋਹੀ— | ਸ਼ | ਨ | ਪ | ਮ | ਗ | ਸ਼[2] |

ਕਈਆਂ ਨੇ ਇਸ ਵਿਚ ਧੈਵਤ ਸੁਰ ਲਾ ਕੇ ਇਸਨੂੰ ਸ਼ਾੜਵ ਮੰਨਿਆ ਹੈ। ਕਈਆਂ ਗ੍ਰੰਥਾਂ ਵਿਚ ਇਸ ਨੂੰ 'ਤ੍ਰਿਕਲਿੰਗ'[3] ਵੀ ਲਿਖਿਆ ਹੈ।

ਤਿਲੰਗ ਰਾਗ ਵਿਚ ਆਈ ਸਾਰੀ ਬਾਣੀ ਦਾ ਭਾਵ ਹੈ ਕਿ ਅਕਾਲਪੁਰਖ ਪ੍ਰਤੀ ਸ਼ਰਧਾ, ਬਾਬਰ ਦੇ ਹਮਲੇ ਕਾਰਨ ਹੋਈ ਤਬਾਹੀ ਦਾ ਵਰਨਣ, ਪਰਮਸਤਿ ਦੀ ਲਾ-ਸ਼ਰੀਕੀ ਦਾ ਵਿਵਰਣ, ਪ੍ਰਭੂ ਮਿਹਰਵਾਨ ਹੈ, ਸਾਧ-ਸੰਗਤਿ ਦੀ ਮਹਿਮਾ, ਨਾਮ-ਸਿਮਰਨ ਦੀ ਉਚਤਮ ਅਤੇ ਪ੍ਰਮਾਤਮਾ ਦੀ ਵਡਿਆਈ ਦਾ ਗੁਣ-ਗਾਨ ਕੀਤਾ ਗਿਆ ਹੈ। ਇਸ ਰਾਗ ਵਿਚ ਇਕ ਅਹਿਮ ਪ੍ਰਸ਼ਨ ਪੁਛਿਆ ਗਿਆ ਹੈ ਕਿ ਆਦਮੀ ਸੰਸਾਰੀ ਔਗਣਾਂ ਨਾਲ ਕਿਉਂ ਜੁੜਿਆ ਹੈ ਜਦਕਿ ਗੁਰੂ ਨਾਨਕ ਨੇ ਖੁਸ਼ੀਆਂ ਅਤੇ ਚੰਗਿਆਈਆਂ ਦਾ ਮਾਰਗ-ਦਰਸ਼ਨ ਦਿੱਤਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II)**, op.cit, P: 173 "Favoured by Muslims, this raga occurs in the Ragmala as a ragini of Hindol. Today, it belongs to the Khamaj Thata. Tilang was used by Guru Nanak (6 hymns) Guru Ram Das

(3), Guru Arjan (5), Guru Tegh Bahadur (3), Kabir (1) and Namdev (2) for a total of 20 hymns. Tilang is performed at night and has a calm and pleasing mood."

4. **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 593
5. ਪੂਰਵ ਅੰਕਤ, ਅੰਕ 593
   "ਸੰਸਕ੍ਰਿਤ ਗ੍ਰੰਥ ਵਿਚ ਇਸ ਨੂੰ ਤ੍ਰਿਕਲਿੰਗ ਜਾਂ ਤ੍ਰਿਲਿੰਗ ਵੀ ਲਿਖਿਆ ਗਿਆ ਹੈ। ਦੱਖਣ ਵਿਚ ਇਕ ਅਜਿਹਾ ਇਲਾਕਾ ਹੈ ਜਿਸ ਨੂੰ ਤਿਲੰਗ ਕਹਿੰਦੇ ਹਨ ਕਿਉਂਕਿ ਉਥੇ ਤਿੰਨ ਪਹਾੜ ਹਨ, ਜਿਨ੍ਹਾਂ ਉਪਰ ਤਿੰਨ ਸ਼ਿਵਲਿੰਗ ਹਨ, ਉਨ੍ਹਾਂ ਪਹਾੜਾਂ ਦੇ ਨਾਂ ਹਨ ਸ੍ਰੀਸ਼ੈਲ, ਕਾਲੇਸ਼ਵਰ ਅਤੇ ਭੀਮੇਸ਼ਵਰ।"

# ਤੁਖਾਰੀ

ਇਹ ਪ੍ਰਾਚੀਨ ਅਤੇ ਸੰਪੂਰਣ ਰਾਗ ਹੈ ਜੋ ਅਲਪ ਪ੍ਰਸਿੱਧ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਪੂਰਵਾਂਗ ਪ੍ਰਧਾਨ ਰਾਗ ਤੁਖਾਰੀ ਗੁਰਮਤਿ ਸੰਗੀਤ ਪੱਧਤੀ ਦਾ ਇੱਕ ਪ੍ਰਮੁੱਖ ਰਾਗ ਹੈ। ਰਾਗਬੱਧ ਤਰਤੀਬ ਵਿਚ ਇਸ ਦਾ 22ਵਾਂ ਨੰਬਰ ਆਉਂਦਾ ਹੈ ਅਤੇ ਅੰਕ 1107-1117 ਤੱਕ ਅੰਕਿਤ ਹੈ। ਇਸ ਦੇ ਗਾਉਣ ਦਾ ਸਮਾਂ ਦਿਨੇ ਦੁਪਹਿਰ ਦਾ ਚੌਥਾ ਪਹਿਰ ਹੈ ਪਰ ਕਈ ਸੰਗੀਤ-ਪ੍ਰੇਮੀ ਇਸ ਨੂੰ ਸ਼ਾਮ ਵੇਲੇ ਦਾ ਰਾਗ ਮੰਨਦੇ ਹਨ। ਆਧੁਨਿਕ ਸੰਗੀਤਿਕ ਗ੍ਰੰਥਾਂ ਵਿਚ ਇਸ ਰਾਗ ਦਾ ਜ਼ਿਕਰੇ-ਖ਼ੈਰ ਨਹੀਂ। ਗੁਰੂ ਨਾਨਕ ਨੇ ਇਸ ਰਾਗ ਨੂੰ ਵਿਸ਼ੇਸ਼ ਰੂਪ ਰਾਹੀਂ ਸਾਕਾਰ ਕੀਤਾ ਹੈ। ਕਈ ਵਿਦਵਾਨ[1] ਇਸ ਰਾਗ ਨੂੰ ਲੋਕ-ਧੁਨਿ ਤੋਂ ਉਜਾਗਰ ਹੋਇਆ ਮੰਨਦੇ ਹਨ।

ਇਸ ਰਾਗ ਦੀ ਸੰਪੂਰਨ ਬਾਣੀ ਵਿੱਚ ਕੁੱਲ 11 ਛੰਤ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇ 6, ਗੁਰੂ ਰਾਮਦਾਸ ਦੇ 4 ਅਤੇ ਗੁਰੂ ਅਰਜਨ ਦਾ 1 ਛੰਤ ਦਰਜ ਹੈ, ਜੋ ਅੰਕ 1107-1117 ਤੱਕ ਅੰਕਿਤ ਹਨ। ਕਈ ਵਿਦਵਾਨਾਂ[2] ਦਾ ਖਿਆਲ ਹੈ ਕਿ ਇਹ ਆਮ ਤੌਰ 'ਤੇ ਭੈਰਵ, ਟੋਡੀ ਅਤੇ ਰਾਮਕਲੀ ਦੇ ਸੰਯੋਗ ਨਾਲ ਬਣਦਾ ਹੈ। ਇਸ ਦੇ ਨਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਕਿਸੇ ਸਰਦ ਇਲਾਕੇ ਦੀ ਉਪਜ ਹੈ। ਇਸ ਵਿਚ ਆਮ ਤੌਰ 'ਤੇ ਵਿਯੋਗ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੋਇਆ ਹੈ। ਪਰ ਕਈ ਪ੍ਰਾਚੀਨ ਗ੍ਰੰਥਾਂ ਵਿਚ ਇਸ ਨੂੰ ਵੀਰ-ਰਸ ਵਾਲਾ ਰਾਗ ਮੰਨਿਆ ਗਿਆ ਹੈ। ਗੁਰੂ ਨਾਨਕ ਵਲੋਂ ਉਚਾਰਨ 'ਬਾਰਾਮਾਹਾ' ਇਸੇ ਰਾਗ ਵਿਚ ਅੰਕਿਤ ਹੈ, ਜੋ ਪਹਿਲੇ ਛੰਤ ਵਜੋਂ ਦਰਜ ਹੈ। ਤਿੰਨ ਛੰਤਾਂ ਵਿਚ ਚਾਰ-ਚਾਰ ਪਦੇ ਅਤੇ ਦੋਵਾਂ ਵਿਚ ਪੰਜ-ਪੰਜ ਪਦੇ ਆਉਂਦੇ ਹਨ। ਗੁਰੂ ਰਾਮਦਾਸ ਦਾ ਇਕੋ ਛੰਤ ਚਾਰ ਪਦਿਆਂ ਦਾ ਹੈ।

ਇਸ ਰਾਗ ਵਿਚ ਦੋ ਮਧਿਅਮ, ਦੋ ਨਿਸ਼ਾਦ, ਗੰਧਾਰ ਕੋਮਲ, ਅਤੇ ਬਾਕੀ ਸ਼ੁੱਧ ਲੱਗਦੇ ਹਨ। ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹੈ। ਜਾਤੀ ਔਡਵ-ਸੰਪੂਰਣ ਹੈ। ਪੰਚਮ ਤੋਂ ਅੱਗੇ ਪ ਧ ਨੁ ਧ ਪ ਦੇ ਰੂਪ ਵਿਚ ਧੈਵਤ ਦਾ ਪ੍ਰਯੋਗ ਹੁੰਦਾ ਹੈ। ਇਸ ਰਾਗ ਦਾ ਵਿਸਥਾਰ ਤਿੰਨਾਂ ਸੱਪਤਕਾਂ ਵਿਚ ਸਮਾਨ ਰੂਪ ਵਿਚ ਕੀਤਾ ਜਾਂਦਾ ਹੈ।

ਆਰੋਹੀ— ਨਾ ਸ ਗ ਮ ਪ ਨ ੦ ਸ

ਅਵਰੋਹੀ— ਸ ਨ ਧ ਪ ਨ ਧ ਪ ਮਾ ੦ਗ ਰ ਸ

ਇਸ ਨਿਮਨ ਲਿਖਤ ਰਾਗ ਵਾਲੀ ਬਾਣੀ ਵਿੱਚ ਮਨੁੱਖ ਦੀ ਉਮਰ ਦਾ ਬਾ-ਖੂਬੀ ਨਕਸ਼ਾ ਖਿੱਚਿਆ ਗਿਆ ਹੈ। ਸੰਸਾਰੀ ਮੋਹ-ਮਾਇਆ ਦੇ ਜਾਲ ਤੋਂ ਨਿਰਲੇਪ ਰਹਿਕੇ ਪ੍ਰਭੂ-ਪ੍ਰਮਾਤਮਾ ਦੀ ਭਗਤੀ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਸਹੀ ਮਾਰਗ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਜੀਵਾਤਮਾ ਦੇ ਪਰਮਸਤਿ ਨਾਲ ਮਿਲਾਪ ਲਈ ਸੱਚੀ ਦਰਗਾਹ ਦਾ ਰਾਹ ਦੱਸਿਆ ਗਿਆ ਹੈ। ਭਗਤੀ, ਨਾਮ-ਸਿਮਰਨ, ਸੇਵਾ, ਪ੍ਰਭੂ ਮਿਲਾਪ ਆਦਿ ਗੁਰਮਤਿ ਸ੍ਰਿਧਾਂਤਾਂ ਤੇ ਬਾ-ਖੂਬੀ ਚਾਨਣਾ ਪਾਇਆ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 175.
   "Tukhari was probably based on folk tune and was very likely developed by Guru Nanak into a raga for the singing of certain Sabdas. No raga of this name appears in the classifications of the period when Sabdas were being composed and the Holy Book compiled. A raga Called Mukhari may be found in the classification of karnataka (south Indian) ragas during the period from the 15th to the 18th centuries....Its name Tukhari is the poplar form of tushar (sanskrit for winter frost). No melodic material for the Tukhari is available."
4. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੂਰਵ ਅੰਕਤ, ਅੰਕ 73

# ਥਿਤੀ

'ਥਿਤੀ' ਇਕ ਵਿਸ਼ੇਸ਼ ਕਾਵਿ-ਭੇਦ ਦੀ ਬਾਣੀ ਹੈ, ਜਿਸ ਵਿਚ ਪੰਦਰ੍ਹਾਂ ਥਿਤਾਂ ਦੇ ਆਧਾਰ 'ਤੇ 'ਥਿਤੀ'[1] ਦੀ ਸੰਗਿਆ ਦਿੱਤੀ ਜਾਂਦੀ ਹੈ। ਇਨ੍ਹਾਂ ਥਿਤਾਂ ਰਾਹੀਂ ਕੋਈ ਸੰਦੇਸ਼/ਉਪਦੇਸ਼ ਰੂਪਮਾਨ ਹੁੰਦਾ ਹੈ। ਆਮ ਤੌਰ ਤੇ ਲੋਕਾਂ ਦੇ ਸਮਝ ਆਉਣ ਵਾਲੀ ਭਾਸ਼ਾ ਸੁਖਣੇ ਅਤੇ ਲੋਕ-ਪ੍ਰਿਆ ਹੈ। ਸ਼ੈਲੀ ਦੇ ਅੰਤਰਗਤ ਇਸ ਰਾਗਾਤਮਕ ਕਾਵਿ ਵਿਚ ਮਿਠਾਸ ਘੁਲੀ ਹੋਈ ਹੈ। ਗੁਰੂ ਨਾਨਕ, ਗੁਰੂ ਅਰਜਨ ਅਤੇ ਕਬੀਰ ਨੇ ਇਸ ਕਾਵਿ-ਭੇਦ ਵਿਚ ਬਾਣੀ ਉਚਾਰਨ ਕੀਤੀ ਹੈ। ਹਿੰਦੁਸਤਾਨ ਦੇ ਰਵਾਇਤੀ ਕਲੰਡਰ ਅਨੁਸਾਰ 'ਥਿਤੀ' ਦਿਨ ਜਾਂ ਮਹੀਨੇ ਦੀ ਮਿੱਤੀ ਮਹੀਨੇ ਅਨੁਸਾਰ ਹੈ।

ਥਿਤਿ ਸ਼ਬਦ 'ਤਿੱਥੀ' ਦੇ ਵਿਕ੍ਰਿਤ ਰੂਪ ਦੇ ਤੌਰ ਤੇ ਵੀ ਵਰਤਿਆ ਗਿਆ ਹੈ। ਤਿਥੀ ਦੇ 'ਤ' ਤੇ 'ਥ' ਅੱਖਰ ਆਪਣੀਆਂ ਥਾਵਾਂ ਇਕ ਦੂਜੇ ਨਾਲ ਵਟਾ ਕੇ 'ਤਿੱਥੀ' ਸ਼ਬਦ ਨੂੰ 'ਥਿਤੀ' ਬਣਾ ਗਏ ਹਨ ਜਿਸ ਦੇ ਅਰਥ ਰੁੱਤ ਜਾਂ ਥਿੱਤ, ਅਥਵਾ ਤਾਰੀਖ਼ ਆਦਿ ਹਨ।......ਥਿਤਿ ਦੇ ਅਰਥ ਚੰਨ ਦੇ ਵੱਧਣ ਘੱਟਣ ਅਨੁਸਾਰ ਹੋਣ ਵਾਲੇ ਦਿਨ, ਮਿਤੀਆਂ ਜਾਂ ਤਾਰੀਖਾਂ ਹਨ।[2] ਡਾ. ਕੁਲਦੀਪ ਸਿੰਘ ਧੀਰ ਅਨੁਸਾਰ ਥਿਤੀ ਕਾਲ ਬੋਧਕ ਕਾਵਿ ਰੂਪ ਹੈ। ਚੰਨ ਦੀਆਂ ਵਧਦੀਆਂ ਘਟਦੀਆਂ ਅਵਸਥਾਵਾਂ ਅਨੁਸਾਰ ਪੰਦਰਾਂ ਥਿਤਾਂ ਦੀ ਕਲਪਨਾ ਕੀਤੀ ਗਈ ਹੈ। ਪੂਰਨਮਾਸ਼ੀ ਨੂੰ ਚੰਨ ਪੂਰਾ ਹੁੰਦਾ ਹੈ ਤੇ ਮੱਸਿਆ ਨੂੰ ਇਹ ਬਿਲਕੁਲ ਨਜ਼ਰ ਨਹੀਂ ਆਉਂਦਾ। ਇਸ ਦਰਮਿਆਨ ਵਿਚ ਨਿਰੰਤਰ ਵਧਦਾ ਘਟਦਾ ਹੈ। ਪੂਰਨਮਾਸ਼ੀ ਤੋਂ ਬਾਅਦ ਚੰਨ ਘਟਣਾ ਸ਼ੁਰੂ ਹੁੰਦਾ ਹੈ। ਇਸ ਨੂੰ ਵਦੀ ਜਾਂ ਕ੍ਰਿਸ਼ਨ ਪੱਖ ਜਾਂ ਹਨ੍ਹੇਰਾ ਪੱਖ ਕਹਿੰਦੇ ਹਨ। ਮੱਸਿਆ ਉਪਰੰਤ ਚੰਨ ਹੌਲੀ ਹੌਲੀ ਵਧਦਾ ਹੈ। ਇਸ ਨੂੰ ਸੁਦੀ, ਚਾਨਣ ਪੱਖ ਜਾਂ ਸ਼ੁਕਲ ਪੱਖ ਕਹਿੰਦੇ ਹਨ। ਇਨ੍ਹਾਂ ਥਿਤਾਂ ਨਾਲ ਵੀ ਲੋਕਾਂ ਨੇ ਸਮੇਂ ਸਮੇਂ ਵਹਿਮ ਭਰਮ ਜੋੜ ਲਏ। ਸ਼ੁਭ/ਅਸ਼ੁਭ ਦੇ ਇਸ ਭਰਮ ਜਾਲ ਵਿਚੋਂ ਹੀ ਲੋਕ-ਮਨ ਨੇ ਹੌਲੀ-ਹੌਲੀ ਥਿਤੀ ਕਾਵਿ-ਰੂਪ ਪੈਦਾ ਕਰ ਲਿਆ।[3]

ਗੁਰਬਾਣੀ ਰਚੇਤਾਂ ਨੇ 'ਥਿਤੀ' ਨੂੰ ਵਹਿਮਾਂ-ਭਰਮਾਂ ਨੂੰ ਖਤਮ ਕਰਨ ਲਈ ਪ੍ਰਯੋਗ ਕੀਤਾ। ਬਾਣੀਕਾਰਾਂ ਨੇ ਜਗਿਆਸੂਆਂ ਨੂੰ ਤਾਕੀਦ ਕੀਤੀ ਹੈ ਕਿ ਫੋਕਟ ਕਰਮਕਾਂਡਾਂ ਦਾ ਖੰਡਨ ਕਰਕੇ ਪੂਰੀ ਤਰ੍ਹਾਂ ਤਿਲਾਂਜਲੀ ਦੇਣ ਤੇ ਜ਼ੋਰ ਦਿੱਤਾ ਹੈ ਅਤੇ ਭਰੋਸਾ ਦਿੱਤਾ ਹੈ ਕਿ ਹਰ ਥਿੱਤੀ ਸ਼ੁਭ ਹੋ ਨਿਬੜਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਵਲੋਂ 'ਥਿਤੀ' ਰਾਗ ਗਉੜੀ ਵਿਚ ਉਚਾਰਨ ਕੀਤੀ ਹੈ ਜੋ ਅੰਕ 340-344 ਤੇ ਅੰਕਿਤ ਹੈ। ਇਸ ਕਾਵਿ-ਰੂਪ ਵਿੱਚ ਚਾਰ-ਚਾਰ ਤੁਕਾਂ ਦੇ 16 ਪਦੇ ਹਨ। ਇਸ 'ਥਿਤੀ' ਤੋਂ ਪਹਿਲਾਂ ਇਕ ਸਲੋਕ ਅਤੇ ਪਹਿਲੇ ਪਦੇ ਮਗਰੋਂ ਰਹਾਉ ਦੀਆਂ ਦੋ ਵੱਖਰੀਆਂ ਤੁਕਾਂ ਦਰਜ ਹਨ। ਭਾਸ਼ਾ ਦੀ ਦ੍ਰਿਸ਼ਟੀਕੋਣ ਤੋਂ ਸਾਧ-ਭਾਖਾ ਦਾ ਗੂੜ੍ਹਾ ਰੰਗ ਵਿਦਮਾਨ ਹੈ। ਇਸ 'ਥਿਤੀ' ਦਾ ਹਰ ਬੰਦ ਚਉਤੁਕਾ ਹੈ। ਇਸ ਰਚਨਾ ਦੀ ਸ਼ੁਰੂਆਤ

ਅਮਾਵਸ ਤੋਂ ਹੋ ਕੇ ਪੂਰਨਮਾਸ਼ੀ ਤੇ ਸੰਪੂਰਣ ਹੁੰਦੀ ਹੈ। ਸੁਭਾਅ ਪੱਖੋਂ ਪ੍ਰਗੀਤਕ ਵਰਣਨਾਤਮਕ ਕਾਵਿ-ਰੂਪ ਰਾਹੀਂ ਹਰ ਥਿੱਤ ਕੇਂਦਰੀ ਧੁਰੇ ਸਮਾਨ ਪ੍ਰਗਟ ਹੁੰਦੀ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ:੨੦)

ਗੁਰੂ ਅਰਜਨ ਦੀ ਉਚਾਰਨ 'ਥਿਤੀ' ਗਉੜੀ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਕ 296-300 ਤੱਕ ਅੰਕਿਤ ਹੈ। 17 ਪਉੜੀਆਂ ਦੀ ਇਹ ਰਚਨਾ ਰੂਹਾਨੀ ਪੈਰਾਡਾਇਮ ਸਿਰਜਦੀ ਹੈ। ਹਰ ਪਉੜੀ ਤੋਂ ਪਹਿਲਾਂ ਇਕ ਸਲੋਕ ਗੁਰੂ ਅਰਜਨ ਦਾ ਦਰਜ ਹੈ। ਦੋ ਤੁਕਾਂ ਵਾਲਾ 'ਰਹਾਉ' ਹਰ ਪਉੜੀ ਦੇ ਅੰਤ ਤੇ ਦਰਜ ਹੈ। ਅੱਠ-ਅੱਠ ਤੁਕਾਂ ਦੀ ਹਰ ਪਉੜੀ ਹੈ, ਕੇਵਲ 13ਵੀਂ ਪਉੜੀ ਵਿਚ ਦੱਸ ਤੁਕਾਂ ਹਨ। ਆਕਾਰ ਪੱਖੋਂ ਤੁਕਾਂ ਇਕਸਾਰ ਨਹੀਂ। ਇਸ ਬਾਣੀ ਵਿਚ ਗੁਰੂ ਅਰਜਨ ਨੇ ਪ੍ਰਮਾਤਮਾ ਦੇ ਸਿਮਰਨ ਦੀ ਸ਼੍ਰੇਸ਼ਟਤਾ ਅਤੇ ਸਿਧਾਂਤਕ ਪੱਖਾਂ ਤੇ ਚਾਨਣਾ ਪਾਇਆ ਹੈ।

ਗੁਰੂ ਨਾਨਕ ਨੇ ਬਿਲਾਵਲ ਰਾਗ ਵਿਚ 20 ਪਦਿਆਂ ਦੀ 'ਥਿਤੀ' ਉਚਾਰਨ ਕੀਤੀ ਹੈ, ਜੋ ਅੰਕ 838-840 ਤੱਕ ਸੁਸ਼ੋਭਿਤ ਹੈ। ਇਸ ਵਿਚ ਹਰ ਪਦਾ ਛੇ-ਛੇ ਤੁਕਾਂ ਦਾ ਹੈ। 'ਰਹਾਉ' ਦੀਆਂ ਦੋ ਤੁਕਾਂ ਇਸ ਤੋਂ ਵੱਖਰੀਆਂ ਹਨ। ਪਦਿਆਂ ਦੀ ਮਾਤ੍ਰਾਵਾਂ ਵਿਚ ਇਕ-ਰੂਪਤਾ ਦੀ ਕਮੀ ਹੈ ਪਰ ਭਾਸ਼ਾ ਬੜੀ ਸੁਖੇਨ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 352
   "Accorng to traditional Indian calender, **Thitt** (Skt. Tithi) denotes a day or a date of the lunar cycle of the month . In Brah manical ritualism, certain lunar days acquired sanctity for being associated with some deity or incarnation of god or goddess and began to observed as especially auspicious. The Thiti hymns discountenanced the notion being more propitious than the others. All days, they reiterate, are, auspicious of devoted to God's remembrance to good deeds."
4. **ਸਾਹਿੱਤ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ),** ਪੂਰਵ ਅੰਕਤ, ਅੰਕ 477
3. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ,** ਪੂਰਵ ਅੰਕਤ, ਅੰਕ 82

## ਦਖਣੀ ਉਅੰਕਾਰ —ਦੇਖੋ ਇੰਦਰਾਜ਼ 'ਉਅੰਕਾਰ'

# ਦਿਨ-ਰੈਣਿ

'ਦਿਨ-ਰੈਣਿ'[1] ਇਕ ਕਾਵਿ-ਭੇਦ ਵਾਲੀ ਨਿੱਕੀ ਜਿਹੀ ਚਾਰ ਪਦਿਆਂ ਦੀ ਰਚਨਾ ਹੈ, ਜੋ ਗੁਰੂ ਅਰਜਨ ਨੇ ਮਾਝ ਰਾਗ ਵਿਚ ਉਚਾਰਨ ਕੀਤੀ ਹੈ। ਇਹ ਲਘੂ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਅੰਕ 136-137 ਤੱਕ ਅੰਕਿਤ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ—੨੧) ਇਸ ਕਾਵਿ-ਰੂਪ ਵਿਚ ਦਿਨ-ਰਾਤ ਕੀਤੇ ਜਾਣ ਵਾਲੇ ਰੋਜ਼ਮਰਾ ਕੰਮਾਂ ਦਾ ਉਲੇਖ ਪੂਰਨ ਕਲਾਮਈ ਢੰਗ ਨਾਲ ਉਜਾਗਰ ਕੀਤਾ ਗਿਆ ਹੈ। ਅਸਲ ਵਿਚ ਦਿਨ-ਰਾਤ ਨਾਮ ਜਪਣਾ ਹੀ ਸਭ ਤੋਂ ਉੱਤਮ ਅਤੇ ਸ੍ਰੇਸ਼ਟ ਕੰਮ ਹੈ, ਜਿਸ ਕਾਰਨ ਬਾਣੀ ਦਾ ਨਾਮ ਹੀ 'ਦਿਨ-ਰੈਣਿ' ਧਰ ਦਿੱਤਾ ਗਿਆ ਹੈ। ਸਰੋਦੀ ਕਾਵਿ ਵਿਚ ਲੋਕ ਭਾਸ਼ਾ ਦਾ ਮੁਹੱਬਤਨੁਮਾ ਦਰਸ ਬੜੇ ਖ਼ੂਬਸੂਰਤ ਢੰਗ ਨਾਲ, ਉਪਦੇਸ਼ਾਤਮਕ ਸੁਭਾਅ ਦੀ ਕੋਣ ਤੋਂ ਪ੍ਰਸਤੁਤ ਕੀਤਾ ਗਿਆ ਹੈ। ਇਹ ਪ੍ਰਗੀਤਕ-ਕਾਵਿ ਦੀ ਅਨੂਠੀ ਮਿਸਾਲ ਹੈ। ਪ੍ਰੇਰਣਾ-ਦਾਇਕ ਅਤੇ ਸੁਖੇਨ ਭਾਸ਼ਾ ਵਿਚ ਇਨ੍ਹਾਂ ਚਾਰ ਪਦਿਆਂ ਦੀ ਤੁਕਾਂ ਦੀ ਗਿਣਤੀ ਅੱਠ ਤੋਂ ਦਸ ਤੱਕ ਹੈ।

ਇਸ ਬਾਣੀ ਦਾ ਸਾਰਾਂਸ਼ ਹੈ ਕਿ ਪਰਮਸਤਿ ਦੀ ਸਿਫਤ-ਸਾਲਾਹ, ਸਮਰਪਤ ਭਾਵਨਾ ਅਤੇ ਅਕਾਲਪੁਰਖ ਦੇ ਪਿਆਰ ਦਾ ਵਰਣਨ ਕੀਤਾ ਗਿਆ ਹੈ। ਜੀਵਨ ਦੇ ਸਮੁੱਚੇ ਸਮੇਂ ਨੂੰ ਪਰਮਸਤਿ ਦੀ ਸੇਵਾ/ਨਾਮ-ਸਿਮਰਨ ਦੁਆਰਾ ਸਫ਼ਲ ਕਰਨ ਦਾ ਉਪਦੇਸ਼ਾਤਮਿਕ ਲਕਸ਼ ਬਿਆਨ ਕੀਤਾ ਗਿਆ ਹੈ।

### ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of Sikhism (Vol I),** op.cit, P: 586
"Din-Rain, lit (din+rain) day and night, is the title (din-raini) of a single 4-stanza hymn of Guru Arjan Dev in the Magh measure. The composition evidently follows the prosodic vogue of inscribing verses to Kal-Krama (process of time) embracing forms such as bara maha (Twelve months of the year), Thiti (lunar dates) and var (days of the week)."

# ਦੇਵ ਗੰਧਾਰੀ

ਇਹ ਇਕ ਅਪ੍ਰਚਲਿਤ, ਜਟਿਲ ਤੇ ਕਠਿਨ ਰਾਗ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 527-536 ਤੱਕ ਸੁਸ਼ੋਭਿਤ ਹੈ। ਇਸ ਦਾ ਰਾਗਬੱਧ ਬਾਣੀ ਵਿਚ ਛੇਵਾਂ ਨੰਬਰ ਆਉਂਦਾ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਮੰਨਿਆ ਜਾਂਦਾ ਹੈ। ਕਈ ਵਿਦਵਾਨ, ਇਸ ਨੂੰ ਬਿਲਾਵਲ ਠਾਟ ਦਾ ਰਾਗ ਮੰਨਦੇ ਹਨ। 'ਰਾਗਮਾਲਾ' ਅਨੁਸਾਰ, ਇਹ ਮਾਲਕੌਸ ਦੀ ਰਾਗਣੀ ਹੈ। ਇਸ ਰਾਗ ਦੀ ਸੰਪੂਰਣ ਬਾਣੀ ਵਿਚ ਕੁੱਲ ਚਉਪਦੇ 47 ਹਨ, ਜਿਨ੍ਹਾਂ ਵਿਚੋਂ ਗੁਰੂ ਰਾਮਦਾਸ ਦੇ 6, ਗੁਰੂ ਅਰਜਨ ਦੇ 38 ਅਤੇ ਗੁਰੂ ਤੇਗ ਬਹਾਦਰ ਦੇ 3 ਚਉਪਦੇ ਆਉਂਦੇ ਹਨ। ਇਹ ਅੰਕ 527-536 ਤੱਕ ਅੰਕਿਤ ਹਨ।

ਇਤਿਹਾਸਕ ਨੁਕਤੇ-ਨਿਗਾਹ ਤੋਂ ਇਸ ਰਾਗ ਦੇ ਤਿੰਨ ਰੂਪ[1] ਵੀ ਵਿਦਵਾਨ ਮੰਨਦੇ ਹਨ। ਇਸ ਰਾਗ ਵਿਚ ਵਾਦੀ 'ਮਾ' ਅਤੇ ਸੰਵਾਦੀ 'ਸਾ' ਹੈ।

ਆਰੋਹੀ—ਸ ਰ ਮ ਪ ਧ ਸ

ਅਵਰੋਹੀ—ਸ ਨੀ ਧ ਪ, ਮ ਗ, ਸ ਰ ਮ, ਗ ਸ ਰ ਗ ਸ

ਇਸ ਰਾਗ ਵਿਚ ਆਈ ਸਮੁੱਚੀ ਬਾਣੀ ਦਾ ਕੇਂਦਰੀ ਭਾਵ ਹੈ, ਕਿ ਪ੍ਰਭੂ-ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੀ ਤੀਬਰ ਇੱਛਾ ਪ੍ਰਗਟ ਕੀਤੀ ਗਈ ਹੈ। ਇਸ ਸੰਸਾਰ ਅੰਧਕਾਰ ਵਿਚੋਂ ਸਹੀ-ਸਲਾਤਮ ਬਾਹਰ ਕੱਢਣ ਲਈ ਜੋਦੜੀ/ਅਰਜ਼ੋਈ ਕੀਤੀ ਗਈ ਹੈ। ਅਧਿਆਤਮਿਕ ਭਵਿੱਖ ਲਈ ਨਾਮ-ਸਿਮਰਨ ਦਾ ਪੈਰਾਡਾਇਮ ਬਾ-ਖੂਬੀ ਉਲੀਕਿਆ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 171
   "Today Devagandhari is a rare, little known, ancient raga. Its performance time is the morning hours. Historicallly it has had three forms, the less ornamented type is described here. In the Ragmala, Devagandhari is a ragini of Malkaunsa. Today it belongs to the Asavari Thata. Its mood is one of prayerful supplication presenting a heroic effect. The texts set to this raga reveal a heroic search. for these a qalities which lead one to the Lord."

# ਦੋ ਪਦਾ

ਦੋ ਬੰਦ ਵਾਲੇ ਕਾਵਿ-ਭੇਦ ਨੂੰ 'ਦੁਪਦਾ' ਆਖਦੇ ਹਨ। ਇਸ ਵਿਚ ਤੋਲ ਵਜ਼ਨ, ਛੰਦ-ਚਾਲ ਇਕ ਸਾਰ ਨਹੀਂ ਹੁੰਦੇ ਪਰ ਕੇਵਲ ਦੋ-ਦੋ ਜੋੜੀਆਂ ਬੰਦਾਂ ਨੂੰ ਵੇਖ ਕੇ ਸੰਗਿਆ 'ਦੋਪਦੇ' ਹੋ ਗਈ ਹੈ। ਕਈ ਬਾਣੀਕਾਰਾਂ ਨੇ ਇਸ ਦੀ ਵਰਤੋਂ ਗੁਰਬਾਣੀ ਵਿਚ ਕੀਤੀ ਹੈ।

'ਮਹਾਨਕੋਸ਼' ਅਨੁਸਾਰ ਦੋ-ਦੋ ਤੁਕਾਂ ਪਿਛੋਂ ਅੰਗ ਜਿਸ ਸ਼ਬਦ ਦੇ ਹੋਣ, ਦੋ ਤੁਕਾਂ ਦਾ ਛੰਦ[1] ਅਖਵਾਉਂਦਾ ਹੈ। ਇਹ ਅਸਲੋਂ ਸਮਾਸੀ[2] ਸ਼ਬਦ ਹੈ। ਗੁਰੂ ਅਰਜਨ ਦਾ 'ਦੋਪਦਾ' ਹੇਠਾਂ ਦੇ ਰਹੇ ਹਾਂ।

*ਰਾਮ ਕੋ ਬਲੁ ਪੂਰਨ ਭਾਈ ॥*
*ਤਾ ਤੇ ਬ੍ਰਿਥਾ ਨਾ ਬਿਆਪੈ ਕਾਈ ॥੧॥ ਰਹਾਉ ॥*
*ਜੋ ਜੋ ਚਿਤਵੈ ਦਾਸੁ ਹਰਿ ਮਾਈ ॥*
*ਸੋ ਸੋ ਕਰਤਾ ਆਪਿ ਕਰਾਈ ॥*
*ਨਿੰਦਕ ਕੀ ਪ੍ਰਭਿ ਪਤਿ ਗਵਾਈ ॥*
*ਨਾਨਕ ਹਰਿ ਗੁਣ ਨਿਰਭਉ ਗਾਈ ॥੨॥*

*ਗਉ ੫, ੧੧੪, ੧:੨ (203)*

## ਪਗ ਟਿਪਣੀਆਂ ਅਤੇ ਹਵਾਲੇ

1. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੂਰਵ ਅੰਕਤ, ਅੰਕ: 644
2. ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ (ਭਾਗ ੧), ਪੂਰਵ ਅੰਕਤ, ਅੰਕ: 50
"'ਦੁਪਦਾ' ਤੋਂ ਭਾਵ ਉਹ ਸ਼ਬਦ ਹੈ, ਜਿਸ ਦੇ ਦੋ ਪਦੇ ਹੋਣ।'ਦੁਪਦਾ' ਬਹੁ-ਬ੍ਰੀਹੀ ਸਮਾਸੀ ਸ਼ਬਦ ਹੈ, ਜਿਸ ਵਿਚ ਸਾਧਾਰਨ ਸੰਖਿਅਕ ਵਿਸ਼ੇਸ਼ਣ (ਦੁ) ਨੂੰ ਨਾਉਂ (ਪਦਾ) ਨਾਲ ਸੰਮਿਲਤ ਕੀਤਾ ਹੋਇਆ ਹੈ।
ਇਸ ਸ਼ਬਦ ਦਾ ਉਚਾਰਣ ਕਰਨ ਲੱਗਿਆਂ ਅਗੇਤਰ-ਪਦ 'ਦੁ' ਉੱਤੇ ਰਤਾ ਕੁ ਦਬਾਅ ਦੇ ਕੇ (ਦੁ+ਪਦਾ ਵਾਂਗ) ਕਰਨਾ ਉਚਿਤ ਹੈ।"

# ਧਨਾਸਰੀ

ਇਹ ਇਕ ਮਧੁਰ, ਅਪ੍ਰਸਿੱਧ ਅਤੇ ਵੈਰਾਗਮਈ ਰਾਗ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 660-695 ਤੱਕ ਅੰਕਿਤ ਹੈ। ਰਾਗਬੱਧ ਬਾਣੀ ਵਿਚ ਇਸ ਦਾ ਦਸਵਾਂ ਕ੍ਰਮ ਆਉਂਦਾ ਹੈ। ਇਸ ਸਮੁੱਚੀ ਰਾਗਬੱਧ ਬਾਣੀ ਵਿਚ 93 ਚਉਪਦੇ ਹਨ। ਇਨ੍ਹਾਂ ਵਿਚ ਗੁਰੂ ਨਾਨਕ ਦੇ 9 ਗੁਰੂ ਅਮਰਦਾਸ ਦੇ 9, ਗੁਰੂ ਰਾਮਦਾਸ ਦੇ 13, ਗੁਰੂ ਅਰਜਨ ਦੇ 58 ਅਤੇ ਗੁਰੂ ਤੇਗ ਬਹਾਦਰ ਦੇ 4 ਚਉਪਦੇ, ਦਰਜ ਹਨ। ਗੁਰੂ ਨਾਨਕ ਦੇ ਚਉਪਦਿਆਂ ਵਿਚੋਂ ਸੱਤ 4-4 ਅਤੇ ਦੋ 5-5 ਪਦਿਆਂ ਵਾਲੇ ਹਨ। ਗੁਰੂ ਅਮਰਦਾਸ ਦੇ ਅੱਠ ਚਉਪਦੇ ਅਤੇ ਇਕ ਤ੍ਰਿਪਦਾ ਹੈ। ਗੁਰੂ ਰਾਮਦਾਸ ਦੇ ਸੱਤ 4-4 ਪਦੇ ਅਤੇ ਛੇ 2-2 ਪਦਿਆਂ ਦੇ ਜੁਟ ਹਨ। ਇਸੇ ਤਰ੍ਹਾਂ ਗੁਰੂ ਅਰਜਨ ਦੇ 58 ਚਉਪਦਿਆਂ ਵਿਚੋਂ 18 ਚਾਰ-ਚਾਰ ਪਦੇ ਵਾਲੇ, 33 ਦੁਪਦੇ, 5 ਤ੍ਰਿਪਦੇ ਅਤੇ 2 ਪੰਚਪਦੇ ਵਾਲੇ ਹਨ। ਇਹ ਸਾਰੇ ਚਉਪਦੇ ਗੁਰੂ ਗ੍ਰੰਥ ਸਾਹਿਬ ਦੇ ਅੰਕ 660-685 ਤੱਕ ਅੰਕਿਤ ਹਨ।

ਤਿੰਨ ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ ਦੋ ਅਤੇ ਗੁਰੂ ਅਰਜਨ ਦੀ ਇੱਕ ਅਸ਼ਟਪਦੀ ਅੰਕ 685-687 ਤੱਕ ਅੰਕਿਤ ਹਨ। ਪੰਜ ਛੰਤਾਂ ਵਿਚੋਂ ਗੁਰੂ ਨਾਨਕ ਦੇ ਤਿੰਨ, ਗੁਰੂ ਰਾਮਦਾਸ ਦਾ ਇੱਕ ਅਤੇ ਗੁਰੂ ਅਰਜਨ ਦਾ ਇਕ ਛੰਤ, ਅੰਕ 687-691 ਤੱਕ ਦਰਜ ਹੈ। ਇਸੇ ਤਰ੍ਹਾਂ ਭਗਤ ਬਾਣੀ ਦੇ ਵੇਰਵੇ ਵਿਚ ਕਬੀਰ ਦੇ 5 ਚਉਪਦੇ, ਨਾਮਦੇਵ ਦੇ 5, ਰਵਿਦਾਸ ਦੇ 3, ਤ੍ਰਿਲੋਚਨ ਦਾ ਇਕ, ਸੈਣ ਦਾ ਇਕ, ਪੀਪਾ ਦਾ ਇਕ ਅਤੇ ਧੰਨਾ ਦਾ ਇਕ ਸ਼ਬਦ ਦਰਜ ਹੈ। ਇਹ ਸਾਰੇ 17 ਸ਼ਬਦ ਅੰਕ 691-695 ਤੱਕ ਅੰਕਿਤ ਹਨ। ਇੰਞ ਸਮੁੱਚੀ ਗਿਣਤੀ 101 ਬਣਦੀ ਹੈ।

ਇਸ ਰਾਗ ਨੂੰ ਦਿਨ ਦੇ ਤੀਜੇ ਪਹਿਰ ਗਾਉਣ ਦਾ ਵਿਧਾਨ ਹੈ। 'ਮਹਾਨਕੋਸ਼' ਦੇ ਕਰਤਾ ਅਨੁਸਾਰ ਇਹ ਕਫ਼ੀ ਠਾਟ ਦੀ ਸੰਪੂਰਣ ਰਾਗਿਣੀ ਹੈ, ਆਰਹੀ ਵਿਚ ਭੀਮਪਲਾਸੀ ਦਾ ਅੰਗ ਹੈ, ਅਵਰੋਹੀ ਵਿਚ ਪੂਰਵੀ ਅਤੇ ਮੁਲਤਾਨੀ ਦੀ ਰੰਗਤ ਹੈ। ਅਵਰੋਹੀ ਵਿਚ ਧੈਵਤ ਦੁਰਬਨ ਹੈ, ਪੰਚਮ ਅਤੇ ਗਾਂਧਾਰ ਦੀ ਸੰਗਤਿ ਹੈ, ਪੰਚਮ ਵਾਦੀ ਸੁਰ ਹੈ।[1]

ਆਰੋਹੀ— ਸ ਗ ਮ ਪ ਨ ਸ

ਅਵਰੋਹੀ— ਸ ਨ ਧ ਪ ਮ ਗ ਰ ਸ

ਇਸ ਵਿਚ ਵਾਦੀ 'ਪ' ਅਤੇ ਸੰਵਾਦੀ 'ਸ' ਹੈ। ਇਹ ਰਾਗ ਸੰਗੀਤਕ ਨੁਕਤੇ ਤੋਂ ਭੀਮਪਲਾਸੀ[2] ਨਾਲ ਵੀ ਮੇਲ ਖਾਂਦਾ ਹੈ। ਰਾਗ ਵਿਬੋਧ ਵਿਚ ਇਸ ਰਾਗ ਦਾ ਜਿਹੜਾ ਸਰੂਪ ਬਿਆਨ ਕੀਤਾ ਗਿਆ ਹੈ ਉਹ ਇਨ੍ਹਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ[3] ਵੀ ਹੋ ਜਾਂਦਾ ਹੈ। ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਿਤ ਕਰ ਦਿੱਤਾ ਹੈ:

*ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥*
*ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥*

*—ਸਲੋ ੩, ੫੧:੧-੨ (1419)*

ਇਸ ਸਮੁੱਚੀ ਬਾਣੀ ਵਿਚ ਬਾਣੀਕਾਰ ਫ਼ਰਮਾਉਂਦੇ ਹਨ ਕਿ ਸਾਰੀਆਂ ਦੁਖ-ਤਕਲੀਫਾਂ ਦਾ ਨਿਵਾਰਣਹਾਰ ਅਕਾਲਪੁਰਖ ਆਪ ਹੀ ਹੈ। ਰੂਹਾਨੀ ਦ੍ਰਿਸ਼ਟੀ ਨਾਲ ਸਾਧਕ ਬਹਾਦਰ ਤੇ ਸੂਰਮਾ ਬਣ ਜਾਂਦਾ ਹੈ। 'ਆਰਤੀ' ਦਾ ਬਿੰਬ ਵੀ ਇਸੇ ਰਾਗ ਦੇ ਜ਼ੁਮਰੇ ਵਿਚ ਦ੍ਰਿਸ਼ਟਮਾਨ ਹੁੰਦਾ ਹੇ। ਨਾਮ ਦੀ ਮਹਿਮਾ; ਪ੍ਰਭੂ ਨੂੰ ਮਿਲਣ ਦੀ ਤਾਂਘ, ਸਾਧ-ਸੰਗਤਿ ਦੀ ਚਰਨ ਧੂੜ ਆਦਿ ਗੁਰਮਤਿ ਦੇ ਮੂਲ ਸਿਧਾਂਤਾਂ ਉੱਤੇ ਆਫ਼ਤਾਬੀ ਕਿਰਨਾਂ ਦਾ ਜਲੌਅ ਪੇਸ਼ਕਾਰੀ ਵਜੋਂ ਉਜਾਗਰ ਕੀਤਾ ਗਿਆ ਹੈ। ਭਗਤ-ਬਾਣੀ ਵਿਚ ਵੀ ਨਾਮ-ਸਿਮਰਨ ਵਿਚ ਲੀਨਤਾ, ਮਾਇਆ ਜਾਲ ਤੋਂ ਨਿਰਲੇਪਤਾ, ਸੱਚੇ ਦਿਲੋਂ ਭਗਤੀ ਦੇ ਭੇਦ ਨੂੰ ਰੂਪਮਾਨ ਕੀਤਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ** 660
2. **The Encyclopeadia of sikhism (Vol II),** op.cit, P: 172
   "Raga Dhanasri appears in the Ragmala as a ragini of Mal kaunsa and currently is a number of the Kafi Thata, It closely resembles Bhimpalasi in musical content but the vadis and moods are different. Dhanasri is performed in the early afternoon and presents a cheerful, happy mood.......the pentatonic ascent provides some of the melodic features of this raga."
3. **ਮਹਿਰਮ ਸਪੈਸ਼ਲ: ੩੦੦ ਸਾਲਾ ਗੁਰਤਾ ਗੱਦੀ ਦਿਵਸ, ਪੂਰਵ ਅੰਕਤ, ਅੰਕ:** 124

# ਨਟ-ਨਾਰਾਇਣ

ਇਕ ਇਕ ਬਹੁਤ ਹੀ ਪ੍ਰਾਚੀਨ, ਸੰਪੂਰਣ ਜਾਤਿ ਦਾ ਰਾਗ ਹੈ, ਜੋ ਬਿਲਾਵਲ ਅਤੇ ਕਲਿਆਣ ਦੇ ਮੇਲ ਤੋਂ ਹੋਂਦ ਵਿਚ ਆਇਆ ਹੈ। ਰਾਗਬੱਧ ਬਾਣੀ ਵਿਚ ਇਸ ਦਾ ਉਨੀਵਾਂ ਕ੍ਰਮ ਹੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਕ 975-984 ਤੱਕ ਅੰਕਿਤ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ/ਚੌਥਾ ਪਹਿਰ ਮਿਥਿਆ ਗਿਆ ਹੈ।

ਇਸ ਰਾਗ ਦੀ ਸੰਪੂਰਨ ਬਾਣੀ ਵਿਚ ਕੁੱਲ 19 ਚਉਪਦੇ ਅਤੇ 6 ਅਸ਼ਟਪਦੀਆਂ ਦਰਜ ਹਨ। 19 ਚਉਪਦਿਆਂ ਵਿਚੋਂ ਗੁਰੂ ਰਾਮਦਾਸ ਦੇ 9, ਗੁਰੂ ਅਰਜਨ ਦੇ 10 ਚਉਪਦੇ ਅੰਕ 975-980 ਤੱਕ ਅੰਕਿਤ ਹਨ। ਇਸੇ ਤਰ੍ਹਾਂ ਇਨ੍ਹਾਂ ਵਿਚ ਅੱਠ ਦੁਪਦੇ, ਇਕ ਤ੍ਰਿਪਦਾ ਅਤੇ ਇਕ ਚਉਪਦਾ ਮਹਲਾ ੫ ਦੇ ਆਉਂਦੇ ਹਨ। ਗੁਰੂ ਰਾਮਦਾਸ ਦੀਆਂ 6 ਅਸ਼ਟਪਦੀਆਂ ਅੰਕਿਤ ਹਨ, ਜੋ ਅੰਕ 980-983 ਤੱਕ ਅੰਕਿਤ ਹਨ। ਇੰਝ ਚਉਪਦਿਆਂ ਅਤੇ ਅਸ਼ਟਪਦੀਆਂ ਦੀ ਸਮੁੱਚਾ ਜੋੜ 25 ਹੈ।

ਇਸ ਰਾਗ ਵਿਚ ਵਾਦੀ 'ਸ' ਅਤੇ ਸਮਵਾਦੀ 'ਗੀ' ਹੈ।

ਆਰੋਹੀ— ਸ ਗ ਮ ਰ ਮਾ ਪਾ ਧਾ ਨੀ ਸਾ

ਅਵਰੋਹੀ— ਸਾ ਧਾ ਪ ਮਾ ਧਾ ਪਾ, ਸਾ ਮਾ ਰੇ ਸਾ

ਪਾਕਰ— ਸ ਮ ਗ ਮ ਪ ਧਾ ਪ ਮ ਗ ਮ ਰੀ ਸ[1]

ਇਸ ਰਾਗ ਵਿਚਲੀ ਬਾਣੀ[2] ਰਾਹੀਂ ਸਾਧਕ ਨੂੰ ਸਮਝਾਇਆ ਗਿਆ ਹੈ ਕਿ ਅਕਾਲ ਪੁਰਖ/ਪ੍ਰਭੂ-ਪ੍ਰਮਾਤਮਾ ਨਾਲ ਏਕਾਕਾਰ ਕਰਨ ਲਈ ਭਜਨ-ਬੰਦਗੀ ਬਹੁਤ ਅਹਿਮ ਅਤੇ ਜ਼ਰੂਰੀ ਹੈ, ਜੋ ਕੇਵਲ ਸਾਧ-ਸੰਗਤਿ ਦੇ ਸੰਪਰਕ ਵਿਚ ਆ ਕੇ ਹੀ ਪਾਕਿ-ਪਵਿੱਤਰ ਜੀਵਨ ਲਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਇੰਞ ਗੁਰੂ ਦੀ ਮਹਿਰ, ਕ੍ਰਿਪਾ ਦ੍ਰਿਸ਼ਟੀ ਨਾਜ਼ਲ ਹੁੰਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II)**, op.cit, P: 174
2. Ibid,
   "In the Ragmala, Nat is given as putra (son) of Megha while today Nat Narian appears under the Bilaval Thata and is assigned to the evening hours.....Nat Narian is pictured as a warrior riding to battle. In the Holy Book, the fight against Sin is never ending but those who seek refuge in the lord have their suffering removed."

# ਪਹਰੇ

ਪਹਰੇ ਦੇ ਸ਼ਬਦੀ ਅਰਥ ਹਨ, ਹਰ ਪਹਿਰ, ਹਰ ਸਮੇਂ, ਦਿਨ-ਰਾਤ। ਚਾਰ ਪਹਿਰਾਂ ਦੇ ਆਧਾਰ ਰਚੀ-ਬਾਣੀ ਨੂੰ 'ਪਹਰੇ' ਆਖਿਆ ਜਾਂਦਾ ਹੈ। ਦਿਨ-ਰਾਤ ਦਾ ਅੱਠਵਾਂ ਭਾਗ, ਜੋ ਤਿੰਨ ਘੰਟੇ ਦਾ ਸਮਾਂ (ਸਮੇਂ ਦੀ ਇਕ ਇਕਾਈ) ਨੂੰ ਹੀ 'ਪਹਰ' ਕਿਹਾ ਜਾਂਦਾ ਹੈ। ਪਹਿਰੇ ਸ਼ਬਦ ਪਹਿਰ[1] (ਪ੍ਰਹਰ) ਤੋਂ ਬਣਿਆ ਹੈ। ਇਸ ਲਈ ਅੱਠੇ ਪਹਿਰ ਤੋਂ ਭਾਵ ਦਿਨ-ਰਾਤ ਅਥਵਾ ਹਰ ਵੇਲੇ ਲਿਆ ਜਾਂਦਾ ਹੈ। 'ਪਹਿਰ' ਸ਼ਬਦ ਸੰਸਕ੍ਰਿਤ ਦੇ 'ਪ੍ਰਹਰ'[2] ਸ਼ਬਦ ਦਾ ਮੂਲ ਹੈ।

ਪਹਿਰੇ ਲੋਕ-ਕਾਵਿ ਦੇ ਖੇਤਰ ਦਾ ਕਾਲ ਚੇਤਨਾ ਉੱਤੇ ਅਧਾਰਿਤ ਕਾਵਿ ਰੂਪ ਹੈ, ਜਿਸ ਦੀ ਸਾਹਿਤਕ ਖੇਤਰ ਵਿਚ ਵਰਤੋਂ ਦੇ ਪ੍ਰਥਮ ਨਮੂਨੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ।.....ਇਹ ਕਾਵਿ-ਰੂਪ ਕਾਲ ਚੇਤਨਾ ਤੇ ਆਧਾਰਿਤ ਹੈ। ਦਿਨ/ਰਾਤ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਉਨ੍ਹਾਂ ਦੁਆਲੇ ਆਪਣੇ ਭਾਵਾਂ ਦਾ ਪ੍ਰਗਟਾਵਾ ਕਰਨਾ ਇਸ ਕਾਵਿ-ਰੂਪ ਦਾ ਸ਼ਾਸਤਰੀ ਆਧਾਰ ਹੈ।[3] ਜੀਵਨ ਦੀਆਂ ਚਾਰ ਅਵਸਥਾਵਾਂ ਬਚਪਨ, ਜੁਆਨੀ, ਅਧਖੜ ਉਮਰ ਤੇ ਬੁਢੇਪਾ ਦੇ ਆਲੇ-ਦੁਆਲੇ 'ਵਣਜਾਰੇ' ਦੇ ਰੂਪ ਵਿਚ ਅਨੋਖੀ ਚੇਤਨਾ ਦਾ ਪ੍ਰਤਿਬਿੰਬ ਉਲੀਕਿਆ ਗਿਆ ਹੈ।

'ਪਹਰੇ' ਪੰਜਾਬੀ ਦਾ ਪ੍ਰਸਿੱਧ ਲੋਕ-ਕਾਵਿ-ਰੂਪ ਹੈ। ਮਨੁੱਖੀ ਜ਼ਿੰਦਗੀ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਰੂਹਾਨੀ ਸੰਦੇਸ਼ ਪ੍ਰਸਤੁਤ ਕੀਤਾ ਗਿਆ ਹੈ। ਜੀਵਨ ਦੇ ਚਾਰ ਪੜਾਵਾਂ ਗਰਭ, ਬਾਲ, ਜਵਾਨੀ ਅਤੇ ਬਿਰਧ ਅਵਸਥਾਵਾਂ ਦਾ ਵਿਸ਼ਲੇਸ਼ਣ ਬਾਣੀਕਾਰਾਂ ਨੇ ਬੜੇ ਪ੍ਰਭਾਵਸ਼ਾਲੀ ਅੰਦਾਜ਼ ਰਾਹੀਂ ਪੇਸ਼ ਕੀਤਾ ਹੈ। ਚਾਰ ਪਹਿਰਾਂ ਦੇ ਆਧਾਰ ਤੇ ਰਚੀ ਗਈ, ਇਸ ਬਾਣੀ ਨੂੰ ਕਲਾਮਈ ਢੰਗ ਨਾਲ ਸਿੱਖਿਆ ਦਾਇਕ ਉਪਦੇਸ਼ਾਂ ਨਾਲ ਸਰਸ਼ਾਰ ਕੀਤਾ ਗਿਆ ਹੈ। ਸਿਰੀ ਰਾਗ ਦੇ ਅੰਤਰਗਤ ਗੁਰੂ ਨਾਨਕ ਦੇ ਦੋ ਸ਼ਬਦ, ਗੁਰੂ ਰਾਮਦਾਸ ਦਾ ਇਕ ਸ਼ਬਦ ਅਤੇ ਗੁਰੂ ਅਰਜਨ ਦਾ ਇਕ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਕ 74-77 ਤੱਕ ਅੰਕਿਤ ਕੀਤੇ ਹਨ।

ਪਹਿਲੇ ਪਹਿਰੇ ਵਿਚ ਚਾਰ ਪਦੇ ਹਨ ਅਤੇ ਦੂਜੇ ਵਿਚ ਪੰਜ। ਹਰ ਪਦਾ ਛੇ ਛੇ ਤੁਕਾਂ ਦਾ ਹੈ। ਗੁਰੂ ਅਰਜਨ ਦੇ ਪਹਿਰਿਆਂ ਵਿਚ ਕੁੱਲ ਪੰਜ ਬੰਦ ਹਨ। ਹਰ ਪਹਰੇ ਵਿਚ ਛੇ-ਛੇ ਤੁਕਾਂ ਹਨ। ਇਨ੍ਹਾਂ ਪਹਿਰਿਆਂ ਵਿਚ ਮਨੁੱਖ ਨੂੰ 'ਵਣਜਾਰਾ' ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਰਾਤ ਦੇ ਚਾਰ ਪਹਿਰਾਂ ਨੂੰ ਜ਼ਿੰਦਗੀ ਨਾਲ ਤੁਲਨਾ ਦਿੱਤੀ ਗਈ ਹੈ। ਜੀਵਨ ਦੇ ਚਾਰ ਪੜਾਅ ਜਨਮ, ਸੰਸਾਰੀ ਮੋਹ, ਧਨ, ਜੋਬਨ, ਗ੍ਰਿਹਸਤ ਅਤੇ ਅਖ਼ੀਰ ਜੀਵਨ ਦਾ ਅੰਤ। ਇਸ ਬਾਣੀ ਰਾਹੀਂ ਬਾਣੀਕਾਰਾਂ ਨੇ ਮਨੁੱਖ ਨੂੰ ਰੱਬੀ ਸਿਫ਼ਤ-ਸਾਲਾਹ ਵੱਲ ਪ੍ਰੇਰਿਆ ਹੈ। ਹਰ ਸ਼ਬਦ 'ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ' ਨਾਲ ਸ਼ੁਰੂ ਕੀਤਾ ਹੈ। ਗੁਰੂ ਨਾਨਕ ਦੇ ਪਹਰਿਆਂ ਵਿਚ ਮਾਤ੍ਰਾ 23, 12 ਹਨ ਪਰ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੀ ਗਿਣਤੀ 23, 14 ਕਰ ਲਈ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਸਾਹਿੱਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ), ਪੂਰਵ ਅੰਕਤ, ਅੰਕ 553
2. **The Encyclopeadia of sikhism (Vol III),** op.cit, P: 261
   "The term pahare is the plural of pahara, meaning a guard or watch, and is cognate. etymologically and semantically, with sanskrit prahar. Which is a unit of time in the Indian system of calculation. Eight pahars make a day and night, a pahar thus equalling three hours."
3. ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੂਰਵ ਅੰਕਤ, ਅੰਕ 47

# ਪਟੀ

ਪਟੀ ਇਕ ਸੁਤੰਤਰ ਕਾਵਿ-ਰੂਪ ਹੈ। ਗੁਰਮੁਖੀ ਵਰਣਮਾਲਾ ਦੇ ਪੈਂਤੀ ਅੱਖਰਾਂ ਅਨੁਸਾਰ ਰੱਚੇ ਕਾਵਿ-ਰੂਪ ਨੂੰ 'ਪਟੀ' ਆਖਦੇ ਹਨ। ਅਸਲੋਂ 'ਪਟੀ' ਇਕ ਤਖਤੀ ਹੈ ਜਿਸ ਤੇ ਬੱਚੇ ਵਰਣਮਾਲਾ ਲਿਖਣਾ ਸਿੱਖਦੇ ਹਨ। ਬਾਣੀਕਾਰਾਂ ਵਲੋਂ ਲਿਖੀ ਪਟੀ ਅਜੋਕੀ ਗੁਰਮੁਖੀ ਵਰਣਮਾਲਾ[1] ਨਾਲੋਂ ਥੋੜ੍ਹੀ ਜਿਹੀ ਭਿੰਨ ਹੈ, ਖ਼ਾਸਕਰ ਗੁਰੂ ਨਾਨਕ ਦੀ ਪੈਂਤੀ ਅੱਖਰੀ।

'ਪਟੀ' ਦੇ ਕੋਸ਼ਕੀ ਅਰਥ ਵੱਖ-ਵੱਖ ਵਿਦਵਾਨਾਂ ਨੇ ਦਿੱਤੇ ਹਨ। 'ਮਹਾਨਕੋਸ਼' ਅਨੁਸਾਰ ਤਖਤੀ, ਫੱਟੀ, ਇਕ ਖਾਸ ਬਾਣੀ ਜਿਸ ਵਿਚ ਵਰਣਮਾਲਾ ਦੇ ਕ੍ਰਮ ਅਨੁਸਾਰ ਸ਼ੁਭ ਉਪਦੇਸ਼ ਹੈ।[2] 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਅਨੁਸਾਰ ਪਟੀ ਲੋਕ-ਕਾਵਿ ਹੈ, ਜਿਸ ਵਿਚ ਵਰਣਮਾਲਾ ਦੇ ਅੱਖਰਾਂ ਨੂੰ ਆਧਾਰ ਬਣਾ ਕੋਈ ਉਪਦੇਸ਼ ਜਾਂ ਧਰਮ-ਕਰਮ ਦੀ ਗੱਲ ਸਮਝਾਈ ਗਈ ਹੁੰਦੀ ਹੈ।[3] 'ਪਟੀ' ਦੇ ਸ਼ਾਬਦਿਕ ਅਰਥ ਫੱਟੀ ਜਾਂ ਲਿਖਣ ਵਾਲੀ ਲੱਕੜ ਦੀ ਤਖਤੀ ਹਨ,.....ਤੇ ਦੂਜੇ ਅਰਥ ਪੱਟ ਜਾਂ ਰੇਸ਼ਮ ਦੀ ਅੱਟੀ ਹਨ। ਆਮ ਤੌਰ 'ਤੇ ਵਿਆਹੀਆਂ ਇਸਤਰੀਆਂ ਸਿਰ ਦੇ ਵਾਲਾਂ ਨੂੰ ਮੱਥੇ ਦੇ ਉੱਤੇ ਵਾਹ ਕੇ, ਚਿਪਕਾ ਲੈਂਦੀਆਂ ਹਨ। ਇੰਝ ਚਿਪਕੇ ਵਾਲਾਂ ਨੂੰ ਵੀ ਪੱਟੀਆਂ ਆਖਦੇ ਹਨ।[4] 'ਇਨਸਾਇਕਲੋਪੀਡੀਆ ਆਫ਼ ਸਿੱਖਇਜ਼ਮ'[5] ਵਿਚ ਵੀ ਉੱਪਰ ਵਰਨਣ ਵਿਚਾਰ ਪੇਸ਼ ਕੀਤੇ ਗਏ ਹਨ।

ਰੂਪ ਪੱਖ ਤੋਂ ਪਟੀ ਦੀ ਸਾਂਝ ਫ਼ਾਰਸੀ ਦੀ 'ਸੀਹਰਫ਼ੀ' ਅਤੇ ਸੰਸਕ੍ਰਿਤ ਦੀ 'ਬਾਵਨ ਅੱਖਰੀ' ਨਾਲ ਹੈ। ਸੀਹਰਫ਼ੀ ਅਤੇ ਬਾਵਨ ਅੱਖਰੀ ਵਿਚ ਵੀ ਸੰਬੰਧਤ ਭਾਸ਼ਾ ਦੇ ਅੱਖਰਾਂ ਨੂੰ ਹਰ ਕਾਵਿ-ਬੰਦ ਦੇ ਮੁੱਢ ਵਿਚ ਰੱਖ ਕੇ ਕਾਵਿ-ਰਚਨਾ ਕੀਤੀ ਜਾਂਦੀ ਹੈ। ਪਟੀ ਕਾਵਿ-ਰੂਪ ਦੀ ਪਰੰਪਰਾ ਬਹੁਤ ਪੁਰਾਤਨ ਹੈ। ਇਸ ਦੇ ਮੁੱਢਲੇ ਸਾਹਿੱਤਕ ਰੂਪ ਨੂੰ ਬੋਧ ਸਿੱਧਾਂ ਦੀਆਂ ਰਚਨਾਵਾਂ 'ਚੋਂ ਪਛਾਣਿਆ ਜਾ ਸਕਦਾ ਹੈ। ਅੱਠਵੀਂ ਸਦੀ ਦੇ ਕਰੀਬ ਹੋਏ ਬੋਧ ਸਿੱਧ ਆਚਾਰੀਆਂ ਸਰਹਪਾ ਨੇ ਵਰਣਮਾਲਾ ਦੇ ਕਈ ਅੱਖਰਾਂ ਨੂੰ ਹਰ ਦੋਹੇ ਦੇ ਆਰੰਭ ਵਿਚ ਰੱਖ ਕੇ ਕਾਵਿ-ਰਚਨਾ ਕੀਤਾ ਹੈ।[6] 'ਪਟੀ' ਦੀ ਰਚਨਾ ਵਰਣਮਾਲਾ ਦੇ ਪੈਂਤੀ ਅੱਖਰਾਂ ਨੂੰ ਯਕੇ-ਬਾਅਦ ਦੀਗਰੇ ਹਰ ਕਾਵਿ ਤੁੱਕ ਦੇ ਆਰੰਭ ਵਿਚ ਰੱਖ ਕੇ ਕੀਤੀ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਅੰਕ 432-435 ਤੱਕ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਨੇ ਰਾਗ ਆਸਾ ਵਿਚ 'ਪਟੀ' ਦੀ ਬਾਣੀ ਉਚਾਰਨ ਕੀਤੀ ਹੈ। ਗੁਰੂ ਨਾਨਕ ਦੀ ਨਿਮਨਲਿਖਤ ਸਿਰਲੇਖ 'ਰਾਗ ਆਸਾ ਮਹਲਾ ੧, ਪਟੀ ਲਿਖੀ' ਬਾਰੇ ਬਹੁਤੇ ਵਿਦਵਾਨਾਂ ਦੇ ਵਿਚਾਰ ਆਪਸ ਵਿਚ ਮੇਲ ਨਹੀਂ ਖਾਂਦੇ। 'ਪੰਜਾਬੀ ਸਾਹਿੱਤ ਕੋਸ਼' ਅਨੁਸਾਰ ਕਈ ਵਿਦਵਾਨਾਂ ਨੂੰ ਟਪਲਾ ਲਗਿਆ ਹੈ ਕਿ ਗੁਰੂ ਨਾਨਕ ਨੇ ਪੱਟੀ ਦੀ ਰਚਨਾ ਕਿਸੇ ਪੰਡਤ ਜਾਂ ਪਾਂਧੇ ਪ੍ਰਤੀ ਕੀਤੀ ਸੀ। ਸੰਬੰਧਤ ਰਚਨਾ ਵਿਚ ਆਏ ਕੁੱਝ ਕੁ ਸੰਬੋਧਨੀ ਸ਼ਬਦਾਂ (ਪੰਡਿਤਾ, ਰੇਮਨਾ, ਭਾਈ, ਵੈਦ) ਨੂੰ ਲੈ ਕੇ ਕਈ ਇਤਿਹਾਸਕਾਰਾਂ ਅਤੇ ਜਨਮ ਸਾਖੀਕਾਰਾਂ (ਪੁਰਾਤਨ ਜਨਮ ਸਾਖੀ ਦਾ ਕਰਤਾ ਪੱਟੀ ੭ ਸਾਲਾਂ ਦੀ ਉਮਰ ਵਿਚ ਲਿਖੀ ਮੰਨਦਾ ਹੈ) ਨੇ ਇਹ ਕਿਆਸ ਲਗਾਏ ਹਨ ਕਿ ਪੱਟੀ ਗੁਰੂ ਨਾਨਕ ਦੀ ਬਾਲ-ਅਵਸਥਾ ਦੀ ਰਚਨਾ ਹੈ ਅਤੇ ਪਾਂਧੇ ਪ੍ਰਤੀ ਉਚਾਰੀ ਗਈ ਹੈ। ਅਜਿਹਾ

ਵਿਚਾਰ ਬਿਲਕੁਲ ਨਿਰਮੂਲ ਜਾਪਦਾ ਹੈ ਕਿਉਂਕਿ ਇਸ ਰਚਨਾ ਦੇ ਬਿੰਬ-ਵਿਧਾਨ ਅਤੇ ਪ੍ਰੌਢ ਅਧਿਆਤਮਕ ਚਿੰਤਨ ਤੋਂ ਇਹ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਗੁਰੂ ਨਾਨਕ ਦੀ ਬਾਲ ਉਮਰ ਦੀ ਰਚਨਾ ਨਹੀਂ ਹੋ ਸਕਦੀ। ਇਸ ਰਚਨਾ ਵਿਚ ਪੇਸ਼ ਅਨੁਭਵ ਨੂੰ ਕਿਸੇ ਵੀ ਤਰ੍ਹਾਂ ਬਾਲ-ਉਮਰ ਨਾਲ ਸੰਬੰਧਤ ਨਹੀਂ ਕੀਤਾ ਜਾ ਸਕਦਾ। ਪੁਰਾਤਨ ਜਨਮ ਸਾਖੀ ਅਨੁਸਾਰ 'ਪਟੀ ਲਿਖੀ' ਗੁਰੂ ਨਾਨਕ ਨੇ ਇਸ ਬਾਣੀ ਦੀ ਰਚਨਾ ਦਾ ਜਨਮ ਪਾਂਧੇ ਕੋਲ ਜਾਣ ਸਮੇਂ ਦਾ ਸੰਕੇਤ ਕੀਤਾ ਗਿਆ ਹੈ ਪਰ ਬਹੁਤੇ ਵਿਦਵਾਨਾਂ ਦਾ ਵਿਚਾਰ, ਇਸ ਬਾਣੀ ਨੂੰ ਪ੍ਰੌਢ-ਉਮਰ ਦੀ ਰਚਨਾ ਮੰਨਦੇ ਹਨ। ਗੁਰੂ ਨਾਨਕ ਨੇ ਇਸ ਰਚਨਾ ਰਾਹੀਂ ਜਿਥੇ ਅਧਿਆਤਮਕ ਚਿੰਤਨ, ਸਾਹਿਤਕ-ਗੁਣਾਂ, ਕਲਾ-ਕੌਸ਼ਲਤਾ ਦੇ ਨਜ਼ਰੀਏ ਤੋਂ ਇਕ ਸ੍ਰੇਸ਼ਟ ਰਚਨਾ ਦਾ ਰੁਤਬਾ ਰੱਖਦੀ ਹੈ, ਉਥੇ ਭਾਸ਼ਾ ਦੇ ਨਿਕਾਸ ਤੇ ਵਿਕਾਸ ਲਈ ਮੀਲ ਪੱਥਰ ਦੀ ਹੈਸੀਅਤ ਰੱਖਦੀ ਹੈ। ਅਧਿਆਤਮਕ ਵਿਚਾਰਧਾਰਾ ਦਾ ਨਿਰੂਪਨ ਸਹਿਜੇ ਹੀ ਉਜਾਗਰ ਹੁੰਦਾ ਹੈ।

ਗੁਰੂ ਨਾਨਕ ਨੇ 'ਪਟੀ' ਵਿਚ 35 ਪਦਿਆਂ ਦਾ ਉਚਾਰਨ ਕੀਤਾ ਹੈ। ਛੋਟੇ ਆਕਾਰ ਦੀ ਦਾਰਸ਼ਨਿਕ ਵਿਚਾਰਾਂ ਵਾਲੀ ਰਚਨਾ ਪ੍ਰਗੀਤਕ ਕਾਵਿ-ਰੂਪ ਦਾ ਪੈਰਾਡਾਈਮ ਸਿਰਜਦੀ ਹੈ। ਇਸ ਰਚਨਾ ਵਿਚ ਅਕਾਲ ਪੁਰਖ ਦੀ ਮਹਿਮਾ ਦਾ ਗੁਣ ਗਾਨ ਕੀਤਾ ਗਿਆ ਹੈ, ਜਿਸ ਵਿਚ ਦਾਰਸ਼ਨਿਕ ਅਤੇ ਧਾਰਮਿਕ ਸਿਧਾਂਤਾਂ ਦਾ ਗੂੜ੍ਹ ਦ੍ਰਿਸ਼ਟਮਾਨ ਹੁੰਦਾ ਹੈ। ਗੁਰੂ ਸਾਹਿਬ ਨੇ ਪਾਂਧੇ (ਪੰਡਿਤ) ਦੇ ਜੀਵਨ ਉਤੇ ਕਮਾਲ ਦਾ ਕਟਾਖ਼ਸ਼ ਕੀਤਾ ਹੈ। ਭਾਸ਼ਾਈ-ਦ੍ਰਿਸ਼ਟੀ ਤੋਂ ਇਹ ਪੰਜਾਬੀ ਦੀ ਸਾਧ-ਭਾਖਾ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ:੨੨)

ਗੁਰੂ ਅਮਰਦਾਸ ਦੀ 'ਪਟੀ' ਦੇ ਕੁੱਲ 18 ਪਦੇ ਹਨ, ਜੋ ਦੋ-ਦੋ ਤੁਕਾਂ ਦੇ ਹਨ। ਪਹਿਲੇ ਪਦੇ ਮਗਰੋਂ ਦੋ ਤੁਕਾਂ ਦਾ 'ਰਹਾਉ' ਹੈ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੀ ਪਟੀ ਦਾ ਅੱਖਰ-ਕ੍ਰਮ ਇਕ ਸਾਰ ਨਹੀਂ। ਗੁਰੂ ਅਮਰਦਾਸ ਦੇ ਪੈਂਤੀ ਅੱਖਰਾਂ ਵਿਚ ਕੁਝ ਅੱਖਰ ਦੇਵਨਾਗਰੀ ਦੇ ਹਨ। 'ਸ਼ਬਦਾਰਥ' ਅਨੁਸਾਰ ਇਸ ਪਟੀ ਵਿਚ ਵੀ 35 ਅੱਖਰ ਵਰਤੇ ਹਨ, ਪਰ ਤਰੀਕਾ ਲੰਡਿਆਂ ਦੀ ਸ਼ੁਹਾਰਨੀ ਵਾਲਾ ਹੈ। ਪਾਂਧਾ ਅੱਗੇ ਅੱਗੇ ਸੁਰ ਨਾਲ ਪੜ੍ਹੀ ਜਾਂਦਾ ਹੈ ਅਤੇ ਮੁੰਡੇ ਪਿਛੇ ਪਿਛੇ ਪੜ੍ਹੀ ਜਾਂਦੇ ਹਨ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੀ ਪਟੀ ਵਿਚਾਲੇ ਸਿਰਜਣਾਤਮਿਕ ਅਤੇ ਸੰਰਚਨਾਤਮਿਕ ਨਜ਼ਰੀਏ ਤੋਂ ਕੁੱਝ ਵੱਖਰਤਾਵਾਂ ਸਹਿਜੇ ਉੱਘੜ ਕੇ ਆਉਂਦੀਆਂ ਹਨ।

ਉਪਰ ਦਿੱਤੇ ਵਿਚਾਰਾਂ ਦੇ ਵਿਸ਼ਲੇਸ਼ਣ ਤੋਂ ਪਟੀ ਬਾਰੇ ਇਕ ਧਾਰਨਾ ਇਹ ਉਜਾਗਰ ਹੁੰਦੀ ਹੈ ਕਿ ਗੁਰੂ ਨਾਨਕ ਨੇ ਲੱਕੜੀ ਦੀ ਫੱਟੀ ਉੱਪਰ ਜੋ ਉਪਦੇਸ਼ ਲਿਖਿਆ, ਉਹ ਬਾਣੀ ਦੇ ਰੂਪ 'ਪਟੀ' ਵਿਚ ਪ੍ਰਚੱਲਿਤ ਹੋਇਆ ਹੈ। ਭਾਵੇਂ ਕੁੱਝ ਮੁੱਢਲੇ ਦਾਨਸ਼ਵਰਾਂ ਦੇ ਸ਼ਰਧਾ ਪੂਰਵਕ ਵਿਚਾਰ ਹੀ ਜਨਮਸਾਖੀਆਂ, ਟੀਕਿਆਂ ਅਤੇ ਪਰਮਾਰਥਾਂ ਦਾ ਆਧਾਰ-ਸ਼ਿਲਾ ਬਣੇ ਹਨ। ਇਸੇ ਬਿੰਦੂ ਨੂੰ ਮੁੱਖ ਰੱਖ ਕੇ ਬਹੁਤਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਦੂਜੀ ਧਾਰਨਾ ਅਨੁਸਾਰ ਕਈ ਵਿਦਵਾਨ 'ਪੱਟੀ' ਨੂੰ ਵਿਸ਼ੇਸ਼ ਰੂਪਾਕਾਰ ਵਜੋਂ ਮਾਨਤਾ ਦੇ ਕੇ ਸੰਤੁਸ਼ਟ ਹੋ ਜਾਂਦੇ ਹਨ। ਸੁਚੇਤ ਤੌਰ ਤੇ ਗੁਰੂ ਨਾਨਕ ਆਪਣੇ ਆਪ ਨੂੰ 'ਪਟੀ' ਬਾਣੀ ਵਿਚ 'ਸ਼ਾਇਰ' ਲਿਖਦੇ ਹਨ।

***ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥***

***—ਆਸਾ ੧, ਪਟੀ, ੩੫:੨ (434)***

## ਪਗ ਟਿਪਣੀਆਂ ਅਤੇ ਹਵਾਲੇ

1. "ਸ ੲ ੳ ਙ ਕ ਖ ਗ ਘ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ੜ ਹ ਅ"
2. **ਗੁਰ ਸ਼ਬਦ ਰਤਨਾਕਰ ਮਹਾਨਕੋਸ਼,** ਪੂਰਵ ਅੰਕਤ, ਅੰਕ 737
3. **ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ ਸਤਵੀਂ),** ਪੂਰਵ ਅੰਕਤ, ਅੰਕ 1663
4. **ਸਾਹਿੱਤ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ),** ਪੂਰਵ ਅੰਕਤ, ਅੰਕ 554
5. **The Encyclopeadia of sikhism (Vol III),** op.cit, P: 328
   "Patti, lit, a wooden tablet on which children learn to write the alphabet, is the name given to two hymns, in the Guru Granth Sahib, composed in the form of an acrostic, emplaying letters of the Gurmukhi alphabet."
6. **ਪੰਜਾਬੀ ਸਾਹਿਤ ਕੋਸ਼ (ਭਾਗ ਤੀਜਾ),** ਪੂਰਵ ਅੰਕਤ, ਅੰਕ 7-8
7. ਪੂਰਵ ਅੰਕਤ, ਅੰਕ 8

# ਪੰਚਪਦੇ

ਪੰਜ-ਪੰਜ ਤੁਕਾਂ ਜਾਂ ਪਦਿਆਂ ਵਾਲੇ ਸ਼ਬਦਾਂ ਨੂੰ 'ਪੰਚਪਦੇ' ਆਖਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਨੇ ਸਾਰੇ ਸ਼ਬਦ ਦੁਪਦੇ, ਚਉਪਦੇ ਅਤੇ ਪੰਜ ਪਦਿਆਂ ਦੇ ਰੂਪ ਵਿਚ ਉਚਾਰਨ ਕੀਤੇ ਹਨ। ਇਨ੍ਹਾਂ ਪੰਚ ਪਦਿਆਂ ਵਿਚ ਬਾਣੀਕਾਰਾਂ ਨੇ ਰੂਹਾਨੀ ਉਪਦੇਸ਼ ਅਤੇ ਰਹੱਸਵਾਦੀ ਅਨੁਭਵ ਦਾ ਖ਼ੂਬ ਨਿਰੂਪਣ ਕੀਤਾ ਹੈ। ਮੂਲ ਪਾਠ ਵਜੋਂ ਭਗਤ ਕਬੀਰ ਦਾ 'ਪੰਚਪਦਾ' ਇੰਞ ਹੈ:

*ਪਾਤੀ ਤੋਰੈ ਮਾਲਿਨੀ, ਪਾਤੀ ਪਾਤੀ ਜੀਉ।*
*ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥*
*ਭੂਲੀ ਮਾਲਨੀ ਹੈ ਏਉ। ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ*
*ਬ੍ਰਹਮੁ ਪਾਤੀ ਬਿਸਨ ਡਾਰੀ ਫੂਲ ਸੰਕਰਦੇਉ।*
*ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥*
*ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥*
*ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥*
*ਭਾਤੁ ਪਹਿਤਿ ਅਰੁ ਲਾਪਸੀ, ਕਰਕਰਾ ਕਾਸਾਰੁ।*
*ਭੋਗਨਹਾਰੇ ਭੋਗਿਆ ਇਸ ਮੂਰਤਿ ਕੇ ਮੁਖ ਛਾਰੁ ॥੪॥*
*ਮਾਲਿਨਿ ਭੂਲੀ ਜਗੁ ਭੁਲਾਨਾ, ਹਮ ਭੁਲਾਨੇ ਨਾਹਿ ॥*
*ਕਹੁ ਕਬੀਰ ਹਮ ਰਾਮ ਰਾਖੇ, ਕ੍ਰਿਪਾ ਕਰਿ ਹਰਿ ਰਾਇ ॥੫॥*

*—ਆਸਾ ਕਬ, ੧੪, ੫:੧-੧੧ (479)*

# ਪ੍ਰਭਾਤੀ

ਇਹ ਭੈਰਵ ਠਾਟ ਦਾ ਸੰਪੂਰਣ ਰਾਗ (ਰਾਗਨੀ) ਹੈ। ਇਸ ਰਾਗ ਦੀ ਸਿਰਜਨਾ ਕਈ ਰਾਗਾਂ ਦੇ ਸੰਯੋਗ ਨਾਲ ਹੁੰਦੀ ਹੈ ਜਿਵੇਂ ਭੈਰਵ, ਰਾਮਕਲੀ, ਕਲਿੰਗੜਾ, ਲਲਿਤ, ਆਸਾ[1] ਆਦਿ। ਇਸ ਰਾਗ ਨੂੰ ਪਹਿਲੇ ਪਹਿਰ ਤੜਕਸਾਰ ਪ੍ਰਭਾਤ ਅਥਵਾ ਅੰਮ੍ਰਿਤ ਵੇਲੇ ਗਾਉਣ ਦਾ ਮੰਨਿਆ ਜਾਂਦਾ ਹੈ। ਰਾਗ ਬੱਧ ਬਾਣੀ ਵਿਚ ਇਸ ਦਾ ਤੀਹਵਾਂ (੩੦) ਕ੍ਰਮ ਹੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਕ 1327–1351 ਤੱਕ ਸੁਸ਼ੋਭਿਤ ਹੈ।

ਇਸ ਰਾਗ ਦੀ ਸੰਪੂਰਨ ਬਾਣੀ ਵਿਚ 55 ਚਉਪਦੇ ਅਤੇ 12 ਅਸ਼ਟਪਦੀਆਂ ਹਨ, ਜਿਨ੍ਹਾਂ ਦਾ ਸਮੁੱਚਾ ਜੋੜ 67 ਹੈ। ਪਰ ਕਈ ਵਿਦਵਾਨ ਜੋੜ 58[2] ਦੱਸਦੇ ਹਨ। 55 ਚਉਪਦਿਆਂ ਵਿਚੋਂ ਗੁਰੂ ਨਾਨਕ ਦੇ 17, ਗੁਰੂ ਅਮਰਦਾਸ ਦੇ 7, ਗੁਰੂ ਰਾਮਦਾਸ ਦੇ 7, ਗੁਰੂ ਅਰਜਨ ਦੇ 15, ਕਬੀਰ ਦੇ 5, ਨਾਮਦੇਵ ਦੇ 3 ਅਤੇ ਬੇਣੀ ਦਾ ਇਕ ਚਉਪਦਾ ਅੰਕਿਤ ਹੈ। ਇਹ ਸਾਰੇ ਚਉਪਦੇ ਗੁਰੂ ਗ੍ਰੰਥ ਸਾਹਿਬ ਦੇ ਅੰਕ 1327–1351 ਤੱਕ ਅੰਕਿਤ ਹਨ।

ਇਸੇ ਤਰ੍ਹਾਂ ਅਸ਼ਟਪਦੀਆਂ ਦਾ ਕੁੱਲ ਜੋੜ 12 ਹੈ ਜਿਸ ਵਿਚ ਗੁਰੂ ਨਾਨਕ ਦੀਆਂ 7, ਗੁਰੂ ਅਮਰਦਾਸ ਦੀਆਂ 2, ਗੁਰੂ ਅਰਜਨ ਦੀਆਂ 3 ਅਸ਼ਟਪਦੀਆਂ, ਅੰਕ 1345–1349 ਤੱਕ ਅੰਕਿਤ ਹਨ। 'ਮਹਾਨਕੋਸ਼'[3] ਅਨੁਸਰ ਇਸ ਰਾਗ ਵਿਚ ਸ਼ੜਜ ਗਾਂਧਾਰ ਮੱਧਮ ਪੰਚਮ ਤੇ ਨਿਸ਼ਾਦ ਸ਼ੁਧ, ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਵਾਦੀ ਅਤੇ ਸ਼ੜਜ ਸੰਵਾਦੀ। ਗ੍ਰਹ ਸੁਰ ਮੱਧਮ ਹੈ:

| | | | | | | | | |
|---|---|---|---|---|---|---|---|---|
| ਆਰੋਹੀ— | ਸ਼ | ਰਾ | ਗ | ਮ | ਪ | ਧਾ | ਨ | ਸ਼ |
| ਅਵਰੋਹੀ— | ਸ਼ | ਨ | ਧਾ | ਪ | ਮ | ਗ | ਰਾ | ਸ਼ |

ਸਮੁੱਚੀ ਬਾਣੀ ਦਾ ਸਾਰਾਂਸ਼ ਹੈ ਕਿ ਇਹ ਸਾਰਾ ਸੰਸਾਰ ਕੇਵਲ ਪ੍ਰਭੂ–ਪ੍ਰਮਾਤਮਾ ਅਕਾਲਪੁਰਖ ਦਾ ਹੀ ਪ੍ਰਕਾਸ਼ ਹੈ। ਇਸੇ ਤਰ੍ਹਾਂ ਸਾਧ-ਸੰਗਤਿ, ਹਰਿ ਦੀ ਕ੍ਰਿਪਾ ਨਾਲ ਹੀ ਸਹੀ ਮਾਰਗ ਦਾ ਚਾਨਣ ਹੁੰਦਾ ਹੈ। ਪ੍ਰਭੂ ਦੇ ਨਾਮ ਦਾ ਜਾਪ ਕਰਨਾ ਹੀ ਪ੍ਰੇਰਣਾ–ਦਾਇਕ ਹੈ। ਸਰੀਰ ਦੇ ਅੰਦਰ ਪਰਮਸਤਿ ਦਾ ਨਿਵਾਸ ਹੈ। ਅਧਿਆਤਮਿਕ ਭਵਿੱਖ ਦਾ ਚਾਨਣ ਪ੍ਰਭੂ ਦੇ ਨਾਮ ਨਾਲ ਹੀ ਹੋ ਜਾਂਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 238
2. **The Encyclopeadia of sikhism (Vol II)**, op.cit, P: 177
   "Prabhati does not appear in the Ragmala, the nearest to it in

name is prabal. Prabhati belongs to the Bhairav thata and is often combined with Raga Bhairav. Prabhati was the setting used for some 58 hymns by Guru Nanak, Guru Amar Das, Guru Ram Das and Guru Arjan. This is a morning raga to be performed in a slow and dignified manner."

3. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 801

# ਫੁਨਹੇ

'ਫੁਨਹੇ' ਦੇ ਲਫ਼ਜ਼ੀ ਅਰਥ ਹਨ ਮੁੜ-ਮੁੜ ਜਾਂ ਫਿਰ। ਕਿਸੇ ਸ਼ਬਦ ਨੂੰ ਵਾਰ-ਵਾਰ ਵਰਤਣ ਕਰਕੇ 'ਫੁਨਹੇ' ਸੰਗਿਆ ਹੋ ਗਈ। 'ਫੁਨਹਾ' ਸੰਸਕ੍ਰਿਤ ਦੇ ਸ਼ਬਦ 'ਪੁਨਹ' ਦਾ ਤਦਭਵ ਰੂਪ ਹੈ। 'ਮਹਾਨਕੋਸ਼'[1] ਦੇ ਛੰਦ ਸ਼ਾਸਤ੍ਰ ਅਨੁਸਾਰ 'ਪੁਨਹਾ ਛੰਦ' ਇਕ ਛੰਦ ਦਾ ਨਾਂ ਹੈ। ਇਸ ਨੂੰ 'ਪਹਿਰਾ' ਤੇ 'ਫੁਨਹਾ' ਵੀ ਕਿਹਾ ਜਾਂਦਾ ਹੈ। ਇਸ ਛੰਦ ਦੇ ਲੱਛਣ ਇਸ ਪ੍ਰਕਾਰ ਹਨ: ਇਸ ਦੇ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿਚ 21 ਮਾਤਰਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ 11 ਉੱਤੇ ਤੇ ਦੂਜਾ 10 ਉੱਤੇ ਹੁੰਦਾ ਹੈ, ਜਿਵੇਂ

*ਧਾਵਉ ਦਸਾ ਅਨੇਕ, ਪ੍ਰੇਮ ਪ੍ਰਭ ਕਾਰਣੇ;*
*ਪੰਚ ਸਤਾਵਹਿ ਦੂਤ, ਕਵਨ ਬਿਧਿ ਮਾਰਣੇ। (ਫੁਨਹੇ ਮ: ੫)*

ਫੁਨਹੇ-ਅੜਿਲ ਦੀ ਇਕ ਕਿਸਮ ਹੈ। ਅਖ਼ੀਰਲੀ ਤੁੱਕ ਵਿਚ ਕਵੀ ਦਾ ਨਾਮ ਜਾਂ ਸੰਬੋਧਨ ਦਾ ਨਾਮ ਜਾਂ ਕੋਈ ਪਦ ਹੁੰਦਾ ਹੈ, ਜੋ ਤੁਕ ਦੇ ਵਜ਼ਨ ਤੋਂ ਵਾਧੂ ਪੈਂਦਾ ਹੈ।[2] ਸ਼ਬਦ 'ਹਰਿਹਾ' ਦੇ ਅਰਥ ਬਾਰੇ ਵਿਦਵਾਨ ਇੱਕ ਮੱਤ ਨਹੀਂ। ਹਰਿਹਾਂ ਸੰਬੋਧਨ, ਹੇ ਹਰਿ! ਫੁਨਹੇ ਛੰਦਾਂ ਦੇ ਅੰਤ ਵਿਚ 'ਹਰਿ ਹਾਂ' ਸ਼ਬਦ ਐਸੇ ਹੀ ਵਰਤਿਆ ਹੈ ਜੈਸੇ ਅੜਿੱਲ ਦੇ ਪਿਛਲੇ ਚਰਣ ਵਿਚ 'ਹੋ' ਆਉਂਦਾ ਹੈ।[3] ਇਸੇ ਤਰ੍ਹਾਂ 'ਸ਼ਬਦਾਰਥ' ਵਿਚ ਅੰਕਿਤ ਹੈ, ਹਰਿਹਾਂ (ਹੇ ਹਰੀ) ਇਤ ਛੰਦ ਦੀ ਟੇਕ ਹੈ। ਇਹ ਪੁਨਹ ਪੁਨਹ ਆਉਣ ਵਾਲੀ ਹੈ।[4] 'ਸ੍ਰੀ ਗੁਰੂ ਗ੍ਰੰਥ ਕੋਸ਼'[5] ਵਿਚ ਇੰਝ ਜ਼ਿਕਰ ਆਇਆ ਹੈ, "ਹਰਿਹਾ-੧. ਹੇ ਭਾਈ। ੨. ਕਹਿੰਦੇ ਹਨ ਪੰਜਵੇਂ ਸਤਿਗੁਰੂ ਜੀ ਦੀ ਸਾਲੀ ਦਾ ਨਾਮ 'ਹਰਿਹਾਂ' ਸੀ ਅਰ 'ਫੁਨਹੇ' ਦੇ ਛੰਦ ਉਸ ਪ੍ਰਤਿ ਸੁਣਾਏ ਗਏ ਹਨ। ੩. 'ਹਰਿਹਾਂ' ਛੰਤਾਂ ਵਿਚ ਇਕ ਟੇਕ ਮਾਤ੍ਰ ਹੈ, ਜਿਸ ਤਰ੍ਹਾਂ ਸ੍ਵੈਯਾ ਵਿਚ 'ਹਾਂ ਕਿ' ਆਉਂਦਾ ਹੈ।

ਇਸ ਬਾਣ ਵਿਚ 'ਨਾਨਕ' ਪਦ ਤੋਂ ਸਪਸ਼ਟ ਹੈ ਕਿ ਗੁਰੂ ਅਰਜਨ ਦੇ ਗੁਰ-ਗੱਦੀ ਬੈਠਣ ਤੋਂ ਉਪਰੰਤ ਇਸ ਬਾਣੀ ਦੀ ਰਚਨਾ ਹੋਈ ਹੈ। ਇੰਝ ਗੁਰੂ ਸਾਹਿਬ ਵੱਲੋਂ ਆਪਣੇ ਵਿਵਾਹ ਸਮੇਂ ਆਪਣੀ ਸਾਲੀ ਨੂੰ ਸੰਬੋਧਨ ਕਰਨ ਦਾ ਵਿਚਾਰ ਮੂਲ ਤੌਰ ਤੇ ਗਲਤ ਅਤੇ ਮਨੋ-ਕਲਪਤ ਹੈ। ਗੁਰੂ ਸਾਹਿਬ ਦਾ ਵਿਵਾਹ ਗੁਰਗੱਦੀ ਪ੍ਰਾਪਤੀ ਤੋਂ ਦੋ ਸਾਲ ਪਹਿਲਾਂ ਹੋਇਆ ਸੀ। ਗੁਰ-ਗਦੀ ਪ੍ਰਾਪਤੀ ਤੋਂ ਪਹਿਲਾਂ 'ਨਾਨਕ' ਛਾਪ ਦੀ ਵਰਤੋਂ ਕਰਨੀ ਬਿਲਕੁਲ ਸੰਭਵ ਨਹੀਂ ਹੋ ਸਕਦੀ। ਇਸ ਲਈ 'ਹਰਿਹਾਂ' ਦਾ ਅਰਥ ਹੇ ਹਰੀ ਪ੍ਰਵਾਣਿਤ ਅਤੇ ਠੀਕ ਮੰਨਿਆ ਜਾ ਸਕਦਾ ਹੈ।

ਕਈ ਵਿਦਵਾਨ ਇਸ ਨੂੰ 'ਛੰਦ' ਅਤੇ ਕਈ 'ਕਾਵਿ-ਰੂਪ' ਮੰਨਦੇ ਹਨ। ਇਸ ਦੇ ਹੋਰ ਨਾਂ ਵੀ ਹਨ ਜਿਵੇਂ 'ਹਰਿਹਾ', 'ਚੰਦ੍ਰਾਯਣ', ਪਰਿਹਾ ਆਦਿ। ਹਿੰਦੀ ਸਾਹਿਤ ਵਿਚ ਇਹ ਅੜ੍ਹਿਲ ਨਾਂ ਨਾਲ ਵਧੇਰੇ ਪ੍ਰਸਿੱਧ ਹੈ ਜਿਸ ਦੀ ਦਾਦੂ ਆਦਿ ਸੰਤਾਂ ਨੇ ਖੁਲ੍ਹ ਕੇ ਵਰਤੋਂ ਕੀਤੀ ਹੈ।[6]

'ਫੁਨਹੇ' ਬਾਣੀ ਗੁਰੂ ਅਰਜਨ ਦੀ ਉਚਾਰਨ ਕੀਤੀ ਹੋਈ ਹੈ, ਜੋ ਸੰਬੋਧਨਾਤਮਿਕ ਸ਼ੈਲੀ ਵਿਚ ਬ੍ਰਿਜ ਭਾਸ਼ਾ ਵਿਚ ਹੈ। ਇਸ ਬਾਣੀ ਦੇ ਕੁੱਲ 23 ਪਦੇ ਹਨ, ਜਿਸ ਵਿਚ ਚਾਰ-ਚਾਰ

ਤੁਕਾਂ ਦੇ ਜੁੱਟ ਦਰਜ ਹਨ। ਸ਼ਿੰਗਾਰ ਰਸ ਦੀ ਪਾਣ ਚੜ੍ਹੀ ਇਹ ਬਾਣੀ ਕੰਤ ਤੇ ਸੁਹਾਗਣ ਦੇ ਰੂਪਕਾਂ ਦੁਆਲੇ ਘੁੰਮਦੀ ਪ੍ਰਤੀਤ ਹੁੰਦੀ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਕ 1361-63 ਤੱਕ ਅੰਕਿਤ ਹੈ। (ਵੇਖੋ ਅੰਤਿਕਾ:੨੩)

ਇਸ ਬਾਣੀ ਦਾ ਕੇਂਦਰੀ ਸਾਰ ਇਹ ਹੈ, ਕਿ ਸੰਸਕਾਰਾਂ ਰਾਹੀਂ ਹੀ ਭਵਿੱਖ ਦੇ ਜਨਮਾਂ ਦਾ ਸਰੂਪ ਨਿਸ਼ਚਿਤ ਹੁੰਦਾ ਹੈ, ਜੋ ਪਰਮਸਤਿ ਤੋਂ ਬਿਨਾਂ ਵਿਅਰਥ ਹੈ। ਸੰਸਾਰੀ ਵਿਕਾਰਾਂ ਵਾਲੇ ਸਮੁੰਦਰ ਤੋਂ ਪਾਰ ਤਾਂ ਹੀ ਸੰਭਵ ਹੈ ਜੇਕਰ ਅਕਾਲ ਪੁਰਖ ਦਾ ਗੁਣ-ਗਾਨ ਕੀਤਾ ਜਾਵੇ। ਭਰਮਾਂ ਨਾਲ ਲਿਪਟੇ ਰੋਗਾਂ ਨੂੰ ਸਾਧ ਰੂਪੀ ਵੈਦ ਹੀ ਖਤਮ ਕਰ ਸਕਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 776
2. ਸ੍ਰੀ ਗੁਰੂ ਗ੍ਰੰਥ ਕੋਸ਼, ਪੂਰਵ ਅੰਕਤ, ਅੰਕ 831
3. ਮਹਾਨ ਕੋਸ਼, ਪੂਰਵ ਅੰਕਤ, ਅੰਕ 776
4. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੂਰਵ ਅੰਕਤ, ਅੰਕ 1361
5. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੂਰਵ ਅੰਕਤ, ਅੰਕ 280
6. ਗੁਰੂ ਗ੍ਰੰਥ ਸੰਕੇਤ ਕੋਸ਼, ਪੂਰਵ ਅੰਕਤ, ਅੰਕ 247

# ਬਸੰਤ

ਬਸੰਤ ਰੁੱਤ ਨਾਲ ਸੰਬੰਧਿਤ ਇਕ ਪ੍ਰਸਿੱਧ ਅਤੇ ਪੁਰਾਤਨ ਰਾਗ ਜੋ ਪੂਰਬੀ ਠਾਟ ਦਾ ਸੰਪੂਰਣ ਰਾਗ ਮੰਨਿਆ ਜਾਂਦਾ ਹੈ। ਇਹਦੇ ਗਾਉਣ ਦਾ ਸਮਾਂ, ਹਰ ਵਕਤ ਬਸੰਤ ਰੁੱਤੇ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਾਗਬੱਧ ਬਾਣੀ ਵਿਚ ਇਸਦਾ ਪੱਚੀਵਾਂ (25) ਨੰਬਰ ਹੈ ਅਤੇ ਅੰਕ 1168-1196 ਤੱਕ ਅੰਕਿਤ ਹੈ। ਇਹ ਮੌਸਮੀ ਜਾਂ ਰਿਤੂ ਕਾਲੀਨ ਰਾਗ ਕਰ ਕੇ ਵੀ ਪ੍ਰਸਿੱਧ ਹੈ। ਬਾਕੀ ਰੁੱਤਾਂ ਵਿਚ ਇਸ ਦੇ ਗਾਉਣ ਦਾ ਸਮਾਂ ਅੱਧੀ ਰਾਤ ਤੋਂ ਬਾਅਦ ਮੰਨਿਆ ਜਾਂਦਾ ਹੈ। ਬਸੰਤ ਰੁਤ ਨਾਲ ਇਹਦਾ ਗੂੜ੍ਹਾ ਸੰਬੰਧ ਹੈ।

'ਮਹਾਨਕੋਸ਼'[1] ਅਨੁਸਾਰ ਸ਼ੜਜ, ਗਾਂਧਾਰ, ਮੱਧਮ ਪੰਚਮ ਧੈਵਤ ਅਤੇ ਨਿਸ਼ਾਦ ਸ਼ੁਧ, ਰਿਸ਼ਭ ਕੋਮਲ ਅਤੇ ਮੱਧਮ ਤੀਵਰ ਲਗਦਾ ਹੈ।

ਆਰੋਹੀ—ਸ਼ ਗ ਮ ਧ ਰਾ ਸ਼

ਅਵਰੋਹੀ—ਰਾ ਨ ਧ ਪ ਮੀ ਗ ਮ ਰਾ ਸ਼

ਇਸ ਰਾਗ ਵਿਚ ਆਈ ਬਾਣੀ ਦਾ ਵੇਰਵਾ ਇੰਝ ਹੈ;: ਚਉਪਦੇ 76, ਅਸ਼ਟਪਦੀਆਂ 11 ਹਨ। 76 ਚਉਪਦਿਆਂ ਵਿਚੋਂ ਗੁਰੂ ਨਾਨਕ ਦੇ 12, ਗੁਰੂ ਅਮਰਦਾਸ ਦੇ 18, ਗੁਰੂ ਰਾਮਦਾਸ ਦੇ 7, ਗੁਰੂ ਅਰਜਨ ਦੇ 21, ਗੁਰੂ ਤੇਗ ਬਹਾਦਰ ਦੇ 5, ਕਬੀਰ ਦੇ 8, ਰਾਮਾਨੰਦ ਦਾ 1, ਨਾਮਦੇਉ ਦੇ 3 ਅਤੇ ਰਵਿਦਾਸ ਦਾ 1 ਸ਼ਾਮਲ ਹੈ। ਇਹ ਸਾਰੇ ਚਉਪਦੇ ਅੰਕ 1168-1196 ਤੱਕ ਅੰਕਿਤ ਹਨ। ਗਿਆਰ੍ਹਾਂ ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ 8, ਗੁਰੂ ਰਾਮਦਾਸ ਦੀ ਇੱਕ ਅਤੇ ਗੁਰੂ ਅਰਜਨ ਦੀਆਂ ਦੋ ਹਨ। ਇਹ ਸਾਰੀਆਂ ਅਸ਼ਟਪਦੀਆਂ ਅੰਕ 1187-1193 ਤੱਕ ਅੰਕਿਤ ਹਨ। 'ਰਾਗ ਮਾਲਾ' ਅਨੁਸਾਰ ਇਹ ਹਿੰਡੋਲ ਦਾ ਪੁਤਰ ਮੰਨਿਆ ਗਿਆ ਹੈ। ਇਸ ਰਾਗ ਦਾ ਮੁੱਢ 8ਵੀਂ ਸਦੀ[2] ਮੰਨਿਆ ਜਾਂਦਾ ਹੈ।

ਇਸ ਸਮੁੱਚੀ ਰਾਗਮਈ ਬਾਣੀ ਦਾ ਸਾਰ ਇਹ ਹੈ ਕਿ ਪ੍ਰਮਾਤਮਾ ਦੀ ਭਗਤੀ ਤੋਂ ਬਗੈਰ ਇਸ ਸੰਸਾਰ ਵਿਚ ਹੋਰ ਕੋਈ ਬਰਾਬਰ ਵਾਲੀ ਵਸਤੂ ਨਹੀਂ। ਵਾਹਿਗੁਰੂ ਦੇ ਨਾਮ-ਸਿਮਰਨ ਨਾਲ ਅੰਧਕਾਰਮਈ ਮਨ ਦੀ ਅਵਸਥਾ ਪ੍ਰਕਾਸ਼ਮਈ ਹੋ ਜਾਂਦੀ ਹੈ। ਅਕਾਲ ਪੁਰਖ ਦਾ ਭਾਣਾ ਹੀ ਸ੍ਰੇਸ਼ਟ ਹੈ ਜਿਸ ਦਾ ਪ੍ਰਕਾਸ਼ ਹਰ ਥਾਂ ਹੈ। ਕੀਰਤਨ, ਭਗਤੀ, ਸੇਵਾ, ਸਾਧ-ਸੰਗਤਿ ਆਦਿ ਅਜਿਹੀਆਂ ਰੂਹਾਨੀ ਜੁਗਤਾਂ ਹਨ, ਜੋ ਜਗਿਆਸੂ ਨੂੰ ਪਰਮਸਤਿ ਦੀ ਦਰਗਾਹ ਵਿਚ ਪ੍ਰਵਾਨਗੀ ਦੀ ਸਨਦ ਵਜੋਂ ਕਾਰਗਰ ਸਾਬਤ ਹੁੰਦੀਆਂ ਹਨ। ਨਾਮ-ਸਿਮਰਨ ਰਾਹੀਂ ਹੀ ਜਗਿਆਸੂ ਨੂੰ ਮੰਜ਼ਲੇ-ਮਕਸੂਦ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਨੂੰ ਦਿਲ ਵਿੱਚ ਹੀ ਵਸਾਇਆ ਜਾ ਸਕਦਾ ਹੈ ਅਤੇ ਬਾਹਰਲੇ ਪਖੰਡਾਂ ਨੂੰ ਤਿਆਗਣ ਤੇ ਬਲ ਦਿੱਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ: 825-26
2. **The Encyclopeadia of sikhism (Vol I)**, op.cit, P: 293
   "It is a raga of season of Basant (skt. Vasant) or spring and during that season can be Sung any time of day or night. otherwise, it is reserved for the night between 9 p.m and mid night. It is Very popular and melodious measure tracing its origin to the eighth century."

# ਬਸੰਤ ਕੀ ਵਾਰ

ਗੁਰੂ ਅਰਜਨ ਵਲੋਂ ਉਚਾਰੀ ਇਸ ਵਾਰ ਦੀਆਂ ਕੁੱਲ ਤਿੰਨ ਪਉੜੀਆਂ[1] ਹਨ। ਇਹ ਵਾਰ 22 ਵਾਰਾਂ ਵਿਚੋਂ ਸਭ ਤੋਂ ਛੁਟੇਰੀ ਵਾਰ ਹੈ। ਹਰ ਪਉੜੀ ਪੰਜ-ਪੰਜ ਤੁਕਾਂ ਦੀ ਹੈ। ਇਨ੍ਹਾਂ ਪਉੜੀਆਂ ਨਾਲ ਕੋਈ ਸਲੋਕ ਦਰਜ ਨਹੀਂ ਹੈ। ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 1193 ਤੇ ਅੰਕਿਤ ਹੈ। ਰਿਤੂ ਕਾਲੀਨ ਰਾਗ ਹੋਣ ਕਾਰਨ ਬਸੰਤ ਰੁੱਤ ਨਾਲ ਇਸ ਦਾ ਗੂੜ੍ਹਾ ਸੰਬੰਧ ਹੈ।

ਇਸ ਵਾਰ ਦਾ ਕੇਂਦਰੀ ਭਾਵ ਹੈ, ਕਿ ਸੰਸਾਰੀ ਸੁਖ ਆਰਾਮ ਤਿਆਗ ਕੇ ਜੀਵ ਨੂੰ ਨਾਮ-ਸਿਮਰਨ ਵਿਚ ਲੀਨ ਰਹਿਕੇ, ਅਕਾਲਪੁਰਖ ਨਾਲ ਏਕਾਕਾਰ ਕਰਨਾ ਚਾਹੀਦਾ ਹੈ। ਗੁਰਮੁੱਖ ਉਹੀ ਹਨ, ਜੋ ਪਰਮਸਤਿ ਅਕਾਲਪੁਰਖ ਦੇ ਭਾਣੇ ਵਿਚ ਰਹਿੰਦੇ ਹਨ ਅਤੇ ਆਉਣ-ਗਾਉਣ ਦੇ ਚੱਕਰਾਂ ਤੋਂ ਪੂਰੀ ਤਰ੍ਹਾਂ ਮੁਕਤ ਰਹਿੰਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਇਕ ਰਵਾਇਤ ਅਨੁਸਾਰ ਗੁਰੂ ਅਰਜਨ ਨੇ ਤਿੰਨ ਪਉੜੀਆਂ ਹੀ ਉਚਾਰਨ ਕੀਤੀਆਂ ਸਨ ਕਿ ਲੰਗਰ ਵਿਚ ਸ਼ਾਮਲ ਹੋਣ ਦਾ 'ਆਵਾਜ਼ਾ ਆ, ਗਿਆ। ਇਸ ਤਰ੍ਹਾਂ ਇਹ ਵਾਰ ਅਧੂਰੀ ਹੀ ਰਹਿ ਗਈ।

# ਬਾਣੀ ਭਗਤਾਂ ਕੀ

ਗੁਰੂ ਗ੍ਰੰਥ ਸਾਹਿਬ ਵਿਚ ਆਤਮ-ਦਰਸ਼ੀ ਭਗਤਾਂ ਦੀ ਉਚਾਰਨ ਕੀਤੀ ਬਾਣੀ, ਜਿਸ ਨੂੰ ਗੁਰੂ ਅਰਜਨ ਨੇ ਪ੍ਰਵਾਨ ਕਰਕੇ 'ਆਦਿ ਬੀੜ' ਵਿਚ ਦਰਜ ਕੀਤਾ, 'ਭਗਤ ਬਾਣੀ' ਕਰ ਕੇ ਪ੍ਰਸਿੱਧ ਹੈ। ਇਨ੍ਹਾਂ ਭਗਤਾਂ ਦੀ ਗਿਣਤੀ ਪੰਦਰ੍ਹਾਂ ਹੈ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਇਨ੍ਹਾਂ ਭਗਤਾਂ ਦੇ ਨਾਂ ਹਨ: ਸਧਨਾ, ਸੂਰਦਾਸ, ਸੈਣ, ਕਬੀਰ, ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਫ਼ਰੀਦ, ਬੇਣੀ, ਭੀਖਨ, ਰਵਿਦਾਸ ਅਤੇ ਰਾਮਾਨੰਦ ਦੀਆਂ ਬਾਣੀਆਂ ਸ਼ਾਮਲ ਹਨ। ਉਪਰੋਕਤ ਭਗਤਾਂ ਤੋਂ ਛੁੱਟ ਛੇ ਗੁਰੂ ਸਾਹਿਬਾਨ[1] ਸੱਤ ਪੁਰਖ, ਬਾਬਾ ਸੁੰਦਰ, ਰਾਇ ਬਲਵੰਤ ਤਥਾ ਸਤਾ ਡੂਮ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ।

ਸਿੱਖ ਤਵਾਰੀਖ਼ ਵਿਚ ਭਗਤ ਬਾਣੀ ਦੇ ਕਰਤ੍ਰਿਤਵ ਬਾਰੇ ਜੋ ਸੰਕੇਤ ਮਿਲਦੇ ਹਨ, ਵਿਦਵਾਨਾਂ ਦੇ ਵਿਚਾਰ ਅੱਡ-ਅੱਡ ਦ੍ਰਿਸ਼ਟੀ ਗੋਚਰ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਕਦੋਂ ਤੇ ਕਿਵੇਂ ਚੜ੍ਹੀ ਬਾਰੇ ਖ਼ਿਆਲੀ, ਅਸਚਰਜ ਤੇ ਹੈਰਾਨਕੁਨ ਵਿਚਾਰ ਸਿੱਖਾਂ ਦੇ ਪ੍ਰਾਚੀਨ ਇਤਿਹਾਸਕ ਗ੍ਰੰਥਾਂ[2] ਵਿਚ ਅੰਕਿਤ ਕੀਤੇ ਗਏ ਹਨ।

ਡਾ. ਰਤਨ ਸਿੰਘ ਜੱਗੀ ਨੇ ਨਿਰਣਾ ਦਿੱਤਾ ਹੈ, ਇਹ ਗੱਲ ਵਿਵਾਦ-ਪੂਰਣ ਹੈ ਕਿ ਕੀ ਗੁਰੂ ਅਰਜਨ ਦੇਵ ਨੇ ਭਗਤੀ-ਬਾਣੀ ਨੂੰ ਇੰਨ-ਬਿੰਨ ਸ਼ਾਮਲ ਕੀਤਾ ਜਾਂ ਉਸ ਦਾ ਵਿਧੀਵਤ ਸੰਪਾਦਨ ਕੀਤਾ। ਇਸ ਸੰਬੰਧੀ ਇਕ ਗੱਲ ਸਪਸ਼ਟ ਹੈ ਕਿ ਗੁਰੂ ਅਰਜਨ ਦੇਵ ਨੇ ਕੇਵਲ ਉਸੇ ਭਗਤ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ, ਜੋ ਸਰੂਪ, ਭਾਵਨਾ ਅਤੇ ਦ੍ਰਿਸ਼ਟੀ ਵਜੋਂ ਗੁਰਬਾਣੀ ਨਾਲ ਮੇਲ ਖਾਂਦੀ ਸੀ। ਜਿਥੇ ਕਿਥੇ ਕੁੱਝ ਅੰਤਰ ਨਜ਼ਰ ਆਇਆ, ਉਥੇ ਗੁਰੂ ਸਾਹਿਬ ਨੇ ਗੁਰਮਤਿ ਆਸ਼ਾ ਸੁਪਸ਼ਟ ਕਰਦਿਆਂ ਆਪਣਾ ਜਾਂ ਕਿਸੇ ਹੋਰ ਗੁਰੂ ਦਾ ਸਲੋਕ ਜਾਂ ਸ਼ਬਦ ਟਿੱਪਣੀ ਵਜੋਂ ਅੰਕਿਤ ਕਰ ਦਿੱਤਾ। ਅਜਿਹਾ ਕਰਨ ਨਾਲ ਭਾਵਨਾ ਸੰਬੰਧੀ ਸਮਾਨਤਾ ਕਾਇਮ ਰਹਿ ਸਕੀ।[3]

## ਪਗ ਟਿਪਣੀਆਂ ਅਤੇ ਹਵਾਲੇ

1. ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਸਾਹਿਬ।
2. ਮਹਿਮਾ ਪ੍ਰਕਾਸ਼, ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਪਰਤਾਪ ਸੂਰਜ ਗ੍ਰੰਥ ਆਦਿ। ਬਹੁਤੇ ਸੰਪਰਦਾਈ ਗਿਆਨੀਆਂ ਜਿਵੇਂ ਸੰਤ ਭਗਵਾਨ ਸਿੰਘ ਗਿਆਨੀ, ਪੰਡਤ ਤਾਰਾ ਸਿੰਘ ਨਿਰੋਤਮ, ਪੰਡਤ ਕਰਤਾਰ ਸਿੰਘ ਦਾਖਾ, ਭਾਈ ਵੀਰ ਸਿੰਘ ਆਦਿ ਨੇ ਅਜਿਹੇ ਵਿਚਾਰ ਦਰਜ ਕੀਤੇ ਹਨ।
3. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 316

# ਬਾਬਰ ਵਾਣੀ

'ਬਾਬਰ ਵਾਣੀ' ਸਿਰਲੇਖ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਨਹੀਂ, ਪਰ ਗੁਰੂ ਨਾਨਕ ਵਲੋਂ ਉਚਾਰੇ ਚਾਰ ਸ਼ਬਦ ਜੋ ਬਾਬਰ ਦੇ ਹਮਲੇ ਨਾਲ ਸੰਬੋਧਿਤ ਕਰ ਕੇ ਅੰਕਿਤ ਹਨ, ਨੂੰ 'ਬਾਬਰ ਵਾਣੀ' ਸੰਗਯਾ ਦਿੱਤੀ ਗਈ ਹੈ। ਇਨ੍ਹਾਂ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਕੌਮਾਂ/ਸਮਾਜਾਂ ਦੇ ਨੇਸਤੋਨਾਬੂਦ ਹੋਣ ਦੇ ਕਾਰਨ, ਇਨ੍ਹਾਂ ਸ਼ਬਦਾਂ ਨੂੰ ਬਾਬਰ ਦੇ ਹਮਲੇ ਤੋਂ ਪਹਿਲਾਂ ਭਵਿੱਖਬਾਣੀ ਦੇ ਰੂਪ ਅਤੇ ਬਾਅਦ ਵਿਚ ਸੈਦਪੁਰ ਦੇ ਹਾਲਾਤਾਂ ਨੂੰ ਦੇਖ ਕੇ ਉਚਾਰਣ ਹੋਣ ਦਾ ਜ਼ਿਕਰ ਆਉਂਦਾ ਹੈ।

ਇਨ੍ਹਾਂ ਸੰਕੇਤਮਈ ਤੁਕਾਂ ਵਿਚ ਗੁਰੂ ਨਾਨਕ ਨੇ ਸਿਆਸੀ ਹਾਲਾਤ, ਯਥਾਰਥ ਯੁਗ ਚਿਤ੍ਰਣ, ਜ਼ੁਲਮ-ਜਬਰ ਅਤੇ ਜੰਗੀ ਪੈਰਾਡਾਈਮ ਦਾ ਖਾਸ ਉਲੇਖ ਕੀਤਾ ਗਿਆ ਹੈ। ਇਹ ਚਾਰ ਸ਼ਬਦ[1] ਗੁਰੂ ਗ੍ਰੰਥ ਸਾਹਿਬ ਦੇ ਅੰਕ 417 ਤੇ ਅੰਕਿਤ ਹਨ। ਪਹਿਲੇ ਤਿੰਨ ਰਾਗ ਆਸਾ ਵਿੱਚ ਹਨ ਅਤੇ ਚੌਥਾ ਰਾਗ ਤਿਲੰਗ ਵਿਚ ਹੈ। 'ਬਾਬਰ ਵਾਣੀ' ਸ਼ਬਦ ਦਾ ਸੰਕੇਤ ਮੂਲ ਰੂਪ ਵਿਚ ਆਸਾ ਅਸ਼ਟਪਦੀ ਵਿਚ ਆਇਆ ਹੈ:

*ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥*
*ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥ (417)*

## ਪਗ ਟਿਪਣੀਆਂ ਅਤੇ ਹਵਾਲੇ

1. (੧) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
(੨) ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ।
(੩) ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।
(੪) ਜੈਸੇ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।

# ਬਾਰਹਮਾਹਾ

ਬਾਰਾਂ ਮਹੀਨਿਆਂ ਦੇ ਆਧਾਰ ਤੇ ਤਿਥੀਵਾਰਕ ਤਰਤੀਬਵਾਰ ਰਚਿਆ ਕਾਵਿ 'ਬਾਰਹਮਾਹਾ'[1] ਕਹਾਉਂਦਾ ਹੈ। ਗੁਰੂ ਨਾਨਕ ਨੇ ਰਾਗ ਤੁਖਾਰੀ ਅਤੇ ਗੁਰੂ ਅਰਜਨ ਨੇ ਰਾਗ ਮਾਝ ਵਿੱਚ ਉੱਤਮ ਤੇ ਪ੍ਰਸਿੱਧ 'ਬਾਰਹਮਾਹਾ' ਦੀ ਰਚਨਾ ਕੀਤੀ ਹੈ। ਪੰਜਾਬੀ ਦਾ ਇਹ ਲੋਕ-ਕਾਵਿ, ਦੇਸੀ ਸੰਮਤ ਦੇ ਬਾਰਾਂ ਮਹੀਨਿਆਂ ਤੇ ਆਧਾਰਤ ਹੈ। ਇਹ ਵਿਸ਼ੇਸ਼ ਕਾਵਿ-ਰੂਪ ਨਵੇਕਲਾ ਰੂਪਾਕਾਰ ਹੈ, ਜੋ ਚੇਤਰ ਮਹੀਨੇ ਤੋਂ ਸ਼ੁਰੂ ਹੋਕੇ ਫੱਗਣ ਤੇ ਅੰਤ ਹੋ ਜਾਂਦਾ ਹੈ। 'ਮਹਾਨਕੋਸ਼' ਅਨੁਸਾਰ ਸੰਗਯਾ, ਉਹ ਕਾਵ੍ਯ ਜਿਸ ਵਿਚ ਬਾਰ੍ਹਾਂ ਮਹੀਨਿਆਂ ਦਾ ਵਰਣਨ ਹੋਵੇ।

ਇਸ ਕਾਵਿ-ਰੂਪ ਵਿਚ ਜੀਵ ਰੂਪੀ ਇਸਤਰੀ ਨੂੰ ਪ੍ਰਭੂ-ਪ੍ਰਮਾਤਮਾ ਰੂਪੀ ਪਤੀ ਤੋਂ ਵਿਛੋੜੇ ਦਾ ਚਿਤ੍ਰਣ ਬਾ-ਖ਼ੂਬੀ ਬਿਆਨ ਕੀਤਾ ਗਿਆ ਹੈ। ਮੌਸਮ ਅਤੇ ਵਾਯੂਮੰਡਲ ਦੇ ਬਦਲਣ ਨਾਲ ਜੀਵ ਰੂਪੀ ਇਸਤਰੀ ਦੀ ਤੜਪ ਵੱਧਦੀ ਜਾਂਦੀ ਹੈ। ਗੁਰੂ ਸਾਹਿਬ ਨੇ ਆਪਣੇ ਸੰਦੇਸ਼ ਨੂੰ ਸਹਿਜੇ ਹੀ ਸੰਚਾਰਿਤ ਕੀਤਾ ਹੈ।

ਗੁਰੂ ਨਾਨਕ ਵਲੋਂ ਉਚਾਰਨ 'ਬਾਰਹਮਾਹਾ' ਤੁਖਾਰੀ ਰਾਗ ਵਿਚ ਅੰਕ 1107-1109 ਤੱਕ ਅੰਕਿਤ ਹੈ। ਅਧਿਆਤਮਿਕ ਬਿਰਹੋ-ਕਾਵਿ ਹੋਣ ਕਾਰਨ ਰੂਹਾਨੀਅਤ ਦੁਮੇਲ ਤੇ ਵਿਦਮਾਨ ਰਹੱਸਵਾਦੀ ਚਾਨਣਾ ਬਖੇਰਦੀ ਹੈ। ਇਸ ਵਿਚ ਤਾਂਘਦੀ ਇਸਤਰੀ ਦੇ ਪ੍ਰਤੀਕ ਵਜੋਂ ਅਲੌਕਿਕ ਵਿਸਮਾਦਕ ਨਿਰੂਪਣ ਉਜਾਗਰ ਹੁੰਦਾ ਹੈ। ਗੁਰੂ ਜੀ ਨੇ ਗੂੜੇ ਰੂਹਾਨੀ ਅਨੁਭਵਾਂ ਨੂੰ ਲੋਕ-ਧਾਰਨਾ ਦਾ ਲਿਬਾਸ ਪਹਿਨਾ ਕੇ ਰੂਪਮਾਨ ਕੀਤਾ ਹੈ। ਵਿਸ਼ੇ ਪੱਖੋਂ ਤੁਖਾਰੀ ਰਾਗ ਵਿਚ ਆਇਆ 'ਬਾਰਹਮਾਹਾ' ਅਧਿਆਤਮਿਕ ਰਹੱਸਵਾਦ ਦਾ ਕੇਂਦਰੀ ਬਿੰਬ ਵਾਂਗ ਉਜਾਗਰ ਹੁੰਦਾ ਹੈ। 'ਸ਼ਬਦਾਰਥ' ਅਨੁਸਾਰ ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਅਨੰਦ ਤੱਕ ਦਾ ਬੜਾ ਸੁੰਦਰ ਤੇ ਦਿਲ ਖਿਚਵਾਂ ਵਰਨਣ ਹੈ ਤੇ ਆਮ ਮਨੁੱਖਾਂ ਅੰਦਰ ਵੀ ਪਿਆਰ ਜਗਾਉਣ ਦੀ ਸਮਰੱਥਾ ਰੱਖਦਾ ਹੈ।[2] ਇਸ ਕਾਵਿ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਵਸਲ ਅਤੇ ਹਿਜਰ ਦਾ ਮਿਲਨ ਸਹਿਜ ਰੂਪ ਵਿਚ ਪ੍ਰਗਟ ਹੋਇਆ ਹੈ। ਇਸ ਨੂੰ ਗੁਰੂ ਸਾਹਿਬ ਨੇ ਵੱਖ ਵੱਖ ਸੰਕੇਤਾਂ ਰਾਹੀਂ ਮੂਰਤੀਮਾਨ ਕੀਤਾ ਹੈ। ਬਹੁਤੇ ਵਿਦਵਾਨਾਂ ਦੀ ਯਕਦਮ ਗਵਾਹੀ ਹੈ ਕਿ ਗੁਰੂ ਨਾਨਕ ਨੇ ਕਰਤਾਰਪੁਰ ਦੇ ਕਿਆਮ ਦੌਰਾਨ ਰਚੀ ਵਡੇਰੀ ਉਮਰ ਦੀ ਰਚਨਾ ਮੰਨਦੇ ਹਨ। ਇਹੋ ਵਿਚਾਰ 'ਪੁਰਾਤਨ ਜਨਮ ਸਾਖੀ' (ਸਾਖੀ 57)[3] ਵਿਚ ਅੰਕਿਤ ਹਨ। ਇਹ ਵਿਯੋਗ ਤੋਂ ਸੰਯੋਗ ਵੱਲ ਕੀਤੇ ਸਫਰ ਦਾ ਇਕ ਪੜਾਅ ਹੈ। ਇਸ ਬਾਣੀ ਦੇ ਕੁੱਲ 13 ਪਦੇ ਹਨ। ਹਰ ਇਕ ਪਦੇ ਦੀਆਂ ਛੇ ਛੇ ਤੁਕਾਂ ਹਨ, ਜੋ ਇਕਸਾਰ ਨਹੀਂ। ਪ੍ਰਕ੍ਰਿਤੀ ਪੈਰਾਡਾਈਮ ਵਾਲੀ ਇਸ ਰਚਨਾ ਦੀ ਭਾਸ਼ਾ ਇਲਾਕਾਈ ਰੰਗ ਵਾਲੀ ਹੈ। ਸਾਮੀ ਸ਼ਬਦਾਵਲੀ ਬਹੁਤ ਘੱਟ ਆਈ ਹੈ।

ਗੁਰੂ ਅਰਜਨ ਨੇ ਮਾਝ ਰਾਗ ਵਿਚ 'ਬਾਰਹਮਾਹਾ' ਉਚਾਰਨ ਕੀਤੇ ਹਨ। ਇਸ ਦੇ ਕੁੱਲ ਚੌਦਾਂ ਪਦੇ ਹਨ। ਇਨ੍ਹਾਂ ਸਾਰੇ ਪਦਿਆਂ ਵਿਚ ਜਿਨ੍ਹਾਂ ਵਿਸ਼ਿਆਂ ਬਾਰੇ ਚਾਨਣਾ ਪਾਇਆ

ਗਿਆ ਹੈ, ਉਸ ਵਿਚ ਵਿਯੋਗ-ਅਵਸਥਾ ਦਾ ਸਮੁੱਚਾ ਪੈਰਾਡਾਈਮ ਅਤੇ ਸੰਯੋਗ-ਅਵਸਥਾ ਦੀ ਪ੍ਰਾਪਤੀ ਦਾ ਲਕਸ਼ ਉਲੀਕਿਆ ਗਿਆ ਹੈ। ਪ੍ਰਭੂ-ਪ੍ਰਮਾਤਮਾ ਦੀ ਭਗਤੀ ਦਾ ਉਲੇਖ ਕੀਤਾ ਗਿਆ ਹੈ। 13 ਪਦੇ ਦੀਆਂ ਦਸ-ਦਸ ਤੁਕਾਂ ਹਨ ਅਤੇ 14ਵੇਂ ਪਦੇ ਦੀਆਂ ਅੱਠ-ਅੱਠ ਤੁਕਾਂ ਪਰ ਬਾਕੀ ਸਾਰੇ ਪਦਿਆਂ ਦੀ ਨੌਂ-ਨੌਂ ਤੁਕਾਂ ਹਨ। ਭਾਸ਼ਾ ਪੱਖੋਂ ਇਹ ਪੰਜਾਬੀ ਪੂਰਬੀ ਸਾਧ-ਭਾਖਾ ਹੈ। ਉੱਤਮ ਕੰਮਾਂ ਲਈ ਪ੍ਰੇਰਣਾ ਦੇਣਾ ਹੀ ਇਸ ਬਾਣੀ ਦਾ ਮੂਲ ਆਸ਼ਾ ਹੈ। ਇਹ ਬਾਣੀ ਮਾਝ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਕ 133-136 ਤੱਕ ਦਰਜ ਹੈ।

ਇਨ੍ਹਾਂ 'ਬਾਰਹਮਾਹਾ' ਵਿਚ ਬਦਲ ਰਹੀ ਰੁੱਤ ਅਨੁਸਾਰ ਮਾਨਸਿਕ ਪ੍ਰਸਥਿਤੀਆਂ ਨੂੰ ਗੂੜ੍ਹੇ ਢੰਗ ਨਾਲ ਗੁਰਬਾਣੀ ਰਾਹੀਂ ਜੀਵ ਨੂੰ ਪਰਮਸਤਿ ਦੇ ਮਿਲਾਪ ਲਈ ਉਤਸ਼ਾਹਤ ਕੀਤਾ ਗਿਆ ਹੈ। ਸੰਖੇਪ ਵਿਚ ਇਹ ਆਖਣਾ ਹੀ ਠੀਕ ਹੈ ਕਿ ਗੁਰੂ ਨਾਨਕ ਦੀ ਰਚੀ ਇਹ ਬਾਣੀ ਜਿਥੇ 'ਪ੍ਰੇਮਾਤਮਕ' ਹੈ ਉਥੇ ਗੁਰੂ ਅਰਜਨ ਦੀ ਬਾਣੀ 'ਉਪਦੇਸ਼ਾਤਮਕ' ਦਾ ਸਿਖ਼ਰ ਆਖੀ ਜਾ ਸਕਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol I),** op.cit, P: 282
   "Barah Maha or Barah Masa, in Hindi, ia a from of folk poetry in which the emotions and yearings of the human heart were expressed in terms of the changing mood of nature over the twelve months of the year. In this form of poetry, the mood of Nature in each particular month (of the Indian calendar) depicts the inner agony of the human heart which in most cases happens to be a woman separted from her spouse of lover."
2. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ**, ਪੂਰਵ ਅੰਕਤ, ਅੰਕ 1107
3. "ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹਣੀਆ। ਤਬ ਬਾਬਾ ਵਿਸਮਾਦ ਦੈ ਘਰਿ ਆਇਆ। ਤਿਤੁ ਮਹਲਿ ਹੁਕਮੁ ਹੋਇਆ, ਰਾਗ ਤੁਖਾਰੀ ਕੀਤੀ, ਬਾਬਾ ਬੋਲਿਆ ਬਾਰਹਮਾਹਾ ਰਾਤਿ, ਅੰਮ੍ਰਿਤ ਵੇਲਾ ਹੋਆ ਚਲਾਣੈ ਕੇ ਵਖਤਿ" (ਸਾਖੀ 57)

# ਬਾਵਨ ਅਖਰੀ

ਪ੍ਰਸਿੱਧ ਵਿਸ਼ਿਸ਼ਟ ਰੂਪਾਕਾਰ, ਗੁਰਮੁਖੀ ਲਿੱਪੀ ਵਿਚ ਦੇਵਨਾਗਰੀ ਦੇ ਬਵੰਜਾ ਅੱਖਰਾਂ ਦੇ ਆਧਾਰ ਲਿਖੀ ਰਚਨਾ 'ਬਾਵਨ ਅਖਰੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਬਾਣੀ ਵਿਚ ਅੱਖਰ-ਕ੍ਰਮ ਅਨੁਸਾਰ ਵਿਖਿਆ ਦੇ ਰੂਬਰੂ ਉਪਦੇਸ਼ ਅੰਕਿਤ ਕੀਤੇ ਗਏ ਹਨ। ਪੁਰਾਤਨ ਸਮੇਂ ਜਿਹੋ ਜਿਹੇ ਅੱਖਰ-ਕ੍ਰਮ ਪ੍ਰਚਲਿਤ ਸਨ, ਇਹੋ ਲੋਕ-ਪ੍ਰਿਯ ਹੋ ਗਏ ਸਨ। ਗੁਰਮੁਖੀ ਪੈਂਤੀ ਜਾਂ ਫ਼ਾਰਸੀ ਸੀਹਰਫ਼ੀ ਵਾਂਗ ਸੰਸਕ੍ਰਿਤ ਦੀ 52 ਅੱਖਰਾਂ ਦੀ ਵਰਨਮਾਲਾ ਨੂੰ 'ਬਾਵਨ ਅੱਖਰੀ' ਕਿਹਾ ਗਿਆ ਹੈ।[1] ਇਹ ਬਾਣੀ ਆਪਣੇ ਸ਼ਾਬਦਿਕ ਸਰੂਪ ਅਨੁਰੂਪ ਰਾਹੀਂ ਦ੍ਰਿਸ਼ਮਾਨ ਹੋਈ ਹੈ। ਰਾਗਬੱਧ ਹੋਣ ਕਾਰਨ, ਇਹ ਬਾਣੀ ਆਮ ਤੌਰ ਤੇ ਦੇਵਨਾਗਰੀ ਵਰਣ-ਕ੍ਰਮ ਅਨੁਸਾਰ ਅੱਖਰਾਂ/ਮਾਤ੍ਰਾਵਾਂ ਦੀ ਰੂਹਾਨੀ ਵਿਆਖਿਆ ਪ੍ਰਸਤੁਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਮਿਲਤ 'ਬਾਵਨ ਅਖਰੀਆਂ' ਵਿਚ ਸੰਸਕ੍ਰਿਤ ਅੱਖਰਾਂ ਦੀ ਗਿਣਤੀ ਅਧੂਰੀ ਅਤੇ ਅੱਖਰ-ਕ੍ਰਮ ਅਪ੍ਰਚਿਤ ਹਨ। ਅਕਾਰ ਪੱਖੋਂ ਭਾਵੇਂ ਦੀਰਘ ਹਨ ਪਰ ਖਾਸ ਬਿਰਤਾਂਤ ਨੂੰ ਬਿਆਨ ਕਰਨ ਵਿਚ ਰੁਚਿਤ ਹੀ ਨਹੀਂ ਸਗੋਂ ਰੂਹਾਨੀ ਗੰਭੀਰ ਪੈਰਾਡਾਈਮ ਨੂੰ ਪੇਸ਼ ਕਰਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਨੇ ਬਾਣੀ ਅੰਤਰ ਨਿਹਤ 'ਗਉੜੀ ਬਾਵਨ ਅਖਰੀ ਮਹਲਾ ੫' (ਅੰਕ 250) ਸਿਰਲੇਖ ਹੇਠ ਸੰਕਲਿਤ ਹੈ। ਭਗਤ ਕਬੀਰ ਦੀ ਰਚਨਾ 'ਗਉੜੀ ਪੂਰਬੀ ਬਾਵਨ ਅਖਰੀ ਗਬੀਰ ਜੀਉ ਕੀ' (ਅੰਕ 240) ਅਧੀਨ ਅੰਕਿਤ ਹੈ। ਕਾਵਿ-ਰੂਪ ਦੀ ਕੋਣ ਤੋਂ ਗੁਰਮਤਿ ਦੇ ਸਿਧਾਂਤਿਕ ਸੰਕਲਪਾਂ ਨੂੰ ਅੱਖਰ-ਕ੍ਰਮ ਅਨੁਸਾਰ ਸੰਕਲਿਤ ਕੀਤਾ ਗਿਆ ਹੈ।

ਗੁਰੂ ਅਰਜਨ ਵਲੋਂ ਉਚਾਰਨ 'ਬਾਵਨ ਅਖਰੀ'[2] ਪੰਜਾਬੀ ਸਾਹਿਤ ਦਾ ਵਿਸ਼ੇਸ਼ ਨਮੂਨਾ ਹੈ, ਜਦ ਕਿ ਕਬੀਰ ਜੀ ਦੀ ਭਾਸ਼ਾ 'ਸਾਧ-ਭਾਖਾ' ਦੇ ਅਨੁਸਾਰੀ ਹੈ। ਗੁਰੂ ਅਰਜਨ ਦੀ ਬਾਣੀ ਦਾ ਆਰੰਭਕ ਅਤੇ ਅੰਤਮ ਸਲੋਕ ਨੌਂ ਸਤਰਾਂ ਦਾ ਹੈ। ਬਾਕੀ 56 ਸਲੋਕ ਦੋ-ਦੋ ਸਤਰਾਂ ਦੇ ਹਨ। ਚਾਰ ਸਤਰਾਂ ਦਾ ਸਲੋਕ 54 ਪਉੜੀਆਂ ਉਪਰੰਤ ਦਿੱਤਾ ਗਿਆ ਹੈ। ਕੁੱਲ 55 ਪਉੜੀਆਂ ਹਨ, ਪਰ ਹਰ ਪਉੜੀ ਅੱਠ-ਅੱਠ ਸਤਰਾਂ ਦੀ ਹੈ। 'ਬਾਵਨ ਅਖਰੀ' ਦੀ ਪਹਿਲੀ ਪਉੜੀ ਦੀ ਆਖ਼ਰੀ ਤੁਕ ਵਿਚ 'ਰਹਾਉ' ਆਉਂਦਾ ਹੈ। ਗੁਰੂ ਅਰਜਨ ਦੀ ਇਸ ਬਾਣੀ ਵਿਚ ਵਿਸ਼ੇਸ਼ ਗੁਣ ਜੋ ਸਹਿਜਮਈ ਉੱਭਰ ਕੇ ਆਉਂਦੇ ਹਨ, ਉਹ ਵਿਚਾਰਾਂ ਦੀ ਸਪਸ਼ਟਤਾ, ਸਰਲਤਾ ਅਤੇ ਖ਼ੂਬਸੂਰਤ ਰਾਗਾਤਮਿਕਤਾ ਆਖੀ ਜਾ ਸਕਦੀ ਹੈ। ਗੁਰੂ ਅਰਜਨ ਦੀ ਉਚਾਰਣ ਕੀਤੀ 'ਬਾਵਨ ਅਖਰੀ' ਵਿਚ ਅੱਖਰਾਂ ਦੀ ਗਿਣਤੀ 52 ਨਹੀਂ ਬਣਦੀ, ਜਿਵੇਂ ਤਰਤੀਬ[3] ਤੋਂ ਸਪਸ਼ਟ ਹੁੰਦਾ ਹੈ। ਇਸ ਬਾਣੀ ਵਿਚ ਮੂਲ ਸਿਧਾਂਤਿਕ ਵਿਸ਼ਿਆਂ ਨੂੰ ਅਧਿਆਤਮਿਕ ਸੰਦਰਭ ਰਾਹੀਂ ਪ੍ਰਭੂ ਦੀ ਪ੍ਰਾਪਤੀ ਦਾ ਉਲੇਖ ਕੀਤਾ ਗਿਆ ਹੈ। ਆਕਾਰ ਵਿਚ ਦੀਰਘ ਹੋਣ ਕਾਰਨ, ਇਹ ਰਚਨਾ ਪੂਰਾ ਗੁਰਮਤਿ-ਦਰਸ਼ਨ ਆਪਣੇ ਵਿਚ ਸਮਾਈ ਬੈਠੀ ਹੈ। (ਮੂਲ ਪਾਠ ਲਈ ਵੇਖੋ ਅੰਤਿਕਾ:੨੪)

ਡਾ. ਮੋਹਨ ਸਿੰਘ ਦੀਵਾਨਾ[4] ਵੀ 'ਬਾਵਨੀ ਅਖਰੀ' ਦੇ ਦੁਕਾਲਕ ਪੱਖ ਬਾਰੇ ਚਾਨਣਾ ਪਾਉਂਦੇ ਸਪਸ਼ਟ ਕਰਦੇ ਹਨ ਕਿ ਵਰਨਮਾਲਾ ਦੀ ਵਰਤੋਂ ਪ੍ਰਮਾਣਿਕ ਅੱਖਰ-ਜੋੜ, ਉਨ੍ਹਾਂ ਨੂੰ ਠੀਕ-ਉਚਾਰਨ ਤੇ ਅੱਖਰਾਂ ਨਾਲ ਅਧਿਆਤਮਿਕ ਭਾਵਾਂ ਨੂੰ ਜੋੜਨ ਲਈ ਕੀਤੀ ਜਾਂਦੀ ਰਹੀ ਹੈ, ਜਿਵੇਂ ਸੰਸਕ੍ਰਿਤ ਵਿਚ 'ਏਕਾਕਸ਼ਰੀ' ਹਿੰਦੀ ਵਿਚ ਕਨਪਾਟੇ ਨਾਥਾਂ ਦੀ 'ਚੋਤੀਸੀ', ਹਿੰਦੀ ਵਿਚ 'ਬਾਵਨ ਅੱਖਰੀ' ਪੰਜਾਬੀ ਵਿਚ 'ਪਟੀ ਜਾਂ 'ਪੈਂਤੀ' ਅੱਖਰੀ ਆਦਿ। ਕਬੀਰ ਜੀ ਦੇ 45 ਪਦਿਆਂ ਵਿਚੋਂ ਪਹਿਲੇ ਪੰਜ ਪਦੇ ਭੂਮਿਕਾ ਵਜੋਂ ਅੰਕਿਤ ਹੋਏ ਹਨ ਅਤੇ ਛੇਵੇਂ ਪਦੇ ਵਿਚ 'ਓਅੰਕਾਰ ਦੀ ਮਹਿਮਾ ਦਾ ਹਿੰਦੀ ਦੀ ਵਰਨਮਾਲਾ ਤੋਂ ਆਰੰਭ ਹੋਇਆ ਹੈ। ਬਾਕੀ 39 ਅੱਖਰ ਪੰਜਾਬੀ ਗੁਰਮੁਖੀ ਲਿੱਪੀ ਅਨੁਸਾਰ ਮਿਲਦੇ ਹਨ। ਕਬੀਰ ਜੀ ਦੀ ਬਾਵਨ ਅੱਖਰੀ ਦੀ ਭਾਸ਼ਾ ਸੁਧਕੜੀ ਹੈ ਜਿਸ ਵਿਚ ਫ਼ਾਰਸੀ, ਸੰਸਕ੍ਰਿਤ, ਬੋਜਪੁਰੀ ਆਦਿ ਸ਼ਬਦਾਂ ਦਾ ਭੰਡਾਰ ਸਮੇਟਿਆ ਹੋਇਆ ਹੈ।

ਸੰਰਚਨਾ ਨਜ਼ਰੀਏ ਤੋਂ ਕਬੀਰ ਦੀ ਬਾਵਨ ਅੱਖਰੀ, ਗੁਰੂ ਅਰਜਨ ਦੀ ਬਾਵਨ ਅੱਖਰੀ ਤੋਂ ਵੱਖਰੀ ਹੈ। 45 ਪਦਿਆਂ ਵਿਚੋਂ ਕੁੱਝ ਤੁਕਾਂ ਦੋ ਤੁਕੀ ਅਤੇ ਕੁੱਝ ਚਾਰ ਤੁਕੀ ਸਤਰਾਂ ਹਨ। ਜਦਕਿ ਆਖ਼ਰੀ ਪਦਾ ਅੱਠ ਸਤਰਾਂ ਦਾ ਹੈ। ਕਬੀਰ ਨੇ ਅੱਖਰਾਂ ਦੀ ਰਹੱਸਾਤਮਿਕ ਸਾਰਥਕਤਾ ਤੇ ਬਹੁਤਾ ਜ਼ੋਰ ਦਿੱਤਾ ਹੈ। ਇਸ ਬਾਣੀ ਵਿਚ ਅਕਾਲਪੁਰਖ ਦੀ ਸਿਫ਼ਤ-ਸਾਲਾਹ ਦੇ ਨਾਲ ਨਾਲ ਅਧਿਆਤਮਿਕ ਦਾਰਸ਼ਨਿਕ ਵਿਚਾਰਾਂ ਦੀ ਪ੍ਰਮੁੱਖਤਾ ਸਹਿਜੇ ਸਹਿਜੇ ਲੰਮੀ ਲੜੀ ਵਿਚ ਪ੍ਰੋ ਦਿੱਤੀ ਹੈ।

*ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥*
*ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥*

*—ਗਉ ਕਬ, ਬਾਅ, ੧:੧-੨ (340)*

ਅਖਰ ਨਾਮ ਨਾਲ ਅਭਿਵਿਅਕਤ ਉਕਤ ਦੋਵੇਂ ਬਾਣੀ ਰਚਨਾਵਾਂ ਵਿਚ ਅੱਖਰ ਕ੍ਰਮ ਦਾ ਨਿਯਮ ਨਹੀਂ ਅਪਣਾਇਆ ਗਿਆ, ਪ੍ਰੰਤੂ ਸ਼ਬਦਾਂ ਵਿਚ ਪ੍ਰਯੁਕਤ ਸ਼ਬਦ ਅਨੁਪ੍ਰਾਸ ਵਿਸ਼ੇਸ਼ ਸੰਗੀਤਾਤਮਿਕ ਉਤਪੰਨ ਕਰਦਾ ਹੈ। ਦੋਵੇਂ ਬਾਣੀ ਰਚਨਾਵਾਂ ਗੰਭੀਰ ਚਿੰਤਨ ਦੀ ਪ੍ਰਸਤੁਤੀ ਕਰਦੀਆਂ ਹਨ, ਜਿਨ੍ਹਾਂ ਨੂੰ ਬਾਣੀ ਵਿਧਾਰ ਦੇ ਅੰਤਰਗਤ ਵਿਸ਼ਿਸ਼ਟ ਬਾਣੀ ਰਚਨਾਵਾਂ ਵਜੋਂ ਸਵੀਕ੍ਰਿਤ ਕੀਤਾ ਜਾਂਦਾ ਹੈ।[5] ਅਖੀਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਦੋਵੇਂ 'ਬਾਵਨ ਅਖਰੀਆਂ' ਵਿਚ ਦਾਰਸ਼ਨਿਕ-ਸੁਰ ਰਾਹੀਂ ਅਨੋਖਾ ਬਹਿਰੰਗ ਰੂਪ ਪ੍ਰਕਾਸ਼ਮਾਨ ਹੋਇਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ), ਪੂਰਵ ਅੰਕਤ, ਅੰਕ 250 "ਗੁਰਮੁਖੀ ਪੈਂਤੀ ਜਾਂ ਫ਼ਾਰਸੀ ਸੀਹਰਫ਼ੀ ਵਾਂਗੂੰ ਸੰਸਕ੍ਰਿਤ ਦੀ 52 ਅੱਖਰਾਂ ਦੀ ਵਰਣਮਾਲਾ ਬਾਵਨ-ਅਖਰੀ ਆਖਿਆ ਹੈ। ਇਹ ਬਾਣੀ ਇਸ ਵਰਣਮਾਲਾ ਦੇ ਅੱਖਰਾਂ ਉੱਤੇ ਲਿਖੀ ਗਈ ਹੈ। ਕੁੱਲ 55 ਪਉੜੀਆਂ ਹਨ ਜੋ ਕ੍ਰਮ ਅਨੁਸਾਰ

ਇਕ-ਇਕ ਅੱਖਰ ਨੂੰ ਲੈ ਕੇ ਸ਼ੁਰੂ ਹੁੰਦੀਆਂ ਹਨ, ਪਰ ਕੱਕੇ ਤੋਂ ਪਹਿਲਾਂ ਤੇ ੜਾੜੇ ਤੋਂ ਪਿਛੋਂ ਅੱਖਰਾਂ ਦਾ ਕ੍ਰਮ ਪੂਰਾ ਨਹੀਂ, ਕਿਉਂਕਿ ਇਨ੍ਹਾਂ ਵਿਚੋਂ ਕਈ ਅੱਖਰ ਗੁਰਮੁਖੀ ਪੰਜਾਬੀ ਵਿਚ ਆ ਨਹੀਂ ਸਕਦੇ ਸਨ। ਗੁਰੂ ਜੀ ਨੇ ਇਨ੍ਹਾਂ ਨੂੰ ਉਸੇ ਤਰ੍ਹਾਂ ਰੱਖ ਦਿੱਤਾ ਹੈ ਜਿਵੇਂ ਪੰਜਾਬ ਦੀਆਂ ਪਾਠਸ਼ਾਲਾ ਵਿਚ ਪਾਂਧੇ ਲੋਕ ਵਿਦਿਆਰਥੀਆਂ ਕੋਲੋਂ ਮੁਹਾਰਨੀ ਦੀ ਸ਼ਕਲ ਵਿਚ ਉਚਾਰਣ ਕਰਾਂਦੇ ਸਨ। ਮੁਹਾਰਨੀ ਇਉਂ ਸ਼ੁਰੂ ਹੁੰਦੀ ਸੀ: ਓਅੰ ਸਿੱਧ ਰੀਰੀ ਲਲੀ, ਅਯੋ ਆਂਙੈ। ਹਰ ਇਕ ਸਲੋਕ ਵਿੱਚ ਪਿਛੋਂ ਆਉਣ ਵਾਲੀ ਪਉੜੀ ਦਾ ਸਮੁੱਚਾ ਭਾਵ ਦਿੱਤਾ ਹੁੰਦਾ ਹੈ।"

2. **The Encyclopeadia of sikhism (Vol I),** op.cit, P: 300
"Bavan Akhari, a poem constructed upon 52 (bavan) letters (akhars) of the alphabet. In this form of poetry each Verse begins serially with a letter of the alphabet. The origin of the genre is traced to ancient Sanskrit literature. Since the Devanagari alphabet, employed in sanskrit, comprises fifty-two (bavan, in hindi) letters (33 consonants, 16 vowels and 3 compounds, such compositions came to be called bavan akhari or bavan aksari, Not with standing this nomen clature, no such composition consists exactly of fifty two ztanzas as few stanzas will open with a vowel, and the compounds are generally left out of this scheme of poetry."

3. (ਓ, ਸ, ਧ, ਙ), ਏ, ਏ, ਰੇ, ਰਾ, ਲ
ਲ, ਆ, ਯ, ਙ, ਕਾ, ਖ, ਗ, ਘ, ਙ, ਚ, ਛ,
ਜ, ਝ, ਞ, ਟ, ਠ, ਡ, ਢ, ਣੇ, ਤ, ਥ, ਦ,
ਧ, ਨ, ਪ, ਫ, ਬ, ਭ, ਮ, (ਦੋ ਵਾਰੀ),
ਯ, ਰ, ਲ, ਵ, ੜ, ਸ, ਖ, ਸ, ਹ, ਲ, ਖ, ਅ, ਹ
**(ਪੰਜਾਬੀ ਸਾਹਿਤ ਕੋਸ਼ (ਭਾਗ ਤੀਜਾ), ਪੂਰਵ ਅੰਕਤ, ਅੰਕ 171)**

4. Dr. Mohan singh Dewana, **A History of punjabi literature,** Kasturi lal & sons, Amritsar, Reprint 1956, P. 115
"To inculcate his spiritual doctrines through ascription of meanings to the separate letters, in the form and style of the Sanskrit 'Ekakshri Koshas' (One letter lexions), the Hebrew Alphabet poem, the Hindwi Alphabet poems ascribed to the panjab 'Kanpata Nath' poets (Chauntisi of 34 letters), to masud the court poet of Mahumud Ghazawisd son at Lahore ('Siharfi'

or 30 letters, 28 plusz) and to Kabir who had left a 'Bavan Akhri', found in the Guru Granth Sahib. The last gives the Deva Nagri alphabet in the current order but strangely enough gives the sounds of the letters not singly as in Sanskrit but trebly as in use in Punjab Since Nanak. Obviously there was some one at least out of the 64 alphabets current in India, the letters of which carried trebled sounds."

5. ਖੋਜ ਪਤ੍ਰਿਕਾ, ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ 12

# ਬਿਹਾਗੜਾ

ਭਾਰਤੀ ਸੰਗੀਤ ਦਾ ਮਧੁਰ ਅਤੇ ਬਿਲਾਵਲ ਠਾਟ ਦਾ ਸੰਪੂਰਣ ਰਾਗ 'ਬਿਹਾਗੜਾ' ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 537-556 ਤੱਕ ਸੁਸ਼ੋਭਿਤ ਹੈ। ਕਈ ਵਿਦਵਾਨਾਂ[1] ਅਨੁਸਾਰ ਬਿਹਾਗ ਵਿਚ ਕੋਮਲ ਸੁਰ ਲਿਆਉਣ ਨਾਲ 'ਬਿਹਾਗੜਾ' ਬਣ ਜਾਂਦਾ ਹੈ। ਇਸ ਨੂੰ ਕੇਦਾਰਾ ਅਤੇ ਗਉੜੀ ਦੇ ਸੁਮੇਲ ਦਾ ਸਿੱਟਾ ਵੀ ਕਿਹਾ ਜਾਂਦਾ ਹੈ। ਇਸ ਦੇ ਗਉੜ ਦਾ ਸਮਾਂ ਅੱਧੀ ਰਾਤ ਹੈ। ਇਸ ਦੇ ਦੋ ਰੂਪ ਪ੍ਰਚਲਿਤ ਹਨ। ਇਕ ਰੂਪ ਵਿਚ ਦੋਵੇਂ ਮਧਿਅਮ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਦੂਜੇ ਵਿਚ ਦੋਵੇਂ ਨਿਸ਼ਾਦ।

ਆਰੋਹੀ— ਨਾ ਸ ਗ ਮ ਪ ਨੀਂ ਸ

ਅਵਰੋਹੀ— ਸ ਨ ਧ ਪ ਨੀਂ ਧਾ ਪ ਧਾ ਗ ਮ ਗ ਰੀ ਸ

ਇਸ ਵਿਚ ਵਾਦੀ 'ਮ' ਦੇ ਸੰਵਾਦੀ 'ਸ' ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗਬੱਧ, ਬਾਣੀ ਵਿਚ ਇਸਦਾ ਸੱਤਵਾਂ ਕ੍ਰਮ ਆਉਂਦਾ ਹੈ। ਬਿਹਾਗੜਾ 'ਰਾਗਮਾਲਾ'[2] ਵਿਚ ਅੰਕਿਤ ਨਹੀਂ ਹੈ। ਇਸ ਰਾਗ ਦੀ ਸੰਪੂਰਣ ਬਾਣੀ ਵਿਚ ਚਉਪਦੇ ਦੋ ਹਨ, ਜਿਸ ਵਿਚ ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਦਾ ਇਕ ਇਕ ਚਉਪਦਾ ਅੰਕ 537 ਤੇ ਦਰਜ ਹਨ। ਇਸੇ ਤਰ੍ਹਾਂ ਕੁਲ ਛੰਤਾਂ ਦੀ ਗਿਣਤੀ 15 ਹੈ ਜਿਨ੍ਹਾਂ ਵਿਚੋਂ ਗੁਰੂ ਰਾਮਦਾਸ ਦੇ 6, ਅਤੇ ਗੁਰੂ ਅਰਜਨ ਦੇ 9 ਛੰਤ ਅੰਕ 537-548 ਤੱਕ ਅੰਕਿਤ ਹਨ। ਇਕ ਵਾਰ ਗੁਰੂ ਰਾਮਦਾਸ ਦੀ ਅੰਕ 548-556 ਤੱਕ ਸੁਸ਼ੋਭਿਤ ਹੈ।

ਗੁਰੂ ਅਰਜਨ ਦਾ ਇਕ ਚਉਪਦਾ, ਚਾਰ ਪਦਿਆਂ ਦਾ ਜੁੱਟ ਹੈ, ਜਦਕਿ ਗੁਰੂ ਤੇਗ ਬਹਾਦਰ ਦਾ ਚਉਪਦਾ ਤ੍ਰਿਪਦੇ ਦੇ ਰੂਪ ਵਿਚ ਹੈ। ਗੁਰੂ ਰਾਮਦਾਸ ਦੇ ਛੇ ਛੰਤ ਹਨ, ਜੋ ਚਾਰ-ਚਾਰ ਪਦਿਆਂ ਦੇ ਜੁੱਟ ਹਨ। ਗੁਰੂ ਅਰਜਨ ਦੇ 9 ਛੰਤਾਂ ਵਿਚੋਂ ਅੱਠ ਛੰਤ ਚਾਰ-ਚਾਰ ਪਦਿਆਂ ਦੇ ਸਮੁੱਚ ਹਨ ਅਤੇ ਇਕ ਪੰਜ ਪਦਿਆਂ ਦਾ ਹੈ।

ਇਸ ਸਮੁੱਚੀ ਰਾਗ ਵਾਲੀ ਬਾਣੀ ਦਾ ਸਾਰ ਇਹ ਹੈ ਕਿ ਸੰਸਾਰੀ ਵਾਸ਼ਨਾਵਾਂ ਨੂੰ ਛੱਡ ਕੇ ਸਾਧ-ਸੰਗਤਿ ਵਿਚ ਜਾਣ ਦਾ ਉਪਦੇਸ਼ ਪ੍ਰਸਤੁਤ ਕੀਤਾ ਗਿਆ ਹੈ। ਇਹ ਸਾਰਾ ਸੰਸਾਰ ਵਾਹਿਗੁਰੂ ਅਕਾਲਪੁਰਖ ਦੀ ਤਾਕਤ ਦਾ ਸੰਚਾਰ ਹੈ। ਜਗਿਆਸੂ ਨੂੰ ਪ੍ਰਭੂ-ਪ੍ਰਮਾਤਮਾ ਦਾ ਮਿਲਾਪ ਕੇਵਲ ਗੁਰੂ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 291
2. **The Encyclopeadia of sikhism (Vol II)**, op.cit, P: 171
"Bihagara is very similar to the modern and very popular

raga Bihag.The resemblance is so close that many performers have trouble maintaining the significance of each. Bihagara is not given in the Ragmala. Today it is classifieed under the Bilaval Thata. Guru Ram Das, Guru Arjan and Guru Tegh Bahadur set a total of 17 sabads, chhants and a var to this raga. The performance time is between 9 p.m. and midnight, and the mood is devotional and tranquil."

# ਬਿਹਾਗੜੇ ਕੀ ਵਾਰ

ਗੁਰੂ ਰਾਮਦਾਸ ਦੀ ਉਚਾਰਣ ਇਸ ਵਾਰ ਵਿਚ ਕੁੱਲ 21 ਪਉੜੀਆਂ[1] ਹਨ। ਹਰ ਪਉੜੀ ਪੰਜ ਤੁਕਾਂ ਦੀ ਹੈ ਪਰ ਤੁਕਾਂ ਦਾ ਆਕਾਰ ਇਕਸਾਰ ਨਹੀਂ। ਹਰ ਪਉੜੀ ਦੇ ਨਾਲ ਦੋ-ਦੋ ਸਲੋਕ ਦਰਜ ਹਨ। ਤਿੰਨ ਸਲੋਕਾਂ ਦੀ ਕੇਵਲ 12ਵੀਂ ਪਉੜੀ ਹੈ, ਪਰ ਸਲੋਕਾਂ ਦੀ ਗਿਣਤੀ 43 ਹੈ। ਇਨ੍ਹਾਂ ਸਲੋਕਾਂ ਤੋਂ ਪਹਿਲਾਂ 'ਸਲੋਕੁ ਮਰਦਾਨਾ ੧' ਅੰਕਿਤ ਹੈ। ਇਨ੍ਹਾਂ ਤਿੰਨਾਂ ਸਲੋਕਾਂ ਤੋਂ ਛੁੱਟ ਬਾਕੀ 40 ਸਲੋਕਾਂ ਦੀ ਗਿਣਤੀ ਇੰਞ ਹੈ: ਗੁਰੂ ਨਾਨਕੁ ਦੇ ਦੋ, ਗੁਰੂ ਰਾਮਦਾਸ ਦੇ ਦੋ, ਗੁਰੂ ਅਰਜਨ ਦੇ ਦੋ, ਕਬੀਰ ਦਾ ਇਕ ਅਤੇ ਬਾਕੀ ਸਲੋਕ ਗੁਰੂ ਅਮਰਦਾਸ ਦੇ 33 ਉਚਾਰਨ ਕੀਤੇ ਹੋਏ ਹਨ। ਇਨ੍ਹਾਂ ਸਲੋਕਾਂ ਵਿਚ 2 ਤੋਂ ਲੈ ਕੇ 11 ਤੁਕਾਂ ਦਰਜ ਹਨ।

ਇਸ ਵਾਰ ਦਾ ਕੇਂਦਰੀ ਭਾਵ ਹੈ ਕਿ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਜਗਿਆਸੂ ਦੇ ਸਾਰੇ ਬੰਧਨ, ਮਾਇਆ ਜਾਲ ਤਬਾਹ ਹੋ ਜਾਂਦੇ ਹਨ ਅਤੇ ਪਰਮਸਤਿ ਦੇ ਨਾਮ ਵਿਚ ਜੀਵ ਲੀਨ ਹੋ ਜਾਂਦਾ ਹੈ। ਇਸ ਕਾਦਰ ਦੀ ਕੁਦਰਤ ਵਿਚ ਪ੍ਰਭੂ-ਪ੍ਰਮਾਤਮਾ ਦਾ ਨਾਮ-ਸਿਮਰਨ ਦੇ ਬਰਾਬਰ ਹੋਰ ਕੋਈ ਵਸਤੂ ਨਹੀਂ। ਇਸ ਵਾਰ ਦੀ ਭਾਸ਼ਾ ਸਾਧ-ਭਾਖਾ ਪੂਰਬੀ ਪੰਜਾਬੀ ਤੋਂ ਪ੍ਰਭਾਵਿਤ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 548 ਤੋਂ 556 ਤੱਕ ਇਹ ਵਾਰ ਅੰਕਿਤ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol I),** op.cit, P: 368
   "All the twenty-one pauris are of the composition of Guru Ram Das of the forty three slokas, thirty-three are by Guru Amar Das, four by Guru Nanak, two each by Guru Ram Das and Guru Arjan, one by kabir and one by Mardana. Each pauri is preceded by two slokas except pauri 12 which has three slokas prefixed to it.The musical measure Bihagra to which the var has been set and from which it derives its title is a midnight melody of northern India."

# ਬਿਰਹੜੇ

ਵਿਯੋਗ ਜਾਂ ਵਿਛੋੜੇ ਸੰਬੰਧੀ ਲਿਖੇ ਲੋਕ-ਗੀਤ ਨੂੰ 'ਬਿਰਹੜੇ' ਆਖਿਆ ਜਾਂਦਾ ਹੈ। ਗੁਰੂ ਅਰਜਨ ਨੇ ਰਾਗ ਆਸਾ ਵਿਚ ਦੋ ਅਸ਼ਟਪਦੀਆਂ ਤੋਂ ਬਾਅਦ 'ਬਿਰਹੜੇ' ਉਚਾਰਨ ਕੀਤੇ ਹਨ। ਇਹ ਬਿਰਹੜੇ ਗੁਰੂ ਗ੍ਰੰਥ ਸਾਹਿਬ ਦੇ ਅੰਕ 431-432 ਤੱਕ ਅੰਕਿਤ ਹਨ। ਇਹ 'ਛੰਤਾਂ ਕੀ ਜਤਿ' ਉਕਤੀ ਨਾਲ ਆਰੰਭ ਹੁੰਦੇ ਹਨ। ਇਕ ਇਕ ਪਦੇ ਦੀਆਂ ਅੱਠ-ਅੱਠ ਤੁਕਾਂ ਹਨ। ਸਰੋਦੀ ਧੁਨੀ ਦੀ ਧੂਹ ਕਾਰਨ, ਇਹ ਜ਼ਿੰਦਗੀ ਦੀਆਂ ਅਟੱਲ ਸਚਾਈਆਂ ਨੂੰ ਰੂਪਮਾਨ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਅਨੇਕਾਂ ਸ਼ਬਦ ਅੰਕਿਤ ਹਨ, ਜਿਨ੍ਹਾਂ ਵਿਚ ਬਿਰਹਾ ਦਾ ਵਰਨਣ ਆਇਆ ਹੈ। ਪੰਜਾਬੀ ਲੋਕ-ਗੀਤਾਂ ਵਿਚ ਵੀ ਇਹ ਵੰਨਗੀ ਸਾਂਭੀ ਹੋਈ ਹੈ।

ਗੁਰੂ ਅਰਜਨ ਨੇ ਇਨ੍ਹਾਂ ਚਾਰ ਪਦਿਆਂ ਵਿਚ ਵਿਛੋੜੇ ਦੀ ਪੀੜ ਅਤੇ ਮਿਲਣ ਦੀ ਖਿਚ ਨੂੰ ਬੜੀ ਭਾਵਨਾਮਈ ਸ਼ੈਲੀ ਵਿਚ ਪ੍ਰਗਟਾਇਆ ਹੈ। ਇਨ੍ਹਾਂ ਦੀ ਹਰ ਤੁੱਕ ਵਿਚ 'ਪਿਆਰੇ' ਸ਼ਬਦ ਦੀ ਪੁਨਰਵ੍ਰਿਤੀ ਨਾਲ ਸਿਕਾਂ-ਸਧਰਾਂ ਦਾ ਸੁੰਦਰ ਮਾਹੌਲ ਸਿਰਜਿਆ ਜਾ ਸਕਿਆ ਹੈ। ਅਧਿਆਤਮਿਕ ਵਿਰਹ ਨੂੰ ਸੰਯੋਗ ਵਿਚ ਬਦਲਣ ਲਈ ਸ੍ਰੇਸ਼ਠ ਕਰਮ ਕਰਨ ਅਤੇ ਵਾਸ਼ਨਾਵਾਂ ਨੂੰ ਮਾਰਨ ਉੱਤੇ ਖ਼ੂਬ ਬਲ ਦਿੱਤਾ ਗਿਆ ਹੈ ਕਿਉਂਕਿ ਸੱਚੀ ਪ੍ਰੀਤ ਕਾਰਨ ਫ਼ਿਰ ਕਦੇ ਵਿਯੋਗ ਦੀ ਅਵਸਥਾ ਪੈਦਾ ਨਹੀਂ ਹੁੰਦੀ:

*ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥*

*—ਆਸਾ ੫, ਬਿਰ ੪, ੬:੧ (431)*

# ਬਿਲਾਵਲ

ਇਕ ਪੁਰਾਤਨ[1] ਅਤੇ ਪ੍ਰਸਿੱਧ ਰਾਗ, ਜੋ ਸ਼ੁੱਧ ਜਾਤੀ ਦਾ ਹੋਣ ਕਾਰਨ ਬੜਾ ਲੋਕਪ੍ਰਿਯ ਹੈ। ਇਹ ਖੁਸ਼ੀ ਵਾਲਾ ਰਾਗ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 795–858 ਤੱਕ ਅੰਕਿਤ ਹੈ। ਸੰਪੂਰਣ ਹੋਣ ਕਾਰਨ, ਕਈ ਇਸ ਨੂੰ ਦਿਨ ਦੇ ਦੂਜੇ ਪਹਿਰ[2] (ਭਾਵ 7 ਤੋਂ 10 ਵਜੇ) ਅਤੇ ਕਈ ਸਵੇਰ ਦਾ ਪਹਿਲਾ ਪਹਿਰ ਦਾ ਆਰੰਭ ਦੱਸਦੇ ਹਨ। ਗੁਰਬਾਣੀ ਸੰਗੀਤ ਵਿਚ ਇਹ ਰਾਗ ਹਿੰਡੋਲ ਦੀ ਰਾਗਣੀ ਕਰ ਕੇ ਜਾਣਿਆ ਜਾਂਦਾ ਹੈ। 'ਰਾਗਮਾਲਾ' ਵਿਚ ਇਸ ਰਾਗ ਨੂੰ ਭੈਰਵ ਰਾਗ ਦਾ ਪੁੱਤਰ ਲਿਖਿਆ ਹੈ। ਪੁਰਾਤਨ ਅਤੇ ਆਧੁਨਿਕ ਸੰਗੀਤਕ ਗ੍ਰੰਥਾਂ ਵਿਚ ਇਸ ਦਾ ਵਰਣਨ ਆਇਆ ਹੈ ਜਿਸ ਕਾਰਨ ਇਸ ਦੀ ਪ੍ਰਸਿੱਧੀ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਨੰਬਰ ਰਾਗਬੱਧ ਬਾਣੀ ਵਿਚ ਸੋਲਵਾਂ ਹੈ। ਮੰਗਲਮਈ ਕਾਰਜਾਂ ਵਿਚ ਇਸ ਦੇ ਗਾਉਣ ਦਾ ਵਿਧਾਨ ਹੈ।

ਇਸ ਰਾਗ ਵਿਚ ਆਈ ਸੰਪੂਰਨ ਬਾਣੀ ਦਾ ਵੇਰਵਾ ਇੰਵ ਹੈ। ਕੁਲ 165 ਚਉਪਦਿਆਂ ਵਿਚੋਂ ਗੁਰੂ ਨਾਨਕ ਦੇ 4, ਗੁਰੂ ਅਮਰਦਾਸ ਦੇ 6, ਗੁਰੂ ਰਾਮਦਾਸ ਦੇ 7, ਗੁਰੂ ਅਰਜਨ ਦੇ 129, ਗੁਰੂ ਤੇਗ ਬਹਾਦਰ ਦੇ 3, ਕਬੀਰ ਦੇ 12, ਰਵਿਦਾਸ ਦੇ 2 ਅਤੇ ਨਾਮਦੇਵ ਤੇ ਸਧਨਾ ਦਾ ਇੱਕ ਇੱਕ ਚਉਪਦਾ ਸੰਮਿਲਤ ਹੈ। ਇਹ ਸਾਰੇ ਚਉਪਦੇ ਗੁਰੂ ਗ੍ਰੰਥ ਸਾਹਿਬ ਦੇ ਅੰਕ 795–858 ਤੱਕ ਦਰਜ ਹਨ। ਕੁੱਲ 11 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ ਦੋ, ਗੁਰੂ ਅਮਰਦਾਸ ਦੀ ਇਕ, ਗੁਰੂ ਰਾਮਦਾਸ ਦੀਆਂ 6, ਅਤੇ ਗੁਰੂ ਅਰਜਨ ਦੀਆਂ ਦੋ ਅਸ਼ਟਪਦੀਆਂ ਅੰਕ 831–838 ਤੱਕ ਅੰਕਿਤ ਹਨ। ਗੁਰੂ ਨਾਨਕ ਦੀ ਇੱਕੋ ਥਿਤੀ ਅੰਕ 838–840 ਤੱਕ ਅੰਕਿਤ ਹੈ। ਗੁਰੂ ਅਮਰਦਾਸ ਦੇ ਦੋ ਵਾਰਸਤ ਅੰਕ 841–843 ਤੱਕ ਦਰਜ ਹਨ।

ਛੰਤਾਂ ਦੀ ਗਿਣਤੀ ਕੁੱਲ ਨੌਂ ਹੈ ਜਿਸ ਵਿਚ ਗੁਰੂ ਨਾਨਕ ਦੇ ਦੋ, ਗੁਰੂ ਰਾਮਦਾਸ ਦੇ ਦੋ ਅਤੇ ਗੁਰੂ ਅਰਜਨ ਦੇ ਪੰਜ ਛੰਤ ਅੰਕ 843–848 ਤੱਕ ਦਰਜ ਹਨ। ਗੁਰੂ ਰਾਮਦਾਸ ਦੀ ਇਕੋ ਵਾਰ ਅੰਕ 849-855 ਤੱਕ ਸੁਸ਼ੋਭਿਤ ਹੈ। ਕਈ ਵਿਦਵਾਨਾਂ ਨੇ ਇਸ ਰਾਗ ਦੇ ਚੌਦਾਂ ਭੇਦ ਮੰਨੇ ਹਨ। ਗੁਰੂ ਰਾਮਦਾਸ ਨੇ ਇਸ ਰਾਗ ਸੰਬੰਧੀ ਆਪਣੇ ਪ੍ਰਭਾਵ ਅੰਕ 849 ਤੇ ਵਿਸਥਾਰ ਨਾਲ ਪ੍ਰਸਤੁਤ ਕੀਤੇ ਹਨ। ਇਸ ਰਾਗ ਦੇ ਖਾਸ ਸਵਰ ਧ, ਪ, ਮ, ਗ, ਰੇ, ਸਾ ਮੰਨੇ ਗਏ ਹਨ।

ਆਰੋਹੀ— ਸਾ ਗ ਮਾ ਪ ਨੀ ਧਾ ਪ ਧ ਨੀ ਸਂ

ਅਵਰੋਹੀ— ਸਂ ਨੀ ਧ ਨੀ ਧਾ ਪਾ, ਸ ਗ ਰੇ ਸ

ਇਸ ਸੰਪੂਰਣ ਬਾਣੀ ਵਿਚ ਗੁਰਮਤਿ ਦੇ ਅਨੇਕਾਂ ਸਿਧਾਂਤਾਂ ਤੇ ਵਿਸਥਾਰ ਪੂਰਵ ਚਾਨਣ ਪਾਇਆ ਗਿਆ ਹੈ ਜਿਵੇਂ ਅਕਾਲ ਪੁਰਖ ਦੀ ਸਰਵ-ਵਿਆਪਕਤਾ, ਨਾਮ ਦੀ ਮਹਿਮਾ, ਨਾਮ ਤੇ ਮਨ ਕੇਂਦਰਿਤ ਕਰਨਾ, ਸੰਸਾਰਿਕ ਕਲੇਸ਼ਾਂ ਤੋਂ ਮੁਕਤੀ, ਸੰਸਾਰੀ ਰੂਪੀ ਮੌਤ ਦੇ ਘਰ 'ਚੋਂ ਕਿਵੇਂ ਸੁਰਖਿਅਤ ਰਹੀਏ ਆਦਿ ਆਦਿ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 173-174 "Bilaval (ancient name Velavali) Bilaval had become the basic scale for north Indian Music by the early part of the 19th century. Its. tonal relation ships are comparable to the western C-major scale. Bilaval appears in the Ragmala as a ragini of Bhairava, but today it is the head of the Bilaval Thata. The Ragmala gives Bilaval as a putra (Son) of Bhairav, but no relation between these two ragas is made today. Bilaval is a morning raga to be sung with a feeling of deep devotion and repose, often performed during the hot months."
2. **ਗੁਰੁ ਸ਼ਬਦ ਰਤਨਾਕਰ ਮਹਾਨਕੋਸ਼, ਪੂਰਵ ਅੰਕਤ, ਅੰਕ 876**

# ਬਿਲਾਵਲ ਕੀ ਵਾਰ

ਗੁਰੂ ਰਾਮਦਾਸ ਦੀ ਰਚੀ ਇਸ ਵਾਰ ਦੀਆਂ ਕੁੱਲ 13 ਪਉੜੀਆਂ[1] ਹਨ। ਪੰਜ-ਪੰਜ ਤੁਕਾਂ ਦੀਆਂ 12 ਪਉੜੀਆਂ ਹਨ ਜਦਕਿ ਦਸਵੀਂ ਪਉੜੀ ਛੇ ਤੁਕਾਂ ਦੀ ਹੈ। ਸਾਰੀਆਂ ਤੁਕਾਂ ਵਿਚ ਇਕਸਾਰਤਾ ਨਜ਼ਰ ਨਹੀਂ ਆਉਂਦੀ। ਹਰ ਪਉੜੀ ਨਾਲ ਦੋ-ਦੋ ਸਲੋਕ ਦਰਜ ਹਨ, ਕੇਵਲ ਸਤਵੀਂ ਪਉੜੀ ਨਾਲ ਤਿੰਨ ਸਲੋਕ ਅੰਕਿਤ ਹਨ। ਇਹ ਸਾਰੇ ਸਲੋਕ ਗੁਰੂ ਅਰਜਨ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਦਰਜ ਕੀਤੇ ਹਨ।

ਸਲੋਕਾਂ ਦੀ ਕੁੱਲ ਗਿਣਤੀ 27 ਹੈ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇ 2, ਗੁਰੂ ਅਮਰਦਾਸ ਦੇ 24 ਅਤੇ ਗੁਰੂ ਰਾਮਦਾਸ ਦਾ ਇਕ ਸਲੋਕ ਦਰਜ ਹੈ। ਗੁਰੂ ਸਾਹਿਬ ਨੇ ਇਸ ਵਾਰ ਵਿਚ ਤੱਤਸਾਰ ਦਿੱਤਾ ਹੈ ਕਿ ਸਾਰੀ ਸ੍ਰਿਸ਼ਟੀ ਪਰਮਸਤਿ ਨੇ ਆਪ ਸਿਰਜੀ ਹੈ ਅਤੇ ਸੱਚੀ ਕਮਾਈ ਕੇਵਲ ਨਾਮ-ਸਿਮਰਨ ਦੀ ਹੈ। 'ਸੰਗੀਤ ਦਰਪਣ'[2] ਵਿਚ ਇਸ ਨੂੰ ਰਾਗਣੀ ਦੱਸਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol I),** op.cit, P: 373
"Bilaval Ki Var, by Guru Ram Das, is one of his eight vars in a corpus of twenty-two included in the Guru Granth Sahib. It occurs in Raga Bilaval, and consists of Thirteen pauris or stanzas"..........Raga Bilaval is the melody of bliss which, as the poem stresses, consists in contemplation on the divine Name."
2. **ਮਹਿਰਮ ਸਪੈਸ਼ਲ: ੩੦੦ ਸਾਲਾ ਗੁਰਤਾ ਗੱਦੀ ਦਿਵਸ,** ਪੂਰਵ ਅੰਕਤ, ਅੰਕ 124
"ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਿਤ ਸਥਾਨ ਨੂੰ, ਜਿਸਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ, ਜਿਸ ਨੇ ਆਪਣੇ ਸਰੀਰ 'ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।"

# ਬੈਰਾੜੀ

ਇਹ ਇੱਕ ਪ੍ਰਾਚੀਨ ਸਮੇਂ ਦਾ ਪ੍ਰਸਿੱਧ ਰਾਗ ਹੈ, ਜੋ ਮਾਰੂ ਠਾਟ ਦੀ ਸੰਪੂਰਣ ਰਾਗਨੀ ਕਰਕੇ ਵੀ ਅੰਕਿਤ ਹੈ। ਰਾਗਬੱਧ ਬਾਣੀ ਵਿਚ ਇਸਦਾ ਤੇਰਵਾਂ ਨੰਬਰ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 719-720 ਤੱਕ ਇਸ ਰਾਗ ਦੀ ਬਾਣੀ ਦਰਜ ਹੈ। ਕਈ ਵਿਦਵਾਨਾਂ ਨੇ ਇਸ ਦੇ ਗਾਉਣ ਦਾ ਸਮਾਂ ਰਾਤ ਦਾ ਆਰੰਭ ਲਿਖਿਆ ਹੈ ਅਤੇ ਕਈ ਦਿਨ ਦਾ ਦੂਜਾ ਪਹਿਰ ਮੰਨਦੇ ਹਨ। ਪੁਰਾਤਨ ਸੰਗੀਤਕ ਗ੍ਰੰਥਾਂ ਵਿਚ ਇਸ ਨੂੰ ਬਰਾਰੀ[1], ਵਰਾਟੀ ਆਦਿ ਵੀ ਲਿਖਿਆ ਹੈ।

ਇਸ ਸੰਪੂਰਣ ਰਾਗਮਈ ਬਾਣੀ ਵਿਚ ਕੁੱਲ ਸਤ (7) ਚਉਪਦੇ ਹਨ ਜਿਨ੍ਹਾਂ ਵਿਚੋਂ ਗੁਰੂ ਰਾਮਦਾਸ ਦੇ ਛੇ ਅਤੇ ਗੁਰੂ ਅਰਜਨ ਦਾ ਇੱਕ ਚਉਪਦਾ ਅੰਕ 719-720 ਤੱਕ ਅੰਕਿਤ ਹੈ। ਇਨ੍ਹਾਂ ਸਾਰੇ ਚਉਪਦਿਆਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਅਕਾਲ ਪੁਰਖ ਦੇ ਗੁਣਾਂ ਦੀ ਮਹਿਮਾ ਨੂੰ ਬਿਆਨ ਕਰਨਾ ਅਸੰਭਵ ਹੈ ਪਰ ਪ੍ਰਭੂ-ਪ੍ਰਮਾਤਮਾ ਦੀ ਜਿਸ ਤੇ ਕ੍ਰਿਪਾ ਦ੍ਰਿਸ਼ਟੀ ਹੋਵੇ, ਉਹ ਇਹ ਮਹਿਮਾ ਬਿਆਨ ਕਰ ਸਕਦਾ ਹੈ। ਹਰਿ-ਨਾਮ ਵਿਚ ਲੀਨ ਹੋਏ ਸਾਧਕ ਪਾਪਾਂ ਤੋਂ ਛੁਟਕਾਰਾ ਹਾਸਿਲ ਕਰ ਲੈਂਦੇ ਹਨ। ਸੰਤਾਂ ਦੀ ਸੰਗਤ ਕਰਨ ਨਾਲ ਹੀ ਜਨਮ-ਜਨਮਾਂਤਰਾਂ ਦੇ ਦੁੱਖ ਖੰਭ ਲਾ ਕੇ ਉੱਡ ਜਾਂਦੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 173
"This raga appears in the Ragmala as the first ragini of Siri Raga. In the Mesakarna Ragmala (1509), which is almost the same as that of the Guru Granth sahib, the first ragini of Siri Raga is given as Vairati. However, modern sources do not give Bairari nor vairati but Barari and Varari as well as varati are listed. Kaufmann believes that all of these names refer to the same raga, Barari whether this is the same as the old Barari is open to question. The possibility always exists that Bairari was a regional tune. It was used by Guru Ram Das for six short hymns and by Guru Arjan for one. The performance time for Bairari is during the evening hours and it is currently assigned to the Marva Thata. It resembles purva Kalyan, the main difference being the use of Pa which is strong in Bairari and weak in purva-kalyan. Popley places Bairari in the same group as Siri Raga and this would agree with the Ragmala."

# ਭੈਰਉ

ਭਾਰਤੀ ਸੰਗੀਤ ਦਾ ਇਕ ਸੰਪੂਰਣ ਰਾਗ, ਜੋ ਬਹੁਤ ਹੀ ਮਧੁਰ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਇਸ ਦਾ 24ਵਾਂ ਨੰਬਰ ਆਉਂਦਾ ਹੈ। ਇਸ ਦੇ ਗਾਉਣ ਦਾ ਸਮਾਂ 4 ਵਜੇ ਤੋਂ ਲੈ ਕੇ 7 ਵੱਜੇ ਤੱਕ ਮੰਨਿਆ ਜਾਂਦਾ ਹੈ। ਛੇ ਪ੍ਰਮੁੱਖ ਰਾਗਾਂ ਵਿਚ ਇਸਦਾ ਸ਼ੁਮਾਰ ਹੁੰਦਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਦੇ ਅੰਕ 1125-1167 ਤੱਕ ਸੁਸ਼ੋਭਿਤ ਹੈ। 'ਰਾਮਮਾਲਾ'[1] ਵਿਚ ਇਸ ਦਾ ਪਹਿਲਾ ਸਥਾਨ ਹੈ ਪਰ ਇਸ ਦੀ ਰਚਨਾ ਬਾਰੇ ਕਈ ਵਿਦਵਾਨਾਂ ਦੀ ਧਾਰਨਾ ਹੈ ਕਿ ਇਹ ਰਾਮਕਲੀ, ਟੋਡੀ ਅਤੇ ਗਉੜੀ ਦੇ ਸੰਯੋਗ ਨਾਲ ਸੰਪੂਰਣ ਹੋਇਆ ਹੈ।

ਇਸ ਬਾਣੀ ਵਿਚ ਕੁਲ 104 ਚਉਪਦੇ ਹਨ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇ 8, ਗੁਰੂ ਅਮਰਦਾਸ ਦੇ 21, ਗੁਰੂ ਰਾਮਦਾਸ ਦੇ 7, ਗੁਰੂ ਅਰਜਨ ਦੇ 57, ਕਬੀਰ ਦੇ 18, ਨਾਮਦੇਵ ਦੇ 10 ਅਤੇ ਰਵਿਦਾਸ ਦਾ ਇਕ ਚਉਪਦਾ ਅੰਕ 1125-1167 ਤੱਕ ਅੰਕਿਤ ਹਨ। ਕੇਵਲ ਗੁਰੂ ਸਾਹਿਬਾਨ ਨਾਲ ਸੰਬੰਧਿਤ ਚਉਪਦਿਆਂ ਦੀ ਗਿਣਤੀ 93 ਹੈ। ਗੁਰੂ ਨਾਨਕ ਦੇ ਸੱਤ ਪਦੇ ਚਾਰ-ਚਾਰ ਅਤੇ ਇਕ ਪਦਾ ਪੰਜਾਂ ਦਾ ਜੁੱਟ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇ 50 ਪਦਿਆਂ 'ਚੋਂ ਚਾਰ-ਚਾਰ ਦੇ ਜੁੱਟ, ਤਿੰਨ ਦੋ-ਦੋ ਪਦਿਆਂ ਅਤੇ ਇਕ 3 ਪਦਿਆਂ ਅਤੇ ਤਿੰਨ ਪੰਜ-ਪੰਜ ਪਦਿਆਂ ਦੇ ਜੁੱਟ ਹਨ।

ਕੁੱਲ 10 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀ ਇੱਕ, ਗੁਰੂ ਅਮਰਦਾਸ ਦੀਆਂ ਦੋ, ਗੁਰੂ ਅਰਜਨ ਦੀਆਂ ਤਿੰਨ, ਕਬੀਰ ਦੀਆਂ ਦੋ ਅਤੇ ਨਾਮਦੇਵ ਦੀਆਂ ਦੋ ਅਸ਼ਟਪਦੀਆਂ ਅੰਕ 1153-1167 ਤੱਕ ਦਰਜ ਹਨ।

ਇਸ ਰਾਗ ਵਿਚ ਵਾਦੀ 'ਧਾ' ਅਤੇ ਸੰਵਾਦੀ 'ਰੀ' ਹੈ।

ਅਰੋਹੀ— ਸਾ, ਰੀ, ਗਾ ਮ ਪ ਧਾ, ਨ ਸਾ

ਅਵਰੋਹੀ— ਸਾ ਨਾ ਧਾ ਧਾ ਪ, ਮ ਗ, ਰੀ ਰੀ ਸ

ਇਸ ਰਾਗ ਵਿਚਲੀ ਬਾਣੀ ਦੇ ਅੰਤਰਗਤ ਨਾਮ-ਸਿਮਰਨ, ਪ੍ਰਭੂ ਦੇ ਹੁਕਮ, ਹਰੀ ਦੇ ਨਾਮ-ਸਿਮਰਨ ਨਾਲ ਦੁਖਾਂ ਕਲੇਸ਼ਾਂ ਦੀ ਨਿਵਰਤੀ, ਪ੍ਰਮਾਤਮਾ ਦੇ ਅਗਮ-ਅਗੋਚਰ ਸਰੂਪ ਆਦਿ ਗੁਰਮਤਿ ਦੇ ਵਿਭਿੰਨ ਸਿਧਾਂਤਾਂ ਨੂੰ ਵਿਸਥਾਰ ਪੂਰਵ ਸਪਸ਼ਟ ਕੀਤਾ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 176 "Bhairon was an important raga at the time of Guru Nanak and has continued to retain its significance and popularity. Bhairon (not to be confused with Bhairvai) appears in the

Ragmala as husband of Bhairavi and four other raginis. Today it is the head raga for one of the ten Thatas. The Raga Sagara, a treatise of circa 8th century, describes this raga as awe-inspiring and as expressing the fulfilment of the desire of worship'. Mesakarna (1509) calls this morning melody of the autumn season one of the awesome grandeur."

# ਮੰਗਲ

ਆਨੰਦ, ਖੁਸ਼ੀ ਦੇ ਗੀਤ ਨੂੰ ਮੰਗਲ ਆਖਦੇ ਹਨ। ਇਹ ਵਧੇਰੇ ਵਿਆਹ ਦੇ ਸਮੇਂ ਗਾਇਆ ਜਾਂਦਾ ਹੈ। ਦੇਵੀ ਦੇਵਤਾ ਦੀ ਪੂਜਾ ਕਰਕੇ ਜੋ ਵਿਘਨਾ ਦਾ ਨਾਸ਼ ਅਤੇ ਨਿਤਸ ਮੰਗਲ ਚਾਹੁੰਦੇ ਹਨ, ਉਹ ਅਗਯਾਨੀ ਹਨ।[1] ਮੰਗਲ ਦੀ ਪ੍ਰਾਪਤੀ ਕੇਵਲ ਅਕਾਲ ਦੀ ਅਨਨਯ ਸ਼ਰਣ ਤੋਂ ਹੈ।

*ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥*

*—ਬਸੰ ੫, ੩, ੧:੩-੪ (ਅੰਕ 1180)*

*ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥*

*—ਬਿਲ ੫, ਛੰਤ ੧, ੧:੧ (845)*

ਗੁਰੂ ਰਾਮਦਾਸ ਨੇ ਮਿਲਾਪ ਦਾ ਅਨੰਦ ਪ੍ਰਗਟਾਉਂਦਿਆਂ ਦੋ ਮੰਗਲ ਲਿਖੇ ਹਨ, ਜੋ ਛੰਤਾਂ ਦੀ ਤਰਜ਼ ਤੇ ਹਨ। ਕਈ ਵਿਦਵਾਨਾਂ ਨੇ ਮੰਗਲਾਚਰਣ ਦੇ ਤਿੰਨ ਭੇਦ[2] ਮੰਨੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਜੋ ਹੋਰ ਰੂਪ ਮੰਗਲ/ਮੰਗਲਾਚਰਣ ਦੇ ਆਏ ਹਨ, ਉਹ ਕਿੰਨੇ ਵੇਰ ਆਏ ਹਨ, ਉਹ ਇੰਝ ਹਨ:

- ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (33 ਵਾਰ)
- ੧ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ (8 ਵਾਰ)
- ੧ਓ ਸਤਿਨਾਮੁ ਗੁਰ ਪ੍ਰਸਾਦਿ ॥ (2 ਵਾਰ)
- ੧ਓ ਸਤਿ ਗੁਰ ਪ੍ਰਸਾਦਿ ॥ (525 ਵਾਰ)
- ੧ਓ (568 ਵਾਰ)

ਇਨ੍ਹਾਂ ਤੋਂ ਇਲਾਵਾ ਕਈ ਅਜਿਹੇ ਸ਼ਬਦ ਹਨ, ਜੋ ਸ਼ਬਦਾਂ ਦੇ ਸਿਰਲੇਖਾਂ ਨਾਲ 'ਮੰਗਲ' ਸ਼ਬਦ ਵਜੋਂ ਸੰਮਿਲਤ ਹੋ ਕੇ ਆਉਂਦਾ ਹੈ।

- ਛੰਤ ਬਿਲਾਵਲੁ ਮਹਲਾ ੪ ਮੰਗਲ
- ਬਿਲਾਵਲ ਮਹਲਾ ੫ ਛੰਤ ਮੰਗਲ

ਗੁਰੂ ਗ੍ਰੰਥ ਸਾਹਿਬ ਵਿਚ ਹਰ ਰਾਗ, ਬਾਣੀ ਦੇ ਸ਼ੁਰੂ ਵਿਚ 'ਮੰਗਲ' ਅੰਕਿਤ ਹੋਇਆ ਮਿਲਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ (ਭਾਗ ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਛਾਪ 2005, ਅੰਕ 789

2. **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਪੂਰਵ ਅੰਕਤ, ਅੰਕ 749

" (ੳ) ਵਸਤੂ ਨਿਰਦੇਸ਼ਾਤਮਕ, ਗ੍ਰੰਥ ਵਿਚ ਜਿਸ ਦਾ ਜ਼ਿਕਰ ਕਰਨਾ ਹੈ ਉਸ ਦੇ ਹੀ ਗੁਣ ਮਹਿਮਾ, ਲੱਛਣ, ਬੋਧ ਕਰਾਉਣ ਵਾਲਾ ਮੰਗਲ, ਜੈਸੇ '੧ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ' ਆਦਿ।

(ਅ) ਆਸ਼ੀਰਵਾਦਤਮਕ.......।

(ੲ) ਨਮਸਕਾਰਾਤਮਕ.........।"

# ਮਲਾਰ

'ਮਲਾਰ' ਗੁਰੂ ਗ੍ਰੰਥ ਸਾਹਿਬ ਵਿਚ ਆਈ ਰਾਗਬੱਧ ਬਾਣੀ ਵਿਚ 27ਵੇਂ ਨੰਬਰ ਤੇ ਅੰਕ 1254-1293 ਤੱਕ ਅੰਕਿਤ ਹੈ। ਇਹ ਕਮਾਚ ਠਾਟ ਦਾ ਰਾਗ ਕਰ ਕੇ ਵੀ ਜਾਣਿਆ ਜਾਂਦਾ ਹੈ। 'ਰਾਗਮਾਲਾ' ਵਿਚ ਇਸ ਨੂੰ ਮੇਘ ਰਾਗ ਦੀ ਰਾਗਨੀ ਲਿਖਿਆ ਹੈ। ਕਈ ਵਿਦਵਾਨਾਂ ਨੇ ਇਸ ਦੀ ਸਿਰਜਣਾ ਮੇਘ, ਗੌਂਡ ਅਤੇ ਸਾਰੰਗ ਦੇ ਸੰਯੋਗ ਨਾਲ ਹੋਈ ਮੰਨੀ ਹੈ। ਵਰਖਾ[1] ਅਤੇ ਪ੍ਰਕ੍ਰਿਤੀ ਨਾਲ ਸੰਬੰਧਿਤ ਹੋਣ ਕਾਰਨ, ਇਸ ਦੇ ਗਾਉਣ ਦਾ ਸਮਾਂ ਰਾਤ ਦਾ ਤੀਜਾ ਪਹਿਰ ਹੈ।

ਇਸ ਰਾਗ ਦੀ ਸੰਪੂਰਣ ਬਾਣੀ ਦਾ ਵੇਰਵਾ ਇੰਞ ਹੈ: ਕੁੱਲ 66 ਚਉਪਦਿਆਂ ਵਿਚ ਗੁਰੂ ਨਾਨਕ ਦੇ 9 (ਅੱਠ ਵਿਚ ਚਾਰ-ਚਾਰ ਅਤੇ ਇਕ ਵਿੱਚ ਪੰਜ ਪਦੇ) ਗੁਰੂ ਅਮਰਦਾਸ ਦੇ 13 (ਦਸ ਵਿਚ ਚਾਰ-ਚਾਰ ਅਤੇ ਤਿੰਨ ਵਿਚ ਪੰਜ-ਪੰਜ ਪਦਿਆਂ ਦੇ ਜੁੱਟ) ਗੁਰੂ ਰਾਮਦਾਸ ਦੇ 9 (ਇਕ ਵਿਚ ਦੋ, ਸੱਤ ਵਿਚ ਚਾਰ-ਚਾਰ ਅਤੇ ਇਕ ਵਿਚ ਪੰਜ ਪਦਿਆਂ ਦਾ ਸਮੁੱਚ), ਗੁਰੂ ਅਰਜਨ ਦੇ 30 (21 ਦੁਪਦੇ, 2 ਤ੍ਰਿਪਦੇ ਅਤੇ 7 ਚਉਪਦੇ), ਭਗਤ ਬਾਣੀ ਵਿੱਚ ਦੋ ਸ਼ਬਦ ਨਾਮਦੇਵ ਅਤੇ ਤਿੰਨ ਸ਼ਬਦ ਰਵਿਦਾਸ ਦੇ ਹਨ। ਇਹ ਸਾਰੇ ਚਉਪਦੇ ਅੰਕ 1254-1293 ਤੱਕ ਅੰਕਿਤ ਹਨ।

ਇਸੇ ਤਰ੍ਹਾਂ ਕੁੱਲ ਅੱਠ ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ ਪੰਜ ਅਤੇ ਗੁਰੂ ਅਮਰਦਾਸ ਦੀਆਂ ਤਿੰਨ ਅੰਕਿਤ ਹਨ। ਇਹ ਅਸ਼ਟਪਦੀਆਂ ਅੰਕ 1273-78 ਤੱਕ ਅੰਕਿਤ ਹਨ। ਇਕ ਛੰਤ ਗੁਰੂ ਅਰਜਨ ਦਾ ਅੰਕ 1278 ਤੇ ਅਤੇ ਗੁਰੂ ਨਾਨਕ ਦੀ ਵਾਰ ਅੰਕ 1278-91 ਤੇ ਅੰਕਿਤ ਹੈ।

ਇਸ ਬਾਣੀ ਦਾ ਕੇਂਦਰੀ ਭਾਵ ਹੈ, ਕਿ ਅਕਾਲ ਪੁਰਖ ਤੋਂ ਮੁੱਖ ਮੋੜ ਕੇ ਮਨੁੱਖ ਸਫ਼ਲ ਨਹੀਂ ਹੋ ਸਕਦਾ। ਹਉਮੈਂ ਨੂੰ ਤਿਆਗਣਾ, ਪਰਮਾਤਮਾ ਦਾ ਨਾਮ-ਸਿਮਰਨ, ਸੰਸਾਰ ਦੀ ਨਾਸ਼ਮਾਨਤਾ, ਪ੍ਰਭੂ ਦੀ ਸਿਫ਼ਤ-ਸਾਲਾਹ ਆਦਿ ਗੁਰਮਤਿ ਦੇ ਅਨੇਕ ਸਿਧਾਂਤਾਂ ਤੇ ਰੌਸ਼ਨੀ ਪਾਈ ਗਈ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. Malar (Mallar or Malhar) is one of the rainy season ragas performed from June to September. During the monsoons, Malar can be sung at any time of the day or night; otherwise, it is designated for late evening or early morning. Its mood is Joyful because the rains cause the crops to grow and the

flowers to bloom. Malar is frequently combined with other ragas, particularly Megha. Tansen added some changes to Malhar and this raga is known as **Mian Ki Malhar.** In the Ragmala, Gaund-Malar is described as a ragini of Megha and is the only one with a Malhar name. Today the Malhar ragas are assigned to the Kafi Thata".

**The Encyclopeadia of sikhism (Vol II),** op.cit, P: 177

# ਮਲਾਰ ਕੀ ਵਾਰ

ਗੁਰੂ ਨਾਨਕ ਦੀ ਉਚਾਰਨ ਕੀਤੀ ਇਸ ਵਾਰ ਦੀਆਂ ਕੁਲ 28 ਪਉੜੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਕ 1278-1291 ਤੱਕ ਇਹ ਵਾਰ ਅੰਕਿਤ ਹੈ। ਗੁਰੂ ਨਾਨਕ ਦੀਆਂ 27 ਪਉੜੀਆਂ ਅਤੇ ਗੁਰੂ ਅਰਜਨ ਦੀ ਇੱਕ ਪਉੜੀ ਦਰਜ ਹੈ। ਸਲੋਕਾਂ ਵਿਚ ਗੁਰੂ ਨਾਨਕ ਦੇ 24, ਗੁਰੂ ਅੰਗਦ ਦੇ 5, ਗੁਰੂ ਅਮਰਦਾਸ ਦੇ 3 ਅਤੇ ਗੁਰੂ ਰਾਮਦਾਸ ਦੇ 2 ਸਲੋਕ ਦਰਜ ਹਨ। ਹਰ ਪਉੜੀ ਨਾਲ ਦੋ-ਦੋ ਸਲੋਕ ਦਰਜ ਹਨ ਪਰ 21ਵੀਂ ਪਉੜੀ ਨਾਲ ਚਾਰ ਸਲੋਕ ਦਰਜ ਹਨ।

ਗੁਰੂ ਨਾਨਕ ਨੇ ਇਸ ਵਾਰ ਵਿਚ ਕੂੜ ਪਰੰਪਰਾਵਾਂ ਤੇ ਕੁਰੀਤੀਆਂ ਨੂੰ ਤਿਆਗ ਕੇ ਵਾਸਤਵਿਕ ਧਰਮ ਕਾਰਜਾਂ ਵਿਚ ਇੱਕਮਿੱਕ ਹੋਣ ਦੀ ਭਾਵਨਾ ਨੂੰ ਪ੍ਰਚੰਡ ਕੀਤਾ ਹੈ। ਇਸ ਵਾਰ ਵਿਚ ਧਾਰਮਿਕ ਪਰੰਪਰਾਵਾਂ, ਰਾਜਨੀਤਿਕ ਅਤਿਆਚਾਰਾਂ, ਧਾਰਮਿਕ ਅਤੇ ਸਮਾਜਿਕ ਆਦਿ ਪੱਖਾਂ ਉਤੇ ਮੁਲਵਾਨ ਕਟਾਖਸ਼ ਕੀਤਾ ਹੈ। 'ਮਾਸ' ਬਾਰੇ ਵੀ ਬੜੇ ਤਰਕਪੂਰਨ, ਕ੍ਰਿਆਤਮਿਕ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ ਗਿਆ ਹੈ। ਪੁਰਾਤਨ ਜਨਮਸਾਖੀ ਅਨੁਸਾਰ ਕਸ਼ਮੀਰ ਵਿਚ ਪੰਡਿਤ ਬ੍ਰਹਮਦਾਸ ਨਾਲ ਹੋਈ ਵਿਚਾਰ ਸਮੇਂ ਇਸ ਦਾ ਉਚਾਰਨ ਕੀਤਾ ਗਿਆ ਹੈ, ਜਿਸ ਨੂੰ ਹਸੂ ਲੁਹਾਰ ਅਤੇ ਸੀਹੇ ਛੀਂਬੇ ਨੇ ਲਿਖਿਆ ਹੈ। ਇਸ ਵਾਰ ਨੂੰ ਪੰਚਮ ਪਾਤਿਸ਼ਾਹ ਨੇ 'ਰਾਣੇ ਕੈਲਾਸ ਤਥਾ ਮਾਲਦੇ ਦੀ ਧੁਨਿ'[1] ਉੱਤੇ ਗਾਉਣ ਦਾ ਉਦੇਸ਼ ਦਿੱਤਾ ਹੈ।

ਕਈ ਚਿੰਤਕਾਂ ਨੇ 28 ਪਉੜੀਆਂ ਦਾ ਵਰਗੀਕਰਨ ਵੀ ਕੀਤਾ ਹੈ। ਜਿਵੇਂ 1-7 ਪਉੜੀਆਂ (ਰੱਬ ਬਾਰੇ) 8-16 (ਨਾਮ ਬਾਰੇ) 17-22 (ਭਗਤੀ ਬਾਰੇ) ਅਤੇ 23-28 (ਗੁਰੂ ਸ਼ਬਦ ਬਾਰੇ)। ਪਰ ਅੰਦਰਲੀ ਕਸਵੱਟੀ ਤੇ ਇਹ ਵੰਡ-ਰੇਖਾ ਪੂਰੀ ਨਹੀਂ ਉੱਤਰਦੀ।

## ਪਗ ਟਿਪਣੀਆਂ ਅਤੇ ਹਵਾਲੇ

1. ਲੋਕ ਸਾਹਿਤ ਅਨੁਸਾਰ ਕਾਂਗੜੇ ਦੇ ਇਲਾਕੇ ਵਿਚ ਕੈਲਾਸ਼ ਦੇਵ ਅਤੇ ਮਾਲਦੇਵ ਦੋ ਰਾਜਪੂਤ ਭਾਈ ਰਹਿੰਦੇ ਸਨ। ਬਾਦਸ਼ਾਹ ਜਹਾਂਗੀਰ ਦੇ ਸਮੇਂ ਆਪਣੀ ਰਿਆਸਤ ਦੇ ਰਾਜੇ ਮੰਨੇ ਜਾਂਦੇ ਸਨ। ਜਹਾਂਗੀਰ ਨੂੰ 'ਕਰ' ਲਗਾਤਾਰ ਅਦਾ ਕਰਦੇ ਸਨ ਪਰ ਬਾਦਸ਼ਾਹ ਉਨ੍ਹਾਂ ਦੋਵਾਂ ਭਾਈਆਂ ਤੋਂ ਬੜਾ ਖੌਫ਼ ਖਾਂਦਾ ਸੀ। ਬਾਦਸ਼ਾਹ ਨੇ ਬੜੀ ਚਲਾਕੀ ਨਾਲ ਦੋਵਾਂ ਭਰਾਵਾਂ ਵਿਚ ਲੜਾਈ ਦੇ ਬੀਜ ਬੀਜ ਦਿੱਤੇ ਸਨ। ਆਖ਼ਰ ਲੜਾਈ ਵਿਚ ਕੈਲਾਸ਼ ਦੀ ਹਾਰ ਹੋਈ ਮਾਲ ਦੇਵ ਨੇ ਭਰਾ ਨੂੰ ਅੱਧਾ ਰਾਜ ਵਾਪਸ ਦੇ ਦਿੱਤਾ। ਇਸ ਅਨੋਖੇ ਸਾਕੇ ਨੂੰ ਢਾਡੀਆਂ ਨੇ ਵਾਰ ਵਿਚ ਬਾ-ਖ਼ੂਬੀ ਬਿਆਨ ਕੀਤਾ। ਇਸੇ ਧੁਨਿ ਤੇ 'ਮਲਾਰ ਕੀ ਵਾਰ' ਗਾਉਣ ਦਾ ਆਦੇਸ਼ ਗੁਰੂ ਅਰਜਨ ਪਾਤਿਸ਼ਾਹ ਨੇ ਦਿੱਤਾ ਹੈ।

# ਮਾਝ

'ਮਾਝ' ਇਕ ਸੰਪੂਰਣ ਰਾਗ ਹੈ ਜੋ ਮਾਝੇ ਖੇਤਰ ਦੀ ਵਿਸ਼ੇਸ਼ ਲੋਕ ਧੁਨ ਤੋਂ ਵਿਕਸਤ ਹੋਇਆ ਮੰਨਿਆ ਜਾਂਦਾ ਹੈ। ਰਾਗ-ਬੱਧ ਬਾਣੀ ਵਿਚ ਇਸ ਰਾਗ ਦਾ ਦੂਜਾ ਨੰਬਰ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਕ 94-150 ਤੱਕ ਸੁਸ਼ੋਭਿਤ ਹੈ। ਭਾਵੇਂ ਪ੍ਰਾਚੀਨ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਜ਼ਿਕਰੇ-ਖ਼ੈਰ ਨਹੀਂ ਪਰ ਗੁਰੂ ਸਾਹਿਬਾਨ ਨੇ ਭਾਰਤੀ ਸੰਗੀਤ ਦੀ ਝੋਲੀ ਵਿਚ ਅਨੂਪਮ ਸੌਗਾਤ ਪਾਈ ਹੈ।

ਗੁਰੂ ਅਰਜਨ ਦੇ 'ਬਾਰਹਮਾਹਾ' ਇਸੇ ਰਾਗ ਦੇ ਅੰਤਰਗਤ ਆਉਂਦੇ ਹਨ। 'ਮਹਾਨਕੋਸ਼'[1] ਅਨੁਸਾਰ ਇਸ ਵਿਚ ਰਿਸ਼ਭ ਮੱਧਮ, ਪੰਚਮ ਅਤੇ ਧੈਵਤ ਸ਼ੁੱਧ, ਗਾਂਧਾਰ ਅਤੇ ਨਿਸ਼ਾਦ ਸ਼ੁੱਧ ਅਤੇ ਕੋਮਲ ਲਗਦੇ ਹਨ। ਇਸ ਦੇ ਗਾਉਣ ਦਾ ਸਮਾਂ ਚੌਥਾ ਪਹਿਰ ਮੰਨਿਆ ਜਾਂਦਾ ਹੈ। ਇਸ ਰਾਗ ਦੀ ਸੰਪੂਰਣ ਬਾਣੀ ਵਿਚ ਕੁੱਲ 50 ਚਉਪਦੇ, 39 ਅਸ਼ਟਪਦੀਆਂ, ਇਕ ਬਾਰਹਮਾਹ, ਇਕ ਦਿਨ-ਰੈਣਿ ਅਤੇ ਇਕ ਵਾਰ ਅੰਕਿਤ ਹੈ। 50 ਚਉਪਦਿਆਂ ਵਿਚੋਂ ਗੁਰੂ ਰਾਮਦਾਸ ਦੇ 7 ਅਤੇ ਗੁਰੂ ਅਰਜਨ ਦੇ 43 ਹਨ ਜੋ ਅੰਕ 94-109 ਤੱਕ ਦਰਜ ਹਨ। ਇਸੇ ਤਰ੍ਹਾਂ 39 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀ ਇਕ, ਗੁਰੂ ਅਮਰਦਾਸ ਦੀਆਂ 32, ਗੁਰੂ ਰਾਮਦਾਸ ਦੀ ਇਕ ਅਤੇ ਗੁਰੂ ਅਰਜਨ ਦੀਆਂ 5 ਅਸ਼ਟਪਦੀਆਂ ਅੰਕ 109-133 ਤੱਕ ਅੰਕਿਤ ਹਨ। ਗੁਰੂ ਅਰਜਨ ਦਾ ਇਕ ਬਾਰਹਮਾਹਾ (ਅੰਕ 133-136) ਇਕ ਦਿਨ-ਰੈਣਿ (ਅੰਕ 136-137) ਅਤੇ ਗੁਰੂ ਨਾਨਕ ਦੀ ਮਾਝ ਕੀ ਵਾਰ (ਅੰਕ 137-150) ਦਰਜ ਹਨ।

ਗੁਰੂ ਸਾਹਿਬਾਨ ਨੇ ਸਾਧਕਾਂ ਨੂੰ ਉਪਦੇਸ਼ ਦੇਣ ਲਈ ਲੋਕ-ਸ਼ਬਦਾਵਲੀ, ਕਾਵਿ-ਰੂਪਾਂ, ਬਿੰਬਾਂ, ਅਤੇ ਲੋਕ ਧੁਨਾਂ ਦਾ ਪ੍ਰਯੋਗ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ। ਇਸ ਰਾਗ ਵਿਚਲੀ ਬਾਣੀ ਦੇ ਤਤਸਾਰ ਵਿਚ ਅਕਾਲਪੁਰਖ ਦੀ ਸਿਫ਼ਤ-ਸਾਲਾਹ, ਪ੍ਰਭੂ ਦੇ ਮਿਲਣ ਦੀ ਤੀਬਰ ਲੋਚਾ, ਭਾਣਾ ਮੰਨਣਾ, ਸੰਤ ਦਾ ਮਹੱਤਵ, ਧਾਰਮਿਕ ਤੰਗ ਨਜ਼ਰੀ ਦਾ ਤਿਆਗ, ਹਉਮੈ ਨੂੰ ਤਿਆਗਣਾ, ਰੂਹਾਨੀ ਭਵਿੱਸ਼ ਨੂੰ ਸੁਧਾਰਨ, ਮਨੁੱਖੀ ਜੀਵਨ ਵਿੱਧੀ, ਸਮਕਾਲੀ ਧਾਰਮਿਕ ਕਰਮਕਾਂਡਾਂ ਦਾ ਪੂਰੀ ਤਰ੍ਹਾਂ ਖੰਡਨ ਆਦਿ ਕਈ ਧਾਰਮਿਕ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਸਪਸ਼ਟ ਕੀਤਾ ਗਿਆ ਹੈ। ਇਹ ਰਾਗ ਨਾ ਰਾਗਮਾਲਾ[2] ਅਤੇ ਨਾ ਹੀ ਅਜੋਕੇ ਰਾਗ ਸੰਗੀਤ ਵਿਚ ਆਉਂਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,** ਪੂਰਵ ਅੰਕਤ, ਅੰਕ 961
2. **The Encyclopeadia of sikhism (Vol II),** op.cit, P: 170
"This raga is attributed to Guru Nanak, who developed it from a punjabi folk tune. It does not appear in the Ragmala

nor does it seem to be a classical raga today. Possibly it has been reserved purely for gurbani sangit. Majh was the setting for compositions by Guru Nanak, Guru Angad, Guru Amar Das, Guru Ram Das and Guru Arjan. No information about this raga is available from English sources. The reader is referred to a punjabi text **Gurmat Sangit** by Bhai Vir Singh, Published by the chief Khalsa Diwan, Amritsar.

| | |
|---|---|
| Aroh:— | Sa Re Ma Pa Dha Sa |
| Avroh:— | Sa Ni Dha Pa Ma Ga Re Sa |
| Vadi: | Ma |
| Samvadi: | Sa." |

# ਮਾਝ ਕੀ ਵਾਰ

ਗੁਰੂ ਨਾਨਕ ਵਲੋਂ ਉਚਾਰਨ ਇਸ ਵਾਰ ਦੀਆਂ ਕੁੱਲ 27 ਪਉੜੀਆਂ ਅਤੇ 63 ਸਲੋਕ ਹਨ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 137-150 ਤੱਕ ਸੁਸ਼ੋਭਿਤ ਹਨ। ਇਨ੍ਹਾਂ ਸਲੋਕਾਂ ਵਿਚ ਗੁਰੂ ਨਾਨਕ ਦੇ 46, ਗੁਰੂ ਅੰਗਦ ਦੇ 12, ਗੁਰੂ ਅਮਰਦਾਸ ਦੇ 3 ਅਤੇ ਗੁਰੂ ਰਾਮਦਾਸ ਦੇ ਦੋ ਸਲੋਕ ਦਰਜ ਹਨ।

ਵਾਰ ਦੀ ਹਰ ਪਉੜੀ ਅੱਠ-ਅੱਠ ਤੁਕਾਂ ਦੀ ਹੈ ਪਰ ਮਾਤ੍ਰਾਂ ਸੰਬੰਧੀ ਇਕ ਰੂਪਤਾ ਵੇਖਣ ਵਿਚ ਨਹੀਂ ਆਉਂਦੀ। ਇਸੇ ਤਰ੍ਹਾਂ ਸਲੋਕ 2-24 ਤੁਕਾਂ ਦੇ ਦਰਜ ਹਨ। ਫ਼ਾਰਸੀ ਅਤੇ ਅਰਬੀ ਭਾਸ਼ਾ ਦੇ ਕਈ ਸ਼ਬਦ ਵੀ ਇਸ ਵਿਚ ਦ੍ਰਿਸ਼ਟੀਮਾਨ ਹੋਏ ਹਨ। ਇਸ ਵਾਰ ਨੂੰ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਧੁਨੀ ਗਾਵਣੀ'[1] ਦੀ ਧੁਨਿ ਤੇ ਗਾਉਣ ਦਾ ਆਦੇਸ਼ ਗੁਰੂ ਅਰਜਨ ਨੇ ਦਿੱਤਾ ਹੈ।

ਇਹ ਵਾਰ ਕਦੋਂ ਅਤੇ ਕਿਥੇ ਰਚੀ ਗਈ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲਦਾ ਪਰ 'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਨੇ ਆਪਣੀ ਦੱਖਣ ਦੀ ਉਦਾਸੀ ਸਮੇਂ ਰਚਣ ਦਾ ਸੰਕੇਤ ਜ਼ਰੂਰ ਮਿਲਦਾ ਹੈ। ਇਹ ਵਾਰ ਜਾਪਦਾ ਤਾਂ ਇਉਂ ਹੈ ਕਿ ਗੁਰੂ ਸਾਹਿਬ ਨੇ ਆਪਣੀ ਪ੍ਰੌੜ ਅਵਸਥਾ ਵਿਚ ਹੀ ਰਚੀ ਹੋਵੇਗੀ। ਭਾਸ਼ਾ ਪੰਜਾਬੀ ਦੀ ਨੇੜਲੀ ਜਾਪਦੀ ਹੈ, ਜਿਥੇ ਤੱਕ ਸਲੋਕਾਂ ਦਾ ਸੰਬੰਧ ਹੈ।

ਇਸ ਵਾਰ ਵਿਚ ਧਾਰਮਿਕ ਅਤੇ ਦਾਰਸ਼ਨਿਕ ਵਿਚਾਰ, ਪ੍ਰਭੂ-ਪ੍ਰਮਾਤਮਾ, ਜਗਤ, ਆਤਮਾ, ਮੁਕਤੀ, ਗੁਰੂ, ਨਾਮ-ਸਿਮਰਨ, ਗੁਰੂ-ਸ਼ਬਦ, ਭਗਤੀ ਆਦਿ ਗੁਰਮਤਿ ਸਿਧਾਂਤਾਂ ਤੇ ਕੇਂਦਿਰ ਕੀਤਾ ਗਏ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. ਪੁਰਾਤਨ ਰਵਾਇਤ ਅਨੁਸਾਰ ਅਕਬਰ ਬਾਦਸ਼ਾਹ ਦੇ ਦਰਬਾਰ ਦੇ ਦੋ ਮੰਨੇ ਹੋਏ ਬਹਾਦਰ ਮੁਰੀਦ ਖਾਨ ਮੁਲਕ ਅਤੇ ਸੋਹੀ (ਚੰਦਹੜਾ) ਸਨ। ਆਪਸ ਵਿਚ ਉਨ੍ਹਾਂ ਦੀ ਬੜੀ ਖ਼ਾਰਬਾਜ਼ੀ ਸੀ। ਜਦੋਂ ਅਕਬਰ ਬਾਦਸ਼ਾਹ ਨੇ ਕਾਬਲ ਉੱਤੇ ਮਲਕ ਮੁਰੀਦ ਖਾਂ ਸਮੇਤ ਹਮਲਾ ਕੀਤਾ, ਜਿਸ ਵਿਚ ਉਹ ਜੇਤੂ ਰਿਹਾ। ਰਾਜਸੀ ਹਾਲਾਤਾਂ ਨੂੰ ਠੀਕ ਕਰਨ ਲਈ ਮਲਕ ਮੁਰੀਦ ਖਾਂ ਨੂੰ ਕੁੱਝ ਸਮਾਂ ਲੱਗ ਗਿਆ। ਚੰਦ੍ਰਹੜਾ ਨੇ ਚੁਗਲੀ ਕਰ ਕੇ ਬਾਦਸ਼ਾਹ ਨੂੰ ਮਲਕ ਮੁਰੀਦ ਖਾਂ ਵਿਰੁੱਧ ਖੂਬ ਭੜਕਾਇਆ। ਬਾਦਸ਼ਾਹ ਨੇ ਚੰਦ੍ਰਹੜਾ ਨੂੰ ਮਲਕ ਮੁਰੀਦ ਖਾਂ ਵਿਰੁੱਧ ਜੰਗ ਕਰਨ ਲਈ ਭੇਜਿਆ। ਦੋਵੇਂ ਬੜੀ ਬਹਾਦਰੀ ਨਾਲ ਲੜਦੇ ਲੜਦੇ ਮਰ ਗਏ। ਢਾਡੀਆਂ ਨੇ ਇਕ ਵਾਰ ਉਚਾਰੀ ਜੋ ਬਹੁਤ ਪ੍ਰਸਿੱਧ ਹੋਈ। ਇਸੇ ਵਾਰ ਦੀ ਧੁਨਿ ਤੇ ਗੁਰੂ ਅਰਜਨ ਨੇ 'ਮਾਝ ਕੀ ਵਾਰ' ਉੱਤੇ ਗਾਉਣ ਦਾ ਆਦੇਸ਼ ਦਿੱਤਾ ਹੈ।

# ਮਾਰੂ

ਇਹ ਇਕ ਪੁਰਾਤਨ ਅਤੇ ਮੁਸ਼ਕਲ ਰਾਗ ਹੈ, ਜੋ ਬੀਰ-ਰਸੀ ਕਰ ਕੇ ਵੀ ਪ੍ਰਸਿੱਧ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਰਾਗ ਤਰਤੀਬ ਵਿੱਚ 21ਵੇਂ ਨੰਬਰ ਅਤੇ ਅੰਕ 989-1106 ਤੇ ਅੰਕਿਤ ਹੈ। ਖਾੜਵ ਰਾਗ ਹੋਣ ਕਾਰਨ, ਪੁਰਾਤਨ ਸਮੇਂ ਯੁੱਧਾਂ ਜਾਂ ਮ੍ਰਿਤੂ ਜਾਂ ਬੀਰ-ਰਸੀ ਭਾਵਨਾਵਾਂ ਦੇ ਨਜ਼ਰੀਏ ਤੋਂ ਇਸ ਦਾ ਗਾਇਨ ਕੀਤਾ ਜਾਂਦਾ ਸੀ। ਗਾਇਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ। 'ਰਾਗਮਾਲਾ'[1] ਅਨੁਸਾਰ ਇਸ ਨੂੰ ਮਾਲਕੌਸ ਦਾ ਪੁੱਤਰ ਲਿਖਿਆ ਹੈ।

ਇਸ ਰਾਗ ਦੇ ਕਈ ਭੇਦ ਵੀ ਮੰਨੇ ਗਏ ਹਨ ਜਿਵੇਂ ਮਾਰੂ-ਕਾਫ਼ੀ, ਮਾਰੂ-ਦੱਖਣੀ ਆਦਿ। ਪੁਰਾਤਨ ਗ੍ਰੰਥਾਂ ਵਿਚ ਇਸ ਨੂੰ ਮਾਰਵ, ਮਾਰਵਿਕ, ਮਾਰੁਵ ਆਦਿ ਨਾਮਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਵਿਭਿੰਨ ਰੂਪ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਰਿਸ਼ਭ ਕੋਮਲ, ਮਧਿਅਮ ਤੀਬਰ, ਪੰਚਮ, ਵਰਜਿਤ ਅਤੇ ਬਾਕੀ ਸਾਰੇ ਸੁਰ ਸ਼ੁੱਧ ਵਰਤੇ ਜਾਂਦੇ ਹਨ।

ਇਸ ਰਾਗ ਦੀ ਸੰਪੂਰਣ ਬਾਣੀ ਵਿਚ ਕੁੱਲ ਚਉਪਦੇ 60, ਅਸ਼ਟਪਦੀਆਂ 20, ਸੋਲਹੇ 62, ਵਾਰਾਂ ਦੋ ਅੰਕਿਤ ਹਨ। 60 ਚਉਪਦਿਆਂ ਵਿਚੋਂ ਗੁਰੂ ਨਾਨਕ ਦੇ 12 (ਦੋ ਦੁਪਦੇ, ਇਕ ਤ੍ਰਿਪਦਾ, ਸੱਤ ਚਉਪਦੇ, ਇੱਕ ਪੰਚ ਪਦਾ ਅਤੇ ਇਕ ਛਿਪਦਾ ਹੈ), ਗੁਰੂ ਅਮਰਦਾਸ ਦੇ 5 (ਚਾਰ ਵਿਚ ਚਾਰ-ਚਾਰ ਪਦੇ ਅਤੇ ਇਕ ਵਿਚ ਪੰਜ ਪਦਾ), ਗੁਰੂ ਰਾਮਦਾਸ ਦੇ 8 (ਛੇ ਵਿਚ ਚਾਰ-ਚਾਰ ਦੁਪਦੇ ਅਤੇ ਦੋ ਵਿਚ ਪੰਜ-ਪੰਜ ਪਦਿਆਂ ਦੇ ਸਮੁੱਚ), ਗੁਰੂ ਅਰਜਨ ਦੇ 32 (ਇੱਕ ਚਉਪਦਾ, ਬਾਕੀ ਪੰਜ ਪਦੇ, ਬਾਕੀ 30 ਚਉਪਦਿਆਂ ਵਿਚੋਂ ਨੌਂ ਦੁਪਦੇ, 19 ਚਉਪਦੇ ਅਤੇ ਦੋ ਪੰਚਪਦੇ ਹਨ) ਗੁਰੂ ਤੇਗ ਬਹਾਦਰ ਦੇ ਤਿੰਨ ਦੁਪਦੇ ਹਨ। ਭਗਤ ਬਾਣੀ ਦੇ ਅੰਤਰਗਤ, ਕਬੀਰ ਦੇ 12 ਚਉਪਦੇ, ਇਕ ਇਕ ਨਾਮਦੇਵ ਅਤੇ ਜੈਦੇਵ ਅਤੇ ਰਵਿਦਾਸ ਦੇ ਦੋ ਚਉਪਦੇ ਅੰਕਿਤ ਹਨ। ਇਹ ਸਾਰੇ ਚਉਪਦੇ ਗੁਰੂ ਗ੍ਰੰਥ ਸਾਹਿਬ ਦੇ ਅੰਕ 989-1006 ਤੱਕ ਅੰਕਿਤ ਹਨ।

20 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ 11 (ਅੱਠ ਵਿਚ ਅੱਠ-ਅੱਠ ਪਦੀਆਂ ਅਤੇ ਬਾਕੀ ਤਿੰਨਾਂ ਵਿਚ 7, ਨੌਂ ਅਤੇ 12 ਪਦੀਆਂ ਹਨ)। ਗੁਰੂ ਅਮਰਦਾਸ ਦੀ ਇਕ (ਇਕ ਦਸ ਪਦੀ) ਗੁਰੂ ਅਰਜਨ ਦੀਆਂ ਅੱਠ ਅਸ਼ਟਪਦੀਆਂ (ਦੋ ਅੰਜਲੀਆਂ ਸਮੇਤ)। 62 ਸੋਲਹਿਆਂ ਵਿਚੋਂ ਗੁਰੂ ਨਾਨਕ ਦੇ 22, ਗੁਰੂ ਅਮਰਦਾਸ ਦੇ 24, ਗੁਰੂ ਰਾਮਦਾਸ ਦੇ 2, ਗੁਰੂ ਅਰਜਨ ਦੇ 14 ਸੋਲਹਿਆਂ ਹਨ।

ਇਸ ਸਮੁੱਚੀ ਰਾਗ ਬਾਣੀ ਵਿਚ ਮਾਇਆ ਦਾ ਪ੍ਰਭਾਵ, ਸੰਯੋਗੀ ਬਿਰਤੀ, ਮਨਮੁੱਖ, ਭਗਤੀ, ਹਰਿ-ਨਾਮ, ਕਸ਼ਟਾਂ ਦਾ ਨਿਵਾਰਣ, ਹਉਮੈਂ, ਸੰਸਾਰਿਕ ਵਿਸ਼ਿਆਂ, ਕਰਮ-ਕਾਂਡਾਂ, ਗ੍ਰਿਹਸਥ, ਭਗਤਾਂ ਦੇ ਸਰੂਪ, ਸ੍ਰਿਸ਼ਟੀ ਰਚਨਾ, ਆਦਿ ਕਈ ਪੱਖਾਂ ਤੇ ਵਿਸਥਾਰ ਨਾਲ ਰੌਸ਼ਨੀ ਪਾਈ ਗਈ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II)**, op.cit, P: 175 "Maru is an old raga seldom heard in concerts today. Some theorists equate it with Marva or Marva. In the Ragmala, Maru is a purta (son) of Malkaunsa. It is found in other classifications from the 14th to the early 19th century. Maru was used by Guru Nanak, Guru Amar Das, Guru Ram Das, Guru Arjan and Guru Tegh Bahadur for 144 hymns, two Vars plus a large mumber of slokas. One of its Variations is Maru kafi. Maru is assigned to the hours of sunset and is considered suitable for the cold season. The mood is quite and contemplative. The tonal material given here is for Maru Bihag, Bilaval Thata."

| ਰਾਗ | ਰਾਗਣੀਆਂ | ਪੁੱਤਰ |
|---|---|---|
| 1. ਭੈਰਉ | 1. ਭੈਰਵੀ 2. ਬਿਲਾਵਲੀ 3. ਪੁਨਿਆ ਕੀ 4. ਬੰਗਾਲੀ, ਅਸਲੇਖੀ | 1. ਪੰਚਮ 2. ਹਰਖ 3. ਦਿਸਾਖ 4. ਬੰਗਾਲਮ 5 ਮਧੁ 6. ਮਾਧਵ, 7, ਲਲਤ 8. ਬਿਲਾਵਲ |
| 2. ਮਾਲਕੋਸ | 1. ਗੌਡ ਕਰਹ 2. ਦੇਵ ਗੰਧਾਰੀ | 1. ਮਾਰੂ 2. ਮਸਤਾਗ 3. ਮੇਵਾਰ 4. ਪ੍ਰਬਲ 5 ਚੰਡ ਕਉਸਕ 6. ਖਉ 7. ਖਟ 8. ਭਉਰਾਨਦ |
| 3. ਹਿੰਡੋਲ | 1. ਤੇਲੰਗੀ 2. ਦੇਵਕਰੀ 3. ਬਸੰਤੀ 4. ਸੰਦੂਰੀ 5. ਅਹੀਰੀ | 1. ਸੁਰਮਾਨੰਦ 2. ਭਾਸਕਰ 3. ਚੰਦਰ ਬਿੰਬ 4. ਮੰਗਲਨ 5. ਸਰਸਬਾਨ 6. ਬਨੋਦ 7. ਬਸੰਤ 8. ਕਮੋਦ |
| 4. ਦੀਪਕ | 1. ਕਛੇਲੀ 2. ਪਟਮੰਜਰੀ 3. ਟੋਡੀ 4. ਕਾਮੋਦੀ 5. ਗੂਜਰੀ | 1. ਕਾਲੰਕਾ 2. ਕੁੰਤਲ 3. ਰਾਮ 4. ਕਮਲ ਕੁਸਮ 5. ਚੰਪਕ 6. ਗਉਰਾ 7. ਕਾਨੜਾ 8. ਕਲਿਆਨ |
| 5. ਸਿਰੀ ਰਾਗੁ | 1. ਬੈਰਾਗੀ 2. ਕਰਨਾਟੀ 3. ਗਵਾਰੀ 4. ਆਸਾਵਰੀ 5. ਸਿੰਧਵੀਂ | 1. ਸਾਲੂ 2. ਸਾਰੰਗ 3. ਸਾਗਰਾ 4. ਗੱਡ 5. ਗੰਭੀਰ 6. ਗੁੰਡ 7. ਕੁੰਭ 8. ਹਮੀਰ |
| 6. ਮੇਘ | 1. ਸੋਰਠਿ 2. ਗੌਂਡ 3. ਮਲ੍ਹਾਰੀ 4. ਆਸਾ 5. ਸੂਹਊ | 1 ਬੈਰਾਧਰ 2. ਗਜਧਰ 3. ਕੇਦਾਰਾ 4. ਜਬਲੀਧਰ 5. ਨਟ 6. ਜਲਧਾਰਾ 7. ਸੰਕਰ 8. ਸਿਆਮਾ |

# ਮਾਰੂ ਕੀ ਵਾਰ

'ਮਾਰੂ ਕੀ ਵਾਰ' ਵਿਚ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੀ ਬਾਣੀ ਅੰਕਿਤ ਹੈ। ਗੁਰੂ ਅਮਰਦਾਸ ਦੀਆਂ ਕੁੱਲ ਉਚਾਰਨ 22 ਪਉੜੀਆਂ[1] ਹਨ, ਜਿਸ ਵਿਚ ਹਰ ਪਉੜੀ ਪੰਜ-ਪੰਜ ਤੁਕਾਂ ਦੀ ਹੈ। ਇਨ੍ਹਾਂ ਪਉੜੀਆਂ ਨਾਲ 47 ਸਲੋਕ ਵੀ ਅੰਕਿਤ ਹਨ ਪਰ ਪਉੜੀ ਦੂਜੀ, ਤੇਰਵੀਂ ਅਤੇ ਚੌਦਵੀਂ ਨਾਲ ਤਿੰਨ-ਤਿੰਨ ਸਲੋਕ ਹਨ ਜਦਕਿ ਬਾਕੀਆਂ ਨਾਲ ਦੋ-ਦੋ ਸਲੋਕ ਦਰਜ ਹਨ। ਕੁੱਲ 47 ਸਲੋਕਾਂ ਵਿਚੋਂ ਗੁਰੂ ਨਾਨਕ ਦੇ 18, ਗੁਰੂ ਅੰਗਦ ਦਾ ਇੱਕ, ਗੁਰੂ ਅਮਰਦਾਸ ਦੇ 23, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇ ਕ੍ਰਮਵਾਰ ਤਿੰਨ ਅਤੇ ਦੋ ਸਲੋਕ ਦਰਜ ਹਨ। ਸਲੋਕਾਂ ਦੀਆਂ ਤੁਕਾਂ ਵਿਚ ਇਕਸਾਰਤਾ ਨਹੀਂ, ਦੋ ਤੋਂ ਦਸ ਤੁਕਾਂ ਦੇ ਸਲੋਕ ਦ੍ਰਿਸ਼ਮਾਨ ਹੁੰਦੇ ਹਨ।

ਇਸ ਵਾਰ ਵਿਚ ਅਨੇਕ ਅਧਿਆਤਮਿਕ ਪੱਖਾਂ ਤੇ ਵਿਸਥਾਰ ਨਾਲ ਪ੍ਰਦੀਪਤੀ ਪ੍ਰਕਾਸ਼ ਪਾਇਆ ਗਿਆ ਹੈ।

ਗੁਰੂ ਅਰਜਨ ਵਲੋਂ ਉਚਾਰਨ 'ਮਾਰੂ ਕੀ ਵਾਰ' ਵਿਚ ਅੱਠ-ਅੱਠ ਤੁਕਾਂ ਦੀਆਂ 23 ਪਉੜੀਆਂ[2] ਹਨ। ਹਰ ਪਉੜੀ ਨਾਲ ਤਿੰਨ-ਤਿੰਨ ਸਲੋਕ ਆਏ ਹਨ। ਸਾਰੇ ਸਲੋਕ ਗੁਰੂ ਅਰਜਨ ਵਲੋਂ ਉਚਾਰਨ ਕੀਤੇ ਹਨ। ਸਿਰਫ਼ 21ਵੀਂ ਅਤੇ 22ਵੀਂ ਪਉੜੀ ਨਾਲ ਆਇਆ ਤੀਜਾ ਸਲੋਕ ਤਿੰਨ-ਤਿੰਨ ਤੁਕਾਂ ਦਾ ਹੈ, ਬਾਕੀ ਸਾਰੇ ਦੋ-ਦੋ ਤੁਕਾਂ ਦੇ ਹਨ। ਸਲੋਕਾਂ ਦੇ ਆਰੰਭ ਵਿਚ 'ਡਖਣੇ' ਪਦ ਆਇਆ ਹੈ। ਸਾਰੇ ਸਲੋਕ ਲਹਿੰਦੀ ਭਾਸ਼ਾ ਵਿਚ ਹਨ ਜਦਕਿ ਪਉੜੀਆਂ ਸਾਧ-ਭਾਖਾ ਪੰਜਾਬੀ ਵਾਲੀਆਂ ਹਨ। ਗੁਰਮਤਿ ਦੇ ਵਿਭਿੰਨ ਨੁਕਤਿਆਂ ਦੀ ਵਿਆਖਿਆ, ਇਸ ਵਾਰ ਦੀ ਕੇਂਦਰੀ ਸਾਰ ਹੋ ਨਿਬੜੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol III),** op.cit, P: 61
2. Ibid, p. 63

# ਮਾਲੀ ਗਉੜਾ

ਮਾਰੂ ਠਾਟ ਦਾ ਮਧੁਰ ਅਤੇ ਬਹੁਤ ਹੀ ਸੁੰਦਰ ਸੰਪੂਰਣ ਰਾਗ, ਜੋ ਆਮ ਤੌਰ ਤੇ ਘੱਟ ਹੀ ਸੁਣਨ ਨੂੰ ਮਿਲਦਾ ਹੈ। ਇਸ ਦੇ ਗਉਣ ਦਾ ਸਮਾਂ ਦਿਨ ਦਾ ਪਹਿਲਾ/ਤੀਜਾ ਪਹਿਰ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗਬੱਧ ਬਾਣੀ ਵਿਚ 20 ਨੰਬਰ ਤੇ ਅਤੇ ਅੰਕ 984-988 ਤੱਕ ਅੰਕਿਤ ਹੈ।

'ਮਹਾਨ ਕੋਸ਼'[1] ਅਨੁਸਾਰ ਇਹ ਪੂਰੀਆ ਤੇ ਸਿਰੀ ਰਾਗ ਦੇ ਮੇਲ ਤੋਂ ਬਣਦਾ ਹੈ। ਇਸ ਵਿਚ ਰਿਸ਼ਭ ਵਾਦੀ ਤੇ ਧੈਵਤ ਸੰਵਾਦੀ ਹੈ। ਸ਼ੜਜ ਗਾਂਧਾਰ ਪੰਚਮ ਨਿਸ਼ਾਦ ਸ਼ੁਧ, ਰਿਸ਼ਭ ਕੋਮਲ, ਧੈਵਤ ਦੋਵੇਂ ਅਤੇ ਮੱਧਮ ਤੀਵਰ ਲਗਦਾ ਹੈ।

ਆਰੋਹੀ:— ਸ਼ ਰਾ ਗ ਮੀ ਪ ਧ ਨ ਸ਼

ਅਵਰੋਹੀ:— ਸ਼ ਨ ਧ ਪ ਮੀ ਗ ਰਾ ਸ਼

ਇਸ ਰਾਗ ਵਿਚ ਕੁੱਲ 17 ਚਉਪਦੇ ਹਨ, ਜਿਨ੍ਹਾਂ ਵਿਚੋਂ ਗੁਰੂ ਰਾਮਦਾਸ ਦੇ 6 (ਇਕ ਛਕਾ ਛੇ ਚਉਪਦਿਆਂ ਦਾ), ਗੁਰੂ ਅਰਜਨ ਦੇ 8 (ਤਿੰਨ ਦੁਪਦੇ ਅਤੇ ਪੰਚ ਚਉਪਦੇ) ਅਤੇ ਨਾਮਦੇਵ ਦੇ ਤਿੰਨ ਚਉਪਦੇ ਦਰਜ ਹਨ। ਇਸ ਰਾਗਮਈ ਬਾਣੀ ਦਾ ਸਾਰ ਹੈ ਕਿ ਗੁਰੂ ਦੀ ਸ਼ਰਨ, ਸੰਸਾਰਿਕ ਡਰ, ਗੁਰੂ ਦੀ ਸੇਵਾ, ਹਰਿ-ਨਾਮ, ਸਾਧ-ਸੰਗਤਿ, ਅਵਤਾਰਵਾਦ ਆਦਿ ਅਨੇਕ ਗੁਰਮਤਿ ਵਿਸ਼ਿਆਂ ਤੇ ਪ੍ਰਕਾਸ਼ ਪਾਇਆ ਗਿਆ ਹੈ।

ਗਉੜਾ ਨੂੰ 'ਰਾਗਮਾਲਾ'[2] ਵਿਚ ਦੀਪਕ ਦਾ ਪੁੱਤਰ ਲਿਖਿਆ ਹੋਇਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਪੂਰਵ ਅੰਕਤ, ਅੰਕ 968
2. **The Encyclopeadia of sikhism (Vol II),** op.cit, P: 175
   "Gaura is listed in the Ragmala as a putra (son) of Dipak, but not Mali Gaura. Currently classified under the Marva Thata, Mali Gaura is Performed in the evening at sun set. In recent years it is rarely heard in concert."

# ਮੁੰਦਾਵਣੀ

ਨਿਮਨਲਿਖਤ ਸਿਰਲੇਖ 'ਮੁੰਦਾਵਣੀ ਮਹਲਾ ੫' ਹੇਠ ਦੋ ਸਲੋਕ ਗੁਰੂ ਗ੍ਰੰਥ ਸਾਹਿਬ ਦੇ ਅੰਕ 1429 ਉੱਤੇ ਅੰਕਿਤ ਹਨ। ਪਹਿਲੇ ਸਲੋਕ ਵਿਚ ਪੰਜ ਤੁਕਾਂ ਹਨ। ਜਦਕਿ ਦੂਜੇ ਸਲੋਕ ਵਿਚ ਚਾਰ ਤੁਕਾਂ ਆਈਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਲਿਖਣ ਪ੍ਰਕ੍ਰਿਆ ਦੀ ਸਮਾਪਤੀ ਸਮੇਂ ਹੀ ਇਹ ਦੋਵੇਂ ਸਲੋਕਾਂ ਦੀ ਰਚਨਾ ਮੰਨੀ ਜਾਂਦੀ ਹੈ। ਅਸਲ ਵਿਚ ਇਹ ਦੋਵੇਂ ਸਲੋਕ ਗੁਰੂ ਗ੍ਰੰਥ ਸਾਹਿਬ ਵਰਗੇ ਅਨੋਖੇ ਅਤੇ ਵੱਡੇ ਕਾਰਜ ਦੀ ਸਮਾਪਤੀ ਤੇ ਅਕਾਲਪੁਰਖ ਦਾ ਸ਼ੁਕਰੀਆ ਕੀਤਾ ਹੈ, ਜੋ ਪ੍ਰਭੂ-ਪ੍ਰਮਾਤਮਾ ਦੀ ਕ੍ਰਿਪਾ ਤੇ ਮਿਹਰ ਦੁਆਰਾ ਸੰਪੂਰਨ ਹੋਇਆ ਹੈ।

ਮੁੰਦਾਵਣੀ ਦੇ ਸ਼ਬਦੀ ਅਰਥ ਹਨ ਬੁਝਾਰਤ, ਅੜਾਉਣੀ ਭੇਤ ਵਾਲੀ ਗੱਲ[1], ਮੋਹਰ ਲਾਕੇ ਬੰਦ ਕੀਤੀ ਆਦਿ। ਮੁੰਦਾਵਣੀ 'ਮੁੰਦਣਾ' ਤੋਂ ਬਣਿਆ ਸ਼ਬਦ ਹੈ ਜਿਸ ਦਾ ਭਾਵ ਹੈ ਬੰਦ ਕਰਨਾ ਜਾਂ ਮੁਹਰ ਲਾਉਣੀ। ਵੱਖ-ਵੱਖ ਵਿਦਵਾਨਾਂ ਨੇ 'ਮੁੰਦਾਵਣੀ' ਦੇ ਕੋਸ਼ਗਤ ਅਰਥ ਦਿੱਤੇ ਹਨ। ਕਈਆਂ ਨੇ ਪ੍ਰਸੰਨ ਕਰਨਾ, ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ[2] ਵੀ ਲਿਖਿਆ ਹੈ। ਸਮਾਪਤੀ ਉਪਰ ਮੁਦਣ ਕਰਕੇ ਇਹ ਉਪਦੇਸ਼ ਹੈ ਕਿ ਇਥੇ ਧਰਮਗ੍ਰੰਥ ਦੇ ਪਾਠ ਦਾ ਭੋਗ ਹੈ।[3]

ਇਹ ਬਾਣੀ ਗੁਰੂ ਅਰਜਨ ਦੁਆਰਾ ਉਚਾਰਨ ਕੀਤੀ ਹੋਈ ਹੈ। ਮੁਦਾਵਣੀ ਪਦ ਦੀ ਮੁੱਢ ਕਾਢ (Derivation) 'ਮੁਦ' ਪਦ ਤੋਂ ਹੈ, ਜਿਸ ਦਾ ਭਾਵ 'ਮੁਦਤਾ' ਖੁਸ਼ੀ ਦਾ।.....ਇਹ ਸਦ ਸਦਾ ਸ਼ਾਦ ਕਰਨਹਾਰੀ ਅਹਿਲਾਦ-ਮਈ ਮੁਦਾਵਣੀ (ਨਾਮ-ਅੰਮ੍ਰਿਤ ਭੋਜਨ) ਸਦਾ ਹਿਰਦੇ (ਉਰਿ) ਅੰਦਰਿ ਧਾਰੀ ਹੀ ਰੱਖੀਏ, ਸਦਾ ਇਸ ਦਾ ਭਜਨ ਕਰੀ ਹੀ ਜਾਈਏ, ਇਸ ਨੂੰ ਕਿਉਂ ਹਿਰਦੇ ਵਿਚੋਂ ਕਢੀਏ। ਇਹ ਅਨੰਦ, ਅਹਿਲਾਦ, ਮੁਦਤਾ-ਮਈ ਮੁਦਾਵਣੀ ਸੱਚੇ ਸਾਹਿਬ ਸਤਿਗੁਰੂ ਨੇ ਆਪਣੇ ਪਰਮ ਪ੍ਰਸਾਦ ਕਰਿ ਗੁਰਸਿਖਾਂ ਤਾਈਂ ਲਭਾਈ ਪ੍ਰਾਪਤ ਕਰਾਈ ਹੈ ਅਤੇ ਗੁਰੂ ਵਰੋਸਾਏ ਗੁਰਸਿੱਖਾਂ ਨੇ ਹੀ ਅਤੁਟ ਅਭਿਆਸ ਕਮਾਈਆਂ ਕਰਿ ਕਰਿ ਹਿਰਦੇ ਅੰਦਰੋਂ ਹੀ ਭਾਲ ਟੋਲ ਕੇ ਲਭ ਲਈ ਹੈ।[4] ਬਹੁਤ ਸਾਰੇ ਵਿਦਵਾਨਾਂ ਵਿਚ 'ਮੁਦਾਵਣੀ' ਅਤੇ 'ਮੁੰਦਵਾਣੀ' ਸ਼ਬਦਾਂ ਦੇ ਅਰਥਾਂ ਵਿਚ ਵਿਚਾਰਾਂ ਦਾ ਮਤਭੇਦ ਹੈ।

ਗੁਰੂ ਅਰਜਨ ਨੇ ਰੂਪ ਅਲੰਕਾਰ ਰਾਹੀਂ ਭੋਜਨ ਕਰਨ ਲਈ ਪਰੋਸੇ ਹੋਏ ਥਾਲ ਦਾ ਚਿਤਰਣ ਕਰਕੇ ਉਸ ਦੀ ਅਭੇਦਤਾ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਨਾਲ ਸਥਾਪਿਤ ਕੀਤੀ ਹੈ ਜਿਸ ਵਿਚ ਸਤ, ਸੰਤੋਖ ਅਤੇ ਵਿਚਾਰਾਂ ਨਾਂ ਦੇ ਤਿੰਨ ਖਾਧ-ਪਦਾਰਥ ਹਨ ਜਿਨ੍ਹਾਂ ਤੋਂ ਨਾਮ-ਰੂਪੀ ਅੰਮ੍ਰਿਤ ਦੇ ਸੰਯੋਗ ਨਾਲ ਅਜਿਹਾ ਭੋਜਨ ਤਿਆਰ ਕੀਤਾ ਗਿਆ ਹੈ, ਜਿਸ ਨਾਲ ਸੰਸਾਰ ਦੀ ਅਧਿਆਤਮਿਕ ਭੁਖ ਸਦਾ ਲਈ ਮਿਟ ਜਾਂਦੀ ਹੈ। ਇਸ ਭੋਜਨ ਦੇ ਸੇਵਨ ਤੋਂ ਬਿਨਾਂ ਅੰਧਕਾਰ-ਮਈ ਸੰਸਾਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ। ਕੁੱਝ ਵਿਆਖਿਆਕਾਰਾਂ ਦਾ ਮਤ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਇਸ ਦਾ ਦਰਜ ਹੋਣਾ, ਇਸ ਗ੍ਰੰਥ ਸਾਹਿਬ ਦੀ ਸਮਾਪਤੀ ਦੀ ਮੋਹਰ-ਛਾਪ ਸਿੱਧ ਕਰਦਾ ਹੈ, ਤਾਂ ਜੋ ਇਸ ਵਿਚ ਕੋਈ ਰਲਾ ਨਾ ਪੈ ਸਕੇ। ਪਰ ਕੁੱਝ ਵਿਦਵਾਨ ਇਸ ਰੂਪਕ-ਸਿਰਜਨਾ ਨੂੰ ਇਕ ਬੁਝਾਰਤ ਦੱਸਦੇ ਹਨ, ਜਿਸ ਦੇ ਅਰਥ ਜੇ ਕੋਈ ਜਿਗਿਆਸੂ

ਖੋਲ੍ਹ ਸਕੇ ਤਾਂ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ।[5] ਭੋਜਨ ਦੇ ਥਾਲ ਵਿਚ 'ਸਤ, ਸੰਤੋਖ ਅਤੇ ਵਿਚਾਰ' ਤਿੰਨ ਚੀਜ਼ਾਂ ਪਈਆਂ ਹਨ, ਜਿਨ੍ਹਾਂ ਵਿਚ ਪਰਮਸਤਿ ਦੇ ਆਤਮਿਕ ਜੀਵਨ ਦਾ 'ਨਾਮ' ਆ ਵਸਦਾ ਹੈ। ਹਰ ਜੀਵ ਲਈ ਆਸਰਾ ਬਣਿਆ, ਸਦਾ ਖਾਣ ਨਾਲ, ਵਿਕਾਰਾਂ ਤੋਂ ਬਚਾਉ ਹੋ ਜਾਂਦਾ ਹੈ।

'ਮੁੰਦਾਵਣੀ'[6] ਗੁਰੂ ਗ੍ਰੰਥ ਸਾਹਿਬ ਦਾ ਅਹਿਮ ਹਿੱਸਾ ਹੈ, ਜੋ ਭੋਗ ਸਮੇਂ ਪੜ੍ਹੀ ਜਾਂਦੀ ਹੈ। ਭਾਰਤੀ ਪ੍ਰੰਪਰਾ ਵਿਚ ਇਸ ਦੀਆਂ ਜੜ੍ਹਾਂ[7] ਬਹੁਤ ਪੁਰਾਣੀਆਂ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **ਸ੍ਰੀ ਗੁਰੂ ਗ੍ਰੰਥ ਕੋਸ਼**, ਪੂਰਵ ਅੰਕਤ, ਅੰਕ 1027
2. ਪ੍ਰੋ. ਸਾਹਿਬ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** (ਪੋਥੀ ੧੦), ਪੂਰਵ ਅੰਕਤ, ਅੰਕ 691
3. **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੂਰਵ ਅੰਕਤ, ਅੰਕ, 986
4. ਰਣਧੀਰ ਸਿੰਘ, **ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ**, ਛਾਪ ਪਹਿਲੀ, ਅੰਕ 637-42
5. **ਗੁਰੂ ਗ੍ਰੰਥ ਵਿਸ਼ਵਕੋਸ਼ ( ਭਾਗ ਦੂਜਾ)**, ਪੂਰਵ ਅੰਕਤ, ਅੰਕ 390
6. **The Encyclopeadia of sikhism (Vol III),** op.cit, P: 147
   "Mundavani (Lit. a seal or riddle), the concluding hymn of the Guru Granth Sahib composed by Guru Arjan as an epilogue to the scripture which he had himself compiled and the first copy of which was transcribed under his guidance..... **Mundavani** is an integral part of the scriptural text and is always recited at the end of any full-reading of the Holy Book. It is also recited as part of the Rahrasi, the daily evening prayer of the sikhs.
   Exegetes have interpreted the word **'Mundavani'** Variously. Some take it to mean a riddle in which sense it is still used in the pothohari dialect of punjabi. They quote in support of their view this line from Guru Amar Das, Nanak III: **"Eh Mudavani Satiguru pai gursikha ladhi bhali,** The Guru has posed this, **Mundavani** i,e riddle, and the sikhs have unravelled it (GG, 645).......More commonly, the term **Mundavani** as used by Guru Arjan is understood to be the equivalent of a seal or stamp. the Guru wrote **Mundavani** as

a conclusion to the Guru Granth Sahib, Thus affixing his seal to the holy writ. The seal was in token of the authentication of the text; it was also. perhaps meant to preclude any apocryphal additions."

7. **ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੂਰਵ ਅੰਕਤ, ਅੰਕ 986**
"ਭਾਰਤ ਵਿਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਣ ਪਾਣ ਦਾ ਪ੍ਰਬੰਧ ਕਰਨ ਵਾਲਾ ਸਰਦਾਰ, ਆਪਣੇ ਸਾਮ੍ਹਣੇ ਭੋਜਨ ਤਿਆਰ ਕਰਵਾਕੇ ਦੇਗਚੇ ਆਦਿ ਬਰਤਨ ਪੁਰ ਮੁਹਰ ਲਾਇੰਦਾ ਹੈ, ਤਾਂਕਿ ਕੋਈ ਅਸ਼ੁਭ ਚਿੰਤਕ ਜ਼ਹਿਰ ਆਦਿ ਭੋਜਨ ਵਿਚ ਨਾ ਮਿਲਾ ਸਕੇ; ਫਿਰ ਜਦ ਥਾਲ ਪਰੋਸਦਾ ਹੈ ਤਦ ਵੀ ਥਾਲਪੁਰ ਸਰਪੋਸ਼ ਦੇ ਕੇ ਮੁਹਰ ਲਾ ਦਿੰਦਾ ਹੈ, ਅਰ ਉਹ ਮੁਹਰ ਜ਼ਿੰਮੇਵਾਰ ਸਰਦਾਰ ਦੇ ਰੂਬਰੂ ਮਹਾਰਾਜਾ ਦੇ ਸਨਮੁਖ ਖੋਲ੍ਹੀ ਜਾਂਦੀ ਹੈ., ਇਸ ਉਪਰਲੇ ਭਾਵ ਨੂੰ ਲੈ ਕੇ ਇਕ ਵਾਕ ਹੈ—"ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾਂ ਲਧੀ ਭਾਲਿ।" (ਮ:੩ ਵਾਰ ਸੋਰ) ਭਾਵ ਇਹ ਹੈ ਕਿ ਗੁਰ ਉਪਦੇਸ਼ ਸਿੱਖਾਂ ਦੇ ਮਨ ਦ੍ਰਿੜ੍ਹ ਕਰਾਕੇ ਸਤਿਗੁਰੂ ਨੇ ਸਿੱਖ ਮਰਯਾਦਾ ਦੀ ਮੁਹਰ ਛਾਪ ਲਾ ਦਿੱਤੀ ਹੈ, ਤਾਂਕਿ ਨਿਯਮਾਂ ਵਿਚ ਗੜਬੜ ਨਾ ਹੋਵੇ।"

# ਮੂਲ ਮੰਤਰ

'ਮੂਲ ਮੰਤਰ' ਗੁਰੂ ਗ੍ਰੰਥ ਸਾਹਿਬ ਵਿਚ ਆਈ ਕਿਸੇ ਬਾਣੀ ਦਾ ਸਿਰਲੇਖ ਨਹੀਂ ਪਰ ਜਪੁਜੀ ਸਾਹਿਬ ਦੀ ਬਾਣੀ ਦਾ ਮੁੱਢ ਹੈ। ਗੁਰੂ ਗ੍ਰੰਥ ਸਾਹਿਬ ਦਾ ਸਾਰਾ ਦਰਸ਼ਨ ਜਪੁਜੀ ਸਾਹਿਬ ਦੀ ਬਾਣੀ ਵਿਚ ਬੀਜ ਰੂਪ ਵਿਚ ਮੌਜੂਦ ਹੈ। ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਨੂੰ ਚਾਨਣ ਬਖਸ਼ਦੀ, ਇਹ ਹਰ ਸਮੇਂ ਗੁਰਸਿੱਖਾਂ ਦੀ ਰਹਿਬਰੀ ਕਰਦੀ ਹੈ। 'ਮੂਲ ਮੰਤਰ' ਅਸਲ ਵਿਚ ਪ੍ਰਮਾਤਮਾ ਦੇ ਸਰੂਪ ਦੇ ਰੂਬਰੂ ਗੁਰੂ ਦੀ ਮਹਿਮਾ ਦਾ ਚਾਨਣ ਵੰਡਦੀ ਹੈ। ਮੂਲਮੰਤਰ ਦਾ ਪ੍ਰਮਾਣਿਕ ਸਰੂਪ ਜੋ ਸਿੱਖ ਤਵਾਰੀਖ ਅਤੇ ਰਵਾਇਤ ਵਿਚ ਪ੍ਰਗਟ ਹੋਇਆ ਹੈ ਅਤੇ ਜਿਸ ਨੂੰ ਸਾਰਾ ਪੰਥ ਸਵੀਕਾਰ ਕਰਦਾ ਹੈ, ਉਹ ਇੰਞ ਹੈ:

*"੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥"*

ਉੱਪਰ ਵਰਨਣ 'ਮੂਲ ਮੰਤਰ' ਦਾ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ ਤੇਤੀ (33) ਵੇਰ ਆਇਆ ਹੈ। ਹਰ ਰਾਗ ਤੋਂ ਪਹਿਲਾਂ 'ਮੂਲ ਮੰਤਰ' ਦਾ ਹੀ ਸਰੂਪ ਸੰਖੇਪ ਕਰਕੇ ਲਿਖਿਆ ਮਿਲਦਾ ਹੈ ਜੋ 525 ਵੇਰ ਅੰਕਿਤ ਹੋਇਆ ਹੈ। ਇਸ ਵਿਚ ਗੁਰਮਤਿ ਦੇ ਮੁੱਢਲੇ ਸਿਧਾਂਤਾਂ ਤੇ ਚਾਨਣਾ ਪਾਇਆ ਗਿਆ ਹੈ ਅਤੇ ਸਿੱਖ ਧਰਮ ਦੇ ਨੇਮਾਂ ਦੀ ਸੰਗੇ-ਬੁਨਿਆਦ ਰੱਖੀ ਗਈ ਹੈ। ਇਹ ਸੰਗੇ-ਬੁਨਿਆਦ ਵਾਹਿਗੁਰੂ ਦੀ ਹਸਤੀ ਦੀ ਹੈ, ਇਸੇ ਸਰੂਪ ਦਾ ਚਾਨਣ ਵੰਡਦੀ ਹੈ। 'ਮੂਲ ਮੰਤਰ' ਵਿਚ ਅਕਾਲ-ਪੁਰਖ ਦਾ ਸਰੂਪ ਪ੍ਰਗਟ ਹੁੰਦਾ ਹੈ ਜਿਸ ਵਿਚ ਗੁਰੂ ਨਾਨਕ ਦੇ ਅਨੁਭਵੀ ਗਿਆਨ ਦਾ ਜੀਵਿਆ ਸੱਚ ਹੀ ਰੂਪਮਾਨ ਹੋਇਆ ਹੈ।

'ਮੂਲ ਮੰਤਰ' ਸ਼ਬਦ 'ਮੂਲ' ਅਤੇ 'ਮੰਤਰ' ਦਾ ਸੁਮੇਲ ਹੈ, ਜੋ ਸਮਾਸੀ ਹੈ[1]। ਬਹੁਤ ਸਾਰੇ ਵਿਦਵਾਨਾਂ ਨੇ ਵੱਖ ਵੱਖ ਪ੍ਰਸੰਗਾਂ ਵਿਚ ਇਸ ਦੇ ਕਈ ਅਰਥ ਕੀਤੇ ਹਨ। ਜਪੁ-ਰਚਨਾ ਦੇ ਸ਼ੁਰੂ ਵਿਚ 'ਮੂਲ-ਮੰਤਰ' ਅੰਕਿਤ ਹੈ। ਸੰਰਚਨਾਤਮਿਕ ਨਜ਼ਰੀਏ ਤੋਂ ਇਹ ਜਪੁਜੀ ਦਾ ਭਾਗ ਨਹੀਂ ਜਾਪਦਾ। 'ਮੂਲ-ਮੰਤਰ' ਅਸਲੋਂ ਸੁਤੰਤਰ ਰੂਪ ਵਾਲੀ ਰਚਨਾ ਹੈ। ਅਧਿਆਤਮਿਕਤਾ ਦਾ ਮੂਲ ਹੋਣ ਕਾਰਨ , ਇਹ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਰਾਗ ਅਤੇ ਹਰ ਵਡੇਰੀ ਰਚਨਾ ਦੇ ਆਰੰਭ ਵਿਚ 'ਮੂਲ-ਮੰਤਰ' ਅੰਕਿਤ ਹੈ। 'ਮੂਲ' ਦਾ ਅਰਥ ਜੜ੍ਹ, ਮੁੱਢ ਆਦਿ ਕੀਤਾ ਜਾਂਦਾ ਹੈ। 'ਮੰਤਰ' ਦੇ ਪਹਿਲਾਂ 'ਮੂਲ' ਲੱਗ ਜਾਣ ਨਾਲ ਇਹ ਸਾਰੇ ਮੰਤਰਾਂ ਦਾ ਮੂਲ ਜਾਂ ਮੁੱਢ ਬਣ ਜਾਂਦਾ ਹੈ। ਗੁਰਬਾਣੀ ਵਿਚ ਨਾਮ-ਮਾਰਗ ਹੀ ਉੱਤਮ ਹੈ। ਪਰਮਸਤਿ ਦਾ ਪੂਰਨ ਨਾਮ ਹੀ 'ਮੰਤਰ' ਦੱਸਿਆ ਗਿਆ ਹੈ।

** ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥*

*—ਮਾਰੂ ੧, ਸੋਲਾ ੨੦, ੫:੩ (1040)*

ਗੁਰਬਾਣੀ ਵਿਚ 'ਮੂਲ' ਨੂੰ 'ਡਾਲੀ' ਨਾਲ ਤੁਲਨਾ ਦੇ ਕੇ ਇਕ ਹੋਰ ਪੱਖ ਉਘੜਦਾ ਹੈ। ਅਸਲ ਵਿਚ 'ਡਾਲੀ' ਸੰਸਾਰ, ਸੰਸਾਰੀ ਪਦਾਰਥ, ਜੀਵ ਜੰਤੂ ਆਦਿ ਬਾਰੇ ਸੰਕੇਤਕ ਹੈ।

* *ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥*

*—ਆਸਾ ੧, ਅਸ ੧੮, ੧:੨ (420)*

* *ਮੂਲਿ ਲਾਗੇ ਸੇ ਜਨ ਪਰਵਾਣੁ ॥*
*ਡਾਲੀ ਲਾਗੇ ਨਿਹਫਲੁ ਜਾਇ ॥*

*—ਆਸਾ ੩, ੪੪: ੧*: ੧-੨ (362)*

* *ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥*
*ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥*

*—ਮਾਰੂ ੩, ਸੋਲਾ ੮, ੪: ੧-੨ (1051)*

ਗੁਰੂ ਸਾਹਿਬਾਂ ਨੇ ਵੀ ਇਹੋ 'ਮੂਲ ਮੰਤਰ' 'ਦਸਖਤ ਨੀਸਾਣ' ਕਈ ਪੁਰਾਤਨ ਹੱਥ- ਲਿਖਤ ਬੀੜਾਂ[2] ਵਿਚ ਅੰਕਿਤ ਕੀਤੇ ਹਨ। ਭਾਈ ਗੁਰਦਾਸ ਨੇ ਵੀ 'ਮੂਲ ਮੰਤਰ' ਨੂੰ ਸੁਰਤਿ ਨਾਲ ਜੋੜ ਕੇ ਗੁਰਸਿੱਖ ਲਿਵ ਲੀਨ ਹੋ ਜਾਂਦਾ ਹੈ, ਇਹੋ ਦ੍ਰਿੜ੍ਹ ਨਿਸਚੇ ਦਾ ਪ੍ਰਕਾਸ਼ਮਾਨ ਜਲੌਅ ਹੈ।

*ਸਤਿਗੁਰ ਸਬਦੁ ਸੁਰਤਿ ਲਿਵ ਮੂਲ ਮੰਤ੍ਰ*
*ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ।*

*(ਕਬਿਤ ਸਵੱਯੇ, 183/3)*

ਗੁਰੂ ਨਾਨਕ ਨੇ 'ਮੂਲ-ਮੰਤਰ' ਆਪਣੇ ਸਿੱਖਾਂ ਨੂੰ ਸਿਮਰਨ ਅਤੇ ਮਹੱਤਤਾ ਬਾਰੇ ਸਪਸ਼ਟ ਕਰਦਿਆਂ 'ਪੁਰਾਤਨ ਜਨਮਸਾਖੀ' ਦਾ ਕਰਤਾ ਲਿਖਦਾ ਹੈ, "ਤਬ ਸਿੰਗਲਾਦੀਪ ਕੀ ਸੁਰਤਿ ਹੋਈ। ਜਾਇ ਸਮੁੰਦਰ ਅਸਗਾਹ ਵਿਚਿ ਖੜ੍ਹੇ ਹੋਇ। ਤਬ ਬਾਬੇ ਆਖਿਆ, 'ਏਹਾ ਅਸਗਾਹ ਸਮੁੰਦਰ ਕਿਉਂ ਕਰਿ ਤਰੀਐ, ਲੰਘੀਐ ॥ ਤਦਹੁ ਸਿਖਾ ਬੇਨਤੀ ਕੀਤੀ, ਸੈਦੋ ਅਤੇ ਸੀਹੇ ਆਖਿਆ, ਜੀ ਤੇਰੇ ਹੁਕਮ ਨਾਲਿ ਪਹਾੜ ਤਰਨਿ ॥ ਤਬ ਗੁਰੂ ਬੋਲਿਆ, ਆਖਿਓਸ, 'ਏਹੁ ਪੜਦੇ ਆਵਹੁ: ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।"

ਤਬ ਬਾਬਾ ਬੋਲਿਆ, ਆਖਿਓਸ, 'ਜਿਸ ਸਿਖ ਦੈ ਮੁਹਿ ਏਹੁ ਸਲੋਕੁ ਹੋਵੈਗਾ ਅਤੇ ਉਹੁ ਪੜਦਾ ਜਾਵੇਗਾ ਅਤੇ ਉਸਦੈ ਪਿਛੈ ਜਿਤਨੀ ਸੁਣੇਗੀ ਤਿਤਨੀ ਭਵਜਲੁ ਪਾਰਿ ਲੰਘੇਗੀ।"[3] 'ਮੂਲ ਮੰਤਰ' ਸਿਖਾਂ ਲਈ ਉਸੇ ਤਰ੍ਹਾਂ ਹੈ ਜਿਵੇਂ ਇਸਲਾਮ ਲਈ 'ਅੱਲਾ'।[4]

'ਮੂਲ ਮੰਤਰ' ਵਿਚਲੇ ਸਾਰੇ ਪਦ ਭਾਰਤੀ ਅਧਿਆਤਮਿਕਤਾ ਦੀ ਪਰੰਪਰਾ ਵਿਚੋਂ ਲਏ ਗਏ ਹਨ ਪਰ ਗੁਰੂ ਨਾਨਕ ਨੇ ਇਨ੍ਹਾਂ ਦੇ ਪਰੰਪਰਾਮਈ ਅਰਥਾਂ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ ਅਤੇ ਇਨ੍ਹਾਂ ਵਿਚ ਬ੍ਰਹਮਮੂਲਕ ਅਧਿਆਤਮਿਕਤਾ ਦੇ ਅਤਿਅੰਤ ਨਿਸ਼ਚਿਤ ਅਤੇ ਪ੍ਰਸਿੱਧ ਸਰੂਪ ਨੂੰ ਉਜਾਗਰ ਕੀਤਾ ਹੈ। ਨਾਲੇ 'ਮੂਲ ਮੰਤਰ' ਵਿਚ ਸਰਲਤਾ ਬਣ ਚੁੱਕਿਆ ਹੈ। ਇਹ ਰੂੜ੍ਹ ਹੋ ਚੁੱਕੀ ਭਾਸ਼ਾ ਵਿਚ ਬਿਆਨ ਹੈ। ਇਸੇ ਲਈ ਇਹ ਮੰਤਰ ਹੈ। ਇਹ ਅਪਾਰਦਰਸ਼ੀ ਭਾਸ਼ਾ ਦਾ ਨਮੂਨਾ ਹੈ ਅਤੇ ਇਸ ਵਿਚ ਗਣਿਤ ਸ਼ਾਸਤਰੀ ਸਰਲਤਾ ਹੈ। ਮੱਧਕਾਲੀ ਸਾਂਸਕ੍ਰਿਤਿਕ ਸਮਨਵੈਂ ਦੀ ਬਿਰਤੀ ਨੂੰ ਅਪਣਾਉਂਦਿਆਂ, ਗੁਰੂ ਸਾਹਿਬ ਨੇ ਇਸ ਵਿਚ 'ਇੱਕ ਈਸ਼ਵਰਵਾਦ' ਅਤੇ 'ਬ੍ਰਹਮਵਾਦ' ਦਾ ਸਿਰਜਨਾਤਮਿਕ ਸੰਯੋਗ ਕਰ ਦਿੱਤਾ ਹੈ।[5] ਗੁਰੂ ਨਾਨਕ ਨੇ ਗੁਰਦੀਖਿਆ ਦੇ ਰੂਪ ਵਿਚ ਜੋ 'ਮੂਲ-ਮੰਤਰ' ਆਪਣੇ ਸਿੱਖਾਂ ਨੂੰ ਬਖਸ਼ਿਸ਼ ਕੀਤਾ, ਉਹ ਗੁਰੂ ਸਾਹਿਬ ਨੇ ਅਕਾਲ ਪੁਰਖ ਨਾਲ ਏਕਾਕਾਰ/ਇਕਸੁਰ ਹੋਕੇ ਪ੍ਰਾਪਤ ਕੀਤਾ। ਸਿੱਖ ਤਵਾਰੀਖ, ਰਵਾਇਤ

ਅਤੇ ਗੁਰੂ ਸਾਹਿਬਾਨ ਦੇ 'ਦਸਖਤ ਨੀਸਾਣ' ਦਾ ਸਾਰਾਂਸ਼ ਇਹੋ ਹੈ, ਕਿ ਉਪਰ ਵਰਣਨ 'ਮੂਲ ਮੰਤਰ' ਹੀ ਪ੍ਰਮਾਣਿਕ ਸਰੂਪ ਵਜੋਂ ਸਵੀਕਾਰ ਕੀਤਾ ਜਾਂਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਡਾ. ਵਿਕਰਮ ਸਿੰਘ, ਮੂਲ ਮੰਤਰ ਦਾ ਪ੍ਰਮਾਣਿਕ ਸਰੂਪ, ਧਰਮ ਪ੍ਰਚਾਰ ਕਮੇਟੀ (ਸ਼੍ਰੋ: ਗੁ: ਪ੍ਰੰ. ਕਮੇਟੀ ਅੰਮ੍ਰਿਤਸਰ), 1997, ਅੰਕ: 2
2. ਪੂਰਵ ਅੰਕਤ, ਅੰਕ: 9–10 (ਵਿਸਥਾਰ ਲਈ ਵੇਖੋ: '**ਨੀਸਣ ਤੇ ਹੁਕਮਨਾਮੇ**' (ਸੰ.) ਸ਼ਮਸ਼ੇਰ ਸਿੰਘ ਅਸ਼ੋਕ

"(੧) ਸ੍ਰੀ ਗੁਰੂ ਹਰਿਰਾਇ ਜੀ ਦੇ ਨੀਸਾਣ' ੧ਓ......ਗੁਰ ਪ੍ਰਸਾਦਿ' ਰੂਪ ਵਿਚ

(ੳ) ਧਰਮਸਾਲਾ ਭਾਈ ਪੈਂਦਾ ਸਾਹਿਬ, ਰਾਵਲਪਿੰਡੀ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਅ) ਦੇਹਰਾਦੂਨ ਵਾਲੇ ਸੰਮਤ 1716 ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(੨) ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨੀਸਾਣ '੧ਓ......ਗੁਰ ਪ੍ਰਸਾਦਿ' ਰੂਪ ਵਿਚ ਕਈ ਪੁਰਾਤਨ ਹੱਥ ਲਿਖਤ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਮਿਲਦੇ ਹਨ:

(ੳ) ਗੁਰਦੁਆਰਾ ਮੈਣੀ ਸੰਗਤਿ ਪਟਨਾ ਸਾਹਿਬ ਵਿਚ ਸੰਮਤ 1714 ਦੇ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਵਿਚ।

(ਅ) ਗੁਰਦੁਆਰਾ ਥੰਮ ਸਾਹਿਬ ਪਟਨਾ ਦੇ ਸੰਮਤ 1781 ਦੇ ਪੁਰਾਤਨ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ।

(ੲ) ਸ੍ਰੀ ਗੁਰੂ ਨਾਨਕ ਆਸ਼੍ਰਮ ਅਰਹੋਰਾ ਦੇ ਸੰਮਤ 1799 ਦੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ।

(ਸ) ਭਾਈ ਬੰਨੋਆਣੀਆਂ ਪਾਸ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਦੇ ਇਕ ਪੁਰਾਤਨ ਸਰੂਪ ਵਿਚ।

(ਹ) ਸਿੱਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਸੰਮਤ 1728 ਦੀ ਹੱਥ ਲਿਖਤ ਪੋਥੀ ਨੰ: 1657 ਵਿਚ।

(ਕ) ਉੱਤਰ ਪ੍ਰਦੇਸ਼ ਦੇ ਛੋਟਾ ਮਿਰਜ਼ਾਪੁਰ ਦੇ ਸੰਮਤ 1739 ਦੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ।

(੩) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੀਸਾਣ '੧ਓ....ਗੁਰ ਪ੍ਰਸਾਦਿ' ਰੂਪ ਵਿਚ ਲਿਖੇ ਹੋਏ ਉਸ ਸਮੇਂ ਦੇ ਅਨੇਕਾਂ ਪੁਰਾਤਨ ਹੱਥ ਲਿਖਤ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਮਿਲਦੇ ਹਨ।

(ੳ) ਧਰਮਸਾਲਾ ਭਾਈ ਪੈਂਦਾ ਸਾਹਿਬ ਰਾਵਲਪਿੰਡੀ ਦੇ ਸ੍ਰੀ ਆਦਿ ਗ੍ਰੰਥ ਵਿਚ।

(ਅ) ਛੋਟਾ ਮਿਰਜ਼ਾਪੁਰ ਦੇ ਸੰਮਤ 1739 ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ੲ) ਗੁਰਦੁਆਰਾ ਮੈਣੀ ਸੰਗਤ ਪਟਨਾ ਸਾਹਿਬ ਦੇ ਇਕ ਹੱਥ ਲਿਖਤ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਸ) ਚੱਕ ਫ਼ਤਹਿ ਸਿੰਘ (ਪੰਜਾਬ) ਦੀ ਪੋਥੀ ਵਿਚ।

3. ਵੀਰ ਸਿੰਘ ਭਾਈ (ਸੰ.) ਪੁਰਾਤਨ ਜਨਮ ਸਾਖੀ, ਪੂਰਵ ਅੰਕਤ, ਸਾਖੀ ਨੰਬਰ: 47
4. **The Encyclopeadia of sikhism (Vol II),** op.cit, P: 139-140
"**Mul Mantra**, This is the title commonly given to the opening lines of the Guru Granth Sahib, Sikh scripture, or to these lines when they or a portion of them are repeated at the beginning of each new raga section as contained in the Holy text. This is the primary or fundamental formula of the sikh faith........Like Allah in Islam, Ik oankar in sikhism is transcendent yet a presence."
5. **ਡਾ. ਬੂਟਾ ਸਿੰਘ ਬਰਾੜ, ਜਪੁਜੀ ਦੀ ਚਿਹਨ ਜੁਗਤ, ਖੋਜ ਪਤ੍ਰਿਕਾ, ਬਾਣੀ ਕਾਵਿ-ਰੂਪ ਵਿਸ਼ੇਸ ਅੰਕ, ਪੂਰਵ ਅੰਕਤ, ਅੰਕ:** 47

# ਰਹਿਰਾਸ

'ਰਹਿਰਾਸ' ਦੇ ਸ਼ਬਦੀ ਅਰਥ ਹਨ ਰਹੁ ਰੀਤ, ਪ੍ਰਾਰਥਨਾ, ਮਰਯਾਦਾ। 'ਰਹਿਰਾਸ' ਦਾ ਪਾਠ ਰੋਜ਼ਾਨਾ ਸ਼ਾਮ ਵੇਲੇ ਕਰਨ ਦਾ ਵਿਧਾਨ ਹੈ। ਇਸ ਬਾਣੀ ਵਿਚ ਵੱਖ-ਵੱਖ ਗੁਰੂ ਸਾਹਿਬਾਨ ਦੇ ਸ਼ਬਦ ਅੰਕਿਤ ਹਨ। ਇਸ ਬਾਣੀ ਵਿਚ ਸੋਦਰੁ, ਸੋਪੁਰਖ, ਬੇਨਤੀ ਚੌਪਈ, ਅਨੰਦੁ (ਪਹਿਲੀਆਂ ਪੰਜ ਅਤੇ ਅੰਤਮ ਪਉੜੀ), ਮੁੰਦਾਵਣੀ ਆਦਿ ਸ਼ਬਦ ਇਕੱਠੇ ਅੰਕਿਤ ਮਿਲਦੇ ਹਨ। ਕਈ ਗੁਰਬਾਣੀ ਦੇ ਗੁਟਕਿਆਂ ਵਿਚ ਵਾਧ-ਘਾਟ ਸ਼ਬਦ ਵੀ ਵੇਖਣ ਵਿਚ ਆਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ 'ਰਹਿਰਾਸ' ਸਿਰਲੇਖ ਅੰਕਿਤ ਨਹੀਂ ਪਰ ਇਸ ਦਾ ਪਾਠ ਸੰਪੂਰਣ 'ਰਹਿਰਾਸ'[1] ਵਾਂਗ ਕੀਤਾ ਜਾਂਦਾ ਹੈ। 'ਰਹਿਰਾਸ' ਨੂੰ ਸ਼ਾਮ ਸਮੇਂ ਪਾਠ ਕਰਨ ਦੀ ਪ੍ਰਥਾ ਪੰਜਵੇਂ ਨਾਨਕ ਗੁਰੂ ਅਰਜਨ ਨੇ ਸ਼ੁਰੂ ਕੀਤੀ ਹੈ। ਉਸ ਸਮੇਂ ਇਹ ਬਾਣੀ 'ਸੋਦਰੁ' ਕਰ ਕੇ ਪ੍ਰਸਿੱਧ ਸੀ। 'ਸੋਦਰੁ' ਸਮੂਹ ਵਿਚ ਪੰਜ ਸ਼ਬਦ ਹਨ ਜੋ ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇ ਉਚਾਰਨ ਕੀਤੇ ਹੋਏ ਹਨ। 'ਸੋ ਪੁਰਖੁ' ਸਮੂਹ ਵਿਚ ਚਾਰ ਸ਼ਬਦ ਹਨ, ਜੋ ਗੁਰੂ ਰਾਮਦਾਸ, ਗੁਰੂ ਨਾਨਕ ਅਤੇ ਗੁਰੂ ਅਰਜਨ ਦੇ ਉਚਾਰਨ ਕੀਤੇ ਹਨ। 'ਜਪੁ' ਬਾਣੀ ਤੋਂ ਤੁਰੰਤ ਬਾਅਦ 'ਸੋਦਰ' ਅਤੇ 'ਸੋਪੁਰਖ' ਪਾਠ ਸ਼ੁਰੂ ਹੁੰਦਾ ਹੈ। ਸਿੱਖ ਰਵਾਇਤ ਅਨੁਸਾਰ ਪ੍ਰਾਚੀਨ ਸਮੇਂ ਇਨ੍ਹਾਂ ਸ਼ਬਦਾਂ ਤੱਕ ਹੀ ਰਹਿਰਾਸ ਦਾ ਪਾਠ ਮੰਨਿਆ ਜਾਂਦਾ ਸੀ। 'ਰਹਿਰਾਸ' ਨਾਂ ਦੀ ਸ਼ੁਰੂਆਤ ਗੂਜਰੀ ਰਾਗ ਵਿਚ ਗੁਰੂ ਰਾਮਦਾਸ ਵਲੋਂ ਉਚਾਰਨ ਕੀਤੇ ਇਨ੍ਹਾਂ ਤੁਕਾਂ ਤੋਂ ਪ੍ਰਤੀਤ ਹੁੰਦੀ ਹੈ।

*ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥*
*ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥*

*—ਗੂਜ ੪, ਸੋਦ ੪, ੧*: ੧-੨ (10)*

'ਰਹਿਰਾਸ' ਸ਼ਬਦ ਦੇ ਮੂਲ ਬਾਰੇ ਵਿਦਵਾਨਾਂ ਵਿਚ ਭਿੰਨਤਾ ਨਜ਼ਰ ਆਉਂਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ 'ਰਹਿਰਾਸ' ਸ਼ਬਦ 'ਰਹ' ਅਤੇ 'ਰਾਸ' ਦਾ ਸੰਯੁਕਤ ਰੂਪ ਹੈ ਅਤੇ ਇਸ ਦਾ ਇਕ ਅਰਥ ਹੈ ਬੇਨਤੀ, ਪ੍ਰਾਰਥਨਾ। ਇਹ ਸ਼ਬਦ ਸਿੱਧਾਂ/ਨਾਥਾਂ ਦੀਆਂ ਬਾਣੀਆਂ ਵਿਚ ਵਰਤਿਆ ਮਿਲਦਾ ਹੈ ਜਿਥੇ ਇਸ ਦਾ ਅਰਥ ਹੈ ਗੁਪਤ-ਕ੍ਰੀੜਾ, ਗੂੜ੍ਹ ਰਹਸਮਈ ਸਾਧਨਾ। ਗੁਰੂ ਨਾਨਕ ਦੇਵ ਨੇ 'ਸਿਧ-ਗੋਸਟਿ' ਵਿਚ ਸਿੱਧਾਂ ਨਾਲ ਸੰਵਾਦ ਕਰਦਿਆਂ ਇਸ ਸ਼ਬਦ ਦੀ ਵਾਰ ਵਾਰ ਵਰਤੋਂ ਕੀਤੀ ਹੈ:

*ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥*

*—ਰਾਮ ੧, ਸਗੋ, ੧:੨ (938)*

ਇਸ ਤਰ੍ਹਾਂ ਗੁਰੂ ਸਾਹਿਬ ਨੇ ਸਿੱਧਾਂ ਦੀ 'ਰਹਰਾਸ' ਨੂੰ ਇਕ ਨਵਾਂ ਆਯਾਮ ਦੇ ਕੇ ਪ੍ਰਾਰਥਨਾ ਵਿਚ ਬਦਲ ਦਿੱਤਾ ਹੈ। ਕਈ ਵਿਦਵਾਨ 'ਰਹਿਰਾਸ' ਸ਼ਬਦ ਦਾ ਪਿਛੋਕੜ ਫ਼ਾਰਸੀ ਭਾਸ਼ਾ ਦੇ 'ਰਾਹੇ ਸਾਸਤ੍' ਨਾਲ ਜੋੜਦਿਆਂ ਸਥਾਪਿਤ ਕਰਦੇ ਹਨ ਕਿ ਗੁਰੂ ਨਾਨਕ ਨੇ ਸਿੱਧਾਂ ਨੂੰ 'ਸਹੀ ਰਸਤਾ' ਦੱਸਿਆ ਸੀ। ਪਰ ਧਿਆਨ ਰਹੇ ਕਿ ਜਿਸ ਸੰਦਰਭ ਵਿਚ ਗੁਰੂ ਨਾਨਕ ਦੇਵ

ਇਸ ਸ਼ਬਦ ਦੀ ਵਰਤੋਂ ਕਰ ਰਹੇ ਹਨ, ਉਹ ਪੂਰੀ ਤਰ੍ਹਾਂ ਯੋਗ-ਸਾਧਨਾ ਨਾਲ ਸੰਬੰਧਿਤ ਹੈ। ਇਸ ਵਿਚ ਪ੍ਰਸੰਗ ਅਤੇ ਸੰਦਰਭ ਤੋਂ ਹਟ ਕੇ ਅਨੁਮਾਨ ਦੇ ਆਧਾਰ 'ਤੇ 'ਰਹਿਰਾਸ' ਸ਼ਬਦ ਦਾ ਪਿਛੋਕੜ ਫਾਰਸੀ ਭਾਸ਼ਾ ਨਾਲ ਸਥਾਪਿਤ ਕਰਨਾ ਅਨੁਚਿਤ ਚੇਸ਼ਟਾ ਹੈ।[2]

## ਪਗ-ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol III),** op.cit, P: 431 "Rahrasi is the name given to the main evening prayer of the sikhs. The word itself implies supplication, though some traditi onalist scholars have interpreted it as **rah-i-rast** which, in persian, means the straight path, the path of faith and devotion as against that of mere ritual practices or Yogic austerities.. The Rahrasi in its current form has evolved in the course of a period of time. The earliest text was but **So Daru** which, as says Bhai Gurdas (Varan, 1.38) used to be recited in the evening assemblies in Guru Nanak's day."
2. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੂਰਵ ਅੰਕਤ,** ਅੰਕ 412

# ਰਾਇਸਾ

'ਰਾਇਸਾ' ਗੁਰੂ ਗ੍ਰੰਥ ਸਾਹਿਬ ਵਿਚਲੀ ਕਿਸੇ ਬਾਣੀ ਦਾ ਸਿਰਲੇਖ ਨਹੀਂ ਪਰ ਕਈ ਸ਼ਬਦ ਅਜਿਹੇ ਹਨ, ਜਿਨ੍ਹਾਂ ਦੀ ਕਾਵਿ-ਰੂਪ ਦੀ ਧੁਨੀ ਸੁਣਾਈ ਦੇਂਦੀ ਹੈ। ਗੁਰੂ ਨਾਨਕ ਦਾ ਉਚਾਰਣ ਕੀਤਾ ਸ਼ਬਦ, ਜੋ ਦਸ ਪਦੀਆਂ ਦਾ ਸਮੁੱਚ ਹੈ ਨੂੰ 'ਰਾਇਸਾ' ਦੀ ਸੰਗਿਆ ਦਿੱਤੀ ਜਾਂਦੀ ਹੈ। ਕਈ ਪੁਰਾਤਨ ਬੀੜਾਂ ਵਿਚ 'ਰਾਇਸਾ ਮਹਲਾ ੧' ਵੀ ਲਿਖਿਆ ਮਿਲਦਾ ਹੈ।

'ਪੁਰਾਤਨ ਜਨਮਸਾਖੀ' ਅਨੁਸਾਰ (ਸਾਖੀ 34) ਇਹ ਸ਼ਬਦ ਗੁਰੂ ਨਾਨਕ ਨੇ 'ਕਿੜੀ ਪਠਾਣਾ' ਵਿਚ ਉਚਾਰਿਆ ਸੀ। ਵੱਖ ਵੱਖ ਵਿਦਵਾਨਾਂ ਨੇ 'ਰਾਇਸਾ' ਸ਼ਬਦ ਦੇ ਅਰਥ ਦਿੱਤੇ ਹਨ। ਕਈਆਂ ਨੇ ਪ੍ਰਸੰਗ, ਕਥਾ[1] ਅਤੇ ਕਈ ਇਸ ਨੂੰ ਡਿੰਗਲ ਭਾਸ਼ਾ (ਰਾਜਪੂਤਾਨੇ ਦੀ) ਵਿਚ 'ਰਾਇਸੋ' ਤਵਾਰੀਖੀ ਕਥਾ ਯਾ ਪ੍ਰਸੰਗ ਨੂੰ ਕਹਿੰਦੇ ਹਨ[2], ਜਿਵੇਂ ਪ੍ਰਿਥਵੀ-ਰਾਜ ਰਾਇਸੋ, ਜਿਸ ਵਿਚ ਪ੍ਰਿਥਵੀ ਰਾਜ ਦੀ ਜੀਵਨ-ਕਥਾ ਹੈ। ਉੱਪਰ ਵਰਨਣ ਕੀਤੀਆਂ ਪਰਿਭਾਸ਼ਾਵਾਂ ਅਨੁਸਾਰ ਰਾਇਸਾ/ਰਾਇਸੋ ਦੇ ਸਪਸ਼ਟ ਅਰਥ ਕਥਾ ਜਾਂ ਪ੍ਰਸੰਗ ਹੈ।

***'ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥***

***—ਤਿਲੰ ੧, ਅਸ ੧, ੧*: ੧ (725)***

ਗੁਰੂ ਨਾਨਕ ਨੇ ਇਸ ਲਘੂ ਰਚਨਾ ਵਿਚ ਕੇਵਲ ਦਸ ਪਦੇ ਲਿਖੇ ਹਨ, ਜਿਸ ਵਿਚ ਸ਼ਾਤ ਰਸੀ 'ਰਾਇਸਾ' ਦਾ ਰੰਗ ਨਿੱਖਰ ਕੇ ਆਉਂਦਾ ਹੈ।

ਇਸੇ ਤਰ੍ਹਾਂ ਗੁਰੂ ਰਾਮਦਾਸ (ਰਾਗ ਤਿਲੰਗ) ਦੀ ਇੱਕ 22 ਪਦਿਆਂ ਦੀ ਲਘੂ ਰਚਨਾ ਨੂੰ ਡਾ. ਰਤਨ ਸਿੰਘ[3] ਨੇ ਰੂਪਕ ਅਤੇ ਕਾਵਿ ਦ੍ਰਿਸ਼ਟੀ ਤੋਂ 'ਹਰੀ ਦਾ ਰਾਇਸਾ' ਮੰਨਦੇ ਹਨ।

***ਹਰਿ ਕੀਆ ਕਥਾ ਕਹਾਣੀਆਂ ਗੁਰਿ ਮੀਤਿ ਸੁਣਾਈਆ ॥***

***—ਤਿਲੰ ੪, ਅਸ ੨, ੧:੧ (725)***

ਨਵੀਨ ਖੋਜੀ ਇਸ 'ਸ਼ਬਦ' ਦੀ ਉਤਪਤੀ 'ਰਾਸ' ਜਾਂ 'ਰਾਸਕ' ਸ਼ਬਦਾਂ ਤੋਂ ਹੋਈ ਮੰਨਦੇ ਹਨ। 'ਰਾਸਕ' ਸ਼ਬਦ ਅਪਭ੍ਰੰਸ਼ ਤੇ ਪ੍ਰਾਚੀਨ ਰਾਜਸਥਾਨੀ ਵਿਚ ਰਾਉਸ, ਰਾਇਸੋ ਤੇ ਫਿਰ ਰਾਸੋ ਬਣ ਗਿਆ। ਜਿਸ ਪ੍ਰਕਾਰ ਪੰਜਾਬੀ ਵਿਚ ਵਾਰਾਂ ਸ਼ਾਤ-ਰਸੀ ਤੇ ਵੀਰ-ਰਸੀ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਹਿੰਦੀ ਵਿਚ ਰਾਸਕ ਸਾਹਿਤ ਵੀ ਦੋ ਪ੍ਰਕਾਰ ਦਾ ਹੈ।[4]

ਇਸ ਸਮੁੱਚੇ ਸ਼ਬਦ ਦਾ ਸਾਰਾਂਸ਼ ਇਹ ਹੈ ਕਿ ਪ੍ਰਭੂ-ਪ੍ਰਮਾਤਮਾ ਦਾ ਨਾਮ ਲੈ ਕੇ ਮਨੁੱਖ ਜਨਮ ਤੋਂ ਹੀ ਪੂਰਾ ਲਾਭ ਪ੍ਰਾਪਤ ਕਰ ਸਕਦਾ ਹੈ, ਕਿਉਂਕਿ ਮਨੁੱਖਾ ਜਨਮ ਦੁਰਲਭ ਹੈ। ਸਤਿ-ਸੰਗਤਿ ਅਤੇ ਗੁਰੂ ਦੀ ਕ੍ਰਿਪਾ ਨਾਲ ਹੀ ਰਹਿਮਤਾਂ ਦੀ ਬਰਕਤ ਦੀ ਛਹਿਬਰ ਵਰਸਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ


1. ਡਾ. ਗੁਰਚਰਨ ਸਿੰਘ (ਸੰ.), ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ ਦੂਜੀ) ਪੂਰਵ ਅੰਕਤ, ਅੰਕ 2044
2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੂਰਵ ਅੰਕਤ, ਅੰਕ 725
3. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੂਰਵ ਅੰਕਤ, ਅੰਕ 725
4. ਸਾਹਿੱਤ ਕੋਸ਼ਃ (ਪਾਰਿਭਾਸ਼ਿਕ ਸ਼ਬਦਾਵਲੀ), ਪੂਰਵ ਅੰਕਤ, ਅੰਕ 718

# ਰਾਗ ਮਾਲਾ

ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ 'ਰਾਗਮਾਲਾ' ਅੰਕ 1429-1430 ਤੱਕ ਅੰਕਿਤ ਹੈ। ਸੰਗੀਤ-ਸ਼ਾਸਤਰੀਆਂ ਅਨੁਸਾਰ ਰਾਗਾਂ ਦੀ ਨਾਮਾਵਲੀ, ਰਾਗ-ਪ੍ਰਵਾਰਾਂ ਦੀ ਤਰਤੀਬ ਨੂੰ 'ਰਾਗਮਾਲਾ' ਕਿਹਾ ਜਾਂਦਾ ਹੈ।

'ਰਾਗਮਾਲਾ' ਬਾਰੇ ਪੰਥ ਵਿਚ ਪਰਸਪਰ ਮਤਭੇਦ ਹੈ। 'ਮਹਾਨਕੋਸ਼' ਅਨੁਸਾਰ ਐਸੀ ਰਚਨਾ ਜਿਸ ਵਿਚ ਰਾਗਾਂ ਦੀ ਨਾਮਾਵਲੀ ਹੋਵੇ। ਮਾਧਵਾਨਲ ਸੰਗੀਤ ਦੇ, ਆਲਮ ਕਾਵਿ ਕ੍ਰਿਤ, ਹਿੰਦੀ ਅਨੁਵਾਦ ਵਿਚੋਂ 63ਵੇਂ ਛੰਦ ਤੋਂ 72ਵੇਂ ਤੀਕ ਦਾ ਪਾਠ, ਜਿਸ ਵਿਚ ਛੀ ਰਾਗ, ਉਨ੍ਹਾਂ ਦੀਆਂ ਪੰਜ-ਪੰਜ ਰਾਗਣੀਆਂ ਅਤੇ ਅੱਠ ਅੱਠ ਪੁਤ੍ਰ ਦਸੇ ਹਨ।[1] ਜਿਵੇਂ ਕੀ ਇਸ ਸਾਰਣੀ[2] ਤੋਂ ਸਪਸ਼ਟ ਹੈ। 'ਰਾਗਮਾਲਾ' ਰਾਗਾਂ ਦੀ ਅਜਿਹੀ ਮਾਲਾ ਹੈ ਜਿਸ ਵਿਚ 60 ਤੁਕਾਂ ਅੰਕਿਤ ਹਨ, ਜੋ 'ਮੁੰਦਾਵਣੀ' ਤੋਂ ਬਾਅਦ ਦਰਜ ਕੀਤੀ ਗਈ ਹੈ। 'ਗੁਰੁ ਗਿਰਾਰਥ ਕੋਸ਼' ਅਨੁਸਾਰ ਮੁੰਦਾਵਣੀ ਦਾ ਪਾਠ ਗ੍ਰੰਥ ਸਾਹਿਬ ਦੀ ਸਮਾਪਤੀ ਸਮੇਂ ਅਪਨੀ ਮੁਹਰ ਰੂਪ ਕਰ ਅੰਤ ਮੇਂ ਰੱਖਾ, 'ਰਾਗਮਾਲਾ' ਕਾਹੂੰ ਨੇ ਪੀਛੇ ਸੇ ਪਾਈ, ਜੈਸੇ ਭਾਈ ਬੰਨੋ ਨੇ ਗੁਰੂ ਕੇ ਸਾਹਮਣੇ ਹੀ ਦੂਸਰੀ ਬੀੜ ਮੇ ਕਈ ਬਾਣੀਆਂ ਚੜ੍ਹਾਈਆਂ, ਜਿਸ ਕੋ ਸੁਨ ਕਰ ਗੁਰੂ ਜੀ ਨੇ ਉਸ ਕਾ ਨਾਮ 'ਖਾਰੀ ਬੀੜ' ਧਰਾ।[3] ਇਹੋ ਜਿਹੇ ਵਿਚਾਰਾਂ ਦਾ ਪ੍ਰਗਟਾਵਾ ਭਾਈ ਸੰਤੋਖ ਸਿੰਘ ਨੇ ਵੀ ਕੀਤਾ ਹੈ:

*ਰਾਗ ਮਾਲਾ ਸ੍ਰੀ ਗੁਰ ਕੀ ਕ੍ਰਿਤ ਨਹਿੰ*
*ਹੈ ਮੁੰਦਾਵਣੀ ਲਗਿ ਗੁਰ ਬੈਨ।*
*ਇਸ ਮਹਿੰ ਨਹਿੰ ਸੰਸੈ ਕਛੁ ਕਰੀਅਹਿ*
*ਜੇ ਸੰਸੈ ਅਵਿਲ ਕਹੁ ਨੈਨ।*
*ਮਾਧਵਨਲ ਆਲਮ ਕਾਵਿ ਕੀਨਸਿ*
*ਤਿਸ ਮਹਿੰ ਤ੍ਰਿਭਕਾਰੀ ਕਹਿ ਤੈਨ।*
*ਰਾਗ ਰਾਗਨੀ ਨਾਮ ਗਿਨੈ ਤਹਿੰ*
*ਯਾ ਤੇ ਸ੍ਰੀ ਅਰਜਨ ਕ੍ਰਿਤ ਹੈਨ।40।*
*ਇਹ ਸੁਧਿ ਨਹੀ ਲਿਖੀ ਇਹ ਗੁਰ ਨੇ*
*ਕਿਧੋ ਸਿਖ ਕਾਹੂ ਲਿਖਿ ਦੀਨੀ।*
*ਰਾਗ ਨਾਮ ਸਭਿ ਜਾਨਹਿੰ ਰਾਗੀ*
*ਇਹ ਕਾਰਨ ਲਿਖ ਦਈ ਪ੍ਰਬੀਨ।[4]*

'ਰਾਗਮਾਲਾ' ਵਿਚ ਕਿਸੇ ਰਚਨਾਕਾਰ ਦਾ ਨਾਂ ਨਹੀਂ। ਇਸ ਲਈ ਇਸ ਦਾ ਕਰਤ੍ਰਿਤਵ ਸੰਦਿਗਧ ਹੈ।[5] ਗੁਰਸਿੱਖਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਵਲੋਂ ਲੱਖਾਂ ਦੀ ਸੰਖਿਆ ਵਿਚ ਪ੍ਰਾਪਤ 'ਸਿੱਖ ਰਹਿਤ ਮਰਯਾਦਾ'[6] ਵਿਚ ਦਿੱਤਾ ਪੰਥਕ ਫੈਸਲਾ ਅੰਕਿਤ ਹੈ:

"ਭੋਗ:—ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ, ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ ਵਿਚ ਅਜੇ ਤੱਕ ਮਤਭੇਦ ਹੈ ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦੁ ਸਾਹਿਬ ਦਾ ਪਾਠ ਕਰਕੇ, ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸਾਦਿ ਵਰਤਾਇਆ ਜਾਵੇ।"

ਨਿਮਨਲਿਖਤ ਸਿਰਲੇਖ 'ੴ ਸਤਿਗੁਰ ਪ੍ਰਸਾਦਿ ॥ ਰਾਗਮਾਲਾ ॥'

(ਮੂਲ ਪਾਠ ਲਈ ਵੇਖੋ ਅੰਤਿਕਾ:੨੬) ਇਸ ਤੇ ਨਾ ਮਹਲਾ ਦਰਜ ਹੈ ਅਤੇ ਨਾ ਕਿਸੇ ਲੇਖਕ ਵੱਲ ਇਸ਼ਾਰਾ ਕੀਤਾ ਗਿਆ ਹੈ। 'ਰਾਗਮਾਲਾ' ਬਾਰੇ ਸ਼ੰਕੇ ਕਦੋਂ ਸ਼ੁਰੂ ਹੋਏ, ਇਹ ਕਹਿਣਾ ਬੜਾ ਕਠਨ ਹੈ। ਸਾਰੇ ਵਿਦਵਾਨਾਂ ਦੇ 'ਰਾਗਮਾਲਾ' ਬਾਰੇ ਵਖੋ ਵੱਖਰੇ ਵਿਚਾਰ ਦਿੱਤੇ ਹਨ। 'ਰਾਗਮਾਲਾ' ਭਾਵੇਂ ਗੁਰੂ ਕਿਰਤ ਦਾ ਹਿਸਾ ਨਹੀਂ ਪਰ ਸਿੱਖ ਕੌਮ ਕੋਲ ਪੰਥ-ਪ੍ਰਵਾਨਿਤ ਗ੍ਰੰਥ ਦਾ ਇਹ ਹਿੱਸਾ ਹੈ।

ਸਿੱਖ ਧਰਮ ਚਿੰਤਨ ਦੀ ਪਰੰਪਰਾ, ਇਤਿਹਾਸ ਅਤੇ ਸਿਧਾਂਤ ਇਹ ਆਗਿਆ ਨਹੀਂ ਦਿੰਦੇ ਕਿ 'ਰਾਗਮਾਲਾ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੱਢ ਦੇਣ, ਬਾਰੇ ਵਾਦ-ਵਿਵਾਦ ਖੜ੍ਹਾ ਕੀਤਾ ਜਾਵੇ। ਅਕਾਦਮਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 1430 ਪੰਨਿਆ ਦੀ ਪ੍ਰਾਪਤ ਤਰਤੀਬ ਵਿਚ ਅਦਲਾ-ਬਦਲੀ ਨਾ ਹੀ ਕੀਤੀ ਜਾ ਸਕਦੀ ਹੈ ਨਾ ਹੀ ਇਸ ਬਾਰੇ ਸੋਚੇ ਜਾਣ ਦੀ ਲੋੜ ਹੈ। ਜਿਸ ਰੂਪ ਵਿਚ ਰਾਗਮਾਲਾ ਪ੍ਰਾਪਤ ਹੈ, ਇਹ ਸਿੱਖੀ ਵਿਸ਼ਵਾਸ ਅਤੇ ਸਿਧਾਂਤ ਦਾ ਹਿੱਸਾ ਹੈ।[7]

'ਰਾਗਮਾਲਾ' ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀ ਅਤੇ ਇਸ ਦੀ ਸੰਗੀਤਕ ਅਹਿਮੀਅਤ ਵੀ ਨਹੀਂ ਹੈ। ਕੁੱਝ ਅਜਿਹੇ ਰਾਗ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੀ ਨਹੀਂ ਹਨ। ਇੰਞ ਗੁਰੂ ਗ੍ਰੰਥ ਸਾਹਿਬ ਦੀ ਰਾਗ-ਅਨੁਸ਼ਾਸਨ ਵੱਖਰੀ ਨੁਹਾਰ ਵਾਲਾ ਹੈ। ਇਸ ਰਾਗ ਮਾਲਾ ਵਿਚ ਛੇ ਰਾਗਾਂ ਦੇ ਨਾਂ, ਹਰ ਇਕ ਰਾਗ ਦੀਆਂ ਪੰਜ-ਪੰਜ ਰਾਗਨੀਆਂ ਅਤੇ ਅੱਠ-ਅੱਠ ਪੁਤਰਾਂ ਦੇ ਨਾਵਾਂ ਦਾ ਵਰਨਣ ਆਇਆ ਹੈ, ਜਿਨ੍ਹਾਂ ਦੀ ਕੁੱਲ ਗਿਣਤੀ 84 ਬਣਦੀ ਹੈ। 84 ਦਾ ਜੋੜ ਸਿਧਾਂ ਜਾਂ 84 ਲੱਖ ਜੂਨਾਂ ਵਲ ਸੰਕੇਤ ਕਰਦਾ ਹੈ। ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਇਹ 'ਰਾਗਮਾਲਾ' ਹਨੂਮਾਨ-ਮਤ ਦੇ ਅਧਿਕ ਨੇੜੇ ਦਸੀ ਜਾਂਦੀ ਹੈ। ਜਿਥੋਂ ਤੱਕ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗ-ਰਾਗਣੀਆਂ ਦਾ ਸੰਬੰਧ ਹੈ, ਬਾਰੇ ਕੋਈ ਅੰਤਰ ਨਹੀਂ, ਸਾਰਿਆਂ ਨੂੰ 'ਰਾਗ' ਕਿਹਾ ਗਿਆ ਹੈ।

'ਗੁਰਮਤ ਮਾਰਤੰਡ' ਦਾ ਕਰਤਾ, 'ਰਾਗਮਾਲਾ' ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਾ ਲਿਖਦਾ ਹੈ, "ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਗੁਰੂ ਅਰਜਨ ਦੇਵ ਦੇ ਭਾਵ ਨੂੰ ਜਾਣ ਕੇ ਆਪਣੇ ਪਿਤਾ ਜੀ ਦੀ ਬਾਣੀ 'ਮੁੰਦਾਵਣੀ' ਤੋਂ ਪਹਿਲਾਂ ਦਰਜ ਕੀਤੀ ਹੈ, ਜੇ ਪਿੱਛੇ ਲਿਖਦੇ ਤਾਂ ਗੁਰੂ ਸਾਹਿਬ ਦੇ ਪਾਠ ਤੋਂ, ਬਾਹਰ ਸਮਝੀ ਜਾਂਦੀ। ਕਈਆਂ ਦਾ ਵਿਚਾਰ

ਹੈ ਕਿ 'ਰਾਗਮਾਲਾ' ਦੀ ਰਚਨਾ ਗੁਰੂ ਸਾਹਿਬ ਦੀ ਨਹੀਂ, ਜੋ ਕਾਵਯ ਰਚਨਾ ਦੀ ਸ਼ੈਲੀ ਦਾ ਭੇਦ ਜਾਣਦੇ ਹਨ ਉਹ ਬਿਨਾਂ ਕਠਿਨਾਈ ਇਹ ਸਮਝ ਸਕਦੇ ਹਨ। ੧ੴ ਦੇ ਸਿਰਲੇਖ ਹੇਠ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇੱਕ ਵੀ ਅਜੇਹੀ ਬਾਣੀ ਨਹੀਂ, ਜਿਸ ਵਿਚ ਨਾਨਕ, ਨਾਮ ਨਾ ਹੋਵੇ।......ਬਹੁਤ ਸਜਣ ਯਤਨ ਕਰਦੇ ਹਨ ਕਿ 'ਰਾਗਮਾਲਾ' ਗੁਰੂ ਗ੍ਰੰਥ ਸਾਹਿਬ ਵਿਚ ਛਾਪੀ ਨਾ ਜਾਵੇ, ਅਥਵਾ ਕੱਢ ਦਿੱਤੀ ਜਾਵੇ, ਪਰ ਇਹ ਅਨੇਕ ਝਗੜੇ ਖੜ੍ਹੇ ਕਰਨ ਦਾ ਸਾਧਨ ਹੈ, ਐਸਾ ਨਹੀਂ ਕਰਨਾ ਚਾਹੀਏ। ਜੇ ਕੋਈ ਰਾਗਮਾਲਾ ਪੜ੍ਹ ਕੇ ਭੋਗ ਪਾਉਂਦਾ ਹੈ ਤਾਂ ਵਿਵਾਦ ਨਹੀਂ ਕਰਨਾ ਚਾਹੀਏ, ਮਿੱਤ੍ਰ ਭਾਵ ਨਾਲ ਉਸ ਨੂੰ ਅਸਲੀ ਗੱਲ ਦੱਸ ਦੇਣੀ ਯੋਗਯ ਹੈ ਅਤੇ ਸਥਾਨਕ ਮਰਯਾਦਾ ਹੀ ਕਰਨੀ ਉਚਿੱਤ ਹੈ।"[8]

ਭਾਰਤੀ ਸੰਗੀਤ ਵਿਚ ਬਹੁਤ ਸਾਰੇ ਸਿਸਟਮ[9] ਕਾਫ਼ੀ ਸਮੇਂ ਤੋਂ ਪ੍ਰਚਲਿਤ ਰਹੇ ਹਨ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪੂਰਵ ਅੰਕਤ, ਅੰਕ 1028
2. ਪੂਰਵ ਅੰਕਤ, ਅੰਕ 1028
   "ਰਾਗਮਾਲਾ ਵਿਚ ਆਏ ਰਾਗਾਂ ਦਾ ਵੇਰਵਾ, ਹੇਠ ਦਿੱਤੀ ਸਾਰਣੀ ਤੋਂ ਸਪਸ਼ਟ ਹੋ ਜਾਂਦਾ ਹੈ।
3. ਪੰਡਿਤ ਤਾਰਾ ਸਿੰਘ, **ਗੁਰੂ ਗਿਰਾਰਥ ਕੋਸ਼**, ਅੰਕ 132
4. ਭਾਈ ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ**, ਰਾਸ ੩, ਅੰਸ਼ 47-48
5. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 430
6. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ **'ਸਿਖ ਰਹਿਤ ਮਰਯਾਦਾ'**
7. ਡਾ. ਅਬਨੀਸ਼ ਕੌਰ, **'ਰਾਗਮਾਲਾ: ਰੂਪ ਰਚਨਾ ਪਰਿਪੇਖ'** ਖੋਜ ਪਤ੍ਰਿਕਾ, ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੂਰਵ ਅੰਕਤ, ਅੰਕ 267
8. ਭਾਈ ਕਾਨ੍ਹ ਸਿੰਘ ਨਾਭਾ, **ਗੁਰੁਮਤ ਮਾਰਤੰਡ ( ਭਾਗ ਦੂਜਾ)**, ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਛਾਪ 2005, ਅੰਕ 779
9. **The Encyclopeadia of sikhism (Vol III),** op.cit, P: 422
   "Ragmala, lit, a rosary of ragas or musical measure, is the title of a composition of twelve Verses, running into sixty lines, appended to the Guru Granth Sahib after the Mundavani i,e. The epilogue, as a table or index of ragas.....A large number of ragmalas pertaing to these and other systems that developsed are, with some variations, traceable in such well-known works on Indian musicology as **Gobind Sangit**

**Sar, Qanun Mausiki, Budh Parkas Darpan, Sangit Binod and Raga Dipaka..........**The **Ragmala** appended to the Guru Granth Sahib is not much differnet from the others and, by itself, does not set up a new system. This ragmala is nearest to the **Hanumana Mata and the Kali natha Mata,** which give primacy to siri Raga. The only system where in occur all the ragas and raginis employed in the Guru Granth Sahib is **Bharata Mata."**

# ਰਾਮਕਲੀ

'ਰਾਮਕਲੀ'[1] ਭੈਰਵ ਠਾਟ ਦਾ ਹਰਮਨ ਪਿਆਰਾ ਰਾਗ ਹੈ, ਜਿਸ ਦੀ ਵਰਤੋਂ ਜੋਗੀ ਬਹੁਤ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਇਸ ਦਾ ਅਠਾਰਵਾਂ ਨੰਬਰ ਆਉਂਦਾ ਹੈ ਜੋ ਅੰਕ 876-974 ਤੱਕ ਅੰਕਿਤ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤੱਕ ਮੰਨਿਆ ਜਾਂਦਾ ਹੈ। ਇਕ ਸੋਮੇਂ ਅਨੁਸਾਰ ਜੋਗੀ 'ਰਾਮਗਿਰਿ' ਪਰਬਤ ਤੇ ਰਹਿਣ ਕਾਰਨ ਨਾਂ 'ਰਾਮਕਲੀ' ਪ੍ਰਚਲਿਤ ਹੋ ਗਿਆ। ਇਸ ਰਾਗ ਦਾ ਉਲੇਖ 'ਰਾਗਮਾਲਾ' ਵਿਚ ਬਿਲਕੁਲ ਨਹੀਂ। 'ਰਾਮਕਲੀ ਦੱਖਣੀ' ਦੇ ਭੇਦ ਵਿਚ ਮਹਲਾ ੧ ਦੀ ਬਾਣੀ 'ਓਅੰਕਾਰ' ਉਚਾਰਨ ਹੋਈ ਹੈ। ਇਸ ਰਾਗ ਵਿਚ ਹੀ ਸਿਧ ਗੋਸ਼ਟਿ, ਇਕ ਰੁਤੀ, ਇਕ ਵਾਰ ਮ:੩, ਮ:੫ ਸੁੰਦਰ ਦੀ ਇਕ ਸਦੁ ਅਤੇ ਵਾਰ ਰਾਇ ਬਲਵੰਡ ਤਥਾ ਸਤਾ ਡੂਮ, ਅਨੰਦੁ ਅੰਕਿਤ ਹਨ।

ਇਸ ਰਾਗ ਦੀ ਸਮੁੱਚੀ ਬਾਣੀ ਵਿਚ ਕੁੱਲ 99 ਚਉਪਦੇ ਹਨ, ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇ 11, ਗੁਰੂ ਅਮਰਦਾਸ ਦਾ ਇਕ, ਗੁਰੂ ਰਾਮਦਾਸ ਦੇ 6, ਗੁਰੂ ਅਰਜਨ ਦੇ 60, ਗੁਰੂ ਤੇਗ ਬਹਾਦਰ ਦੇ 3, ਕਬੀਰ ਦੇ 12, ਨਾਮਦੇਵ ਦੇ 4 ਅਤੇ ਰਵਿਦਾਸ ਤੇ ਬੇਣੀ ਦਾ ਇੱਕ ਇੱਕ ਚਉਪਦਾ ਅੰਕਿਤ ਹੈ, ਜੋ ਅੰਕ 876-974 ਤੱਕ ਦਰਜ ਹਨ। ਕੁੱਲ 22 ਅਸ਼ਟਪਦੀਆਂ ਵਿਚੋਂ ਗੁਰੂ ਨਾਨਕ ਦੀਆਂ 9, ਗੁਰੂ ਅਮਰਦਾਸ ਦੀਆਂ 5 ਅਤੇ ਗੁਰੂ ਅਰਜਨ ਦੀਆਂ 8 ਅਸ਼ਟਪਦੀਆਂ, ਅੰਕ 902-916 ਤੱਕ ਅੰਕਿਤ ਹਨ। ਗੁਰੂ ਨਾਨਕ ਦੇ ਯਾਰਾਂ ਪਦਿਆਂ 'ਚੋਂ ਦਸਾਂ ਵਿਚ ਚਾਰ-ਚਾਰ ਪਦੇ ਅਤੇ ਇਕ ਵਿਚ ਤੁਪਦੇ ਹਨ। ਗੁਰੂ ਰਾਮਦਾਸ ਦੇ ਪੰਜਾਂ ਵਿਚੋਂ ਚਾਰ-ਚਾਰ ਪਦੇ ਅਤੇ ਇਕ ਵਿਚ ਪੰਜ ਪਦੇ ਹਨ। ਇਸੇ ਤਰ੍ਹਾਂ ਗੁਰੂ ਅਰਜਨ ਦੇ 60 ਚਉਪਦਿਆਂ ਵਿਚੋਂ 54 ਵਿਚ ਚਾਰ-ਚਾਰ ਪਦੇ ਦੇ ਸਮੂਹ ਅਤੇ ਚਾਰ ਵਿਚ 22, ਇਕ ਵਿਚ ਤਿੰਨ ਅਤੇ ਇਕ ਵਿਚ ਪੰਜ ਪਦੇ ਹਨ। ਗੁਰੂ ਤੇਗ ਬਹਾਦਰ ਦੇ ਕੇਵਲ ਤਿੰਨ ਤ੍ਰਿਪਦਿਆਂ ਹਨ। ਅਸ਼ਟਪਦੀਆਂ ਦੇ ਪ੍ਰਕਰਣ ਵਿਚੋਂ ਗੁਰੂ ਨਾਨਕ ਦੀਆਂ 9 ਵਿਚੋਂ ਪੰਜ ਅੱਠ-ਅੱਠ, ਇਕ ਵਿਚ ਨੌਂ, ਇਕ ਵਿਚ ਦਸ, ਇਕ ਵਿਚ ਬਾਰਾਂ ਅਤੇ ਇਕ ਵਿਚ 25 ਪਦੀਆਂ ਹਨ। ਗੁਰੂ ਅਮਰਦਾਸ ਪੰਜ ਅਸ਼ਟਪਦੀਆਂ ਵਿਚ, ਇੱਕ ਵਿਚ 12, ਦੋ ਵਿਚ 21-21, ਇਕ ਵਿਚ 27 ਅਤੇ ਇਕ ਵਿਚ 30 ਪਦੀਆਂ ਹਨ। ਗੁਰੂ ਅਰਜਨ ਦੀਆਂ ਅੱਠ ਅਸ਼ਟਪਦੀਆਂ ਵਿਚੋਂ ਸੱਤ ਵਿਚ ਅੱਠ-ਅੱਠ ਅਤੇ ਇਕ ਵਿਚ 21 ਪਦੀਆਂ ਹਨ।

ਇਸ ਰਾਗ ਵਿਚਲੀ ਸਮੁੱਚੀ ਬਾਣੀ ਦਾ ਸਾਰਾਂਸ਼ ਹੈ ਕਿ ਸੰਸਾਰ ਦੀਆਂ ਵਸਤੂਆਂ ਤੋਂ ਹਟ ਕੇ ਇਕ ਅਕਾਲ ਪੁਰਖ ਪ੍ਰਭੂ ਵੱਲ ਧਿਆਨ ਕੇਂਦਰਿਤ ਕਰਕੇ ਉਸਦਾ ਹੀ ਗੁਣ-ਗਾਨ ਕਰਨਾ ਚਾਹੀਦਾ ਹੈ। ਪ੍ਰੇਮ-ਭਗਤੀ ਹੀ ਰੂਹਾਨੀ ਭਵਿੱਖ ਦਾ ਲਕਸ਼ ਹੈ। ਸਾਧ-ਸੰਗਤਿ ਵਿਚ ਜਾ ਕੇ ਚੰਗੇ ਵਿਚਾਰਾਂ ਦੀ ਸੁਗਾਤ ਪ੍ਰਾਪਤ ਹੁੰਦੀ ਹੈ। ਗੁਰਮਤਿ ਦੇ ਅਨੇਕ ਸਿਧਾਂਤਾਂ ਜਿਵੇਂ ਜਾਤ-ਪਾਤਿ ਦਾ ਖੰਡਨ, ਹਉਮੈ ਨੂੰ ਤਲਾਂਜਲੀ ਦੇਣੀ ਆਦਿ ਤੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ।

ਆਰੋਹੀ:— ਸ ਗ ਮ ਪ ਧ ਨੀ ਸ
ਅਵਰੋਹੀ:—ਸ ਨ ਧਾ ਪ ਮ ਪ ਧੀ ਨੀ ਧਾ ਪ, ਗ, ਮ, ਰੀ, ਸ[2]
ਇਸ ਵਿਚ ਵਾਦੀ 'ਪ' ਅਤੇ ਸੰਵਾਦੀ 'ਰੀ' ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 174
   "Ramkali is not given in the Ragmala but is one of the most important ragas of the Guru Granth Sahib....The total number of sabdas comes to over three hundred. Ramkali is a morning raga performed after sunrise usually during the hot season...... Four forms of this raga are recognized, although two are in general use today."
2. Ibid. P. 174

# ਰਾਮਕਲੀ ਸਦੁ

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਬਾ ਸੁੰਦਰ[1] ਦੀ ਸੰਖਿਪਤ ਰਚਨਾ, ਜੋ ਵੈਰਾਗਮਈ ਪੱਖੋਂ ਭਾਵਨਕੂਲ ਭਾਸ਼ਾ ਦੇ ਅੰਤਰਗਤ ਰਾਮਕਲੀ ਭਾਸ਼ਾ ਵਿਚ ਆਉਂਦੀ ਹੈ।

'ਸਦੁ' ਨੂੰ ਅਨੇਕ ਵਿਦਵਾਨਾਂ ਨੇ ਗੀਤ ਦਾ ਇਕ ਰੂਪ ਵੀ ਮੰਨਿਆ ਹੈ, ਜੋ ਛੰਦਾਂ ਵਿਚ ਮੂਰਤੀਮਾਨ ਹੁੰਦਾ ਹੈ। 'ਸਦ' ਦੇ ਸ਼ਬਦਾਇਕ ਅਰਥ ਪੁਕਾਰ, ਆਵਾਜ਼ ਜਾਂ ਸੱਦਾ ਦੇਣਾ ਹੈ। ਜਦੋਂ ਕਿਸੇ ਵਿਛੋੜੇ ਹੋਏ ਵਿਅਕਤੀ ਨੂੰ ਸੰਬੋਧਨ ਕੀਤਾ ਜਾਂਦਾ ਹੈ ਤਾਂ 'ਸਦ' ਕਾਵਿ-ਰੂਪ ਨੂੰ ਭਾਵ ਅਭਿਵਿਅਕਤੀ ਦਾ ਸਾਧਨ ਬਣਾਇਆ ਜਾਂਦਾ ਹੈ। ਇਸ ਲਈ ਛੰਦ ਦਾ ਕੋਈ ਨਿਸ਼ਚਿਤ ਵਿਧਾਨ ਨਹੀਂ ਹੁੰਦਾ ਪਰ ਇਕ ਲੰਮੀ ਹੇਕ ਵਿਚ ਗਾਇਆ ਜਾਂਦਾ ਹੈ।[2]

ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਸੁੰਦਰ ਦੀ ਉਚਾਰਨ ਕੀਤੀ ਸੱਦ, ਵਿਛੋੜੇ ਗੁਰੂ ਅਮਰਦਾਸ ਦੇ ਪ੍ਰੇਮ/ਵੈਰਾਗ ਨਾਲ ਸੰਬੰਧਿਤ ਹੈ। ਬਾਬਾ ਸੁੰਦਰ ਦੀ ਰੂਹਾਨੀ ਸੱਦ, ਉੱਚੀ ਹੇਕ ਰਾਹੀਂ ਗਾਈ ਜਾਂਦੀ ਹੈ, ਜੋ ਕੇਵਲ ਛੇ ਚਰਣਾਂ ਦੀ ਰਚਨਾ ਹੈ। ਕਈ ਵਿਦਵਾਨ ਇਸ ਨੂੰ 'ਹੁਲਾਸ' ਛੰਦ-ਜਾਤਿ ਦਾ ਇਕ ਭੇਦ ਵੀ ਮੰਨਦੇ ਹਨ। ਬੰਦ ਦੀਆਂ ਛੇ ਤੁਕਾਂ ਹਨ, ਜੋ ਇਕਸਾਰ ਨਹੀਂ। ਗੁਰੂ ਰਾਮਦਾਸ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪਣ ਸਮੇਂ ਵੀ ਉਪਦੇਸ਼ਾਤਮਿਕ ਵਿਚਾਰਾਂ ਦਾ ਉਲੇਖ ਕੀਤਾ ਗਿਆ ਹੈ। ਗੁਰੂ ਅਮਰਦਾਸ ਨੇ ਅਕਾਲ-ਚਲਾਣੇ ਸਮੇਂ ਮੌਜੂਦ ਰਿਸ਼ਤੇਦਾਰਾਂ ਅਤੇ ਸਿੱਖਾਂ ਦੇ ਸਨਮੁਖ[3] ਆਖੇ ਸਨ। ਇਸ ਵਿਚ ਪ੍ਰਚਲਿਤ ਕਰਮਕਾਂਡਾਂ ਦਾ ਨਿਖੇਧ ਕਰਕੇ ਪਰਮਸਤਿ ਨਾਲ ਮਿਲਣ ਤੇ ਜ਼ੋਰ ਦਿੱਤਾ ਗਿਆ ਹੈ। (ਮੂਲ ਪਾਠ ਲਈ ਵੇਖੋ **ਅੰਤਿਕਾ:੨੭**) ਬਾਬਾ ਜੀ ਦੀ ਜ਼ਿਕਰਯੋਗ 'ਸੱਦ'[4] ਵਿਚ ਬਿਰਤਾਂਤਕ ਤੇ ਵਰਣਨਾਤਮਕ ਅੰਸ਼ਾਂ ਦੀ ਬਹੁਤਾਤ ਦ੍ਰਿਸ਼ਟੀਗੋਚਰ ਹੁੰਦੀ ਹੈ। ਕਈ ਵਿਦਵਾਨ 'ਸਦ' ਨੂੰ ਅਨੁਸ਼ਠਾਨਿਕ ਰਚਨਾ-ਰੂਪ ਦੇ ਜ਼ੁਮਰੇ ਵਿਚ ਵੀ ਰੱਖਦੇ ਹਨ।

ਸਿੱਖ ਇਤਿਹਾਸ ਅਨੁਸਾਰ 'ਸੁੰਦਰ'[5] ਗੁਰੂ ਅਮਰਦਾਸ ਦਾ ਪੜਪੋਤਾ, ਮੋਹਰੀ ਦਾ ਪੋਤਾ ਅਤੇ ਅਨੰਦ ਦਾ ਬੇਟਾ ਸੀ। ਸਿੱਖ ਰਵਾਇਤ ਵਿਚ ਗੁਰੂ ਅਮਰਦਾਸ ਨੇ 'ਅਨੰਦੁ' ਬਾਣੀ ਦੀ ਰਚਨਾ ਇਸੇ ਦੇ ਜਨਮ ਦੀ ਖ਼ੁਸ਼ੀ ਵਿਚ ਉਚਾਰਨ ਕੀਤੀ ਸੀ।

'ਸ਼ਬਦਾਰਥ' ਅਨੁਸਾਰ ਸਦੁ ਦੇ ਅਰਥ ਸ਼ਬਦ, ਸੱਦਾ, ਮਰਨ ਦਾ ਬੁਲਾਵਾ ਹੈ। ਸੰਸਕ੍ਰਿਤ ਸ਼ਬਦ ਦਾ ਪ੍ਰਾਕ੍ਰਿਤ ਰੂਪ 'ਸਦੁ' ਹੈ ਤੇ ਪੰਜਾਬੀ ਰੂਪ 'ਸੱਦ'। ਮੁਰਾਦ ਗਾਲਬਨ ਵਾਹਿਗੁਰੂ ਦੇ ਦਰੋਂ ਗੁਰੂ ਅਮਰਦਾਸ ਜੀ ਨੂੰ ਸੱਦਾ ਆਉਣ ਤੋਂ ਹੈ।

ਗੁਰੂ ਗ੍ਰੰਥ ਸਾਹਿਬ ਦੇ ਭੋਗ ਸਮੇਂ ਵੀ 'ਸਦੁ' ਦਾ ਪਾਠ ਕੀਤਾ ਜਾਂਦਾ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੂਰਵ ਅੰਕਤ, ਅੰਕ 212
   "ਗੁਰੂ ਅਮਰਦਾਸ ਦਾ ਗੁਰੂ-ਗੱਦੀ ਕਾਲ ਸੰਨ 1552 ਤੋਂ 1574 ਈ: ਤੱਕ ਹੈ।

ਸੰਨ 1554 ਈ: ਵਿਚ ਜਨਮੇ ਬਾਬਾ ਅਨੰਦ ਦਾ ਪੁੱਤਰ ਕਦੋਂ ਪੈਦਾ ਹੋਇਆ ਅਤੇ ਕਦੋਂ ਇਤਨਾ ਵੱਡਾ ਹੋ ਗਿਆ ਕਿ ਸੰਨ 1574 ਈ: ਵਿਚ ਉਸ ਨੇ 'ਸਦ' ਲਿਖ ਲਿਆ ? ਇਨ੍ਹਾਂ ਸ਼ੰਕਾਵਾਂ ਦਾ ਉੱਤਰ ਇਤਿਹਾਸ ਤੋਂ ਨਹੀਂ ਮਿਲਦਾ। ਇਸ ਨਾਲ 'ਸੁੰਦਰ' ਦੀ ਇਤਿਹਾਸਕਿਤਾ ਸੰਦਿਗਧ ਹੋ ਜਾਂਦੀ ਹੈ। ਸੰਭਵ ਹੈ ਉਸ ਨੇ ਆਪਣੇ ਵਡਿਆਂ ਤੋਂ ਗੁਰੂ ਅਮਰਦਾਸ ਵਲੋਂ ਆਪਣੇ ਅੰਤ-ਕਾਲ ਵੇਲੇ ਦਿੱਤੇ ਉਪਦੇਸ਼ ਨੂੰ ਸੁਣ ਕੇ ਕਲਮਬੰਦ ਕੀਤਾ ਹੋਵੇ। ਇਸ ਲਈ ਇਸ ਸਦ ਦਾ ਰਚਨਾ-ਕਾਲ 16ਵੀਂ ਸਦੀ ਦਾ ਅੰਤਿਮ ਦਹਾਕਾ ਪ੍ਰਤੀਤ ਹੁੰਦਾ ਹੈ।"

2. ਪੂਰਵ ਅੰਕਤ, ਅੰਕ 141
3. 'ਸਦੁ' ਬਾਣੀ ਵਿਚ ਨਿਰੂਪਣ ਦਿੱਤਾ ਹੈ ਕਿ ਅਕਾਲੀ ਸੱਦਾ ਆਉਣ ਤੇ ਗੁਰੂ ਅਮਰਦਾਸ ਨੂੰ ਉਮਾਹਾ ਅਤੇ ਖੇੜਾ ਹੋਇਆ ਅਤੇ ਸਾਰੇ ਪ੍ਰਵਾਰ ਸਮੇਤ ਸਿੱਖਾਂ ਨੂੰ ਚੜ੍ਹਦੀਕਲਾ ਵਿਚ ਰਹਿ ਕੇ ਪਰਮਸਤਿ ਪ੍ਰਭੂ ਦਾ ਭਾਣਾ ਮਿੱਠਾ ਕਰਕੇ ਮੰਨਣ ਦਾ ਉਪਦੇਸ਼ ਕੀਤਾ। ਇਸ ਬਾਣੀ ਰਾਹੀਂ ਅਧਿਆਤਮਿਕ ਦੇ ਰੂਬਰੂ ਤਵਾਰੀਖੀ ਤੱਥਾਂ ਬਾਰੇ ਵੱਡਮੁਲੀ ਜਾਣਕਾਰੀ ਮਿਲਦੀ ਹੈ।
4. **The Encyclopeadia of sikhism (Vol III),** op.cit, P: 459
   "Sadd is a form of folk poetry prevalent in rural punjab. Literally the term means an invocation call, hark or cry. Originally, it was used to denote songs addressed by lover to beloved expressing his heart's anguish. With the passage of time, it turned into a dirge sang in love and adoration of the dead."
5. ਵੇਖੋ 'ਪੱਗ ਟਿਪਣੀ'।

# ਰਾਮਕਲੀ ਕੀ ਵਾਰ

ਰਾਮਕਲੀ ਇਕ ਪ੍ਰਸਿੱਧ ਅਤੇ ਹਰਮਨ ਪਿਆਰਾ ਰਾਗ ਹੈ, ਜਿਸ ਦਾ ਪ੍ਰਭਾਤ ਦੇ ਰਾਗਾਂ ਵਿਚ ਵਿਸ਼ੇਸ਼ ਸਥਾਨ ਹੈ। ਇਸ ਰਾਗ ਵਿਚ ਜੋ ਵਾਰਾਂ ਆਈਆਂ ਹਨ, ਉਹ ਹਨ: (ੳ) ਰਾਮਕਲੀ ਕੀ ਵਾਰ (ਮਹਲਾ ੩) (ਅ) ਰਾਮਕਲੀ ਕੀ ਵਾਰ (ਮਹਲਾ ੫) ਅਤੇ (ੲ) ਵਾਰ ਰਾਇ ਬਲਵੰਡ ਅਤੇ ਸਤੇ ਡੂੰਮ ਕੀ।

**(ੳ) ਰਾਮਕਲੀ ਕੀ ਵਾਰ (ਮਹਲਾ ੩):—**

ਗੁਰੂ ਅਮਰਦਾਸ ਵਲੋਂ ਉਚਾਰਨ ਇਸ ਵਾਰ ਦੀਆਂ ਕੁੱਲ 21 ਪਉੜੀਆਂ ਹਨ। ਹਰ ਪਉੜੀ ਦੀਆਂ ਪੰਜ-ਪੰਜ ਤੁਕਾਂ ਹਨ। ਪਹਿਲੀ ਪਉੜੀ ਤੋਂ ਬਾਅਦ ਇੱਕ ਤੁੱਕ 'ਰਹਾਉ' ਵਾਲੀ ਵੀ ਹੈ। ਇਨ੍ਹਾਂ ਸਲੋਕਾਂ ਦੀ ਕੁੱਲ ਗਿਣਤੀ 52 ਹੈ, ਜੋ ਇਨ੍ਹਾਂ ਪਉੜੀਆਂ ਨਾਲ ਸੰਮਿਲਤ ਹਨ। ਇਨ੍ਹਾਂ 52 ਸਲੋਕਾਂ 'ਚੋਂ ਗੁਰੂ ਨਾਨਕ ਦੇ 19, ਗੁਰੂ ਅੰਗਦ ਦੇ 7, ਗੁਰੂ ਅਮਰਦਾਸ ਦੇ 24 ਅਤੇ ਕਬੀਰ ਦੇ 2 ਸਲੋਕ ਦਰਜ ਹਨ। ਸਲੋਕਾਂ ਦੀ ਵੰਡ, ਹਰ ਪਉੜੀ ਨਾਲ ਇਕਸਾਰ ਨਹੀਂ। ਪਉੜੀ ੧, ੪, ੮, ੧੬ ਅਤੇ ੧੯ਵੀਂ ਨਾਲ ਤਿੰਨ ਤਿੰਨ ਸਲੋਕ ਦਰਜ ਹਨ ਜਦਕਿ ੧੨ਵੀਂ ਪਉੜੀ ਨਾਲ 7 ਸਲੋਕ ਅੰਕਿਤ ਹਨ। ਤੁਕਾਂ ਦੀ ਗਿਣਤੀ ਇਕਸਾਰ ਨਹੀਂ, ਆਮ ਤੌਰ ਤੇ 2-22 ਤੁਕਾਂ ਦੇ ਸਲੋਕ ਹਨ। ਗੁਰੂ ਨਾਨਕ ਦਾ ਸਲੋਕ 22 ਤੁਕਾਂ ਦਾ ਹੈ ਜਦਕਿ ਗੁਰੂ ਅਮਰਦਾਸ ਦਾ ਸਲੋਕ 12 ਤੁਕਾਂ ਦਾ ਹੈ।

ਗੁਰੂ ਅਰਜਨ ਨੇ ਇਸ ਵਾਰ ਨੂੰ 'ਜੋਧੈ ਵੀਰੈ ਖੂਰਬਾਣੀ ਕੀ ਧੁਨੀ'[1] ਤੇ ਗਾਉਣ ਦਾ ਆਦੇਸ਼ ਦਿੱਤਾ ਹੈ। ਇਸ ਵਾਰ ਦਾ ਕੇਂਦਰੀ ਸਾਰ ਹੈ ਕਿ ਸਾਰੀ ਸ੍ਰਿਸ਼ਟੀ ਅਕਾਲਪੁਰਖ ਵਲੋਂ ਰਚੀ ਹੋਈ ਹੈ ਅਤੇ ਉਹ ਆਪ ਹਰ ਥਾਂ ਵਿਆਪਕ ਹੈ। ਇਕ ਪ੍ਰਭੂ-ਅਕਾਲਪੁਰਖ ਦੀ ਅਰਾਧਨਾ ਕਰਕੇ ਜੀਵ ਜੂਨਾਂ ਦੇ ਚੱਕਰਾਂ ਤੋਂ ਸਰਖਰੂ ਹੋ ਸਕਦਾ ਹੈ।

**(ਅ) ਰਾਮਕਲੀ ਕੀ ਵਾਰ (ਮਹਲਾ ੫):—**

ਗੁਰੂ ਅਰਜਨ ਵਲੋਂ ਉਚਾਰਨ ਇਸ ਵਾਰ ਦੀਆਂ 22 ਪਉੜੀਆਂ ਹਨ, ਜੋ ਅੱਠ ਅੱਠ ਤੁਕਾਂ ਦੀਆਂ ਹਨ। ਹਰ ਪਉੜੀ ਨਾਲ ਦੋ-ਦੋ ਸਲੋਕ ਦਰਜ ਹਨ। ਸਾਰੇ ਸਲੋਕਾਂ ਦੀ ਗਿਣਤੀ 44 ਹੈ ਪਰ ਸਮਾਨਤਾ ਤੋਂ ਰਹਿਤ। ਪਹਿਲੀਆਂ ਤਿੰਨ ਪਉੜੀਆਂ ਨਾਲ ਸਲੋਕਾਂ ਦੀ ਚਾਰ-ਚਾਰ ਤੁਕਾਂ ਹਨ ਜਦਕਿ ਬਾਕੀ ਦੀ ਗਿਣਤੀ 2-16 ਤੁਕਾਂ ਦੀ ਹੈ। 19ਵੀਂ ਪਉੜੀ ਨਾਲ ਦੋ ਸਲੋਕ ਅਤੇ 20ਵੀਂ ਪਉੜੀ ਨਾਲ ਦਰਜ ਦੋਵੇਂ ਸਲੋਕ ਕਬੀਰ ਅਤੇ 21ਵੀਂ ਪਉੜੀ ਨਾਲ ਫ਼ਰੀਦ ਪ੍ਰਤੀ ਗੁਰੂ ਅਰਜਨ ਨੇ ਉਚਾਰਨ ਕੀਤੇ ਹਨ।

ਇਸ ਵਾਰ ਵਿਚ ਗੁਰਮਤਿ ਦੇ ਅਨੇਕ ਪਹਿਲੂਆਂ ਤੇ ਚਾਨਣਾ ਪਾਇਆ ਗਿਆ ਹੈ। ਬਹੁਤਾ ਜ਼ੋਰ 'ਚਿਤ' ਦੀ ਸਥਿਰਤਾ ਦੇ ਆਲੇ-ਦੁਆਲੇ ਕੇਂਦਰਿਤ ਕੀਤਾ ਗਿਆ ਹੈ। ਵਾਰ ਦੀ ਭਾਸ਼ਾ ਪੰਜਾਬੀ ਸਾਧ-ਭਾਖਾ ਪੂਰਬੀ ਹੈ ਜਿਸ ਵਿਚ ਲਹਿੰਦੀ ਦੇ ਸ਼ਬਦ ਵੀ ਆਏ ਹਨ।

(ੲ) ਰਾਮਕਲੀ ਕੀ ਵਾਰ (ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ)

ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 966 ਤੇ ਦਰਜ ਹੈ। ਬਲਵੰਡ ਅਤੇ ਸਤਾ ਗੁਰੂ ਦਰਬਾਰ ਦੇ ਰਬਾਬੀ ਸਨ, ਜੋ ਗੁਰੂ ਅਰਜਨ ਦੇ ਹਜ਼ੂਰ ਕੀਰਤਨ ਕਰਦੇ ਸਨ। ਇਸ ਵਾਰ ਦੀਆਂ ਕੁੱਲ ਅੱਠ ਪਉੜੀਆਂ ਹਨ। ਪਹਿਲੀਆਂ 3 ਪਉੜੀਆਂ ਬਲਵੰਡ ਦੀਆਂ ਅਤੇ ਅਖਰੀਲੀਆਂ 5 ਪਉੜੀਆਂ ਸਤੇ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ। ਪਉੜੀਆਂ ਦੀ ਤੁਕਾਂ ਦੀ ਗਿਣਤੀ 7–20 ਤੱਕ ਹੈ। ਆਕਾਰ ਪੱਖੋਂ ਤੁਕਾਂ ਛੋਟੀਆਂ, ਵੱਡੀਆਂ ਹਨ। ਭਾਸ਼ਾ ਉਸ ਸਮੇਂ ਦੀ ਲੋਕ ਬੋਲੀ ਹੈ।

ਅਸਲ ਵਿਚ ਇਸ ਵਾਰ ਨੂੰ 'ਮਾਫ਼ੀਨਾਮਾ' ਆਖਣਾ ਵਧੇਰੇ ਦਰੁਸਤ ਹੈ। ਰਾਇ ਬਲਵੰਡ ਅਤੇ ਸੱਤਾ[2] ਹੰਕਾਰੀ ਹੋਣ ਕਾਰਨ ਗੁਰੂ ਦਰਬਾਰ ਵਿਚੋਂ ਗੁਰੂ ਅਰਜਨ ਨੇ ਕੱਢ ਦਿੱਤੇ ਸਨ। ਲਾਹੌਰ ਦੇ ਨਿਵਾਸੀ ਭਾਈ ਲੱਧਾ ਸਿੱਖ ਦੀ ਪਰਜ਼ੋਰ ਬੇਨਤੀ ਤੇ ਗੁਰੂ ਅਰਜਨ ਨੇ ਮੁਆਫ਼ ਕਰ ਦਿੱਤਾ। 'ਮਆਫ਼ੀ' ਵਜੋਂ ਇਨ੍ਹਾਂ ਇਸ ਵਾਰ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਸਿਫਤੀ/ ਉਸਤਤ ਵਿਚ ਵਾਰ ਉਚਾਰਨ ਕੀਤੀ। ਇਸ ਵਾਰ ਵਿਚ ਪੱਛਮੀ ਪੰਜਾਬ ਦਾ ਬਹੁਤਾ ਪ੍ਰਭਾਵ ਉਦੈ ਹੁੰਦਾ ਹੈ। ਇਸ ਨੂੰ ਕਈ ਵਾਰ 'ਟਿਕੇ ਕੀ ਵਾਰ'[3] ਵੀ ਆਖਿਆ ਜਾਂਦਾ ਹੈ। ਕਿਉਂਕਿ ਇਸ ਵਾਰ ਵਿਚ ਗੁਰਗੱਦੀ ਉੱਤੇ ਟਿਕੇ ਜਾਣ (ਤਿਲਕ ਦੇਣ) ਦਾ ਪ੍ਰਸੰਗ ਆਉਂਦਾ ਹੈ। ਇਹ ਵਾਰ ਪੁਰਾਤਨ ਹੱਥ-ਲਿਖਤ[4] ਵਿਚ ਵੀ ਸਾਂਭੀ ਗਈ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. ਰਵਾਇਤ ਅਨੁਸਾਰ ਜੋਧਾ ਅਤੇ ਵੀਰਾ ਰਾਜਪੂਤ ਪੂਰਵਾਣ ਦੇ ਦੋ ਸਪੁੱਤਰ ਸਨ। ਇਹ ਜਾਂਬਾਜ਼ ਬਹਾਦਰ ਜੋਧੇ ਸਨ। ਲਖੀ ਨਾਂ ਦੇ ਇਕ ਜੰਗਲ ਵਿਚ ਰਹਿਕੇ ਇਨ੍ਹਾਂ ਆਪਣੀ ਬਹਾਦਰੀ ਦੀ ਧਾਕ ਜਮਾਈ ਸੀ। ਅਕਬਰ ਬਾਦਸ਼ਾਹ ਨੇ ਆਪਣੇ ਅਧੀਨ ਕਰਨ ਲਈ ਇਨ੍ਹਾਂ ਤੇ ਹਮਲਾ ਕੀਤਾ। ਦੋਵੇਂ ਭਰਾਵਾਂ ਨੇ ਬਹਾਦਰੀ ਨਾਲ ਜੁੱਧ ਕਰ ਕੇ ਵੀਰਤਾ ਪ੍ਰਾਪਤ ਕੀਤੀ। ਇਨ੍ਹਾਂ ਦੀ ਬਹਾਦਰੀ ਨੂੰ ਢਾਡੀਆਂ ਨੇ ਗਾਇਨ ਕਰਕੇ ਇਸ ਵਾਰ ਦੀ ਲੋਕ-ਪ੍ਰਿਯ ਹੋਈ।
2. ਰਾਇ ਬਲਵੰਡਿ ਅਤੇ ਸਤਾ ਡੂਮ, ਪ੍ਰੋ: ਸਾਹਿਬ ਸਿੰਘ ਅਨੁਸਾਰ ਦੋ ਭਰਾ ਮੋਖੜ ਜਾਤ ਦੇ ਮਿਰਾਸੀ ਸਨ। ਇਸ ਵਾਰ ਦੀ ਰਚਨਾ ਸੰਨ 1582 ਈ: ਵਿਚ ਹੋਣੀ ਸੰਭਵ ਹੈ। 'ਗੁਰਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਅਨੁਸਾਰ ਲੜਕੀ ਦੇ ਵਿਆਹ ਸਮੇਂ ਇਨ੍ਹਾਂ ਨੇ ਗੁਰੂ ਅਰਜਨ ਤੋਂ ਮਾਲੀ ਇਮਦਾਦ ਦੀ ਮੰਗ ਕੀਤੀ। ਗੁਰੂ ਜੀ ਵਲੋਂ ਦਿੱਤੀ ਮਦਦ ਨਾਲ ਇਹ ਸੰਤੁਸ਼ਟ ਨਾ ਹੋਏ। ਫਿਰ ਇਨ੍ਹਾਂ ਕੀਰਤਨ ਬੰਦ ਕਰ ਦਿੱਤਾ। ਹੰਕਾਰੀ ਬਿਰਤੀ ਹੋਣ ਕਾਰਨ ਇਨ੍ਹਾਂ ਨੂੰ ਗੁਰੂ ਦਰਬਾਰ ਤੋਂ ਛੁਟੀ ਮਿਲ ਗਈ। ਕੁੱਝ ਸਮੇਂ ਆਰਥਿਕ ਤੰਗੀ, ਸਮਾਜਿਕ ਖੁਆਰੀ ਤੋਂ ਬਾਅਦ ਲਾਹੌਰ ਨਿਵਾਸੀ ਭਾਈ ਲੱਧਾ ਦੀ ਸਿਫ਼ਾਰਿਸ਼ ਤੇ ਗੁਰੂ ਸਾਹਿਬ ਨੇ ਇਨ੍ਹਾਂ ਦੋਵਾਂ ਨੂੰ ਮਾਫ਼ ਕਰ ਦਿੱਤਾ। 'ਮਾਫ਼ੀਨਾਮੇ' ਦੇ ਰੂਪ ਵਿਚ ਗੁਰੂ ਘਰ ਦੀ 'ਸਿਫ਼ਤ-ਸਾਲਾਹ' ਵਿਚ ਇਹ ਵਾਰ ਉਚਾਰਨ ਕੀਤੀ।

3. **The Encyclopeadia of sikhism (Vol III)**, op.cit, P: 457
"**Ramkali Ki Var,** also known as Tikke di Var, lit. coronation ode, is the joint composition of the bards Balvand and Satta...... The talented bards and Versifiers from such clans earned their livelihood by singing eulogies of their patrons, landed aristocrates, especially of their heroic deeds performed in combats, feuds, and battles in an exalted, epic style and form......The Rais and Dums, the bard clans, were Muslim by faith. Their descendants, remaining with the Islamic fold, served as minstrels and choristers in Sikh holy places, including the Harimandar at Amritsar, Balvand and Satta were Muslim rababis at the Guru's court."

4. **ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ ਲਿਖਤ ਗ੍ਰੰਥਾਂ ਦੀ ਵਿਵਰਣਾਤਮਕ ਸੂਚੀ**, ਪਟਿਆਲਾ 2001
ਵਿਸਥਾਰ ਲਈ ਦੇਖੋ: ਹੱਥ-ਲਿਖਤ ਨੰ: 37 ਅਤੇ 395

# ਰੁਤੀ

'ਰੁੱਤੀ' ਦੇ ਕੋਸ਼ਗਤ ਅਰਥ ਹਨ, ਰੁੱਤ, ਰਿਤੂ ਜਾਂ ਮੌਸਮ। ਗੁਰੂ ਅਰਜਨ ਨੇ ਰਾਮਕਲੀ ਰਾਗ ਵਿਚ ਛੇ ਰੁਤਾਂ ਦੇ ਆਧਾਰ ਤੇ ਜੋ ਬਾਣੀ ਉਚਾਰਨ ਕੀਤੀ, ਉਸ ਨੂੰ 'ਰੁਤੀ'[1] ਆਖਿਆ ਗਿਆ ਹੈ। ਕਈ ਵਿਦਵਾਨਾਂ ਨੇ ਸੰਸਕ੍ਰਿਤ ਦੇ 'ਖਟਰਿਤੁ ਵਰਣਨ' ਦੇ ਪੁਰਾਤਨ ਰੂਪ ਦਾ ਸੰਕੇਤ ਕੀਤਾ ਹੈ।

ਸੂਰਜ ਦੇ ਇਕ ਰਾਸ ਤੋਂ ਦੂਜੀ ਰਾਸ ਵਿਚ ਜਾਣ ਸਮੇਂ ਮਹੀਨੇ ਅਤੇ ਰੁਤਾਂ ਬਣਦੀਆਂ ਹਨ। ਬਾਰ੍ਹਾਂ ਮਹੀਨਿਆਂ ਦਾ ਇਕ ਸਾਲ ਹੈ, ਜਿਸ ਵਿਚ ਛੇ ਰੁਤਾਂ ਹੁੰਦੀਆਂ ਹਨ। ਦੋ-ਦੋ ਮਹੀਨਿਆਂ ਦੇ ਮਿਲਾਪ ਨਾਲ ਇਕ ਰੁੱਤ ਬਣਦੀ ਹੈ। ਛੇ ਰੁਤਾਂ ਇਹ ਹਨ:

| | | |
|---|---|---|
| ਚੇਤ ਵੈਸਾਖ | — | ਬਸੰਤ ਰੁੱਤ |
| ਜੇਠ ਅਸਾੜ੍ਹ | — | ਗ੍ਰੀਖਮ ਰੁੱਤ |
| ਸਾਵਨ ਭਾਦਵ | — | ਬਰਸ ਰੁੱਤ |
| ਅਸੂ ਕਤਿਕ | — | ਸਰਤ ਰੁੱਤ |
| ਮੰਘਰ ਪੋਹ | — | ਸਿਸੀਅਰ ਰੁੱਤ |
| ਮਾਘ ਫ਼ਗਣ | — | ਹਿਮਕਰ ਰੁੱਤ। |

ਰੁੱਤ ਜਾਂ ਰਿਤੂ ਦੇ ਬਹੁ-ਵਚਨ ਦੀ ਸੰਗਿਆ 'ਰੁੱਤੀ' ਹੁੰਦੀ ਹੈ। 'ਰੁੱਤੀ' ਬਾਣੀ ਵਿਚ ਛੇ-ਛੇ ਤੁਕਾਂ ਦੇ ਅੱਠ ਛੰਤ/ਪਦੇ ਆਉਂਦੇ ਹਨ। ਸਲੋਕਾਂ ਦੀ ਕੁਲ ਗਿਣਤੀ 16 ਹੈ। ਇਕ ਭਾਵ ਦਾ ਸੰਕੇਤ ਸਲੋਕ ਵਿਚ ਅਤੇ ਵਿਆਖਿਆ 'ਛੰਤਾਂ' ਵਿਚ ਹੋਈ ਹੈ। ਭਾਵ ਸਲੋਕ-ਛੰਤ ਇਕੋ ਮਾਲਾ ਦੇ ਮਣਕੇ ਜਾਪਦੇ ਹਨ। ਪ੍ਰਭੂ ਦੀ ਆਰਾਧਨਾ ਲਈ ਕੋਈ ਖਾਸ ਰੁੱਤ ਨਹੀਂ, ਪ੍ਰਭੂ ਪ੍ਰਮਾਤਮਾ ਨਾਲ ਹਰ ਸਮੇਂ ਲੀਨ ਹੀ ਰਹਿਣਾ ਚਾਹੀਦਾ ਹੈ।

ਗੁਰੂ ਅਰਜਨ ਨੇ ਰੂਹਾਨੀ ਰਸ-ਭਿੰਨੜਾ ਨੂੰ ਸਾਹਵੇਂ ਰੱਖ ਕੇ ਪਹਿਲੀ ਵੇਰ ਛੇ ਰੁੱਤਾਂ ਦਾ ਵਰਨਣ ਬਾ-ਖ਼ੂਬੀ ਪ੍ਰਸਤੁਤ ਕੀਤਾ ਹੈ। ਇਸ ਰੁੱਤੀ ਵਿਚ ਅਕਾਲਪੁਰਖ ਦੇ ਵਿਛੋੜਾ ਦੂਰ ਕਰਨ ਅਤੇ ਉਸ ਨਾਲ ਪ੍ਰੇਮ-ਪੀਂਘ ਪਾਉਣ ਲਈ ਪ੍ਰੇਰਿਆ ਗਿਆ ਹੈ। ਗੁਰੂ ਸਾਹਿਬ ਨੇ ਸਾਧਕ ਦੇ ਅਧਿਆਤਮਿਕ ਅਨੁਭਵ ਨੂੰ ਬਾ-ਖ਼ੂਬੀ ਕਲਮਬੱਧ ਕੀਤਾ ਹੈ। 'ਰੁੱਤੀ' ਦੇ ਮੂਲ ਪਾਠ ਲਈ ਵੇਖੋ ਅੰਤਿਕਾ:੨੮। ਇਸ ਬਾਣੀ ਵਿਚ ਵਰਤੀ ਭਾਸ਼ਾ 'ਸਾਧ-ਭਾਖਾ' ਪੰਜਾਬੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 927-929 ਤੱਕ ਅੰਕਿਤ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol III),** op.cit, P: 515 "**Ruti (Rutti),** a composition by Guru Arjan in Raga Ramkali in the Guru Granth Sahib comprising eight Six-line stanzas, preceded by two **Slokas,** each of two lines, **Rutti** is the plural of **Rutt,** Skt. **Rtu** (Season). The **slokas** introduce the theme briefly while the stanzas, called **Chhants** here, elaborate it. Generally, the hymn portrays the intense urge in man to meet the supreme Being. The yearnig sharpens form season to season."

# ਲਾਵਾਂ

'ਲਾਵਾਂ' ਦੇ ਚਾਰ ਸ਼ਬਦ ਨਿਮਨ ਲਿਖਤ ਸਿਰਲੇਖ 'ਰਾਗ ਸੂਹੀ ਮਹਲਾ ੪ ਛੰਤ ਘਰ ੧' ਗੁਰੂ ਗ੍ਰੰਥ ਸਾਹਿਬ ਦੇ ਅੰਕ 773–774 ਤੱਕ ਸੁਸ਼ੋਭਿਤ ਹਨ। 'ਲਾਵਾਂ' ਸਿਰਲੇਖ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਪਰ ਸੂਹੀ ਰਾਗ ਵਿਚ ਆਏ ਦੂਜੇ ਛੰਤ ਦੀ ਸੰਗਿਆ 'ਚਾਰ ਲਾਵਾਂ' ਹੋ ਗਈ ਹੈ। ਕੁੱਲ ਅੱਠ ਸ਼ਬਦ ਹਨ। ਪਹਿਲੇ ਚਾਰ ਸ਼ਬਦਾਂ ਵਿਚ ਹੁਲਾਸਮਈ ਵਾਤਾਵਰਣ ਉਸਾਰਿਆ ਗਿਆ ਹੈ ਜਿਸ ਵਿਚ ਪਰਮਸਤਿ ਦੇ ਪ੍ਰੇਮ ਲਈ ਵਿਆਹ ਦਾ ਬਿੰਬ ਸਿਰਜਿਆ ਗਿਆ ਹੈ ਅਤੇ ਫਿਰ ਪਰਮਾਤਮਾ ਪ੍ਰੇਮ ਨੂੰ ਪ੍ਰਾਪਤ ਕਰਨ ਲਈ ਲਾਵਾਂ ਦੇ ਚਾਰ ਸ਼ਬਦ ਉਚਾਰਨ ਕੀਤੇ ਗਏ ਹਨ।

'ਲਾਵ' ਸ਼ਬਦ ਦਾ ਅਰਥ ਹੈ ਤੋੜਨਾ, ਵਿਆਹ ਸਮੇਂ ਦੀ ਪਰਿਕ੍ਰਮਾ (ਫੇਰਾ) ਜਿਸ ਦਵਾਰਾ ਪਿਤਾ ਦੇ ਘਰ ਨਾਲੋਂ ਸੰਬੰਧ ਤੋੜਕੇ, ਪਤਿ ਨਾਲ ਜੋੜਿਆ ਜਾਂਦਾ ਹੈ।[1] ਵਿਆਹ ਸਮੇਂ ਗਾਏ ਜਾਣ ਵਾਲੇ ਇਹੋ ਸ਼ਬਦ 'ਲਾਵਾਂ' ਨਾਲ ਪਰਿਭਾਸ਼ਿਤ ਕੀਤੇ ਗਏ ਹਨ। ਇਹ ਸੰਕਲਪਮੁਖੀ ਸ਼ਬਦ ਸਿੱਖ ਸਭਿਆਚਾਰ ਦੇ ਨਜ਼ਰੀਏ ਤੋਂ ਦੂਜੇ ਧਾਰਮਿਕ ਸਭਿਆਚਾਰਾਂ ਤੋਂ ਵੱਖਰੀ ਪਛਾਣ ਰੱਖਦੇ ਹਨ। ਇਹੋ ਕਾਰਨ ਹੈ ਕਿ ਇਹ ਚਾਰ ਸ਼ਬਦ 'ਲਾਵਾਂ' ਵਾਲੇ ਮਰਿਆਦਾ ਪੱਖੋਂ ਸਿੱਖ ਧਰਮ ਵਿਚ ਸੁਤੰਤਰ ਬਾਣੀ ਰੂਪ ਵਜੋਂ ਪ੍ਰਵਾਨ ਹੋ ਚੁੱਕੇ ਹਨ।

ਸਿੱਖ ਧਰਮ ਵਿਚ ਵਿਆਹ ਸੰਸਕਾਰ ਇਨ੍ਹਾਂ 'ਲਾਵਾਂ' ਦੀ ਸਹਾਇਤਾ ਨਾਲ ਸਾਕਾਰ ਹੁੰਦਾ ਹੈ। ਇਕ ਪਾਸੇ ਇਸਤਰੀ ਪੁਰਸ਼ ਦੇ ਵਿਆਹ ਵਾਲੀ ਜ਼ਿੰਦਗੀ ਦਾ ਆਦਰਸ਼ ਹੈ, ਦੂਜੇ ਪਾਸੇ ਜੀਵ ਦਾ ਪ੍ਰਮਾਤਮਾ ਨਾਲ ਆਤਮਿਕ ਮੇਲ ਹੈ। ਇਸਤਰੀ ਪੁਰਸ਼ ਦੀ ਵਿਆਹੁਤਾ ਜ਼ਿੰਦਗੀ ਹਰੀ ਤੇ ਆਤਮਾ ਦੇ ਮੇਲ ਦੇ ਨਮੂਨੇ ਉੱਤੇ ਚਲਣੀ ਹੈ। ਇਸਤਰੀ ਭਰਤਾ ਦੀ ਜ਼ਿੰਦਗੀ ਲਈ ਡਰ, ਪ੍ਰੇਮ, ਵੈਰਾਗ ਅਤੇ ਸਹਿਜ ਦਾ ਆਦਰਸ਼ ਉਲੀਕਿਆ ਗਿਆ ਹੈ।

ਇਹ ਇਕ ਰੂਪਕਾਤਮਕ ਸਿਰਜਣਾ ਹੈ। ਇਸ ਵਿਚ ਇਕ ਪਾਸੇ ਇਸਤਰੀ ਅਤੇ ਮਰਦ ਦੇ ਵਿਵਾਹਿਕ ਜੀਵਨ ਦਾ ਆਦਰਸ਼ ਦਰਸਾਇਆ ਗਿਆ ਹੈ ਅਤੇ ਦੂਜੇ ਪਾਸੇ ਆਤਮਾ ਅਤੇ ਪਰਮਾਤਮਾ ਦੇ ਅਧਿਆਤਮਿਕ ਸੰਬੰਧ ਉੱਤੇ ਝਾਤ ਪਾਈ ਗਈ ਹੈ। ਇਸ ਤਰ੍ਹਾਂ ਦੋਹਾਂ ਪੱਖਾਂ ਨੂੰ ਸਪਸ਼ਟ ਕਰਕੇ ਦੰਪਤਿਕ ਜੀਵਨ ਨੂੰ ਅਧਿਆਤਮਿਕ ਪ੍ਰੇਮ–ਸੰਬੰਧ ਦੇ ਪੈਟਰਨ ਉਪਰ ਚਲਣ ਦੀ ਪ੍ਰੇਰਨਾ ਦਿੱਤੀ ਗਈ ਹੈ। ਸਪਸ਼ਟ ਹੈ ਕਿ ਇਥੇ 'ਲਾਵਾਂ' ਦਾ ਅਧਿਆਤਮਿਕ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਸ ਨਾਲ ਜੀਵਾਤਮਾ ਦੀਆਂ ਉਤਰੋਤਰ ਅਵਸਥਾਵਾਂ ਉੱਤੇ ਝਾਤ ਪੈ ਸਕੀ ਹੈ।[2] ਚਾਰ ਲਾਵਾਂ[3] ਦੁਨਿਆਵੀ ਸੰਬੰਧਾਂ ਦੇ ਟੁੱਟਣ ਦੇ ਚਾਰ ਚਰਨ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਪਾਰ ਕਰਕੇ ਪਰਮਸਤਿ ਦੇ ਪ੍ਰੇਮ ਰਾਹੀਂ ਪ੍ਰਾਣੀ ਸਦੀਵੀ ਰੂਪ ਧਾਰ ਕੇ ਅਨੰਦਮਈ ਹੋ ਜਾਂਦਾ ਹੈ, ਜਿਸ ਲਈ ਅਨੰਦ–ਕਾਰਜ ਜਾਂ ਅਨੰਦ ਸਰੂਪ ਆਖਿਆ ਜਾਂਦਾ ਹੈ। ਗੁਰੂ ਜੀ ਨੇ 'ਲਾਵਾਂ'[4] ਦੇ ਸੰਸਾਰੀ ਅਰਥਾਂ ਤੋਂ ਦੂਰ ਅਧਿਆਤਮਿਕ ਪਸਾਰ ਬਖਸ਼ ਦਿੱਤਾ ਹੈ। 'ਲਾਵਾਂ' ਦੇ ਇਹ ਸ਼ਬਦ ਸਿੱਖ ਧਰਮ ਅਤੇ ਪੰਜਾਬੀ ਸਾਹਿਤ ਵਿਚ ਸੁਤੰਤਰ ਬਾਣੀ ਰੂਪ ਵਜੋਂ ਮਾਨਤਾ ਹਾਸਲ ਕਰ ਗਏ ਹਨ। ਮੂਲ ਪਾਠ ਲਈ ਵੇਖੋ ਅੰਤਿਕਾ:੨੯

ਅਨੰਦ-ਕਾਰਜ ਸਮੇਂ ਇਨ੍ਹਾਂ ਚਾਰ ਸ਼ਬਦਾਂ ਦਾ ਰਾਗਾਤਮਿਕ ਗਾਇਨ ਹੁੰਦਾ ਹੈ ਅਤੇ ਦੋਵੇਂ ਵਿਆਹ-ਬੰਧਨ ਵਾਲੇ ਪ੍ਰਾਣੀ 'ਗੁਰੂ ਗ੍ਰੰਥ ਸਾਹਿਬ' ਦੁਆਲੇ ਪਰਕਰਮਾ ਕਰਦੇ ਹਨ। ਪ੍ਰਤੀਕਾਤਮਿਕ ਅਰਥ ਹੈ ਕਿ ਦੋਹਾਂ ਪ੍ਰਾਣੀਆਂ ਦਾ ਜੀਵਨ ਕੇਂਦਰ 'ਗੁਰੂ ਗ੍ਰੰਥ ਸਾਹਿਬ' ਨੂੰ ਬਣਾਇਆ ਹੈ। ਇਸ ਨੂੰ ਆਧਾਰ-ਬਿੰਦੂ ਮੰਨ ਕੇ ਗ੍ਰਿਸਤ ਜੀਵਨ ਗੁਜ਼ਾਰਨਾ ਹੈ। ਦੋਵੇਂ ਇਕ-ਜੋਤ ਹੋ ਗਏ ਹਨ। ਗੁਰੂ ਸਾਹਿਬ ਨੇ ਵਿਆਹ ਦੀ ਪਰਿਭਾਸ਼ਾ ਨੂੰ ਮਾਨਵੀ ਮੁੱਲਾਂ ਦੇ ਸੰਦਰਭ ਵਿਚ ਨਵੇਕਲੇ ਅਰਥ ਦਿੱਤੇ ਹਨ। 'ਸੂਹੀ' ਰਾਗ ਵਿਚ ਉਚਾਰਨ ਇਨ੍ਹਾਂ ਸ਼ਬਦਾਂ ਨੂੰ ਖੁਸ਼ੀ ਤੇ ਖੇੜੇ ਦੇ ਭਾਵ ਅਨੁਸਾਰ ਸਮਝਣ ਦੀ ਲੋੜ ਹੈ। ਇਸੇ ਲਈ 'ਸੂਹੀ' ਭਾਵ 'ਸੂਹਾ ਲਾਲ' 'ਲਾਲ ਸੁਰਖ਼' ਰੰਗ ਸ਼ਗਨਾਂ ਦਾ ਮਿਥਿਆ ਗਿਆ ਹੈ।

ਚਾਰ ਸ਼ਬਦਾਂ ਵਿਚ ਹਰੇਕ ਅੰਦਰ ਛੇ-ਛੇ ਪੰਗਤੀਆਂ ਹਨ। 'ਲਾਵਾਂ' ਸ਼ਬਦ ਅੱਠ ਵਾਰ ਵਰਤਿਆ ਗਿਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੂਰਵ ਅੰਕਤ, ਅੰਕ 1065
2. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 463
3. 'ਲਾਵਾਂ' ਸ਼ਬਦ ਦੇ ਉਚਾਰਨ ਬਾਰੇ ਸਿੱਖ ਪੰਥ ਵਿਚ ਇਕ ਸਾਖੀ ਪ੍ਰਚਲਿਤ ਹੈ ਕਿ ਗੁਰੂ ਰਾਮਦਾਸ ਦੇ ਹਜ਼ੂਰ ਇਕ ਸਿੱਖ ਨੇ ਬੇਨਤੀ ਕੀਤੀ, "ਗੁਰੂ ਜੀ ਮੇਰੀ ਲੜਕੀ ਦੀ ਸ਼ਾਦੀ ਹੈ, ਮੈਂ ਗਰੀਬ ਹਾਂ। ਮੇਰੇ ਕੋਲੋਂ ਪੰਡਤ 25 ਰੁਪਏ ਲੈ ਵਿਆਹ ਕਰਾਉਣ ਲਈ ਮੰਨ ਗਿਆ ਸੀ ਤੇ ਹੁਣ ਜਦੋਂ ਲਗਨ ਦਾ ਸਮਾਂ ਆ ਗਿਆ ਹੈ ਤਾਂ ਉਹ 50 ਰੁਪਏ ਮੰਗਦਾ ਹੈ, ਜੋ ਮੈਂ ਗਰੀਬ ਜਿਹਾ ਬੰਦਾ ਨਹੀਂ ਦੇ ਸਕਦਾ। ਗੁਰੂ ਰਾਮਦਾਸ ਵੈਰਾਗ ਵਿਚ ਆ ਗਏ, ਉਹਨਾਂ ਨੇ ਬਰਾਤੀਆਂ ਤੇ ਲੜਕੀ ਵਾਲਿਆਂ ਨੂੰ ਬੁਲਾਇਆ। ਗੁਰੂ ਜੀ ਨੇ ਚਾਰ ਲਾਵਾਂ ਉਚਾਰ ਕੇ ਦੁਖ-ਭੰਜਨੀ ਬੇਰੀ ਹੇਠ ਲੜਕੀ ਦੇ ਵਿਆਹ ਦੀ ਰਸਮ ਅਦਾ ਕੀਤੀ ਅਤੇ ਨਾਲ ਹੀ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਅੱਗੇ ਤੋਂ ਸਿੱਖ-ਪਰਿਵਾਰ ਵਿਚ ਵਿਆਹ ਦੀ ਰਸਮ ਸਮੇਂ ਪੰਡਤ ਨੂੰ ਨਾ ਲਿਆਂਦਾ ਜਾਵੇ। ਵਿਆਹ ਦੀ ਰਸਮ ਸਾਦਾ ਢੰਗ ਨਾਲ 'ਚਾਰ ਲਾਵਾਂ' ਉਚਾਰ ਕੇ ਸੰਪੂਰਨ ਕੀਤੀ ਜਾਵੇ। ਇੰਝ 'ਲਾਵਾਂ' ਵਾਲੇ ਸ਼ਬਦਾਂ ਦੀ ਸਿਰਜਣਾ ਹੋਈ।
4. **ਪੰਜਾਬੀ ਸਾਹਿੱਤ ਕੋਸ਼ (ਭਾਗ ਤੀਜਾ)**, ਪੂਰਵ ਅੰਕਤ, ਅੰਕ 303
   "ਪੰਜਾਬੀ ਲੋਕ-ਕਾਵਿ ਪਰੰਪਰਾ ਵਿਚ ਲਾਵਾਂ ਇਕ ਸੁਤੰਤਰ ਗੀਤ-ਰੂਪ ਹੈ। ਇਹ ਗੀਤ-ਰੂਪ ਬੇਦੀ ਗੱਡਣ ਉਪਰੰਤ ਲਾੜੇ ਦੇ ਲਾਵਾਂ ਲੈਣ ਸਮੇਂ ਉਚਾਰਿਆ ਜਾਂਦਾ ਹੈ। ਚਾਰੇ ਲਾਵਾਂ ਅਨੁਸਾਰ ਇਹ ਗੀਤ ਰੂਪ ਦੇ ਚਾਰ ਬੰਦ ਹਨ, ਜਿਹਨਾਂ ਵਿਚ ਮਨੁੱਖੀ ਜੀਵਨ ਬਾਰੇ ਲੋਕ-ਦਰਸ਼ਨ ਦੀ ਦ੍ਰਿਸ਼ਟੀ ਤੋਂ ਵਿਆਪਕ ਟਿੱਪਣੀ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਨੇ ਬਾਕੀ ਲੋਕ-ਕਾਵਿ ਰੂਪਾਂ ਨੂੰ ਆਪਣੀ ਸਿਰਜਣਾ ਲਈ ਮਾਧਿਅਮ ਬਣਾਇਆ, ਉਸੇ ਤਰ੍ਹਾਂ ਲਾਵਾਂ ਦਾ ਵੀ ਪ੍ਰਯੋਗ ਕੀਤਾ ਹੈ।"

# ਵਡਹੰਸ

ਇਹ ਖਮਾਚ-ਠਾਟ[1] ਦਾ ਰਾਗ ਹੈ, ਜੋ ਅਸਲੋਂ ਲੋਕ-ਸੰਗੀਤ ਅਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕ 557-594 ਤੱਕ ਇਸ ਰਾਗ ਦੀ ਬਾਣੀ ਅੰਕਿਤ ਹੈ। ਇਸਦੇ ਗਾਉਣ ਦਾ ਸਮਾਂ ਦੁਪਹਿਰ ਸਮੇਂ ਜਾਂ ਰਾਤ ਦਾ ਦੂਜਾ ਪਹਿਰ ਮੰਨਿਆ ਜਾਂਦਾ ਹੈ। ਕੁੱਝ ਵਿਦਵਾਨ ਇਸ ਨੂੰ ਮਾਰੂ, ਸੋਰਠੀ, ਦੁਰਗਾ, ਧਨਾਸਰੀ ਅਤੇ ਜੋਤੀ ਦਾ ਮਿਸ਼ਰਣ ਆਖਦੇ ਹਨ। ਇਕ ਭੇਦ ਵਡਹੰਸ-ਦੱਖਣੀ ਵੀ ਹੈ।

ਇਸ ਰਾਗ ਵਿਚ ਹਰਖ-ਸੋਗ ਨਾਲ ਸੰਬੰਧਿਤ ਕਾਵਿ-ਰੂਪ ਘੋੜੀਆਂ ਅਤੇ ਅਲਾਹੁਣੀਆਂ ਦੀ ਭਾਵਨਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਰਾਗ ਦੀ ਸਮੁੱਚੀ ਬਣੀ ਵਿਚ ਕੁੱਲ 24 ਚਉਪਦੇ, 2 ਅਸ਼ਟਪਦੀਆਂ, 17 ਛੰਤ (ਦੋ ਘੋੜੀਆਂ ਸਮੇਤ), 9 ਅਲਾਹਣੀਆਂ ਅਤੇ ਇਕ ਵਾਰ ਮਹਲਾ ੪ ਦਰਜ ਹੈ। ਚਉਪਦਿਆਂ ਦੇ ਪ੍ਰਕਰਣ ਵਿਚ ਗੁਰੂ ਨਾਨਕ ਦੇ 3 ਚਉਪਦੇ (ਦੋ ਚਉਪਦੇ ਅਤੇ ਇੱਕ ਪਦਾ) ਗੁਰੂ ਅਮਰਦਾਸ ਦੇ 9 (ਅੱਠ, ਚਾਰ-ਚਾਰ ਪਦੇ ਅਤੇ ਇੱਕ ਪੰਜ ਪਦਾ), ਗੁਰੂ ਰਾਮਦਾਸ ਦੇ 3 (ਪਹਿਲਾ ਚਾਰ ਪਦਾ, ਦੂਜਾ ਪੰਜ ਪਦਾ ਅਤੇ ਤੀਜਾ ਛੇ ਪਦਾ), ਗੁਰੂ ਅਰਜਨ ਦੇ 9 (ਸਤਾਂ ਵਿਚ ਚਾਰ-ਚਾਰ ਪਦੇ, ਅਠਵੇਂ ਵਿਚ ਤਿੰਨ ਅਤੇ ਨੌਵੇਂ ਵਿਚ ਪੰਜ ਪਦਿਆਂ ਦੇ ਜੁੱਟ ਹਨ)। ਇਹ ਸਾਰੇ ਪਦੇ ਅੰਕ 557-564 ਤੱਕ ਅੰਕਿਤ ਹਨ।

ਅਸ਼ਟਪਦੀਆਂ ਕੇਵਲ ਦੋ ਹਨ, ਜੋ ਗੁਰੂ ਅਮਰਦਾਸ ਦੀਆਂ ਉਚਾਰਨ ਕੀਤੀਆਂ ਹਨ, ਜੋ ਅੰਕ 564-565 ਤੱਕ ਅੰਕਿਤ ਹਨ। ਕੁੱਲ 17 ਛੰਤਾਂ ਵਿਚੋਂ ਗੁਰੂ ਨਾਨਕ ਦੇ 2 (ਚਾਰ ਪਦੇ ਅਤੇ ਅੱਠ ਪਦੇ), ਗੁਰੂ ਅਮਰਦਾਸ ਦੇ 6 (ਚਾਰ-ਚਾਰ ਪਦੇ), ਗੁਰੂ ਰਾਮਦਾਸ ਦੇ 6 (ਚਾਰ-ਚਾਰ ਪਦੇ) ਅਤੇ ਗੁਰੂ ਅਰਜਨ ਦੇ ਤਿੰਨ (ਚਾਰ-ਚਾਰ ਪਦੇ) ਪਦੇ ਹਨ। ਦੂਜੇ ਛੰਤ ਦੇ ਹਰ ਪਦੇ ਤੋਂ ਪਹਿਲਾਂ ਇੱਕ ਇੱਕ ਸਲੋਕ ਦਰਜ ਹੈ। ਇਹ ਸਾਰੇ ਛੰਤ ਅੰਕ 565-578 ਤੱਕ ਦਰਜ ਹਨ। ਮਹਲਾ ੧ ਅਤੇ ੩ ਦੀਆਂ ਅਲਾਹੁਣੀਆਂ ਅੰਕ 578-585 ਤੱਕ ਅੰਕਿਤ ਹਨ। ਇਸੇ ਤਰ੍ਹਾਂ ਵਾਰ ਮਹਲਾ ੪ ਅੰਕ 585-594 ਤੱਕ ਅੰਕਿਤ ਹੈ।

ਸਲੋਕਾਂ ਦੀ ਭਾਸ਼ਾ ਲਹਿੰਦੀ ਹੈ ਅਤੇ ਛੰਤਾਂ ਦੀ ਪੂਰਬੀ ਪੰਜਾਬੀ ਹੈ। ਇਸ ਬਾਣੀ ਦੇ ਸਮੁੱਚੇ ਸਾਰ ਵਿਚ ਗੁਰਮਤਿ ਦੇ ਅਨੇਕ ਪੱਖਾਂ ਤੇ ਵਿਆਖਿਆਤਮਿਕ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਰਾਗ-ਬੱਧ ਬਾਣੀ ਵਿਚ ਇਸ ਰਾਗ ਦਾ ਨੰਬਰ 8ਵਾਂ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol II),** op.cit, P: 172
   "Little has been written about this rare raga. It is not in the Ragmala, and today it is ascribed to the kafi Thata. Fifty three sabdas plus numerous slokas represent the total number

composed to this raga by Guru Nanak, Guru Amar Das, Guru Ram Das and Guru Arjan. **Vadahans** is considered suitable for the cold season and is assigned to the afternoon hours. Its mood is quite and tender.

Aroh:—Sa Re Ma Pa, Dha **Ni** Pa, Ni Sa

Avroh:— Sa **Ni** Pa, Dha Ma Ga Re, Sa Ni Sa

Vadi: Re

Samvadi: Pa"

# ਵਡਹੰਸ ਕੀ ਵਾਰ

ਗੁਰੂ ਰਾਮਦਾਸ[1] ਦੀ ਉਚਾਰੀ ਇਸ ਵਾਰ ਵਿਚ ਕੁੱਲ 21 ਪਉੜੀਆਂ ਹਨ, ਜੋ ਪੰਜ-ਪੰਜ ਤੁਕਾਂ ਦੀਆਂ ਹਨ। ਇਨ੍ਹਾਂ ਪਉੜੀਆਂ ਨਾਲ ਆਏ ਸਲੋਕਾਂ ਦੀ ਗਿਣਤੀ 43 ਹੈ। ਪਹਿਲੀ ਪਉੜੀ ਨਾਲ ਤਿੰਨ ਸਲੋਕ ਅਤੇ ਬਾਕੀਆਂ ਨਾਲ ਦੋ-ਦੋ ਸਲੋਕ ਦਰਜ ਹਨ।

ਸਲੋਕਾਂ ਦੀ ਗਿਣਤੀ ਨਿਮਨਲਿਖਤ ਅਨੁਸਾਰ ਹੈ: ਗੁਰੂ ਨਾਨਕ ਦੇ ਤਿੰਨ ਅਤੇ ਗੁਰੂ ਅਮਰਦਾਸ ਦੇ 40 ਸਲੋਕ ਅੰਕਿਤ ਹਨ। 2-10 ਤੁਕਾਂ ਦੇ ਸਲੋਕ ਦ੍ਰਿਸ਼ਮਾਨ ਹੁੰਦੇ ਹਨ। 10ਵੀਂ ਅਤੇ 20ਵੀਂ ਪਉੜੀ ਨਾਲ ਗੁਰੂ ਨਾਨਕ ਦੇ ਤਿੰਨ ਸਲੋਕ ਦਰਜ ਹਨ ਜਦਕਿ 40 ਸਲੋਕ ਗੁਰੂ ਅਮਰਦਾਸ ਦੇ ਬਾਕੀਆਂ ਬਚੀਆਂ ਪਉੜੀਆਂ ਨਾਲ ਅੰਕਿਤ ਹਨ। ਸਲੋਕਾਂ ਵਿਚ ਅੰਕਿਤ ਤੁਕਾਂ ਦੀ ਗਿਣਤੀ ਇਕ ਸਾਰ ਨਹੀਂ। ਗੁਰੂ ਅਰਜਨ ਨੇ ਇਸ ਵਾਰ ਨੂੰ 'ਲਲਾ ਬਹਲੀਮਾ ਕੀ ਧੁਨਿ ਗਾਵਣੀ'[2] ਦੀ ਧੁਨੀ ਤੇ ਗਾਉਣ ਦਾ ਆਦੇਸ਼ ਦਿੱਤਾ ਹੈ। ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਅੰਕ 585-594 ਤੱਕ ਅੰਕਿਤ ਹੈ।

ਇਸ ਵਾਰ ਦਾ ਕੇਂਦਰੀ ਭਾਵ ਹੈ ਕਿ ਅਕਾਲਪੁਰਖ ਜੀਵ ਅੰਦਰ ਵਸਦਾ ਹੈ। ਉਹ ਹਰ ਥਾਂ ਵਿਆਪਕ ਹੈ। ਸਾਨੂੰ ਅਕਾਲਪੁਰਖ ਤੋਂ ਬਿਨਾ ਨਾ ਕੋਈ ਮਾਰ ਸਕਦਾ ਹੈ, ਨਾ ਤਬਾਹ ਕਰ ਸਕਦਾ ਹੈ। ਸਾਨੂੰ ਸਭ ਕੁੱਝ ਉਸ ਪਰਮਸਤਿ ਤੇ ਹੀ ਛੱਡ ਦੇਣਾ ਚਾਹੀਦਾ ਹੈ। ਗੁਰੂ ਦੀ ਅਪਾਰ ਕ੍ਰਿਪਾ ਦ੍ਰਿਸ਼ਟੀ ਨਾਲ ਸੰਸਾਰੀ ਮੋਹ-ਮਾਇਆ ਦਾ ਨਾਸ਼ ਹੋ ਜਾਂਦਾ ਹੈ ਅਤੇ ਮਨੁੱਖ ਨੂੰ ਅੰਦਰਲੀ ਸ਼ਕਤੀ ਦਾ ਬੋਧ ਹੋ ਜਾਂਦਾ ਹੈ। ਕੁੱਝ ਪੌਰਾਣਿਕ ਹਵਾਲੇ ਵੀ ਸੰਕੇਤਕ ਨਜ਼ਰੀਏ ਤੋਂ ਆਏ ਹਨ। ਹੰਸ-ਬਗਲੇ, ਸੰਤ-ਅਸੰਤ, ਗੁਰਮੁਖ-ਮਨਮੁਖ ਆਦਿ ਤੇ ਵਿਰੋਧੀ ਤੱਤਵਾਂ ਵਿਆਖਿਆਤਮਿਕ ਚਾਨਣਾ ਪਾਇਆਂ ਗਿਆ ਹੈ।

ਇਸ ਵਾਰ ਦੀ ਭਾਸ਼ਾ ਪੁਰਾਣੀ ਪੰਜਾਬੀ ਹੈ, ਜਿਸ ਵਿਚ ਬਹੁਤ ਘੱਟ ਸਾਧ-ਭਾਖਾ ਦਾ ਮਿਸ਼ਰਣ ਵੇਖਣ ਵਿਚ ਆਉਂਦਾ ਹੈ। ਸਰਲ ਭਾਸ਼ਾ ਵਿਚ ਰਚੀ ਇਹ ਵਾਰ, ਲੋਕਾਂ ਦੀ ਤਰਜਮਾਨੀ ਕਰਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol IV),** op.cit, P: 393
   "**Vadahans Ki Var,** in the Guru Granth Sahib, is by Guru Ram Das. He has Composed the largest number of Vars, eight out of the twenty-two included in the Guru Granth sahib...... The slokas epitomize the various aspects of the theme elaborated in the pauris that follow."

2. ਇੱਕ ਪੁਰਾਤਨ ਰਵਾਇਤ ਅਨੁਸਾਰ ਲਲਾ ਅਤੇ ਬਹਿਲੀਮਾ ਨਾਂ ਦੇ ਦੋ ਜਾਗੀਰਦਾਰ ਆਪਸ ਵਿਚ ਬੜੇ ਗੂੜੇ ਦੋਸਤ ਸਨ। ਇਹ ਦੋਵੇਂ ਕਾਂਗੜੇ ਇਲਾਕੇ ਦੇ ਰਹਿਣ ਵਾਲੇ ਸਨ। ਕਿਸੇ ਅਣਸੁਖਾਵੀਂ ਘਟਨਾ ਵਜੋਂ ਦੋਹਾਂ ਵਿਚ ਬੜੀ ਜ਼ਬਰਦਸਤ ਲੜਾਈ ਹੋ ਗਈ। ਬਹਿਲੀਮਾ ਫ਼ਤਹਿਯਾਬ ਹੋ ਗਿਆ ਅਤੇ ਇਸ ਦੀ ਜਿੱਤ ਦੀ ਖ਼ਬਰ ਸਾਰੇ ਇਲਾਕੇ ਵਿਚ ਫ਼ੈਲ ਗਈ। ਇਸ ਘਟਨਾ ਬਾਰੇ ਢਾਡੀਆਂ ਨੇ ਜੋ ਵਾਰ ਲਿਖੀ, ਉਹ ਬਹੁਤ ਪ੍ਰਸਿੱਧ ਹੋਈ। ਇਸੇ ਵਾਰ ਦੇ ਆਧਾਰ ਤੇ ਪੰਚਮ ਪਾਤਿਸ਼ਾਹ ਗੁਰੂ ਅਰਜਨ ਨੇ ਗਾਉਣ ਦਾ ਆਦੇਸ਼ ਦਿੱਤਾ ਹੈ।

# ਵਣਜਾਰਾ

'ਵਣਜਾਰਾ' ਸ਼ਬਦ ਦੇ ਕੋਸ਼ਗਤ ਅਰਥ ਹਨ, ਵਣਜ-ਵਪਾਰ ਕਰਨ ਵਾਲਾ ਸੌਦਾਗਰ[1], ਵਪਾਰੀ। ਇਹ ਸ਼ਬਦ ਸੰਸਕ੍ਰਿਤ ਦੇ 'ਵਾਨਿਜ'[2] ਦਾ ਸੋਮਾ ਮੰਨਿਆ ਗਿਆ ਹੈ। ਪ੍ਰਾਚੀਨ ਸਮੇਂ ਜਦੋਂ ਵਪਾਰੀ ਇਕ ਥਾਂ ਤੋਂ ਦੂਜੀ ਥਾਂ ਬਿਖੜੇ ਪੈਂਡਿਆਂ ਵੱਲ ਜਾਂਦੇ ਸਨ ਤਾਂ ਉਹ ਆਪਣੇ ਸਫ਼ਰ ਵਿਚ ਗੀਤ ਗਾਉਂਦੇ ਤੁਰਦੇ ਰਹਿੰਦੇ ਸਨ ਤਾਂ ਜੋ ਸਫ਼ਰ ਦੀਆਂ ਬਾਰੀਕ ਮੁਸ਼ਕਲਾਂ ਸੁਖਾਲੀਆਂ ਹੋ ਜਾਣ। ਇਸ ਲੋਕ-ਧਾਰਨਾ ਨੂੰ ਲੈ ਕੇ ਗੁਰੂ ਸਾਹਿਬ ਨੇ ਜੋ ਬਾਣੀ ਰਚੀ, ਉਹ 'ਵਣਜਾਰਾ' ਕਰ ਕੇ ਪ੍ਰਸਿੱਧ ਹੋਈ। ਗੁਰੂ ਰਾਮਦਾਸ ਨੇ ਇਸ ਵਿਚ 'ਵਣਜਾਰਿਆਂ ਮਿਤ੍ਰਾ' ਰਾਹੀਂ ਸੰਬੋਧਿਨ ਕੀਤਾ ਹੈ।

ਗੁਰੂ ਰਾਮਦਾਸ ਵਲੋਂ ਉਚਾਰੀ ਇਹ ਲਘੂ ਰਚਨਾ ਸ੍ਰੀਰਾਗ ਵਿਚ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 81-82 ਤੇ ਅੰਕਿਤ ਹੈ। ਇਸ ਰਚਨਾ ਵਿਚ ਕੁੱਲ ਛੇ ਬੰਦ ਹਨ। ਹਰ ਪਦੇ ਤੋਂ ਬਾਅਦ 'ਰਹਾਉ' ਦੇ ਦੋ-ਦੋ ਤੁਕਾਂ ਦੇ ਬੰਦ ਹਨ। ਇਸ ਬਾਣੀ ਵਿਚ ਲੋਕ-ਸੂਝ ਵਾਲੀ ਭਾਸ਼ਾ ਰਾਹੀਂ ਲੋਕ-ਗੀਤਾਂ ਦੀ ਤਰਜ਼ ਤੇ ਲੋਕ-ਜੀਵਨ ਨਾਲ ਇਕਮਿਕ ਕੀਤਾ ਗਿਆ ਹੈ।

ਵਣਜਾਰਾ ਯਾਤਰਾ ਸਮੇਂ ਗਾਏ ਜਾਣ ਵਾਲੇ ਗੀਤਾਂ ਤੋਂ ਵਿਕਸਿਤ ਹੋਇਆ ਕਾਵਿ-ਰੂਪ ਹੈ। ਸਫ਼ਰ ਦੀ ਇਕੱਲ, ਭੈ ਤੇ ਥਕਾਣ ਨੂੰ ਭੁਲਣ ਲਈ ਯਾਤਰੀ ਇਹ ਗੀਤ ਗਾਂਦੇ ਹੋਣਗੇ। ਇਸ ਕਾਵਿ ਰੂਪ ਦੇ ਲੋਕ ਕਾਵਿ ਦੇ ਖ਼ਜ਼ਾਨੇ ਵਿਚੋਂ ਹੁਣ ਕੋਈ ਪ੍ਰਮਾਣ ਨਹੀਂ ਪ੍ਰਾਪਤ ਹੁੰਦੇ। ਵਿਸ਼ਿਸ਼ਟ ਸਾਹਿਤ ਦੇ ਖੇਤਰ[3] ਵਿਚ ਇਸ ਕਾਵਿ-ਰੂਪ ਦੀ ਵਰਤੋਂ ਗੁਰੂ ਰਾਮਦਾਸ ਜੀ ਨੇ ਕੀਤੀ।

ਜਗਿਆਸੂ ਨੂੰ 'ਵਣਜਾਰਿਆਂ ਮਿਤ੍ਰਾ' ਨਾਲ ਸੰਬੋਧਨ ਕਰ ਕੇ ਪ੍ਰੇਮ ਨਾਲ ਪੱਕਾ ਕੀਤਾ ਹੈ ਕਿ ਜੀਵ ਸੰਸਾਰ ਵਿਚ ਪਰਮਸਤਿ ਅਕਾਲ ਪੁਰਖ ਵਲੋਂ ਕਿਸੇ ਖਾਸ ਅਨੋਖੇ 'ਵਣਜ' ਲਈ ਭੇਜਿਆ ਗਿਆ ਹੈ। ਇਸ ਲਘੂ ਬਾਣੀ (ਮੂਲ ਪਾਠ ਲਈ ਵੇਖੋ ਅੰਤਿਕਾ:੩੦) ਵਿਚ ਸੱਚੇ ਵਣਜ ਦੀ ਸੋਝੀ ਬਖਸ਼ ਕੇ ਅਮੋਲਕ ਵਪਾਰ (ਨਾਮ-ਸਿਮਰਨ) ਨੂੰ ਵਿਹਾਝਣ ਦਾ ਉਪਦੇਸ਼ਾਤਮਿਕ ਸੰਦੇਸ਼ ਦਿੱਤਾ ਗਿਆ ਹੈ। ਉਸ ਪ੍ਰਭੂ-ਪ੍ਰਮਾਤਮਾ ਦੀ ਸੱਚੀ ਦਰਗਾਹ ਵਿਚ ਉਜਾਲਾ ਮੁੱਖ ਹੋਵੇ ਅਤੇ ਆਵਾ-ਗਵਣ ਤੋਂ ਪੂਰੀ ਤਰ੍ਹਾਂ ਮੁਕਤੀ ਮਿਲ ਜਾਵੇ।

'ਵਣਜਾਰਾ' ਸਫ਼ਰ ਸਮੇਂ ਗਾਏ ਜਾਣ ਵਾਲੇ ਗੀਤਾਂ ਰਾਹੀਂ ਰੂਪਮਾਨ ਹੋਇਆ ਕਾਵਿ-ਰੂਪ ਹੀ ਹੈ। ਇਹ ਪ੍ਰਗੀਤ-ਕਾਵਿ ਦੀ ਇਕ ਵਧੀਆ ਮਿਸਾਲ ਪੇਸ਼ ਕਰਦੀ ਹੈ। ਪਰਮਸਤਿ ਦਾ ਨਾਮ ਹੀ ਅਸਲੀ ਮਨੁੱਖੀ ਲਕਸ਼ ਹੈ, ਜਿਸ ਲਈ ਉਹ ਸੰਸਾਰ ਵਿਚ ਆਇਆ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੂਰਵ ਅੰਕਤ, ਅੰਕ** 1082
2. **The Encyclopeadia of sikhism (Vol IV),** op.cit, P: 406
   "**Vanjara** from sanskrit Vanij (A merchant, trader), is now used as a generic term for peddlers in the punjab, the Vanjaras during the medieval times formed a class of travelling traders and carriers of merchandise in central India, the Deccan and Rajputana (now Rajasthan)."
3. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੂਰਵ ਅੰਕਤ, ਅੰਕ** 54

# ਵਾਰ

'ਵਾਰ'[1] ਜੰਗਾਂ/ਯੁੱਧਾਂ ਦਾ ਕਾਵਿ ਹੈ, ਜਿਸ ਨੂੰ ਪਉੜੀ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਹੈ। 'ਵਾਰ' ਸ਼ਬਦ ਦੇ ਅਰਥ ਪੌੜੀ ਛੰਦ ਵੀ ਹੈ ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਸਾਹਿਤ ਵਿਚ ਕਵੀਆਂ ਨੇ ਬਹੁਤ ਲਿਖਿਆ ਹੈ। 'ਵਾਰ' ਸ਼ਬਦ ਦੇ ਮੂਲ ਬਾਰੇ ਵਿਦਵਾਨਾਂ ਦੀ ਇਕ ਰਾਇ ਨਹੀਂ, ਭਾਈ ਕਾਨ੍ਹ ਸਿੰਘ ਨਾਭਾ 'ਵ੍ਰਿ' ਪ੍ਰੋ. ਪਿਆਰਾ ਸਿੰਘ ਪਦਮ 'ਵਾਰਤਾ' ਡਾ. ਗੰਡਾ ਸਿੰਘ 'ਵ੍ਰ' ਸੰਸਕ੍ਰਿਤ ਤੋਂ ਇਸ ਦੀ ਹੋਂਦ ਮੰਨਦੇ ਹਨ। ਵਾਰ ਸ਼ਬਦ ਦੇ ਵਿਆਪਕ ਅਰਥ ਹੋਣ ਕਾਰਨ ਇਸ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ। ਵਾਰ ਪੰਜਾਬੀ ਦਾ ਉਹ ਕਾਵਿ-ਰੂਪ ਹੈ ਜਿਸ ਵਿਚ ਕਿਸੇ ਯੋਧਾ ਦੇ ਪਰਾਕ੍ਰਮ ਦਾ ਚਿਤ੍ਰਣ ਕਰਕੇ ਪਾਠਕਾਂ/ਸਰੋਤਿਆਂ ਦਾ ਉਤਸ਼ਾਹ ਵਧਾਉਣ ਦਾ ਯਤਨ ਕੀਤਾ ਗਿਆ ਹੋਵੇ।[2]

ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 22 ਵਾਰਾਂ ਲਿਖੀਆਂ ਮਿਲਦੀਆਂ ਹਨ। ਇਨ੍ਹਾਂ ਵਾਰਾਂ ਨੂੰ ਨੌਂ ਪ੍ਰਾਚੀਨ[3] ਵਾਰਾਂ ਦੀਆਂ ਧੁਨੀਆਂ ਅਨੁਸਾਰ ਗਾਉਣ ਦਾ ਆਦੇਸ਼ ਗੁਰੂ ਅਰਜਨ ਨੇ ਦਿੱਤਾ ਹੈ। ਗੁਰੂ ਸਾਹਿਬ ਇਨ੍ਹਾਂ ਦੀ ਲੋਕ-ਪ੍ਰਿਯਤਾ ਬਾਰੇ ਚੰਗੀ ਤਰ੍ਹਾਂ ਜਾਣੂ ਸਨ। ਇਨ੍ਹਾਂ 22 ਵਾਰਾਂ ਵਿਚੋਂ ਗੁਰੂ ਸਾਹਿਬਾਨ ਦੀਆਂ 21 ਅਤੇ ਇਕ ਵਾਰ 'ਰਾਇ ਬਲਵੰਡ ਅਤੇ ਸਤੈ ਡੂੰਮ' ਦੀ ਹੈ। 21 ਵਾਰਾਂ ਵਿਚੋਂ ਗੁਰੂ ਨਾਨਕ ਦੀਆਂ ਤਿੰਨ, ਗੁਰੂ ਅਮਰਦਾਸ ਦੀਆਂ ਚਾਰ, ਗੁਰੂ ਰਾਮਦਾਸ ਦੀਆਂ ਅੱਠ ਅਤੇ ਗੁਰੂ ਅਰਜਨ ਦੀਆਂ ਛੇ ਵਾਰਾਂ ਅੰਕਿਤ ਕੀਤੀਆਂ ਹਨ। ਇਨ੍ਹਾਂ ਨੌਂ ਧੁਨੀਆਂ ਤੋਂ ਸੰਕੇਤਿਕ ਪ੍ਰਾਚੀਨ ਤਵਾਰੀਖ ਬਾਰੇ ਰੌਸ਼ਨੀ ਪੈਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਸਾਰੀਆਂ ਵਾਰਾਂ ਰੂਹਾਨੀ ਪ੍ਰਕਿਰਤੀ ਦੀਆਂ ਲਖਾਇਕ ਆਖੀਆਂ ਜਾ ਸਕਦੀਆਂ ਹਨ।

'ਵਾਰ' ਦੇ ਆਰੰਭ ਬਾਰੇ ਕੋਈ ਪ੍ਰਮਾਣਿਕ ਤੱਥ ਸਾਹਮਣੇ ਨਹੀਂ ਆਏ। ਬਹੁਤੇ ਵਿਦਵਾਨਾਂ ਨੇ 'ਵਾਰ' ਸ਼ਬਦ ਦੇ ਅਰਥ ਆਪਣੀ ਕੋਣ ਤੋਂ ਕੀਤੇ ਹਨ। ਉਹ ਕਾਵਿਮਈ ਉਤਸ਼ਾਹ ਵਰਧਕ ਵਾਰਤਾ, ਜਿਸ ਵਿਚ ਕਿਸੇ ਆਕ੍ਰਮਣ ਜਾਂ ਸੰਘਰਸ਼ ਦੇ ਪ੍ਰਸੰਗ ਵਿਚ ਨਾਇਕ ਦਾ ਜੱਸ ਗਾਇਆ ਗਿਆ ਹੋਵੇ।[4] ਪੰਜਾਬੀ ਸਾਹਿਤ ਵਿਚ ਭਾਵੇਂ ਇਸ ਦੇ ਕੋਈ ਨਿਸ਼ਚਿਤ ਅਰਥ ਸਾਹਮਣੇ ਨਹੀਂ ਆਏ ਪਰ ਸਮੇਂ ਦੇ ਗੁਜ਼ਰਨ ਨਾਲ ਕਈ ਅਰਥ ਪ੍ਰਚਲਿਤ ਰਹੇ ਹਨ। ਕਈ ਵਿਦਵਾਨਾਂ ਨੇ ਵਾਰ ਦੇ ਵਸਤੂ-ਵਿਧਾਨ ਵਿਚ ਤਿੰਨ ਪ੍ਰਮੁੱਖ ਹਿੱਸਿਆਂ ਵੱਲ ਸੰਕੇਤ ਕੀਤਾ ਹੈ ਜਿਵੇਂ ਸ਼ੰਕਾ ਪੱਖ, ਸੰਘਰਸ਼ ਪੱਖ ਅਤੇ ਸਮਾਧਾਨ ਪੱਖ।[5]

ਗੁਰੂ ਕਵੀਆਂ ਨੇ ਪ੍ਰਾਚੀਨ ਪਰੰਪਰਾ ਤੋਂ ਹੱਟ ਕੇ ਇਨ੍ਹਾਂ ਵਾਰਾਂ ਦੀ ਤਕਨੀਕ ਵਿਚ ਮੂਲ ਪਰਿਵਰਤਨ ਕੀਤਾ ਹੈ। ਇਨ੍ਹਾਂ ਵਾਰਾਂ ਦਾ ਇਕੋ ਨਾਇਕ 'ਅਕਾਲਪੁਰਖ' ਹੈ, ਇਸੇ ਲਈ ਇਨ੍ਹਾਂ ਸਾਰੀਆਂ ਵਾਰਾਂ ਦੀ ਸੰਗਿਆ 'ਅਧਿਆਤਮਿਕ ਵਾਰਾਂ' ਹੋ ਗਈ ਹੈ।

ਗੁਰੂ ਸਾਹਿਬਾਨ ਨੇ ਇਸ ਸੰਸਾਰ ਨੂੰ ਅਖਾੜਾ ਮੰਨ ਕੇ ਪੰਜ ਕਾਮਾਦਿਕ ਬਿਰਤੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨਾਲ ਮਨੁੱਖ ਦਾ ਬੌਧਿਕ ਯੁੱਧ ਚਿਤਰਿਆ ਹੈ। ਮਨ ਉੱਤੇ

ਕਾਬੂ ਪਾ ਕੇ ਇਨ੍ਹਾਂ ਬਿਰਤੀਆਂ ਉੱਪਰ ਜਿੱਤ ਹਾਸਲ ਕਰਨੀ ਹੀ ਮਨੁੱਖ ਦਾ ਲਕਸ਼ ਦੱਸਿਆ ਗਿਆ ਹੈ। ਮਨੁੱਖੀ ਮਨ ਦੇ ਅੰਤਰੀਵ ਦਵੰਦ ਦੀ ਚਰਚਾ ਅਤੇ ਪ੍ਰਭੂ-ਕ੍ਰਿਪਾ ਦੁਆਰਾ ਇਨ੍ਹਾਂ ਕਾਮਾਦਿਕ ਬਿਰਤੀਆਂ 'ਤੇ ਜਿੱਤ ਪ੍ਰਾਪਤ ਕਰਨੀ, ਇਨ੍ਹਾਂ ਵਾਰਾਂ ਦੇ ਪ੍ਰਮੁੱਖ ਲੱਛਣ ਹਨ।[6]

## ਪਗ ਟਿਪਣੀਆਂ ਅਤੇ ਹਵਾਲੇ

1. **The Encyclopeadia of sikhism (Vol IV),** op.cit, P: 406
   "Var, a verse form in punjabi popular in folklore as well as in refined poetry. In the old bardic tradition of the punjab. Var meant the poem itself with its typical theme as also the form in which it was cast. The earliest vars were ballads and dynastic feuds, of issues of honour fought at the point of the sword and of romantic love."
2. **ਸਾਹਿੱਤਕ ਕੋਸ਼: (ਪਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 777
3. ਇਹ ਧੁਨੀਆਂ ਹਨ: ਵਾਰ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ, ਵਾਰ ਟੁੰਡੇ ਅਸਰਾਜੇ ਕੀ, ਵਾਰ ਰਾਇ ਕਮਲ ਦੀ ਮਉਜਦੀ, ਵਾਰ ਸਿਕੰਦਰ ਬਰਾਹਮ ਕੀ, ਵਾਰ ਲਲਾ ਬਹਿਲੀਮਾ ਕੀ, ਵਾਰ ਜੋਧੈ ਵੀਰੈ ਪੂਰਬਣੀ ਕੀ, ਵਾਰ ਰਾਇ ਮਹਿਮੇ ਹਸਨੇ ਕੀ, ਵਾਰ ਰਾਣੈ ਕੈਲਾਸ ਤਥਾ ਮਾਲਕੇ ਕੀ ਅਤੇ ਵਾਰ ਮੂਸੇ ਕੀ।
4. **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੂਰਵ ਅੰਕਤ, ਅੰਕ 475
5. **ਸਾਹਿਤਕ ਕੋਸ਼: (ਪਰਿਭਾਸ਼ਿਕ ਸ਼ਬਦਾਵਲੀ)**, ਪੂਰਵ ਅੰਕਤ, ਅੰਕ 947
6. **ਖੋਜ ਪਤ੍ਰਿਕਾ-ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ**, ਪੂਰਵ ਅੰਕਤ, ਅੰਕ 98

# ਵਾਰਸਤ

ਸਤ ਦਿਨਾਂ ਦੇ ਆਧਾਰ ਤੇ ਰਚੀ ਤੁਕਾਂ ਦੀ ਲੜੀ ਨੂੰ 'ਵਾਰਸਤ' ਜਾਂ 'ਸਤਵਾਰਾ' ਆਖਿਆ ਜਾਂਦਾ ਹੈ। ਇਸ ਕਾਵਿ-ਰੂਪ ਦੇ ਅੰਤਰਗਤ ਹਰ ਬੰਦ ਕਿਸੇ ਦਿਨ (ਹਫ਼ਤੇ) ਤੋਂ ਸ਼ੁਰੂ ਹੁੰਦਾ ਹੈ। ਸੋਮਵਾਰ ਤੋਂ ਲੈ ਕੇ ਐਤਵਾਰ ਤੱਕ ਦੇ ਨਾਵਾਂ ਨੂੰ ਮੂਲ ਬਣਾ ਕੇ ਲਿਖਿਆ 'ਵਾਰਸਤ' ਅਖਾਉਂਦਾ ਹੈ। ਪ੍ਰਾਚੀਨ ਕਾਲ ਤੋਂ ਹੀ 'ਸਤਵਾਰਿਆਂ' ਨਾਲ ਭਰਮ ਭੁਲੇਖੇ[1] ਵੀ ਜੁੜੇ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਅਤੇ ਰਾਗ ਬਿਲਾਵਲ ਵਿਚ ਦੋ 'ਵਾਰਸਤ' (ਸਤਵਾਰੇ) ਉਪਲਬੱਧ ਹਨ। ਗੁਰੂ ਅਮਰਦਾਸ ਦਾ ਨਿਮਨਲਿਖਤ ਸਿਰਲੇਖ 'ਬਿਲਾਵੁਲ ਮਹਲਾ ੩ ਵਾਰ ਸਤ ਘਰੁ ੧੦' ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਗੁਰੂ ਨਾਨਕ ਕਾਲ ਤੋਂ ਪੂਰਵ ਵੀ ਇਹ ਕਾਵਿ-ਰੂਪ ਪ੍ਰਸਿੱਧੀ ਹਾਸਲ ਕਰ ਚੁਕਾ ਸੀ। ਅਸਲੋਂ ਗੁਰੂ ਸਾਹਿਬ, ਇਨ੍ਹਾਂ ਦੀ ਰਚਨਾ ਕਰ ਕੇ ਰੂਹਾਨੀ ਬੁਲੰਦੀਆਂ ਵੱਲ ਲੋਕ-ਮਾਨਸ ਨੂੰ ਬਲਵਾਨ ਬਣਾ ਰਹੇ ਸਨ। ਸੱਤ ਦਿਨਾਂ ਦੇ ਨਾਂ ਵੱਖ ਵੱਖ ਗ੍ਰਹਿ-ਨਛਤਰਾਂ[2] ਨਾਲ ਵੀ ਜੁੜੇ ਹੋਏ ਹਨ।

ਗੁਰੂ ਅਮਰਦਾਸ ਨੇ ਦਸ ਕਾਵਿ-ਬੰਦਾਂ ਵਿਚ ਸਤਵਾਰਾ ਉਚਾਰਨ ਕੀਤਾ ਹੈ, ਜਿਸ ਵਿਚ ਹਰ ਬੰਦ ਛੇ ਤੁਕਾਂ ਦਾ ਹੈ। ਪਹਿਲੇ ਬੰਦ ਤੋਂ ਬਾਅਦ 'ਰਹਾਉ' ਦਾ ਬੰਦ ਆਉਂਦਾ ਹੈ। ਗੁਰੂ ਅਮਰਦਾਸ ਦੇ 'ਵਾਰਸਤ' ਵਿਚ ਜੋ ਕੇਂਦਰੀ ਭਾਵ ਵਿਦਮਾਨ ਹੁੰਦਾ ਹੈ, ਉਹ ਇਹ ਹੈ, ਕਿ ਜਗਿਆਸੂ ਲਈ ਪਿਆਰ ਅਤੇ ਨਿਰਮਾਣਤਾ ਹੀ ਪ੍ਰਮੁੱਖ ਹਨ, ਜੋ ਗੁਰੂ ਦੇ ਸ਼ਬਦ ਰਾਹੀਂ ਆਪਣੀ ਹਉਮੈਂ ਨੂੰ ਖ਼ਤਮ ਕਰ ਸਕਦੀ ਹੈ। ਸ਼ਬਦ ਦੀ ਪ੍ਰਾਪਤੀ ਹੀ ਪਰਮਸਤਿ ਰਾਹੀਂ ਗੁਰਮੁਖ ਲਈ ਚਿੱਤ ਅਤੇ ਅਮਲ ਦੀ ਕਸਵਟੀ ਹੈ। ਵਹਿਮ-ਭਰਮਾਂ ਦੇ ਚੱਕਰ ਤੋਂ ਬਾਹਰ ਨਿਕਲਕੇ ਹੀ ਇਸ ਦੀ ਪ੍ਰਾਪਤੀ ਯਕੀਨਨ ਹੋ ਸਕਦੀ ਹੈ। ਇੰਞ ਸ਼ਬਦ-ਅਲੰਕਾਰ ਦੇ ਪ੍ਰਯੋਗ ਰਾਹੀਂ-ਕਾਵਿ ਸੌਂਦਰਯ ਦਾ ਸ੍ਰੇਸ਼ਟ ਨਮੂਨਾ ਦਿੱਤਾ ਗਿਆ ਹੈ। ਗੁਰੂ ਅਮਰਦਾਸ ਦੀ ਇਸ ਛੁਟੇਰੀ ਬਾਣੀ ਦਾ ਆਰੰਭ ਐਤਵਾਰ ਤੋਂ ਸ਼ੁਰੂ ਹੁੰਦਾ ਹੈ। ਕਈ ਵਿਦਵਾਨਾਂ 'ਵਾਰਸਤ' ਤੋਂ ਬਾਅਦ ਵਾਲੇ ਸ਼ਬਦ ਨੂੰ ਵੀ ਇਸੇ ਜ਼ੁਮਰੇ ਵਿਚ ਰੱਖਦੇ ਹਨ। ਇਸ ਲਈ 'ਵਾਰਸਤ' ਨਾਂ ਦੀਆਂ ਦੋ ਰਚਨਾਵਾਂ ਮੰਨਣੀਆਂ ਪੈਣਗੀਆਂ। ਇਨ੍ਹਾਂ ਦੇ ਦੋ ਹੋਣ ਦੀ ਪੁਸ਼ਟੀ ਅੰਤ ਉੱਤੇ ਦਿੱਤੇ 'ਦੋ' ਸੰਖਿਆ-ਅੰਕ ਤੋਂ ਵੀ ਹੋ ਜਾਂਦੀ ਹੈ। ਇਨ੍ਹਾਂ ਦੋਹਾਂ ਸ਼ਬਦਾਂ ਵਿਚ ਲੋਕ-ਕਾਵਿ ਪਰੰਪਰਾ ਦੇ ਆਧਾਰ 'ਤੇ ਗੁਰੂ ਜੀ ਨੇ ਸਪਤਾਹ ਦੇ ਸੱਤਵਾਰਾਂ ਦੀ ਅਧਿਆਤਮਿਕ ਵਿਆਖਿਆ ਕੀਤੀ ਹੈ।[3] ਇਸ ਕਾਵਿ-ਰੂਪ ਵਿਚ ਨਿਸਚੇ ਹੀ ਲੰਮੇਰੇ ਬਿਰਤਾਂਤਾਂ ਦੀ ਪੇਸ਼ਕਾਰੀ ਦੀਆਂ ਸੰਭਾਵਨਾਵਾਂ ਮੌਜੂਦ ਹਨ। ਗੁਰੂ ਕਵੀਆਂ ਨੇ ਇਸ ਕਾਵਿ-ਰੂਪ ਨੂੰ ਆਪਣੇ ਅਧਿਆਤਮਿਕ ਵਿਚਾਰਾਂ ਦੀ ਪੇਸ਼ਕਾਰੀ ਲਈ ਵਰਤਦੇ ਸਮੇਂ ਇਸ ਵਿਚ ਪ੍ਰਗੀਤਕ ਅੰਸ਼ ਦੀ ਮਾਤ੍ਰਾ ਨੂੰ ਸੰਘਣਾ ਕੀਤਾ। ਇਸ ਦੇ ਬਾਵਜੂਦ ਸਤਵਾਰੇ ਨੂੰ ਬਿਰਤਾਂਤਕ ਕਾਵਿ-ਰੂਪ ਮੰਨਣਾ ਵਧੇਰੇ ਉਚਿਤ ਪ੍ਰਤੀਤ ਹੁੰਦਾ ਹੈ।[4]

ਇਸ ਬਾਣੀ ਦੀ ਉਥਾਨਕਾ ਵੱਲ ਸੰਕੇਤ ਕਰਦਿਆਂ ਸੋਢੀ ਮਿਹਰਵਾਨ ਨੇ ਇਸ ਬਾਣੀ ਨੂੰ ਗੋਇੰਦਵਾਲ ਵਿੱਚ ਉਚਾਰਨ ਬਾਰੇ ਲਿਖਿਆ ਹੈ। ਗੁਰੂ ਸਾਹਿਬ ਕੋਲ ਇਕ ਸਾਧੂ ਨੇ

ਗ੍ਰਹਿ-ਨਛਤ੍ਰਾਂ ਬਾਰੇ ਜਾਨਣ ਦੀ ਇੱਛਾ ਨਾਲ ਪ੍ਰਸ਼ਨ ਕੀਤਾ, "ਗੁਰੂ ਜੀ ਏਹੀ ਬੇਨਤੀ ਹੈ ਜੀ ਜਿ ਕੋਈ ਕਹਤਾ ਹੈ ਨਾਰਦ ਦੇ ਪੁਤ੍ਰ ਹੈ। ਕੋਈ ਕਹਤਾ ਹੈ ਜਿ ਏਈ ਗਰਹ ਹੈ ਦਿਖਾ ਏ ਜਿ ਹੈ ਸਿ ਨਾਰਦ ਦੇ ਪੁਤ੍ਰ ਹੈ। ਤਬ ਗੁਰੂ ਅਮਰਦਾਸਿ ਬਾਨੀ ਬੋਲੀ ਬਿਲਾਵਲ ਰਾਗ ਮਹਿ ਵਾਰ ਪ੍ਰਥਮੇ ਆਦਿਤਵਾਰ ਕੀ ਮਹੀਨਾ ਗੁਰੂ ਵਖਾਣੀ ਜਿ ਦੇਖਾ ਆਦਿਤਵਾਰ ਕਹਾ ਤੇ ਉਤਪੰਨਿ ਹੋਇਆ ਹੈ।"[5]

*ਆਦਿਤਵਾਰਿ ਆਦਿ ਪੁਰਖੁ ਹੈ ਸੋਈ ॥*
*ਆਪੇ ਵਰਤੈ ਅਵਰ ਨਾ ਕੋਈ ॥*

ਇਸੇ ਤਰ੍ਹਾਂ ਹਰਿ ਜੀ ਦੀ ਰਚੀ 'ਗੋਸਟਿ ਗੁਰੂ ਅਮਰਦਾਸ' ਅਨੁਸਾਰ ਇਨ੍ਹਾਂ ਦੀ ਰਚਨਾ ਗੋਇੰਦਵਾਲ ਵਿਚ ਹੋਈ ਸੀ, ਜਦੋਂ ਕਿਸੇ ਗੋਵਿੰਦ-ਲੋਕ ਨੇ ਵਾਰਾਂ (ਦਿਨਾਂ) ਦੀ ਉਤਪਤੀ ਬਾਰੇ ਪੁਛਣ 'ਤੇ ਗੁਰੂ ਅਮਰਦਾਸ ਨੇ ਦੱਸਿਆ। "ਤਬ ਗੁਰੂ ਅਮਰ ਦਾਸ ਬਾਨੀ ਬੋਲੀ। ਬਿਲਾਵਲ ਰਾਗ ਮਾਹਿ ਵਾਰ ਪ੍ਰਿਥਮੇ ਆਦਿਤਵਾਰ ਕੀ ਮਹਿਮਾ ਗੁਰੂ ਵਖਾਣੀ ਕਿ ਦੇਖਾ ਆਦਿਤਵਾਰੁ ਕਹਾ ਤੇ ਉਤਪੰਨਿ ਹੋਇਆ ਹੈ।"

ਭਗਤ ਕਬੀਰ ਜੀ ਦੀ ਨਿਮਨਲਿਖਤ ਸਿਰਲੇਖ 'ਵਾਰ ਕਬੀਰ ਜੀਉ ਕੀ' ਅੰਕਿਤ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਹੈ। ਕਬੀਰ ਨੇ ਸਪਤਾਹ ਦੇ ਸੱਤ ਦਿਨਾਂ ਅਨੁਸਾਰ ਸੱਤ ਪਦਿਆਂ ਦੇ ਅੰਤਰ ਨਿਹਤ ਰੂਹਾਨੀ ਉਪਦੇਸ਼ਾਤਮਿਕ ਵਿਆਖਿਆ ਕਰ ਕੇ ਅਕਾਲ ਪੁਰਖ ਦਾ ਰੋਜ਼ ਗੁਣਗਾਨ ਕਰਨ ਦੀ ਤਾਕੀਦ ਕੀਤੀ ਹੈ। ਚਾਰ-ਚਾਰ ਤੁਕਾਂ ਵਾਲਾ ਹਰ ਪਦਾ ਹੈ। ਪਦਿਆਂ ਵਿਚ ਵਰਤੀ ਭਾਸ਼ਾ ਸਧੁੱਕੜੀ ਹੋਣ ਕਾਰਨ ਯੋਗਿਕ ਲਫ਼ਜ਼ਾਲੀ ਦੀ ਭਰਮਾਰ ਨਾਲ ਭਰਪੂਰ ਹੈ। ਕਬੀਰ ਦੇ 'ਵਾਰਸਤ' ਵਿਚ ਕੁੱਲ ਅੱਠ ਕਾਵਿ-ਬੰਦ ਹਨ। ਕਬੀਰ ਦੀ ਇਸ ਉਚਾਰਨ ਬਾਣੀ ਵਿਚ ਤਾਕੀਦ ਕੀਤੀ ਗਈ ਹੈ ਕਿ ਪ੍ਰਭੂ-ਪ੍ਰਮੇਸ਼ਰ ਦਾ ਨਾਮ ਅਤੇ ਗੁਣ-ਗਾਨ ਹੀ ਸਭ ਤੋਂ ਉੱਚਾ ਮਧਿਅਮ ਹੈ। ਪ੍ਰਭੂ ਨੂੰ ਦਿੱਲੀ ਆਰਾਧਨ ਨਾਲ ਸਾਰੇ ਕਾਰਜ ਸਫ਼ਲ ਹੋ ਜਾਂਦੇ ਹਨ। ਕੋਈ ਵੀ ਦਿਨ ਨਾ ਚੰਗਾ ਹੁੰਦਾ ਹੈ ਨਾ ਮਾੜਾ, ਮਨੁੱਖੀ ਕਰਮ ਹੀ ਕਰਮ ਫਲ ਬਣ ਜਾਂਦਾ ਹੈ। ਗੁਰਬਾਣੀ ਵਿਚ ਸ਼ਗਨ-ਅਪਸ਼ਗਨ ਨਾ ਵਿਚਾਰ ਕੇ ਅਕਾਲਪੁਰਖ ਦੀ ਬੰਦਗੀ ਰਾਹੀਂ ਹੀ ਸਾਰੇ ਮਨਇੱਛਤ ਫ਼ਲ ਪ੍ਰਾਪਤ ਹੋ ਜਾਂਦੇ ਹਨ।

*ਬਾਰ ਬਾਰ ਹਰਿ ਕੇ ਗੁਨ ਗਾਵਉ ॥*
*ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥ (344)*

ਇਸ ਰਚਨਾ ਰਾਹੀਂ ਕਬੀਰ ਜੀ ਹਰੀ ਨਾਮ ਦੇ ਸਿਮਰਨ ਤੇ ਜ਼ੋਰ ਦੇਂਦੇ ਹਨ। ਲੋਕ-ਵਿਸ਼ਵਾਸ ਰਾਹੀਂ ਜਗਿਆਸੂ ਨੂੰ ਸਹੀ ਰਸਤੇ ਪਾਉਣ ਦਾ ਯਤਨ ਕੀਤਾ ਗਿਆ ਹੈ। ਇਸ ਬਾਣੀ ਦਾ ਕੇਂਦਰੀ ਨੁਕਤਾ ਇਹੋ ਹੈ ਕਿ ਸੂਰਜ, ਚੰਦਰਮਾ ਆਦਿ ਗ੍ਰਹਿ ਨਾਲ ਜੁੜੀਆਂ ਥਿਤਾਂ/ਵਾਰਾਂ/ ਦਿਨ ਜਗਿਆਸੂ ਨੂੰ ਹਰਖ-ਸੋਗ ਤੋਂ ਬੇਨਿਆਜ਼ ਰਹਿ ਕੇ ਪਰਮਸਤਿ ਦੀ ਰਜ਼ਾ ਵਿਚ ਮਨੁੱਖਾਂ ਦੀਆਂ ਤਾਬੇਦਾਰੀ ਵਿਚ ਰਹਿੰਦੀਆਂ ਹਨ। ਇਸੇ ਲਈ ਜਗਿਆਸੂ ਨੂੰ ਉਸ ਸਤਿ ਸਰੂਪ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ ਜਿਸ ਹੇਠ ਸਾਰੇ ਖੰਡ-ਬ੍ਰਹਿਮੰਡ 'ਭੈ' ਵਿਚ ਗਤੀਸ਼ੀਲ ਹਨ। ਡਾ. ਰਤਨ ਸਿੰਘ ਜੱਗੀ, ਇਸ ਰਚਨਾ ਦਾ ਡੂੰਘਾ ਅਧਿਐਨ ਕਰਦਿਆਂ ਲਿਖਦੇ ਹਨ, ਵਾਰ ਕ੍ਰਮ ਅਨੁਸਾਰ ਐਤਵਾਰ ਨੂੰ ਭਗਤੀ ਭਾਵ ਨੂੰ ਵਿਕਸਿਤ ਕਰਨ ਦਾ ਆਰੰਭ ਕਰਨਾ ਚਾਹੀਦਾ ਹੈ। ਸੋਮਵਾਰ ਨੂੰ ਦਸਮ-ਦੁਆਰ ਤੋਂ ਝਰਦੇ ਹੋਏ ਅੰਮ੍ਰਿਤ ਦਾ ਪਾਨ ਕੀਤਾ ਜਾਣਾ ਚਾਹੀਦਾ ਹੈ। ਮੰਗਲਵਾਰ ਨੂੰ ਪੰਜ ਇੰਦ੍ਰੀਆਂ ਰੂਪੀ ਚੋਰਾਂ ਦੀ ਗਤੀਵਿਧੀ ਤੋਂ

ਸਾਵਧਾਨ ਰਹਿਣਾ ਚਾਹੀਦਾ ਹੈ। ਬੁੱਧਵਾਰ ਨੂੰ ਆਤਮ-ਗਿਆਨ ਰਾਹੀਂ ਹਿਰਦੇ-ਕਮਲ ਵਿਚ ਪਰਮਾਤਮਾ ਦਾ ਨਿਵਾਸ ਕਰਨਾ ਚਾਹੀਦਾ ਹੈ। ਵੀਰਵਾਰ ਨੂੰ ਆਪਣੇ ਸਰੀਰ ਤੋਂ ਇੰਦਰੀਆਂ ਦਾ ਵਿਸ਼ ਦੂਰ ਕਰ ਦੇਣਾ ਚਾਹੀਦਾ ਹੈ। ਸ਼ੁਕਰਵਾਰ ਨੂੰ ਆਪਣੇ-ਆਪ ਨਾਲ, ਆਪਣੀਆਂ ਚਿੱਤ-ਵ੍ਰਿਤੀਆਂ ਨਾਲ ਯੁੱਧ ਕਰਕੇ ਉਨ੍ਹਾਂ ਨੂੰ ਸਥਿਰ ਅਥਵਾ ਸ਼ਾਂਤ ਕਰਨਾ ਚਾਹੀਦਾ ਹੈ। ਸ਼ਨਿਚਰਵਾਰ ਨੂੰ ਹਿਰਦੇ ਨੂੰ ਟਿਕਾਉਣ ਵਾਲੇ ਸਾਧਕ ਦਾ ਅੰਦਰ ਬਾਹਰ ਪ੍ਰਕਾਸ਼ਿਤ ਹੋ ਜਾਂਦਾ ਹੈ ਅਤੇ ਹਰ ਪ੍ਰਕਾਰ ਦੇ ਕਰਮ-ਫਲਾਂ ਦਾ ਪ੍ਰਭਾਵ ਨਸ਼ਟ ਹੋ ਜਾਂਦਾ ਹੈ। ਜਦ ਤੱਕ ਮਨ ਵਿਚ ਦ੍ਵੈਤ-ਭਾਵ ਹੈ ਤਦ ਤੱਕ ਪਰਮਾਤਮਾ ਦੇ ਦੁਆਰ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਿਮਰਨ ਦੁਆਰਾ ਪਰਮਾਤਮਾ ਨਾਲ ਪ੍ਰੇਮ ਦਾ ਸੰਬੰਧ ਸਥਾਪਿਤ ਹੋ ਜਾਂਦਾ ਹੈ ਅਤੇ ਦੇਹੀ ਪਵਿੱਤਰ ਹੋ ਜਾਂਦੀ ਹੈ।[6]

ਪੁਰਾਤਨ ਸਮੇਂ ਤੋਂ ਹੀ ਲੋਕ-ਮਨ ਵਿਚ ਥਿਤਾਂ/ਦਿਨਾਂ/ਵਾਰਾਂ ਆਦਿ ਦਾ ਅੰਧ-ਵਿਸ਼ਵਾਸਾਂ ਦਾ ਜਾਲ ਪਸਰਿਆ ਹੋਇਆ ਸੀ। ਪਰਮਸਤਿ ਦੀ ਦਰਗਾਹ ਵਿਚ ਤਾਂ ਸਾਰੇ ਦਿਨ/ਵਾਰ ਪਾਕਿ-ਪਵਿੱਤਰ ਮੰਨੇ ਜਾਂਦੇ ਹਨ, ਜੋ ਉਸ ਦੀ ਇਬਾਦਤ ਵਿਚ ਗੁਜ਼ਾਰੇ ਜਾਣ। ਇਨ੍ਹਾਂ ਸਤਵਾਰਿਆਂ ਦੀ ਸਮੁੱਚੀ ਭਾਸ਼ਾ ਸਾਧ-ਭਾਖਾ ਵਾਲੀ ਪ੍ਰਭਾਵਿਤ ਪੰਜਾਬੀ ਹੈ। ਸ਼ੈਲੀ ਇਨ੍ਹਾਂ ਦੀ ਜਿਥੇ ਵਿਆਖਿਆਤਮਕ ਹੈ, ਉਥੇ ਬਿਰਤੀ ਉਪਦੇਸ਼ਾਤਮਿਕ ਦਾ ਪ੍ਰਕਾਸ਼ ਪਾਉਂਦੀ ਹੈ।

## ਪਗ ਟਿਪਣੀਆਂ ਅਤੇ ਹਵਾਲੇ

1. **ਲੋਕਧਾਰਾ ਵਿਸ਼ਵ ਕੋਸ਼ (ਭਾਗ ਦੂਜਾ), ਪੂਰਵ ਅੰਕਤ, ਅੰਕ 462**
   "ਮੁੱਢ ਕਦੀਮ ਤੋਂ ਹੀ ਹਫਤੇ ਦੇ ਹਰੇਕ ਦਿਨ ਨਾਲ ਕੁੱਝ ਮਨੌਤਾਂ, ਭਾਵ ਤੇ ਭਰਮ-ਵਹਿਮ ਜੁੜੇ ਆ ਰਹੇ ਹਨ ਅਤੇ ਉਹ ਗੀਤ ਜਾਂ ਟੱਪੇ ਜਿਨ੍ਹਾਂ ਵਿਚ ਹਫ਼ਤੇ ਦਾ ਖ਼ਾਸ-ਖ਼ਾਸ ਦਿਨਾਂ ਜਾਂ ਸਭਨਾਂ ਦਿਨਾਂ ਦਾ ਸੁਭਾਵ ਤੇ ਭਰਮ-ਚਰਿੱਤਰ ਦਿੱਤਾ ਹੁੰਦਾ ਹੈ, ਉਨ੍ਹਾਂ ਨੂੰ 'ਸਤਵਾਰਾ' ਕਿਹਾ ਜਾਣ ਲੱਗਾ। ਇਕੱਲੇ ਇਕੱਲੇ ਵਾਰ ਨਾਲ ਚੰਗੀ ਮੰਦੀ ਭਾਵਨਾ ਜੁੜਨ ਦੀ ਪਰੰਪਰਾ ਤਾਂ ਆਦਿ ਮਾਨਵ ਜਿਤਨੀ ਪ੍ਰਾਚੀਨ ਹੈ, ਪਰ ਸਤਵਾਰੇ ਦਾ ਰੂਪ ਮੱਧਕਾਲ ਵਿਚ ਹੀ ਨਿਖਰਿਆ।"
2. ਐਤਵਾਰ-ਰਵੀ/ਸੂਰਜ (Sun) ਸੋਮਵਾਰ-ਸੋਮ/ਚੰਦ੍ਰਮਾ (Moon), ਮੰਗਲਵਾਰ-ਮੰਗਲ (Mars), ਬੁੱਧਵਾਰ-ਬੁੱਧ (Mercury) ਵੀਰਵਾਰ-ਬ੍ਰਹਿਸਪਤੀ (Jupiter), ਸ਼ੁਕਰਵਾਰ-ਸ਼ੁਕਰ (Venus) ਸ਼ਨਿਚਰਵਾਰ-ਸ਼ਨੀ (Saturn) ਗ੍ਰਹਿਆਂ ਤੋਂ ਲਏ ਗਏ ਹਨ।
3. **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ), ਪੂਰਵ ਅੰਕਤ, ਅੰਕ 474
4. **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ**, ਪੂਰਵ ਅੰਕਤ, ਅੰਕ 64
5. ਰਾਏ ਜਸਬੀਰ ਸਿੰਘ, **ਗੁਰੂ ਅਮਰਦਾਸ ਸ੍ਰੋਤ ਪੁਸਤਕ**, ਪੂਰਵ ਅੰਕਤ, ਅੰਕ, 139
6. **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ), ਪੂਰਵ ਅੰਕਤ, ਅੰਕ 474

## ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਦੇਖੋ: ਰਾਮਕਲੀ ਦੀ ਵਾਰ:੯

# ਅੰਤਿਕਾਵਾਂ

## ਅੰਤਿਕਾਵਾਂ= ੧

## ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗੁ-ਕ੍ਰਮ ਨਾਲ ਪਦਿਆਂ ਦੀ ਗਿਣਤੀ

| | ਬਾਣੀ ਦਾ ਨਾਂ | ਪਦਾਂ ਦੀ ਗਿਣਤੀ | ਗੁਰੂ ਗ੍ਰੰਥ ਸਾਹਿਬ ਦਾ ਅੰਕ |
|---|---|---|---|
| 1. | ਮੂਲਮੰਤਰ | 1 | 1 |
| 2. | ਜਪੁਜੀ | 40 | 1 |
| 3. | ਸੋਦਰੁ | 5 | 2 |
| 4. | ਸੋ ਪੁਰਖੁ | 4 | 10 |
| 5. | ਸੋਹਿਲਾ | 5 | 22 |
| 6. | ਸਿਰੀ ਰਾਗੁ* | 211 | 14 |
| 7. | ਰਾਗੁ ਮਾਝ | 194 | 94 |
| 8. | ਰਾਗੁ ਗਉੜੀ | 814 | 151 |
| 9. | ਰਾਗੁ ਆਸਾ | 510 | 347 |
| 10. | ਰਾਗੁ ਗੁਜਰੀ | 194 | 489 |
| 11. | ਰਾਗੁ ਦੇਵਗੰਧਾਰੀ | 46 | 527 |
| 12. | ਰਾਗੁ ਬਿਹਾਗੜਾ | 81 | 537 |
| 13. | ਰਾਗੁ ਵਡਹੰਸੁ | 120 | 557 |
| 14. | ਰਾਗੁ ਸੋਰਠਿ | 259 | 595 |
| 15. | ਰਾਗੁ ਧਨਾਸਰੀ | 119 | 660 |
| 16. | ਰਾਗੁ ਜੈਤਸਰੀ | 96 | 696 |
| 17. | ਰਾਗੁ ਟੋਡੀ | 34 | 711 |
| 18. | ਰਾਗੁ ਬੈਰਾੜੀ | 7 | 719 |
| 19. | ਰਾਗੁ ਤਿਲੰਗ | 20 | 720 |
| 20. | ਰਾਗੁ ਸੂਹੀ | 207 | 728 |
| 21. | ਰਾਗੁ ਬਿਲਾਵਲੁ | 257 | 795 |
| 22. | ਰਾਗੁ ਗੋਂਡ | 49 | 859 |
| 23 | ਰਾਗੁ ਰਾਮਕਲੀ | 474 | 876 |

---

* ਕ੍ਰਮ 6 ਤੋਂ ਲੈ ਕੇ 31 ਤੱਕ ਰਾਗ ਹਨ।

| | | | |
|---|---|---|---|
| 24. | ਰਾਗੁ ਨਟ ਨਰਾਇਣ | 25 | 975 |
| 25. | ਰਾਗੁ ਮਾਲੀ ਗਉੜਾ | 17 | 984 |
| 26. | ਰਾਗੁ ਮਾਰੂ | 320 | 989 |
| 27. | ਰਾਗੁ ਤੁਖਾਰੀ | 27 | 1107 |
| 28. | ਰਾਗੁ ਕੇਦਾਰਾ | 25 | 1118 |
| 29. | ਰਾਗੁ ਭੈਰਉ | 132 | 1125 |
| 30. | ਰਾਗੁ ਬਸੰਤੁ | 89 | 1168 |
| 31 | ਰਾਗੁ ਸਾਰੰਗ | 286 | 1197 |
| 32. | ਰਾਗੁ ਮਲਾਰ | 161 | 1154 |
| 33. | ਰਾਗੁ ਕਾਨੜਾ | 115 | 1294 |
| 34. | ਰਾਗੁ ਕਲਿਆਨ | 23 | 1319 |
| 35. | ਰਾਗੁ ਪ੍ਰਭਾਤੀ | 107 | 1327 |
| 36. | ਰਾਗੁ ਜੈਜਾਵੰਤੀ | 4 | 1352 |
| 37. | ਸਲੋਕ ਸਹਸਕ੍ਰਿਤੀ ਮਹਲਾ ੧ | 71 | 1353 |
| 38. | ਗਾਥਾ (ਮਹਲਾ ੫) | 24 | 1360 |
| 39. | ਫੁਨਹੇ (ਮਹਲਾ ੫) | 23 | 1361 |
| 40. | ਚਉਬੋਲੇ (ਮਹਲਾ ੫) | 11 | 1363 |
| 41. | ਸਲੋਕ ਭਗਤ ਕਬੀਰ | 230 | 1364 |
| 42. | ਸਲੋਕ ਸ਼ੇਖ ਫ਼ਰੀਦ | 122 | 1377 |
| 43. | ਗੁਰੂ ਅਰਜਨ ਦੇਵ ਤੇ ਭਟਾਂ ਦੇ ਸਵੈਯੇ | 143 | 1385 |
| 44. | ਸਲੋਕ ਗੁਰੂ ਸਾਹਿਬਾਨ ਦੀਆਂ ਵਾਰਾਂ ਤੇ ਵਧੀਕ | 152 | 1410 |
| 45. | ਸਲੋਕ (ਮਹਲਾ ੯) | 57 | 1436 |
| 46. | ਮੁੰਦਾਵਣੀ (ਮਹਲਾ ੫) | — | 1429 |
| 47. | ਰਾਗਮਾਲਾ | — | 1429 |

## ਅੰਤਿਕਾ-੨

# ਗੁਰੂ ਗ੍ਰੰਥ ਸਾਹਿਬ ਵਿਚਲੇ ਲੇਖਕ, ਜਾਤ, ਦੇਸ ਅਤੇ ਕੁਲ ਸ਼ਬਦਾਂ ਦਾ ਵਿਵਰਣ

| ਨਾਮ | ਜਾਤ | ਦੇਸ | ਕੁਲ ਸ਼ਬਦ |
|---|---|---|---|
| ਗੁਰੂ ਨਾਨਕ (1469-1539) | ਖੱਤਰੀ | ਪੰਜਾਬ | 974 |
| ਗੁਰੂ ਅੰਗਦ (1504-1552) | ” | ” | 62 |
| ਗੁਰੂ ਅਮਰਦਾਸ (1429-1574) | ” | ” | 907 |
| ਗੁਰ ਰਾਮਦਾਸ (1534-1681) | ” | ” | 679 |
| ਗੁਰੂ ਅਰਜਨ (1563-1606) | ” | ” | 2218 |
| ਗੁਰੂ ਤੇਗ ਬਹਾਦਰ (1621-1675) | ” | ” | 115 |
| ਗੁਰੂ ਗੋਬਿੰਦ ਸਿੰਘ (1666-1708) | ” | ” | 1 |
| ਕਬੀਰ (1389-1495) | ਜੁਲਾਹਾ | ਯੂ. ਪੀ. | 541 |
| ਨਾਮਦੇਵ (1270-1350) | ਛੀਂਬਾ | ਮਹਾਰਾਸ਼ਟਰ | 60 |
| ਰਵਿਦਾਸ (ਸੋਲ੍ਹਵੀਂ ਸਦੀ) | ਚਮਾਰ | ਯੂ. ਪੀ. | 41 |
| ਬਾਬਾ ਫ਼ਰੀਦ (1173-1265) | ਮੁਸਲਮਾਨ | ਪੰਜਾਬ | 134 |
| ਤ੍ਰਿਲੋਚਨ (1268 ਜਨਮ) | ਬ੍ਰਾਹਮਣ | ਮਹਾਰਾਸ਼ਟਰ | 4 |
| ਬੇਣੀ | ” | ਬਿਹਾਰ | 3 |
| ਧੰਨਾ (1416 ਜਨਮ) | ਜੱਟ | ਰਾਜਸਥਾਨ | 4 |
| ਜੈਦੇਵ (12ਵੀਂ ਸਦੀ) | ਬ੍ਰਾਹਮਣ | ਬੰਗਾਲ | 2 |
| ਭੀਖਨ (1274 ਦੇਹਾਂਤ) | ਮੁਸਲਮਾਨ | ਯੂ. ਪੀ. | 2 |
| ਸੈਣ | ਨਾਈ | ਰੀਵਾ | 1 |
| ਪੀਪਾ (1426 ਜਨਮ) | ਬ੍ਰਾਹਮਣ | ਗੁਜਰਾਤ | 1 |
| ਸਧਨਾ | ਕਸਾਈ | ਸਿੰਧ | 1 |
| ਰਾਮਾਨੰਦ (1366-1467) | ਬ੍ਰਾਹਮਣ | ਯੂ. ਪੀ | 1 |
| ਪਰਮਾਨੰਦ | ” | ਮਹਾਰਾਸ਼ਟਰ | 2 |
| ਸੂਰਦਾਸ | ” | ਪੰਜਾਬ | 2 |
| ਸੁੰਦਰ (ਸੋਲ੍ਹਵੀਂ ਸਦੀ) | ਖੱਤਰੀ | ” | 6 |
| ਮਰਦਾਨਾ (” ”) | ਮਿਰਾਸੀ | ” | 3 |
| ਸੱਤਾ (ਸੋਲਵੀਂ ਸਦੀ) | ਡੂਮ | ” | 5 |
| ਰਾਇ ਬਲਵੰਡ (” ”) | ਰਾਅ ਭੱਟ | ” | 5 |

| | | | |
|---|---|---|---|
| ਕਲਸਹਾਰ (" ") | " | " | 54 |
| ਜਾਲਪ (" ") | ਭੱਟ | " | 5 |
| ਕੀਰਤ (" ") | " | " | 8 |
| ਸੱਲ (" ") | " | " | 3 |
| ਭੱਲ (" ") | " | " | 1 |
| ਨੱਲ (" ") | " | " | 16 |
| ਭਿਖਾ (" ") | " | " | 2 |
| ਗਯੰਦ (" ") | " | " | 13 |
| ਬੱਲ (" ") | " | " | 5 |
| ਹਰਿਬੰਸ (" ") | " | " | 2 |
| ਮਥਰਾ (" ") | " | " | 14 |

ਕੁੱਲ ਜੋੜ: 5894*

*ਇਹ ਜੋੜ ਡਾ. ਚਰਨ ਸਿੰਘ ਦੀ ਗਿਣਤੀ ਅਨੁਸਾਰ ਹੈ, ਜਦਕਿ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨਕੋਸ਼' ਵਿਚ ਕੁਲ ਗਿਣਤੀ 5867 ਦਿੱਤੀ ਹੈ।

# ਅੰਤਿਕਾ-੩

## ਪਦਿਆਂ ਦੀ ਗਿਣਤੀ

**ਗੁਰੂ ਗ੍ਰੰਥ ਸਾਹਿਬ ਵਿਚਲੇ ਲੇਖਕਾਂ ਦੁਆਰਾ ਵਰਤੇ ਗਏ ਰਾਗਾਂ ਤੇ ਰਚੇ ਗਏ।**

| ਲੇਖਕ ਦਾ ਨਾਮ | ਰਾਗਾਂ ਦੀ ਗਿਣਤੀ | ਪਦਾਂ ਦੀ ਗਿਣਤੀ |
|---|---|---|
| ਗੁਰੂ ਨਾਨਕ | 19 | 947 |
| ਗੁਰੂ ਅੰਗਦ | ਕੇਵਲ ਸਲੋਕ | 62 |
| ਗੁਰੂ ਅਮਰਦਾਸ | 17 | 907 |
| ਗੁਰੂ ਰਾਮਦਾਸ | 30 | 619 |
| ਗੁਰੂ ਅਰਜਨ | 30 | 2218 |
| ਗੁਰੂ ਤੇਗ ਬਹਾਦਰ | 15 | 115 |
| ਕਬੀਰ | 18 | 533 |
| ਰਾਮਾਨੰਦ | 1 | 1 |
| ਸੈਨ | 1 | 1 |
| ਰਵਿਦਾਸ | 16 | 40 |
| ਪੀਪਾ | 1 | 1 |
| ਧੰਨਾ | 2 | 1 |
| ਨਾਮਦੇਉ | 18 | 61 |
| ਤ੍ਰਿਲੋਚਨ | 3 | 4 |
| ਬੇਣੀ | 3 | 2 |
| ਜੈਦੇਵ | 2 | 2 |
| ਸੂਰਦਾਸ | 1 | (ਸਿਰਫ਼ ਇਕ ਤੁਕ) |
| ਪਰਮਾਨੰਦ | 1 | 1 |
| ਸ਼ੇਖ ਫ਼ਰੀਦ | 2 | 116 |
| ਭੀਖਨ | 1 | 1 |
| ਸੁੰਦਰ | 1 | 6 |
| ਸੱਤਾ ਬਲਵੰਡ | 1 | 3 |
| ਮਰਦਾਨਾ | 1 | 3 |
| ਭੱਟ* | — | 123 |

*ਇਨ੍ਹਾਂ ਦੇ ਨਾਂ ਹਨ, ਕਲਯ, ਕਲਸਹਾਰ, ਟਲਯ, ਜਾਲਪ, ਜਲਯ, ਕੀਰਤ, ਸੱਲਯ, ਭੱਲਯ, ਨੱਲਯ, ਗੰਗ, ਪੀਪਾ, ਜਲਨ, ਦਾਸ, ਗਯੰਦ, ਸੇਵਕ, ਮਥੁਰਾ, ਬਲਯ, ਹਰਿਬੰਸ।

# ਅੰਤਿਕਾ-੪

## ਗੁਰੂ ਗ੍ਰੰਥ ਸਾਹਿਬ ਵਿਚਲੀ ਰਾਗਾਤਮਿਕ ਤਰਤੀਬ

| ਨੰ: | ਰਾਗ | ਗਾਉਣ ਦਾ ਸਮਾਂ |
|---|---|---|
| 1. | ਸਿਰੀ ਰਾਗ | ਪਿਛਲੇ ਪਹਿਰ ਜਾਂ ਲੌਢੇ ਵੇਲੇ |
| 2. | ਮਾਝ | ਰਾਤ ਦੇ ਪਹਿਲੇ ਪਹਿਰ |
| 3. | ਗਉੜੀ | ਰਾਤ ਦੇ ਪਹਿਲੇ ਪਹਿਰ |
| 4. | ਆਸਾ | ਸਵੇਰ ਵੇਲੇ |
| 5. | ਗੂਜਰੀ | ਦਿਨ ਦੇ ਦੂਜੇ ਪਹਿਰ |
| 6. | ਦੇਵ ਗੰਧਾਰੀ | ਦਿਨ ਦੇ ਦੂਜੇ ਪਹਿਰ |
| 7. | ਬਿਹਾਗੜਾ | ਅੱਧੀ ਰਾਤ ਵੇਲੇ |
| 8. | ਵਡਹੰਸੁ | ਦੁਪਹਿਰ ਵੇਲੇ ਜਾਂ ਰਾਤ ਦੇ ਦੂਜੇ ਪਹਿਰ |
| 9. | ਸੋਰਠਿ | ਰਾਤ ਦੇ ਦੂਜੇ ਪਹਿਰ |
| 10. | ਧਨਾਸਰੀ | ਦਿਨ ਦੇ ਤੀਜੇ ਪਹਿਰ |
| 11. | ਜੈਤਸਰੀ | ਚੌਥੇ ਪਹਿਰ |
| 12. | ਟੋਡੀ | ਦਿਨ ਦੇ ਦੂਜੇ ਪਹਿਰ |
| 13. | ਬੈਰਾੜੀ | ਦੂਜੇ ਪਹਿਰ ਤੇ ਸ਼ਾਮ ਵੇਲੇ |
| 14. | ਤਿਲੰਗ | ਦਿਨ ਦੇ ਤੀਜੇ ਪਹਿਰ |
| 15. | ਸੂਹੀ | ਦੋ ਘੜੀ ਦਿਨ ਚੜ੍ਹੇ |
| 16. | ਬਿਲਾਵਲ | ਸਵੇਰ ਦੇ ਪਹਿਲੇ ਪਹਿਰ |
| 17. | ਗੋਂਡ | ਦਿਨ ਦੇ ਦੂਜੇ ਪਹਿਰ |
| 18. | ਰਾਮਕਲੀ | ਸੂਰਜ ਦੇ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤੱਕ |
| 19. | ਨਟ ਨਰਾਇਣ | ਰਾਤ ਦੇ ਦੂਜੇ ਪਹਿਰ |
| 20. | ਮਾਲੀ ਗਉੜਾ | ਦਿਨ ਦੇ ਤੀਜੇ ਪਹਿਰ |
| 21. | ਮਾਰੂ | ਦਿਨ ਦੇ ਤੀਜੇ ਪਹਿਰ |

| | | |
|---|---|---|
| 22. | ਤੁਖਾਰੀ | ਸ਼ਾਮ ਵੇਲੇ |
| 23. | ਕੇਦਾਰਾ | ਰਾਤ ਦੇ ਪਹਿਲੇ ਪਹਿਰ |
| 24. | ਭੈਰਉ | ਪ੍ਰਭਾਤ ਵੇਲੇ |
| 25. | ਬਸੰਤ | ਦਿਨ ਦੇ ਪਹਿਲੇ ਪਹਿਰ ਅਤੇ ਬਸੰਤ ਰੁਤ 'ਚ |
| 26. | ਸਾਰੰਗ | ਕਿਸੇ ਵੀ ਸਮੇਂ |
| 27. | ਮਲਾਰ | ਰਾਤ ਦੇ ਦੂਜੇ ਪਹਿਰ |
| 28. | ਕਾਨੜਾ | ਰਾਤ ਦੇ ਦੂਜੇ ਪਹਿਰ |
| 29. | ਕਲਿਆਨ | ਰਾਤ ਦੇ ਪਹਿਲੇ ਪਹਿਰ |
| 30. | ਪ੍ਰਭਾਤੀ | ਸਵੇਰ ਦੇ ਪਹਿਲੇ ਪਹਿਰ |
| 31. | ਜੈਜਾਵੰਤੀ | ਰਾਤ ਦੇ ਦੂਜੇ ਪਹਿਰ |

# ਅੰਤਿਕਾ-੫

## ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ

ਗੁਰੂ ਸਾਹਿਬਾਨ: 6

ਮਹਲਾ ੧ (ਗੁਰੂ ਨਾਨਕ)
ਮਹਲਾ ੨ (ਗੁਰੂ ਅੰਗਦ)
ਮਹਲਾ ੩ (ਗੁਰੂ ਅਮਰਦਾਸ)
ਮਹਲਾ ੪ (ਗੁਰ ਰਾਮਦਾਸ)
ਮਹਲਾ ੫ (ਗੁਰੂ ਅਰਜਨ)
ਮਹਲਾ ੯ (ਗੁਰੂ ਤੇਗ ਬਹਾਦਰ)

ਭਗਤ ਕਵੀ: 15

ਜੈਦੇਵ
ਸ਼ੇਖ ਫ਼ਰੀਦ
ਨਾਮਦੇਵ
ਤ੍ਰਿਲੋਚਨ
ਸੁਆਮੀ ਰਾਮਾਨੰਦ
ਕਬੀਰ
ਬੇਣੀ
ਸਧਨਾ
ਸੈਣ
ਪੀਪਾ
ਧੰਨਾ
ਭੀਖਣ
ਰਵਿਦਾਸ
ਪਰਮਾਨੰਦ
ਸੂਰਦਾਸ

ਗੁਰੂ ਸਬੰਧੀ: 1

ਸੁੰਦਰ

ਰਬਾਬੀ: 2

ਰਾਇ ਬਲਵੰਡ
ਸੱਤਾ

ਭੱਟੀ ਕਵੀ: 18

ਕਲੱਯ
ਜਾਲਪ
ਕੀਰਤ
ਸਲੱਯ
ਭਲੱਯ
ਨਲੱਯ
ਭਿਖਾ
ਪਰਮਾਨੰਦ
ਬਲ
ਹਰਿਬੰਸ
ਮਥਰਾ
ਕਲਸਹਾਰ
ਜਲਯ
ਦਾਸ
ਸੇਵਕ
ਗੰਗ
ਟਲਯ
ਸਯੰਧ

# ਅੰਤਿਕਾ-੬
## ਗੁਰੂ ਗ੍ਰੰਥ ਸਾਹਿਬ ਦੀ ਸੰਗੀਤਾਤਮਕ ਤਰਤੀਬ

| ਨੰ: | ਰਾਗ | ਰਾਗ ਪ੍ਰਕਾਰ | ਬਾਣੀਕਾਰ |
|---|---|---|---|
| 1. | ਸਿਰੀ | — | ਮਹਲਾ ੧, ੨, ੩, ੪, ੫, ਕਬੀਰ, ਤ੍ਰਿਲੋਚਨ, ਬੇਣੀ, ਰਵਿਦਾਸ |
| 2. | ਮਾਝ | — | ਮਹਲਾ ੧, ੨, ੩, ੪, ੫ |
| 3. | ਗਉੜੀ | — | ਮਹਲਾ ੧, ੩, ੪, ੫, ੯, ਕਬੀਰ |
| 4. | — | — | ਮਹਲਾ ੧, ੩, ੪, ੫, ਕਬੀਰ, ਰਵਿਦਾਸ |
| 5. | — | ਗਉੜੀ ਗੁਆਰੇਰੀ | ਮਹਲਾ ੧, ੩, ੪, ੫, ਕਬੀਰ, ਰਵਿਦਾਸ |
| | — | ਗਉੜੀ ਦਖਣੀ | ਮਹਲਾ ੧ |
| 6. | — | ਗਉੜੀ ਚੇਤੀ | ਮਹਲਾ ੧, ੫, ਕਬੀਰ, ਰਵਿਦਾਸ |
| 7. | — | ਗਉੜੀ ਬੈਰਾਗਣ | ਮਹਲਾ ੧, ੩, ੪, ੫, ਕਬੀਰ, ਰਵਿਦਾਸ |
| 8. | — | ਗਉੜੀ ਪੂਰਬੀ ਦੀਪਕੀ | ਮਹਲਾ ੧ |
| 9. | — | ਗਉੜੀ ਪੂਰਬੀ | ਮਹਲਾ ੪, ੫, ਕਬੀਰ, ਰਵਿਦਾਸ |
| 10. | — | ਗਉੜੀ ਦੀਪਕੀ | ਮਹਲਾ ੧ |
| 11. | — | ਗਉੜੀ ਮਾਝ | ਮਹਲਾ ੪, ੫ |
| 12. | — | ਗਉੜੀ ਮਾਲਵਾ | ਮਹਲਾ ੫ |
| 13. | — | ਗਉੜੀ ਮਾਲਾ | ਮਹਲਾ ੫ |
| 14. | — | ਗਉੜੀ ਸੋਰਠਿ | ਕਬੀਰ |
| 15. | ਆਸਾ | — | ਮਹਲਾ ੧, ੨, ੩, ੪, ੫, ੯, ਕਬੀਰ, ਨਾਮਦੇਵ, ਰਵਿਦਾਸ, ਧੰਨਾ ਫ਼ਰੀਦ |
| 16. | — | ਆਸਾਵਰੀ | ਮਹਲਾ ੪, ੫ |
| 17 | — | ਆਸਾਵਰੀ ਸੁੰਧਗ | ਮਹਲਾ ੪ |
| 18. | — | ਆਸਾ ਕਾਫ਼ੀ | ਮਹਲਾ ੧, ੩,੪,੫ |

| | | | |
|---|---|---|---|
| 19. | ਗੂਜਰੀ | — | ਮਹਲਾ ੧,੩,੪,੫, ਕਬੀਰ, ਨਾਮਦੇਵ, ਰਵਿਦਾਸ, ਜੈਦੇਵ |
| 20. | ਦੇਵ ਗੰਧਾਰੀ | — | ਮਹਲਾ ੪,੫,੯ |
| 21. | — | ਦੇਵ ਗੰਧਾਰ | ਮਹਲਾ ੫ |
| 22. | ਬਿਹਾਗੜਾ ਮਹਲਾ— | | ਮਹਲਾ ੩,੪, ੫, ੯ |
| 23. | ਵਡਹੰਸ | — | ਮਹਲਾ ੧,੩,੪,੫ |
| 24. | — | ਵਡਹੰਸ ਦਖਣੀ | ਮਹਲਾ ੧ |
| 25. | ਸੋਰਠਿ | — | ਮਹਲਾ ੧, ੩, ੪, ੫, ੯, ਕਬੀਰ, ਨਾਮਦੇਵ, ਰਵਿਦਾਸ, ਭੀਖਣ |
| 26. | ਧਨਾਸਰੀ | — | ਮਹਲਾ ੧, ੩, ੪, ੫, ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ, ਸੈਣ, ਪੀਪਾ, ਧੰਨਾ |
| 27. | ਜੈਤਸਰੀ | — | ਮਹਲਾ ੪, ੫,੯, ਰਵਿਦਾਸ |
| 28. | ਟੋਡੀ | — | ਮਹਲਾ ੪,੫,੯, ਨਾਮਦੇਵ |
| 29. | ਬੈਰਾੜੀ | — | ਮਹਲਾ ੪,੫ |
| 30. | ਤਿਲੰਗ | — | ਮਹਲਾ ੧,੪,੫,੯, ਕਬੀਰ ਰਵਿਦਾਸ |
| 31. | — | ਤਿਲੰਗ ਕਾਫ਼ੀ | ਮਹਲਾ ੯ |
| 32. | ਸੂਹੀ | — | ਮਹਲਾ ੧, ੨, ੩, ੪, ੫, ਕਬੀਰ, ਰਵਿਦਾਸ, ਫ਼ਰੀਦ |
| 33. | — | ਸੂਹੀ ਕਾਫ਼ੀ | ਮਹਲਾ ੧,੫ |
| 34. | — | ਸੂਹੀ ਲਲਿਤ | ਕਬੀਰ, ਫ਼ਰੀਦ |
| 35. | ਬਿਲਾਵਲ | — | ਮਹਲਾ ੧, ੩, ੪, ੫, ਕਬੀਰ, ਨਾਮਦੇਵ, ਰਵਿਦਾਸ, ਸਧਨਾ |
| 36. | — | ਬਿਲਾਵਲ ਦਖਣੀ | ਮਹਲਾ ੧ |
| 37. | — | ਬਿਲਾਵਲ ਮੰਗਲ | ਮਹਲਾ ੪ |
| 38. | ਗੋਂਡ | — | ਮਹਲਾ ੪, ੫, ਕਬੀਰ, ਨਾਮਦੇਵ, ਰਵਿਦਾਸ |
| 39. | — | ਬਿਲਾਵਲ ਗੋਂਡ | ਨਾਮਦੇਵ |
| 40. | ਰਾਮਕਲੀ | — | ਮਹਲਾ ੧, ੨, ੩, ੪, ੫, ੯, ਕਬੀਰ, ਨਾਮਦੇਵ, ਰਵਿਦਾਸ ਬੇਣੀ, ਸੱਤਾ, ਬਲਵੰਡ। |

| | | | |
|---|---|---|---|
| 41. | — | ਰਾਮਕਲੀ ਦਖਣੀ | ਮਹਲਾ ੧ |
| 42. | ਨਟ ਨਾਰਾਇਣ | — | ਮਹਲਾ ੪, ੫ |
| 43. | — | ਨਟ | ਮਹਲਾ ੪, ੫ |
| 44. | ਮਾਲੀ ਗਉੜਾ | — | ਮਹਲਾ ੪, ੫, ਨਾਮਦੇਵ |
| 45. | ਮਾਰੂ | — | ਮਹਲਾ ੧, ੨, ੩, ੪, ੫, ੯, ਕਬੀਰ, ਨਾਮਦੇਵ, ਜੈਦੇਵ, ਰਵਿਦਾਸ |
| 46. | — | ਮਾਰੂ ਕਾਫ਼ੀ | ਮਹਲਾ ੧ |
| 47. | — | ਮਾਰੂ ਦਖਣੀ | ਮਹਲਾ ੧ |
| 48. | ਤੁਖਾਰੀ | — | ਮਹਲਾ ੧, ੪, ੫ |
| 49. | ਕੇਦਾਰਾ | — | ਮਹਲਾ ੪, ੫, ਕਬੀਰ, ਰਵਿਦਾਸ |
| 50. | ਭੈਰਉ | — | ਮਹਲਾ ੧, ੩, ੪, ੫, ਕਬੀਰ, ਰਾਮਾਨੰਦ, ਨਾਮਦੇਵ, ਰਵਿਦਾਸ |
| 51. | ਬਸੰਤ | — | ਮਹਲਾ ੧, ੩, ੪, ੫, ਕਬੀਰ, ਰਾਮਾਨੰਦ, ਨਾਮਦੇਵ, ਰਵਿਦਾਸ |
| 52. | — | ਬਸੰਤ ਹਿੰਡੋਲ | ਮਹਲਾ ੧, ੩, ੪, ੫, ੯, ਕਬੀਰ |
| 53. | ਸਾਰੰਗ | — | ਮਹਲਾ ੧, ੨, ੩, ੪, ੫, ਕਬੀਰ, ਨਾਮਦੇਵ, ਪਰਮਾਨੰਦ, ਸੂਰਦਾਸ |
| 54. | ਮਲਾਰ | — | ਮਹਲਾ ੧,੨, ੩, ੪, ੫, ਨਾਮਦੇਵ, ਰਵਿਦਾਸ |
| 55. | ਕਾਨੜਾ | — | ਮਹਲਾ ੪, ੫, ਨਾਮਦੇਵ |
| 56. | ਕਲਿਆਣ | — | ਮਹਲਾ ੪, ੫, |
| 57. | ਪ੍ਰਭਾਤੀ | — | ਮਹਲਾ ੧, ੩, ੪, ੫, ਕਬੀਰ, ਨਾਮਦੇਵ, ਬੇਣੀ |
| 58. | — | ਪ੍ਰਭਾਤੀ ਬਿਭਾਸ | ਮਹਲਾ ੧, ੩, ੪, ੫ |
| 59. | — | ਬਿਭਾਸ ਪ੍ਰਭਾਤੀ | ਮਹਲਾ ੫, ਕਬੀਰ |
| 60. | — | ਪ੍ਰਭਾਤੀ ਦਖਣੀ | ਮਹਲਾ ੧ |
| 61. | ਜੈਜਾਵੰਤੀ | — | ਮਹਲਾ ੯ |

# ਅੰਤਿਕਾ-੭
## ਅਲਾਹੁਣੀਆਂ

**ਰਾਗੁ ਵਡਹੰਸ ਮਹਲਾ ੧ ਘਰੁ ੫ ਅਲਾਹੁਣੀਆਂ**

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥
ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥
ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥
ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧ ॥
ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥
ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥
ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥
ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥
ਸਾਹਿਬ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨ ॥
ਜੋ ਤਿਸ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ–ਸੰਸਾਰੋ ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥
ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨਾ ਪਾਇਆ ॥
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥
ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩ ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥
ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥
ਰੋਵਣੁ ਸਗਲ ਬਿਕਾਰੋ ਗਾਫਲ ਸੰਸਾਰੋ ਮਾਇਆ ਕਾਰਣਿ ਰੋਵੈ ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ੪ ॥੧ ॥

(ਗੁਰੂ ਗ੍ਰੰਥ ਸਾਹਿਬ, ਅੰਕ 578)

# ਅੰਤਿਕਾ-੮
## ਆਰਤੀ

**ਧਨਾਸਰੀ ਮਹਲਾ ੧ ਆਰਤੀ**

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ
ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥

(ਗੁਰੂ ਗ੍ਰੰਥ ਸਾਹਿਬ, ਅੰਕ 663)

# ਅੰਤਿਕਾ—੯
## ਅੰਜੁਲੀ

**ਮਾਰੂ ਮਹਲਾ ੫**

ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥੧॥
ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥
ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਵੇਸਾ ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥੩॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥੪॥
ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥੫॥
ਖਾਲਕ ਥਾਵਹੁ ਭੁਲਾ ਮੁਠਾ ॥ ਦੁਨੀਆ ਖੇਲੁ ਬੁਰਾ ਰੁਠ ਤੁਠਾ ॥
ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ ਭਾਣੀਆ ॥੬॥
ਮਉਲਾ ਖੇਲ ਕਰੇ ਸਭਿ ਆਪੇ ॥ ਇਕਿ ਕਢੇ ਇਕਿ ਲਹਰਿ ਵਿਆਪੇ ॥
ਜਿਉ ਨਚਾਏ ਤਿਉ ਤਿਉ ਨਚਨਿ ਸਿਰਿ ਸਿਰਿ ਕਿਰਤ ਵਿਹਾਣੀਆ ॥੭॥
ਮਿਹਰ ਕਰੇ ਤਾ ਖਸਮੁ ਧਿਆਈ ॥ ਸੰਤਾ ਸੰਗਤਿ ਨਰਕਿ ਨ ਪਾਈ ॥
ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ ॥੮॥੨॥

(ਗੁਰੂ ਗ੍ਰੰਥ ਸਾਹਿਬ, ਅੰਕ 1018)

# ਅੰਤਿਕਾ—੧੦
## ਸੁਚਜੀ

**ਸੂਹੀ ਮਹਲਾ ੧ ਸੁਚਜੀ**

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥
ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥
ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥
ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥੨॥

(ਗੁਰੂ ਗ੍ਰੰਥ ਸਾਹਿਬ, ਅੰਕ 762)

# ਅੰਤਿਕਾ—੧੧
## ਸੋਹਿਲਾ

**ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧**

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥
ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥
ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥
ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥
ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥

(ਗੁਰੂ ਗ੍ਰੰਥ ਸਾਹਿਬ, ਅੰਕ 12)

# ਅੰਤਿਕਾ—੧੨
## ਸੋਦਰੁ

**ਸੋ ਦਰੁ ਰਾਗੁ ਆਸਾ ਮਹਲਾ ੧ ੧ਓ ਸਤਿਗੁਰ ਪ੍ਰਸਾਦਿ ॥**

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋਂ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੋਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕ ਗਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨਾ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥

(ਗੁਰੂ ਗ੍ਰੰਥ ਸਾਹਿਬ, ਅੰਕ 8)

# ਅੰਤਿਕਾ—੧੩
## ਸੋ ਪੁਰਖ

**ਰਾਗੁ ਆਸਾ ਮਹਲਾ ੪ ਸੋ ਪੁਰਖ ੧ੴ ਸਤਿਗੁਰ ਪ੍ਰਸਾਦਿ ॥**
ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥
ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥
ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧ ॥
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥
ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨ ॥
ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩ ॥
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥
ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ॥
ਕਰਿ ਕਿਰਿਆ ਖਟੁ ਕਰਮ ਕਰੰਤਾ ॥
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪ ॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫ ॥੧ ॥

(ਗੁਰੂ ਗ੍ਰੰਥ ਸਾਹਿਬ, ਅੰਕ 10)

# ਅੰਤਿਕਾ—੧੪
## ਕਰਹਲੇ

**ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ ੧ੴ ਸਤਿਗੁਰ ਪ੍ਰਸਾਦਿ**

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥
ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧ ॥
ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧ ॥ ਰਹਾਉ ॥
ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ ॥
ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨ ॥
ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥ ॥੩ ॥
ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥
ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪ ॥
ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ ॥
ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫ ॥
ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥
ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬ ॥
ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭ ॥
ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮ ॥
ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥
ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯ ॥
ਮਨ ਕਰਹਲਾ ਗੁਰ ਮੰਨਿਆ ਗੁਰਮੁਖਿ ਕਾਰ ਕਮਾਇ ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦ ॥੧ ॥

(ਗੁਰੂ ਗ੍ਰੰਥ ਸਾਹਿਬ, ਅੰਕ 234)

# ਅੰਤਿਕਾ—੧੫
## ਕਾਫੀ

**ਆਸਾ ਘਰੁ ੮ ਕਾਫੀ ਮਹਲਾ ੩ ੧ੴ ਸਤਿਗੁਰ ਪ੍ਰਸਾਦਿ ॥**

ਹਰਿ ਕੈ ਭਾਣੈ ਸਤਿਗੁਰ ਮਿਲੈ ਸਚੁ ਸੋਝੀ ਹੋਈ ॥
ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥੧॥
ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ ॥
ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ ॥੧॥ ਰਹਾਉ ॥
ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰ ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥
ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥
ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ ॥੩॥
ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥

(ਗੁਰੂ ਗ੍ਰੰਥ ਸਾਹਿਬ, ਅੰਕ 365)

# ਅੰਤਿਕਾ—੧੬

## ਕੁਚਜੀ

ਰਾਗ ਸੂਹੀ ਮਹਲਾ ੧ ਕੁਚਜੀ ੴ ਸਤਿਗੁਰ ਪ੍ਰਸਾਦਿ

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥

(ਗੁਰੂ ਗ੍ਰੰਥ ਸਾਹਿਬ, ਅੰਕ 762)

# ਅੰਤਿਕਾ—੧੭
## ਗਾਥਾ

**ਮਹਲਾ ੫ ਗਾਥਾ ੧ੴ ਸਤਿਗੁਰ ਪ੍ਰਸਾਦਿ ॥**

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ ॥ ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯ੍ਯਾਨਣੋ ॥੧॥ ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯ੍ਯਤੇ ॥੨॥ ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥ ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥੩॥ ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥ ਲਬਧ੍ਯੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥੪॥ ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥ ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ ॥੫॥ ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ ॥ ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ ॥੬॥ ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ ॥ ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ ॥੭॥

| | | |
|---|---|---|
| .................. | .................. | .................. |
| .................. | .................. | .................. |
| .................. | .................. | .................. |
| .................. | .................. | .................. |

ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣ: ॥ ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਯ੍ਯਣ: ॥੨੨॥ ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ: ॥ ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ ॥੨੩॥ ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣ: ॥ ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ ॥੨੪॥

(ਗੁਰੂ ਗ੍ਰੰਥ ਸਾਹਿਬ, ਅੰਕ 1360-1361)

# ਅੰਤਿਕਾ—੧੮
## ਗੁਣਵੰਤੀ

**ਸੂਹੀ ਮਹਲਾ ੫ ਗੁਣਵੰਤੀ**

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥
ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥

(ਗੁਰੂ ਗ੍ਰੰਥ ਸਾਹਿਬ, ਅੰਕ 763)

# ਅੰਤਿਕਾ—੧੯

## ਘੋੜੀਆ

**ਵਡਹੰਸ ਮਹਲਾ ੪ ਘੋੜੀਆ ੧ੴ ਸਤਿਗੁਰ ਪ੍ਰਸਾਦਿ**

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥
ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥
ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥
ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧ ॥
ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥
ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥
ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥
ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥੨ ॥
ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩ ॥
ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥
ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ ॥
ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ ॥
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਧਾਈ ॥੪ ॥੧ ॥

(ਗੁਰੂ ਗ੍ਰੰਥ ਸਾਹਿਬ, ਅੰਕ 575)

# ਅੰਤਿਕਾ—੨੦
## ਥਿਤੀਂ

**ਰਾਗ ਗਉੜੀ ਥਿਤੀਂ ਕਬੀਰ ਜੀ ਕੀ**

ਸਲੋਕੁ— ਪੰਦ੍ਰਹ ਥਿਤੀਂ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥
ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥੧ ॥

ਥਿਤੀਂ— ਅੰਮਾਵਸ ਮਹਿ ਆਸ ਨਿਵਾਰਹੁ ॥ ਅੰਤਰਜਾਮੀ ਰਾਮੁ ਸਮਾਰਹੁ ॥
ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥੧ ॥
ਚਰਨ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ॥ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧ ॥ ਰਹਾਉ ॥
ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥
ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨ ॥

..............................................................

..............................................................

..............................................................

ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥
ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥੧੫ ॥
ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥
ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥੧੬ ॥

(ਗੁਰੂ ਗ੍ਰੰਥ ਸਾਹਿਬ, ਅੰਕ 343–344)

# ਅੰਤਿਕਾ—੨੧
## ਦਿਨ ਰੈਣਿ

ਮਾਝ ਮਹਲਾ ੫ ਦਿਨ ਰੈਣਿ

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥
ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥
ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥
ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥
ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥
ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥
ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿ ਥੈ ਵੈਣ ॥
ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ ॥੧ ॥
ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ ॥
ਮਰਣਿ ਜੀਵਣਿ ਆਰਾਧਣਾ ਸਭਨਾ ਕਾ ਆਧਾਰੁ ॥
ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ ॥
ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨਾ ਪਾਰਾਵਾਰੁ ॥
ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥
ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ ॥
ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥
ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥
ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥
ਦਿਨੁ ਰੈਣਿ ਜਿ ਪ੍ਰਭੂ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ ॥੨ ॥
ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥
ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ ॥
ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ ॥
ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ ॥
ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ ॥
ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ ॥
ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ ॥
ਦਿਨ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥੩ ॥

ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ ॥
ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ ॥
ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ ॥
ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ॥
ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥
ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥
ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥
ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥
ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥

(ਗੁਰੂ ਗ੍ਰੰਥ ਸਾਹਿਬ, ਅੰਕ 136)

# ਅੰਤਿਕਾ—੨੨
## ਪਟੀ

**ਰਾਗੁ ਆਸਾ ਮਹਲਾ ੧ ਪਟੀ ਲਿਖੀ ੧ੴ ਸਤਿਗੁਰ ਪ੍ਰਸਾਦਿ ॥**

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ ॥੧॥
ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ ਰਹਾਉ ॥
ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥
ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥੨॥
ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ ॥੩॥

.............. ............ ............. ...............

.............. ............ ...........................

.............. ............ ..........................

ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ ॥
ਤਿਸਹਿ ਧਿਆਵਹੁ ਸਚਿ ਸਮਾਵਹੁ ਓਸ ਵਿਟਹੁ ਕੁਰਬਾਣੁ ਕੀਆ ॥੩੩॥
ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥
ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥
ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ॥
ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥੩੫॥੧॥

(ਗੁਰੂ ਗ੍ਰੰਥ ਸਾਹਿਬ, ਅੰਕ 432-434)

# ਅੰਤਿਕਾ—੨੩
## ਫੁਨਹੇ

**ਫੁਨਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥**

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧ ॥
ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ ॥
ਅਰਪੀ ਸਭੁ ਸੀਗਾਰੁ ਏਹੁ ਜੀਉ ਸਭ ਦਿਵਾ ॥
ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ ॥
ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥੨ ॥

.............. ............ ............................
.............. ............ ............................
.............. ............ ............................

ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥
ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥
ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥
ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ ॥੨੨ ॥
ਵੈਦਾ ਸੰਦਾ ਸੰਗੁ ਇਕਠਾ ਹੋਇਆ ॥
ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥
ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥
ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥੨੩ ॥

(ਗੁਰੂ ਗ੍ਰੰਥ ਸਾਹਿਬ, ਅੰਕ 1361-1363)

# ਅੰਤਿਕਾ—੨੪
## ਬਾਵਨ ਅਖਰੀ

੧ੴ ਸਤਿਗੁਰ ਪ੍ਰਸਾਦਿ ॥ ਗਉੜੀ ਬਾਵਨ ਅਖਰੀ ਮਹਲਾ ੫ ॥

ਸਲੋਕੁ ॥
ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥.

.............. ............ ...........................
.............. ............ ...........................
.............. ............ ...........................

ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥੫੫ ॥ ਸਲੋਕੁ ॥
ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥.

.............. ............ ...........................

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧ ॥
ਏਹੁ ਸਲੋਕੁ ਆਦਿ ਅੰਤਿ ਪੜਣਾ ॥

(ਗੁਰੂ ਗ੍ਰੰਥ ਸਾਹਿਬ, ਅੰਕ 250-262)

# ਅੰਤਿਕਾ—੨੫
## ਮੁੰਦਾਵਣੀ

**ਮੁੰਦਾਵਣੀ ਮਹਲਾ ੫ ॥**

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ ॥੧॥

(ਗੁਰੂ ਗ੍ਰੰਥ ਸਾਹਿਬ, ਅੰਕ 1429)

# ਅੰਤਿਕਾ—੨੬

## ਰਾਗ ਮਾਲਾ

### ੴ ਸਤਿਗੁਰ ਪ੍ਰਸਾਦਿ

ਰਾਗਮਾਲਾ ॥

ਰਾਗ ਏਕ ਸੰਗਿ ਪੰਚ ਬਰੰਗਨ ॥ ਸੰਗਿ ਅਲਾਪਹਿ ਆਠਉ ਨੰਦਨ ॥
ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥
ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥

.............. ............ ............................

.............. ............ ............................

.............. ............ ............................

ਬੈਰਾਧਰ ਗਜਧਰ ਕੇਦਾਰਾ ॥ ਜਬਲੀਧਰ ਨਟ ਅਉ ਜਲਧਾਰਾ ॥
ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧ ॥
ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥
ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧ ॥੧ ॥

(ਗੁਰੂ ਗ੍ਰੰਥ ਸਾਹਿਬ, ਅੰਕ 1429–1430)

# ਅੰਤਿਕਾ—੨੭
## ਰਾਮਕਲੀ ਸਦੁ
### (ਕੁਝ ਅੰਸ਼)

ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ ॥
ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ ॥
ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥
ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ ॥
ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ ॥
ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ ॥੧ ॥
ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥
ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ ॥
ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥
ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ ॥
ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ ॥੨ ॥
ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥
ਹਰਿ ਭਾਣਾ ਗੁਰ ਭਾਇਆ ਮੇਰੈ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥
ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥
ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩ ॥
ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥
ਸਤਿਗੁਰੂ ਪਰਤਿਖ ਹੋਦੈ ਬਹਿ ਰਾਜੁ ਆਪਿ ਟਿਕਾਇਆ ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥੪ ॥

(ਗੁਰੂ ਗ੍ਰੰਥ ਸਾਹਿਬ, ਅੰਕ 923)

# ਅੰਤਿਕਾ—੨੮
## ਰੁਤੀ

ਰਾਮਕਲੀ ਮਹਲਾ ੫ ਰੁਤੀ ਸਲੋਕੁ ੧ੴ ਸਤਿਗੁਰ ਪ੍ਰਸਾਦਿ ॥

ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ ॥
ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥੧ ॥
ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ ॥
ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ ॥੨ ॥

.................. ............. ..................
.................. ............. ..................
.................. ............. ..................

॥ ਛੰਤੁ ॥
ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥
ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥
ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥
ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥
ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ ॥
ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ ॥੮ ॥੧ ॥੬ ॥੮ ॥

(ਗੁਰੂ ਗ੍ਰੰਥ ਸਾਹਿਬ, ਅੰਕ 927-929)

# ਅੰਤਿਕਾ—੨੯

## ਲਾਵਾਂ

**ਸੂਹੀ ਮਹਲਾ ੪**

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥

(ਗੁਰੂ ਗ੍ਰੰਥ ਸਾਹਿਬ, ਅੰਕ 773-74)

# ਅੰਤਿਕਾ—੩੦
## ਵਣਜਾਰਾ

**ਸਿਰੀ ਰਾਗੁ ਮਹਲਾ ੪ ਵਣਜਾਰਾ**

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥
ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧ ॥
ਮੈ ਹਰਿ ਬਿਨੁ ਅਵਰੁ ਨ ਕੋਇ ॥
ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧ ॥
॥ ਰਹਾਉ ॥
ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥
ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨ ॥
ਮਨਿ ਹਰਿ ਹਰਿ ਲਗਾ ਚਾਉ ॥
ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧ ॥ ਰਹਾਉ ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ ॥
ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ॥
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ ॥
ਜਿਨੀ ਹਰਿ ਹਰਿ ਨਾਮੁ ਨ ਚੇਤਿਉ ਸੇ ਅੰਤਿ ਗਏ ਪਛੁਤਾਇ ॥
ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥੩ ॥
ਮਨ ਹਰਿ ਹਰਿ ਪ੍ਰੀਤਿ ਲਗਾਇ ॥
ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥੧ ॥ ਰਹਾਉ ॥
ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥
ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੈ ॥੪ ॥

ਮਨਿ ਹਰਿ ਹਰਿ ਜਪਨੁ ਕਰੇ ॥
ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥
ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ ॥
ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ ॥
ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ ॥
ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿਪਤਿ ॥
ਜਨ ਨਾਨਕ ਨਾਮੁ ਧਿਆਇਆ ਰੰਗ ਰਤੜਾ ਹਰਿ ਰੰਗਿ ਰਤਿ ॥੫॥
ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥
ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ ॥
ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥
ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥
ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥
ਹਰਿ ਧਿਆਵਹੁ ਸਾਸਿ ਗਿਰਾਸਿ ॥
ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ ॥੧॥ ਰਹਾਉ ॥੧॥

(ਗੁਰੂ ਗ੍ਰੰਥ ਸਾਹਿਬ, ਅੰਕ 81)

# ਅੰਤਿਕਾ—੩੧
## ਵਾਰਸਤ

**ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦**

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ ਆਪੇ ਵਰਤੈ ਅਵਰੁ ਨ ਕੋਈ ॥
ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥
ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੧ ॥
ਹਿਰਦੈ ਜਪਨੀ ਜਪਉ ਗੁਣਤਾਸਾ ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ
ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸ ॥੧ ॥ ਰਹਾਉ ॥
ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸ ਕੀ ਕੀਮਤਿ ਕਹੀ ਨ ਜਾਇ ॥
ਆਖਿ ਆਖਿ ਰਹੇ ਸਭਿ ਲਿਵ ਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥
ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨ ॥
ਮੰਗਲਿ ਮਾਇਆ ਮੋਹੁ ਉਪਾਇਆ। ਆਪੇ ਸਿਰਿ ਸਿਰਿ ਧੰਧੈ ਲਾਇਆ ॥
ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥
ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥੩ ॥
ਬੁਧਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥
ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥
ਦਰਿ ਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰ ਸਬਦਿ ਸੁਹਾਏ ॥੪ ॥
ਲਾਹਾ ਨਾਮੁ ਪਾਏ ਗੁਰ ਦੁਆਰਿ ॥ ਆਪੇ ਦੇਵੈ ਦੇਵਣਹਾਰੁ ॥
ਜੋ ਦੇਵੈ ਤਿਸ ਕਉ ਬਲਿ ਜਾਈਐ ॥ ਗੁਰ ਪਰਸਾਦੀ ਆਪੁ ਗਵਾਈਐ ॥
ਨਾਨਕ ਨਾਮੁ ਰਖਹੁ ਉਰ ਧਾਰਿ ॥ ਦੇਵਣਹਾਰੇ ਕਉ ਜੈਕਾਰੁ ॥੫ ॥
ਵੀਰਵਾਰਿ ਵੀਰ ਭਰਮਿ ਭੁਲਾਏ ॥ ਪ੍ਰੇਤ ਭੂਤ ਸਭਿ ਦੂਜੈ ਲਾਏ ॥
ਆਪਿ ਉਪਾਏ ਕਰਿ ਵੇਖੈ ਵੇਕਾ ॥ ਸਭਨਾ ਕਰਤੇ ਤੇਰੀ ਟੇਕਾ ॥
ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ ਜਿਸੁ ਲੈਹਿ ਮਿਲਾਈ ॥੬ ॥
ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ ਆਪਿ ਉਪਾਇ ਸਭ ਕੀਮਤਿ ਪਾਈ ॥
ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ ਸਚੁ ਸੰਜਮੁ ਕਰਣੀ ਹੈ ਕਾਰ ॥
ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥ ॥੭ ॥
ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥
ਮਨਮੁਖ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥
ਗੁਰ ਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥੮ ॥
ਸਤਿਗੁਰ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥

ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ ਤੂ ਸੁਖਦਾਤਾ ਲੈਹਿ ਮਿਲਾਇ ॥
ਏਕਸ ਤੇ ਦੂਜਾ ਨਾਹੀ ਕੋਇ ॥ ਗੁਰਮੁਖਿ ਬੁਝੈ ਸੋਝੀ ਹੋਇ ॥੯ ॥
ਪੰਦ੍ਰਹ ਥਿਤੀ ਤੈ ਸਤਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥
ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾ ਗਉਣੁ ਕੀਆ ਕਰਤਾਰਿ ॥
ਨਿਹਚਲੁ ਸਾਚੁ ਰਹਿਆ ਕਲ ਧਾਰਿ ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦ ॥੧ ॥

(ਗੁਰੂ ਗ੍ਰੰਥ ਸਾਹਿਬ, ਅੰਕ 842)

# ਅੰਤਿਕਾ—੩੨

## ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਅਨੁਸਾਰ ਛੰਤਾਂ ਦੀ ਤਰਤੀਬ

| ਰਾਗ | ਮਹਲਾ ੧ | ਮਹਲਾ ੩ | ਮਹਲਾ ੪ | ਮਹਲਾ ੫ | ਛੰਤਾਂ ਦਾ ਸਮੁੱਚਾ ਜੋੜ |
|---|---|---|---|---|---|
| ਸਿਰੀਰਾਗ | — | — | 1 | 2 | 3 |
| ਗਉੜੀ | 2 | 5 | — | 4 | 11 |
| ਆਸਾ | 5 | 2 | 14 | 14 | 35 |
| ਬਿਹਾਗੜਾ | — | — | 6 | 9 | 15 |
| ਵਡਹੰਸੁ | 2 | 6 | 6 | 3 | 17 |
| ਧਨਾਸਰੀ | 3 | — | 1 | 1 | 5 |
| ਜੈਤਸਰੀ | — | — | — | 3 | 3 |
| ਸੂਹੀ | 5 | 7 | 6 | 11 | 29 |
| ਬਿਲਾਵਲ | 2 | — | 2 | 5 | 9 |
| ਰਾਮਕਲੀ | — | — | — | 5 | 5 |
| ਤੁਖਾਰੀ | 6 | — | 4 | 1 | 11 |
| ਕੇਦਾਰਾ | — | — | — | 1 | 1 |
| ਸਾਰੰਗ | — | — | — | 1 | 1 |
| ਮਲ਼ਾਰੁ | — | — | — | 1 | 1 |
| ਕਾਨੜਾ | — | — | — | 1 | 1 |
| ਕੁਲ ਜੋੜ | =25 | 20 | 40 | 62 | 147 |

# ਅੰਤਿਕਾ—੩੩

## ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਅਨੁਸਾਰ ਚਪਉਦੇ[1]

| ਰਾਗ | ਮਹਲਾ ੧ | ਮਹਲਾ ੩ | ਮਹਲਾ ੪ | ਮਹਲਾ ੫ | ਮਹਲਾ ੯ | ਕੁਲ ਜੋੜ |
|---|---|---|---|---|---|---|
| ਸਿਰੀ...................... | 33 | 31 | 6 | 30 | — | 100 |
| ਮਾਝ.................. | — | — | 7 | 43 | — | 50 |
| ਗਉੜੀ......... | 20 | 18 | 32 | 172 | — | 242 |
| ਆਸਾ......... | 39 | 13 | 15 | 163 | 1 | 231 |
| ਗੂਜਰੀ......... | 2 | 7 | 7 | 32 | — | 48 |
| ਦੇਵਗੰਧਾਰੀ......... | — | — | 6 | 38 | 3 | 47 |
| ਬਿਹਾਗੜਾ......... | — | — | — | 1 | 1 | 2 |
| ਵਡਹੰਸੁ......... | 3 | 9 | 3 | 9 | — | 24 |
| ਸੋਰਠਿ......... | 12 | 12 | 9 | 94 | 12 | 139 |
| ਧਨਾਸਰੀ......... | 9 | 9 | 13 | 58 | 4 | 93 |
| ਜੈਤਸਰੀ......... | — | — | 11 | 13 | 3 | 27 |
| ਟੋਡੀ......... | — | — | 1 | 30 | 1 | 32 |
| ਬੈਰਾੜੀ......... | — | — | 6 | 1 | — | 7 |
| ਤਿਲੰਗ......... | 5 | — | 2 | 5 | 3 | 15 |
| ਸੂਹੀ......... | 9 | — | 15 | 58 | — | 82 |
| ਬਿਲਾਵਲ......... | 4 | 6 | 7 | 129 | 3 | 149 |
| ਗੋਂਡ......... | — | — | 6 | 22 | — | 28 |
| ਰਾਮਕਲੀ......... | 11 | 1 | 6 | 60 | 3 | 81 |
| ਨਟ ਨਾਰਾਇਣ......... | — | — | 9 | 10 | — | 19 |
| ਮਾਲੀ ਗਉੜਾ......... | — | — | 6 | 8 | — | 14 |
| ਮਾਰੂ......... | 12 | 5 | 8 | 32 | 3 | 60 |

| | | | | | | |
|---|---|---|---|---|---|---|
| ਤੁਖਾਰੀ......... | — | — | — | — | — | — |
| ਕੇਦਾਰਾ......... | — | — | 2 | 15 | — | 17 |
| ਭੈਰਉ......... | 8 | 21 | 7 | 57 | — | 93 |
| ਬਸੰਤੁ......... | 12 | 18 | 7 | 21 | 5 | 63 |
| ਸਾਰੰਗ......... | 3 | — | 13 | 139 | 4 | 159 |
| ਮਲਾਰੁ......... | 9 | 13 | 9 | 30 | — | 61 |
| ਕਾਨੜਾ......... | — | — | 12 | 50 | — | 62 |
| ਕਲਿਆਣ......... | — | — | 7 | 10 | — | 17 |
| ਪ੍ਰਭਾਤੀ ਬਿਭਾਸ......... | 17 | 7 | 7 | 15 | — | 46 |
| ਜੈਜਾਵੰਤੀ......... | — | — | — | — | 4 | 4 |

ਸਮੁਚਾ ਜੋੜ=2012

1. ਭਗਤ-ਬਾਣੀ ਦੇ ਪ੍ਰਕਰਮ ਵਿਚ ਕਬੀਰ-149, ਤ੍ਰਿਲੋਚਨ-5, ਬੈਣੀ-1, ਰਵਿਦਾਸ-35, ਨਾਮਦੇਵ-57, ਫ਼ਰੀਦ-3, ਜੈਦੇਵ-2, ਭੀਖਣ-2, ਸੈਨ-1, ਪੀਪਾ-1, ਪਰਮਾਨੰਦ-1, ਸਧਨਾ-1, ਰਾਮਾਨੰਦ-1, ਸੂਰਦਾਸ-1

# ਅੰਤਿਕਾ—੩੪

## ਸ੍ਰੀ ਜਪੁਜੀ ਸਾਹਿਬ ਪੰਜਾਬੀ

੧ਓ ਸਤਿਗੁਰ ਪ੍ਰਸਾਦਿ

ਰਾਗ ਆਸਾ ਗੁਜਰੀ ਮਹਲਾ ਪਹਿਲਾ, ਜਪੁ ਅਰਥਾਂ ਨਾਲ ਲਿਖਿਆ। 'ਜੋ ਕੋਈ ਸੁਣੇ ਪੜ੍ਹੇਗਾ, ਲਿਖ ਸਕੇਗਾ, ਤਿਸ ਕੀ ਪਰਮ ਗਤ ਹੋਵੇਗੀ।' ਭੂਮਿਕਾ ਇਉਂ ਅਰੰਭ ਹੁੰਦੀ ਹੈ:—'ਤਬ ਸ੍ਰੀ ਬਾਬਾ ਨਾਨਕ ਜੀ ਏਕ ਦਿਨ ਪੰਜਾਬ ਕੀ ਧਰਤੀ ਸ੍ਰੀ ਕਰਤਾਰ ਪੁਰ ਬੈਠਾ ਥਾ, ਔਰ ਦਰਗਾਹ ਪ੍ਰਮੇਸ਼ਰ ਕੀ ਬੋਲਾਇਆ। ਤਬ ਹੁਕਮ ਹੋਇਆ ਪ੍ਰਮੇਸਰ ਕਾ ਲੈ ਆਇਆ। ਇਸ ਸੰਸਾਰ ਵਿਚ ਤਬ ਏਕ ਸਿੱਖ ਅੰਗਦ ਕੋ ਬੁਲਾਇਕੇ ਗੁਰੂ ਬਾਬੇ ਨਾਨਕ ਜੀ ਕਿਹਾ ਜੋ ਪੁਰਖਾ ਅੰਗਦਾ। ਇਹ ਪਾਰਬ੍ਰਹਮ ਕੀ ਆਗਿਆ ਹੋਈ ਹੈ, ਜੋ ਮੇਰੀ ਸਿਫਤ ਕਰਨੀ ਔਰ ਲੋਕਾਂ ਤੋਂ ਕਰਾਵਨੀ। ਪੁਰਖਾ ਏਕ ਐਸੀ ਸਿਫਤ ਕਰਨੀ ਪਰਮੇਸ਼ਰ ਕੀ ਜਿਸ ਕਾ ਏਕੁ ਜਪੁ ਹੋਵੇ ਐਸੀ ਸਿਫਤ ਕਾ ਜੋੜੁ ਬਾਂਧੀਏ। ਪੁਰਖਾ ਇਹ ਪਾਰਬ੍ਰਹਮ ਕਾ ਹੁਕਮ ਹੈ।

'ਪੁਰਖਾ ਜੋ ਮੇਰੀ ਸਿਫਤ ਕਰਨੀ, ਪ੍ਰਿਥਮੈ ਮੇਰਾ ਨਾਮ ਲੈਵਣਾ; ਉਪਦੇਸ਼ ਧਰਮ ਦ੍ਰਿੜਾਵਣਾ, ਨਾਮੁ ਦਾਨੁ, ਇਸ਼ਨਾਨ, ਦਯਾ ਧਰਮ, ਸੰਤੋਖ, ਸੀਲ ਦਾ ਸੰਜਮ ਕਮਾਵਣਾ। ਗ੍ਰਹਿਸਤ ਬੈਰਾਗ ਖੇਲਨਾ, ਪਾਰਬ੍ਰਹਮ ਕੀ ਆਗਿਆ ਹੈ। ਪੰਥ ਬਧਾਵਲਾ। ਸੰਤੋਖ ਕਰਨਾ ਕਰਾਵਨਾ। ਪੁਰਖਾ ਅੰਗਦਾ! ਏਹੀ ਸਿਫ਼ਤ ਪਾਰਬ੍ਰਹਮ ਕੀ ਕੀਜੀਏ, ਜੋ ਉਸ ਨੂੰ ਭਾਵੇ; ਪੁਰਖਾ। ਏਹੀ ਸਿਫ਼ਤ ਹੋਵੇ ਜਬ ਲਗ ਕ੍ਰਿਪਾ ਪੈ ਧਰੁ ਜੀ ਕੀ ਸਭਸੇ ਵੈ ਮੁਕਤ ਹੋਵੈ।

ਤਬ ਬਾਬੇ ਨਾਨਕ ਪਾਸ ਗੁਰੂ ਅੰਗਦ ਬੇਨਤੀ ਕੀਤੀ, ਜੀ ਮੇਹਰਬਾਨ! ਜੋ ਕੁਝ ਤੇਰੇ ਮੁਖੋਂ ਨਿਕਲਦਾ ਹੈ ਸੋ ਸਭ ਜਪੁ ਹੈ, ਤੇਰਾ ਦਰਸ਼ਨ ਹੀ ਜਪੁ ਹੈ ਜੀ ਜੋ ਕੁਛ ਤੂੰ ਕਰੇਂ ਸੋ ਹੋਵੇ। ਜੋ ਕੀਤਾ ਲੋੜੇਂ ਸੋ ਕਰੇਂ। ਤੇਰੇ ਬਚਨ ਮੁਕਤ ਹੈਨ। ਤੇਰੇ ਹੱਥ ਗਤਿ ਹੈ ਜੀ। ਤੂੰ ਮੁਕਤ ਕਰਨਹਾਰ ਹੈ। ਤਬ ਗੁਰੂ ਬਾਬੇ ਨਾਨਕ ਜੀ ਕਿਹਾ, ਜੋ ਪੁਰਖਾ! ਜਿਚੁਰ ਹਉਂ ਹਾਂ, ਤਿਚੁਰ ਇਉਂ ਬਣੇ ਹੈ। ਜੋ ਤੂੰ ਆਖਦਾ ਹੈਂ। ਪਰ ਪੁਰਖਾ! ਇਕ ਮੰਤਰ ਹੋਵੇ, ਤਿਸ ਪੜ੍ਹ ਕਰ ਕੇ ਸਾਰਾ ਜਗਤ ਮੁਕਤ ਹੋਵੇ। ਪੁਰਖਾ ਅੰਗਦਾ। ਇਕਨਾਂ ਨੂੰ ਮੇਰਾ ਦਰਸ਼ਨ ਹੋਵੇ, ਇਕਨਾ ਨਾਂ ਹੋਸੀ। ਪਰ ਪੁਰਖਾ! ਭੀ ਸਿਫਤ ਪ੍ਰਮੇਸ਼ਰ ਕੀ ਮੰਤਰ ਜਪੁ ਹੋਵੇ, ਭਾਵੇ ਮੈਥੋਂ ਆਵੇ ਪੁਰਖਾ! ਮੈਥੋਂ ਪਿਛੇ ਕੋਈ ਇਹ ਜਪੁ ਪੜ੍ਹੇ। ਸੋ ਮੈਨੂੰ ਆਖੇ, ਮਿਲੇ। ਮੇਰਾ ਨਾਮ ਲਏਗਾ, ਸੁਣੇਗਾ, ਤਿਸੁ ਦਾ ਜ਼ਾਮਨ ਹੋਉਂ ਹਾਂ ਦਰਗਾਹ ਵਿਚ.....ਪੁਰਖਾ! ਬਿਨਾ ਜਪੁ ਜਪੇ ਤੋਂ ਮੇਰੇ ਪਾਸ ਆਵਨਾ ਨਾ ਮਿਲਸੀ, ਉਸ ਦਰਗਾਹ ਵਿਚ। ਜਿਸ ਪਾਸ ਇਹ ਜਪੁ ਨਿਸ਼ਾਨ ਹੋਵੇਗਾ, ਸੋ ਮੇਰੇ ਪਾਸ ਆਵੇਗਾ। ਉਸ ਪੜ੍ਹ ਲਖ ਕਰ ਜੋ ਜੀਵ ਪੜ੍ਹੇ ਸੋ ਮੁਕਤ ਹੋਵੇ, ਬਿਨ ਸਿਫ਼ਤ ਪ੍ਰਮੇਸ਼ਰ ਦੀ ਕੀਤੇ ਮਨੁੱਖ ਮੁਕਤ ਨਹੀਂ ਹੁੰਦਾ। ਸੋ ਪ੍ਰਮੇਸ਼ਰ ਕਿਨੇ ਡਿੱਠਾ ਨਾਹੀਂ, ਜੋ ਕੋਈ ਪ੍ਰਮੇਸ਼ਰ ਦੀ ਸਿਫ਼ਤ ਕਰੇ। ਇਹ ਸੰਸਾਰ ਜਿਉਂ ਮਾਇਆ ਮੋਹ ਕੀ ਭੱਠੀ ਹੈ। ਸੋ ਪੁਰਖਾ! ਮਾਇਆ ਪ੍ਰਮੇਸ਼ਰ ਨੂੰ ਮਿਲਣ ਨਾਹੀਂ ਦੇਂਦੀ ਪੁਰਖਾ!

ਇਹ ਉਪਦੇਸ਼ ਦ੍ਰਿੜ੍ਹਾਵੇ, ਜੋ ਸਿਫਤ ਪ੍ਰਮੇਸ਼ਰ ਦੀ ਕਰੇਨ, ਉਹ ਮੁਕਤ ਹੋਣ। ਪੁਰਖਾ ਸੰਸਾਰ ਕੀ ਗਤਿ ਕਰੇਨ ਨੂੰ ਪ੍ਰਮੇਸ਼ਰ ਅਸੈ ਭੇਜੇ ਹੈਨ। ਬਿਨਾ ਨਾਮ ਸਿਮਰਾਇ ਸੰਸਾਰ ਸੇ ਮੁਕਤ ਨਹੀਂ ਹੁੰਦਾ। ਮੁਕਤ ਕੀ ਪਾਉੜੀ ਨਾਮ ਹੈ। ਪੁਰਖਾ! ਸੰਸਾਰ ਨੂੰ ਪ੍ਰਮੇਸ਼ਰ ਦੇ ਨਾਮ ਦਾ ਜਪੁ ਕਰ ਮਿਲੋ। ਜੋ ਵੈਹ ਜਮੈ ਅਤੇ ਮੁਕਤ ਹੋਵੇ। ਕਿਸ ਦੇ ਨਿਆਈਂ ਮੁਕਤ ਹੋਵਣ, ਜਿਉਂ ਸੰਸਾਰ ਵਿਚ ਮਹਾਂਦੇਵ ਨੂੰ ਆਗਿਆ ਹੋਈ ਹੈ। ਜੋ ਇਹ ਮੰਤਰ ਜੰਤਰ ਕਰ ਸੰਸਾਰ ਮੈਥੋਂ ਭੁਲ ਜਾਏ, ਉਨ੍ਹੀਂ ਮੰਤਰੀਂ ਲੱਗ ਜਾਏ। ਪੁਰਖਾ ਮਹਾਂਦੇਵ ਭੀ ਜੇਹੇ ਮੰਤਰ ਕੀਤੇ ਹੈਨ, ਜੋ ਹਜ਼ਾਰਾਂ ਕੋਹਾਂ ਉੱਤੇ ਮਨੁੱਖ ਨੂੰ ਮਾਰਨਾ ਹੋਵੇ ਤਾਂ ਮਾਰੀਏ, ਛੁਡਾਉਣਾ ਹੋਵੇ ਤਾਂ ਛੁਡਾਵੀਏ, ਜਲਾਨਾ ਹੋਵੇ ਤਾਂ ਜਲਾਈਏ, ਰੱਖਣਾ ਹੋਵੇ ਤਾਂ ਰੱਖੀਏ। ਇਹ ਮੰਤਰ ਮਹਾਂਦੇਵ ਕੀਤੇ ਹੈਨ, ਲੂਨਾ ਚਮਿਆਰੀ ਮਹਾਂਦੇਵ ਕੀ ਸੀਖ ਸੇ ਉਨ ਭੀ ਮੰਤਰ ਪੜ੍ਹੇ ਹੈਨ। ਅਨਵਾਵਨੀ ਵਸਤ ਹੋਵੇ ਤੇ ਹਜ਼ਾਰਾਂ ਕੋਹਾਂ ਸੇ ਵਸਤ ਆ ਜਾਏ ਔਰ ਇਹੋ ਜੋ ਸੀਖ ਆਖਦੇ ਹੈਨ ਅਤੇ ਰੰਨਾਂ ਡਾਇਨਾਂ ਜੋ ਹੈਸਿਆਰੀਆਂ ਹੁੰਦੀਆਂ ਹੈਨ ਸੋ ਸਭੀ ਇਹ ਮੰਤਰ ਸੀਖ ਸੀਖ ਹੁੰਦੀਆਂ ਹੈਨ। ਇਨ੍ਹਾਂ ਕਰ ਕੇ ਪੁਰਖਾ। ਸੰਸਾਰ ਭੂਲ ਗਿਆ ਹੈ, ਪਰਮੇਸ਼ਰ ਨੂੰ। ਇਨ੍ਹਾਂ ਗੱਲਾਂ ਨੂੰ ਕਰਨਹਾਰੇ ਸਭ ਨਰਕ ਨੂੰ ਜਾਣਗੇ। ਪੁਰਖਾ! ਸਾਨੂੰ ਹੁਕਮ ਪ੍ਰਮੇਸ਼ਰ ਦਾ ਹੈ, ਸੰਸਾਰ ਨੂੰ ਲੈ ਜਾਵਣ ਦਾ। ਇਹ ਜਪੁ ਪ੍ਰਮੇਸ਼ਰ ਕਾ ਕੀਜੀਏ ਜਿਸ ਪੜ੍ਹਨੇ ਸਾਥ ਭਾਵੇਂ ਪਾਪੀ ਹੋਵੇ ਭਾਵੇਂ ਕੈਸਾ ਹੋਵੇ, ਜੇ ਭਾਵ ਕਰਕੇ ਪੜ੍ਹੇ, ਸੁਰਤ ਤਿਕਾਲ ਮੁਕਤ ਹੋਵੇ।

**ਫਿਰ ਅੰਗਦ ਸਿੱਖ ਬੇਨਤੀ ਕੀਤੀ ਜੋ ਭਲਾ ਹੋਵੇ ਜੋ ਕਛੁ ਤੂੰ ਕਰੇਂ ਸੋ ਸਭ ਜਪੁ ਹੈ।** ਤਬ ਗੁਰੂ ਬਾਬੇ ਨਾਨਕ ਜੀ ਪ੍ਰਮੇਸ਼ਰ ਪਾਰਬ੍ਰਹਮ ਕੀ ਉਸਤਿਤ ਸਿਫਤ ਸਲਾਹ ਦਾ ਜਪੁ ਕੀਆ। ਸੰਸਾਰ ਪਾਪੀ ਨਿਸਤਾਰਨੇ ਕੇ ਤਾਈਂ ਤਾਂ ਫਿਰ ਗੁਰੂ ਬਾਬਾ ਨਾਨਕ ਆਗਿਆ ਪ੍ਰਮੇਸ਼ਰ ਕੀ ਨਾਲ ਬੋਲਿਆ, ਸਲੋਕ ਮਹਲਾ 1—**ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।** ਇਹ ਸਲੋਕ ਮੁਢ ਜਪੁ ਦਾ ਬਾਬੇ ਨਾਨਕ ਆਖਿਆ, ਫਿਰ ਅੰਗਦ ਸਿੱਖ ਨੂੰ ਆਗਿਆ ਕੀਤੀ ਸੂ, ਪੁਰਖਾ, ਤੂੰ ਜੋ ਹੈਂ, ਸੋ ਹਉਂ ਹਾਂ। ਜਿਥੇ ਮੇਰੇ ਆਖਣ ਦੀਆਂ ਪਉੜੀਆਂ ਤੇ ਸਲੋਕ ਹੈਨ ਸੋ ਤੂੰ ਉਹ ਸਲੋਕ ਸ਼ਬਦ ਲੇਕਰ ਧੁਰੋਂ ਸਭ ਇਸੁ ਜਪੁ ਵਿਚ ਅਨ ਅਨ ਬਨਾਉ ਅਤੇ ਮੈਨੂੰ ਸੁਣਾਂਦਾ ਜਾਓ, ਜਿਵੇਂ ਪ੍ਰਮੇਸ਼ਰ ਦੀਆਂ ਸਿਫ਼ਤਾਂ ਦੀਆਂ ਪਉੜੀਆਂ ਹੈਨ ਤਿਉਂ ਤਿਉਂ ਅਨ ਅਨ ਬਨ੍ਹਾਉਂਦਾ ਜਾਓ। ਜਪੁ ਰਾਸ ਕਰ। ਸ਼ਬਦ ਸਲੋਕ ਬਹੁਤ ਬਾਬੇ ਦੇ ਮੂੰਹ ਕੇ ਬਚਨ ਪਰ ਆ ਗਿਆ, ਬਾਬੇ ਦੇ ਨਾਲ ਜਿਉਂ ਜਿਉਂ ਪਉੜੀਆਂ ਪਾਰਬ੍ਰਹਮ ਕੀ ਸਿਫਤ ਸਲਾਹ ਕੀਆ, ਤਿਉਂ ਤਿਉਂ ਬਾਬੇ ਨਾਨਕ ਦੇ ਹਜ਼ੂਰ ਅੰਗਦ ਸਿਖ ਆਣ ਆਣ ਕਹੀਆਂ। ਤਿਉਂ ਤਿਉਂ ਚੁਣ ਚੁਣ ਬਾਬੇ ਜੀ ਨੂੰ ਸੁਣਾਵਦਾ ਜਾਏ। ਤਬ ਬਾਬਾ ਨਾਨਕ ਜੀ ਕਹੇ, ਸ਼ਾਬਾਸ਼ ਪੁਰਖਾ! ਇਹ ਇਸ ਥਾਉਂ ਲਗਦੀ ਹੈ, ਪਉੜੀ ਇਹ ਥਾਉਂ ਬਣਦੀ ਹੈ। ਸ਼ਾਬਾਸ਼, ਪੁਰਖਾ! ਇਹ ਇਸ ਥਾਉਂ ਦਾ ਸਲੋਕ ਹੈ, ਇਹ ਉਸ ਥਾਉਂ ਦਾ ਬਣਦਾ ਹੈ ਸਲੋਕ-ਸ਼ਾਬਾਸ਼, ਪੁਰਖਾ। ਬਾਨੀ ਤੈਂ ਗੁਰੂ ਬਾਬੇ ਦੇ ਮੁਖ ਦੀ ਬਨ੍ਹਾਵਟੀ। ਅੰਗਦ ਸਿੱਖ ਦੇ ਵਿਚ ਗੁਰੂ ਬਾਬੇ ਜੀ ਖੁਸ਼ੀ ਹੋਈ। ਜਿਉਂ ਸਰਾਫ ਸਰਾਫੀ ਦੇ ਹਟ ਬਹਿੰਦਾ ਹੈ, ਏਕ ਸੇਵਕ ਟਹਿਲੀਆ ਨਾਲ ਹੁੰਦਾ ਹੈ। ਉਸ ਨੂੰ ਚੁਕਣੇ ਕੇ ਥੈਲੀ ਦੇਂਦਾ ਹੈ। ਪਰ ਉਹ ਦੂਸਰਾ ਸਰਾਫ ਨਜ਼ਰ ਪਰਖਣ ਦੀ ਠਹਿਰਦਾ ਹੇ ਜੋ ਇਹ ਖੋਟਾ ਹੈ, ਇਹ ਖਰਾ ਹੈ। ਇਹ ਗੈਰ ਸਾਲ ਹੈ। ਇਹ ਅੱਛਾ ਹੈ। ਇਹ ਵੱਟੀ ਦਾ ਹੈ। ਫੇਰ ਸਰਾਫ

ਦਾ ਖਰਾ ਇਸ ਥੀਂ ਮੰਨੀਂਦਾ ਹੀ ਆਖਦਾ ਹੈ; ਜੋ ਉਸ ਨੂੰ ਨਜ਼ਰ ਆਏ। ਜੋ ਕੁਛ ਦੇਖਦਾ ਹੁੰਦਾ ਹੈ, ਸੋ ਉਸ ਦੇ ਮਨ ਮੰਨੀਂਦਾ ਹੈ। ਉਸ ਨੂੰ ਦਿਖਲਾਏ ਲੈਂਦਾ ਹੈ। ਤਬ ਫਿਰ ਜਾਣਦਾ ਹੈ ਭਾਈ ਇਹ ਮੇਰਾ ਟਹਿਲੀਆ ਹੈ, ਖੋਟਾ ਕਹਾਵਣੇ ਥੋਂ ਰਿਹਾ। ਸਰਾਫ ਦੀ ਨਜ਼ਰ ਹੋਏ ਹੈ। ਆਖਦਾ ਹੈ ਸਰਾਫ ਆਓ ਰੇ ਆਓ, ਮੇਰੀ ਹਟ ਬੈਠ ਸੌਦਾ ਕਰ ਸਰਾਫੀ ਦਾ, ਆਧਾ, ਲਾਹਾ ਉਪਰ ਸਾਂਝਾ, ਆਧਾ ਲਾਹ ਮੇਰਾ, ਆਧਾ ਤੇਰਾ। ਫੇਰ ਸ਼ਾਹ ਉਸ ਨੂੰ ਹਟ ਬਹਾਲਦਾ ਹੈ। ਇਸ ਦੇ ਨਿਆਈਂ ਅੰਗਦ ਸਿੱਖ ਨੂੰ ਬਾਬੇ ਜੀ ਕੇ ਖਜ਼ਾਨੇ ਦੀ ਦ੍ਰਿਸ਼ਟੀ ਹੋਈ। ਅਤੇ ਫੇਰ ਬਾਬੇ ਦੇ ਪਰਖਣ ਦੀ ਨਜ਼ਰ ਹੋਈ। ਆਈ। ਫੇਰ ਬਾਬੇ ਨਾਨਕ ਜੀ ਆਪਣਾ ਖਜ਼ਾਨਾ ਅੰਗਦ ਸਿੱਖ ਨੂੰ ਹਵਾਲੇ ਕੀਤਾ; ਕਿਹਾ ਸੁਣ—ਹੁਣ ਤੂੰ **ਜਪੁ** ਰਚ ਸਿਫਤ ਪਾਰਬ੍ਰਹਮ ਕੀ। ਤਬ ਗੁਰੂ ਬਾਬੇ ਦੇ ਹਜ਼ੂਰ ਅੰਗਦ ਸਿੱਖ ਬਾਬੇ ਦੀ ਬਾਣੀ ਦਾ **ਜਪੁ ਜੋੜ** ਬੱਧਿਆ, ਅੱਠਤੀਸ ਪਉੜੀਆਂ, ਸਾਰੀ ਬਾਣੀ ਵਿਚੋਂ, ਮਥ ਕੱਢੀਆਂ, ਜਿਉਂ ਧੇਨ ਵਿਚੋਂ ਮੱਖਣ ਕੱਢੀਦਾ ਹੈ। ਬਾਣੀ ਗੁਰੂ ਬਾਬੇ ਦੀ ਸਭ ਅੰਮ੍ਰਿਤਮਈ ਹੈ। ਜੋ ਕੋਈ ਅੱਖਰ ਬਾਬੇ ਦੇ ਮੂੰਹੋਂ ਨਿਕਲਿਆ ਹੈ, ਉਹ ਸਭ ਸਾਰ ਹੈ। **ਇਹ ਜਪੁ ਬਾਬੇ ਨਾਨਕ ਔਰ ਅੰਗਦ ਸਿੱਖ ਅੱਠਤੀਸ ਪਉੜੀਆ ਦਾ ਜਪੁ ਰਚਿਆ।** ਸੰਸਾਰ ਮਨੁੱਖ ਨਮਿੱਤ ਕਰਨੇ ਕੇ। ਪੁਰਖਾ ਅੰਗਦਾ! ਹੁਣ ਨਹਾਏ ਪਰ ਬਹਿੰਦਾ ਹਾਂ ਅਤੇ ਤੂੰ ਮੇਰੇ ਅੱਗੇ ਪੜ੍ਹੀ, ਤਬ ਬਾਰ੍ਹਾ ਘੜ੍ਹੀਆਂ ਰਾਤ ਰਹੇ ਤਾਂ ਬਾਬਾ ਨਹਾਤਾ, ਛੇ ਘੜੀਆਂ ਵਿਚ ਬਾਬਾ ਨਾਨਕ ਜੀ ਧਿਆਨ ਕਰਤਾ।

**ਹੱਥ ਲਿਖਤ-121**<br>
(ਉਤਾਰਾ ਸੰਮਤ 1930)<br>
ਉਤਾਰਾ ਕਰਨ ਵਾਲਾ: ਰਾਜਾ ਰਾਮ ਕੌਲ<br>
(ਉਰਫ਼ ਤੋਤਾ ਰਾਮ ਬ੍ਰਹਿਮਣ ਕਸ਼ਮੀਰੀ)<br>
ਜੰਮੂ ਕਸ਼ਮੀਰ ਸਰਕਾਰ ਰਿਸਰਚ ਲਾਇਬ੍ਰੇਰੀ,<br>
ਕਸ਼ਮੀਰ ਯੂਨੀਵਰਸਿਟੀ, ਸ੍ਰੀਨਗਰ

# ਚੋਣਵੀਂ ਸਹਾਇਕ ਪੁਸਤਕ-ਸੂਚੀ


**ਪੰਜਾਬੀ**

| | |
|---|---|
| ਅਮਰ ਸਿੰਘ (ਸੰ.) | ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2005 |
| ਅਰਜਨ ਸਾਹਿਬ, ਗੁਰੂ (ਸੰ.) | ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਅੰਮ੍ਰਿਤਸਰ, (ਅਨੇਕ ਸੰਸਕਰਣ) |
| ਸਾਹਿਬ ਸਿੰਘ (ਪ੍ਰੋ.) (ਸੰ.) | ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਪੋਥੀਆਂ) ਰਾਜ ਪਬਲਿਸ਼ਰਜ਼, ਜਲੰਧਰ, 1992 |
| ਸੁਰਿੰਦਰ ਸਿੰਘ ਕੋਹਲੀ (ਸੰ.) | ਪੰਜਾਬੀ ਸਾਹਿਤ ਕੋਸ਼ (ਤਿੰਨ ਭਾਗ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਛਾਪ 2000 |
| ਸੰਤੋਖ ਸਿੰਘ (ਭਾਈ) | ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ (14 ਜਿਲਦਾਂ) (ਸੰ.) ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, 1928 |
| ਸ਼੍ਰੋ: ਗੁ: ਪ੍ਰਬੰਧਕ ਕਮੇਟੀ | ਸਿੱਖ ਰਹਿਤ ਮਰਯਾਦਾ, ਅੰਮ੍ਰਿਤਸਰ, 1998 |
| ਸ਼੍ਰੋ: ਗ: ਪ੍ਰਬੰਧਕ ਕਮੇਟੀ | ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਭਾਗ), ਅੰਮ੍ਰਿਤਸਰ |
| ਕਪੂਰ ਸਿੰਘ ਸਿਰਦਾਰ | ਪੰਚਨਾਦ (ਸੰ.) ਜੈਤੇਗ ਸਿੰਘ ਅਨੰਤ ਹਰਿ ਦਰਸ਼ਨ ਪ੍ਰਕਾਸ਼ਨ ਚੰਡੀਗੜ੍ਹ, 2009 |
| ਕਾਨ੍ਹ ਸਿੰਘ ਨਾਭਾ (ਭਾਈ) | ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਛਾਪ 1990 |
| ਕਾਨ੍ਹ ਸਿੰਘ ਨਾਭਾ (ਭਾਈ) | ਗੁਰੁਮਤ ਮਾਰਤੰਡ (ਦੋ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1999 |
| ਕੁਲਦੀਪ ਸਿੰਘ ਧੀਰ (ਡਾ.) | ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001 |
| ਗੁਰਚਰਨ ਸਿੰਘ (ਡਾ.) | ਸ੍ਰੀ ਗੁਰੂ ਗ੍ਰੰਥ ਕੋਸ਼ (ਦੋ ਭਾਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 |
| ਗੁਰਚਰਨ ਸਿੰਘ (ਡਾ.) | ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 |
| ਗੁਰਚਰਨ ਸਿੰਘ (ਡਾ.) | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਫ਼ਾਰਸੀ-ਅਰਬੀ ਮੂਲਕ ਸ਼ਬਦਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ਆਨੰਦਪੁਰ ਸਾਹਿਬ, ਛਾਪ 2006 |

ਗੁਰਮੇਲ ਸਿੰਘ (ਸੰ.) ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ: ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ਅਨੰਦਪੁਰ ਸਾਹਿਬ, 2004

ਗੁਰਮੇਲ ਸਿੰਘ (ਸੰ.) ਗੁਰੂ ਅੰਗਦ ਦੇਵ ਸ੍ਰੋਤ-ਪੁਸਤਕ, ਪ੍ਰੋ: ਸਾਹਿਬ ਸਿੰਘ, ਗੁਰਮਤਿ ਟਰੱਸਟ ਪਟਿਆਲਾ ਅਨੰਦਪੁਰ, 2006

ਗੁਰਨਾਮ ਸਿੰਘ ਗੁਰਮਤਿ ਸੰਗੀਤ: ਪ੍ਰਬੰਧ ਤੇ ਪਾਸਾਰ,

ਗੁਰਦਿੱਤ ਸਿੰਘ (ਗਿ:) ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਚੰਡੀਗੜ੍ਹ, ਮਈ 1990

ਜਸਬੀਰ ਸਿੰਘ ਸਰਨਾ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼, ਪ੍ਰੋ: ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ/ ਅਨੰਦਪੁਰ ਸਾਹਿਬ, 2007

ਜੋਧ ਸਿੰਘ ਸਿਧ ਗੋਸਟਿ-ਇਕ ਅਧਿਐਨ, 1969

ਜੋਗਿੰਦਰ ਸਿੰਘ ਤਲਵਾੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ (ਭਾਗ ੧) ਬਾਣੀ ਬਿਉਰਾ, ਅੰਮ੍ਰਿਤਸਰ, ਛਾਪ 1997

ਜੀਤ ਸਿੰਘ ਸੀਤਲ (ਡਾ.) (ਸੰ.) ਗੁਰਮਤ ਸਾਹਿਤ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਛਾਪ 1993

ਤਾਰਾ ਸਿੰਘ (ਪੰਡਿਤ) (ਸੰ.) ਗੁਰੁ ਗਿਰਾਰਥ ਕੋਸ਼, 1889 ਈ

ਨਰਿੰਦਰ ਕੌਰ ਭਾਟੀਆ (ਸੰ.) ਮਿਹਰਵਾਨ ਰਚਿਤ ਜਨਮਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1999

ਪਿਆਰਾ ਸਿੰਘ ਪਦਮ (ਪ੍ਰੋ.) ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪਟਿਆਲਾ, 1990

ਪੰ: ਯੂਨੀ: ਪਟਿਆਲਾ (ਸੰ) ਫ਼ਾਰਸੀ-ਪੰਜਾਬੀ ਕੋਸ਼, 1996

ਭਾਸ਼ਾ ਵਿਭਾਗ, ਪੰਜਾਬ ਪੰਜਾਬੀ ਵਿਸ਼ਵ ਕੋਸ਼ (12 ਜਿਲਦਾਂ) ਪਟਿਆਲਾ, 2000

ਭਾਸ਼ਾ ਵਿਭਾਗ, ਪੰਜਾਬ ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ-ਲਿਖਤ ਗ੍ਰੰਥਾਂ ਦੀ ਵਿਵਰਣਾਤਮਕ ਸੂਚੀ ਪਟਿਆਲਾ, 2001

ਮਹਿੰਦਰ ਕੌਰ ਗਿੱਲ (ਡਾ.) ਬਾਣੀ: ਰੂਪ ਪ੍ਰਬੰਧ, ਨੈਸ਼ਨਲ ਬੁਕ ਸ਼ਾਪ, ਦਿੱਲੀ, 1989

ਮਹਿੰਦਰ ਕੌਰ ਗਿੱਲ (ਡਾ.) ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ, ਨੈਸ਼ਨਲ ਬੁਕ ਸ਼ਾਪ, ਦਿੱਲੀ, 1975

ਰਤਨ ਸਿੰਘ ਜੱਗੀ (ਡਾ.) ਸਾਹਿੱਤਕ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀ: ਪਟਿਆਲਾ, 2001

ਰਤਨ ਸਿੰਘ ਜੱਗੀ (ਡਾ.) (ਸੰ.) ਗੁਰੂ ਗ੍ਰੰਥ ਵਿਸ਼ਵਕੋਸ਼ (ਦੋ ਭਾਗ), ਪੰਜਾਬੀ ਯੂਨੀ: ਪਟਿਆਲਾ 2002

ਰਣਧੀਰ ਸਿੰਘ (ਭਾਈ) ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲਖਣਤਾ, ਅੰਮ੍ਰਿਤਸਰ

ਰਾਏ ਜਸਬੀਰ ਸਿੰਘ (ਡਾ.) (ਸੰ.) ਗੁਰੂ ਅਮਰਦਾਸ ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀ: ਅੰਮ੍ਰਿਤਸਰ, 1986

| | |
|---|---|
| ਵਣਜਾਰਾ ਬੇਦੀ/ (ਸੰ.) ਸੋਹਿੰਦਰ ਸਿੰਘ | **ਲੋਕਧਾਰਾ ਵਿਸ਼ਵਕੋਸ਼** (12 ਜਿਲਦਾਂ), ਲੋਕ ਪ੍ਰਕਾਸ਼ਨ, ਦਿਲੀ |
| ਵਿਕਰਮ ਸਿੰਘ (ਡਾ.) | **ਮੂਲ ਮੰਤਰ ਦਾ ਪ੍ਰਮਾਣਿਕ ਸਰੂਪ**, ਧਰਮ ਪ੍ਰਚਾਰ ਕਮੇਟੀ (ਸ੍ਰੋ: ਗੁ: ਪ੍ਰੰ: ਕਮੇਟੀ) ਅੰਮ੍ਰਿਤਸਰ, 1997 |
| ਵੀਰ ਸਿੰਘ (ਭਾਈ) | **ਪੁਰਾਤਨ ਜਨਮਸਾਖੀ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਛਾਪ 1996 |

**English**

**Glossary of multani Language**

| | |
|---|---|
| Harbans Singh (Ed.) | **The Encyclopeadia of Sikhism (4 Vol),** Punjabi Uni, Patiala, 1992-98 |
| Jukes, A | **Dictionary of the Jatki or western Punjabi Language** (1961 print) Languages deptt. Punjab |
| Man Mohan singh (advo:) | **Hymns of Guru Nanak,** Langugaes Deptt.Punjab, Patiala. 1967 |
| Manmohan singh (advo:) | **Sri Guru Granth Sahib ( 8 Vol) (Eng. Translation)** S. G. P. C, Amritar, 1962-69 |
| Mohan singh Dewana (Dr.) | **A History of Panjabi literatur,** Kasturi Lal & Sons, Amritsar, 1956. |

**ਪਤ੍ਰਿਕਾਵਾਂ**

| | |
|---|---|
| ਖੋਜ ਪਤ੍ਰਿਕਾ | ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪੰਜਾਬੀ ਯੂਨੀ: ਪਟਿਆਲਾ, 2003, ਗੁਰੂ ਨਾਨਕ ਵਿਸ਼ੇਸ਼ ਅੰਕ |
| ਗੁਰਮਤਿ ਪ੍ਰਕਾਸ਼ | ਸ਼੍ਰੋ: ਗੁ: ਪ੍ਰੰ: ਕਮੇਟੀ, ਅੰਮ੍ਰਿਤਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ (10) 2008 |
| ਮਹਿਰਮ ਸਪੈਸ਼ਲ | ੩੦੦ ਸਾਲਾ ਗੁਰਤਾ ਗੱਦੀ ਦਿਵਸ, ਨਾਭਾ, 2008 |
| ਪੰਜਾਬੀ ਦੁਨੀਆ | ਭਾਸ਼ਾ ਵਿਭਾਗ ਪੰਜਾਬ, ਪਟਿਆਲਾ, (ਅਨੇਕ ਅੰਕ) |


***********